ਚੜ੍ਹਦੀਕਲਾ ਪੜ੍ਹੋ ! ਚੜ੍ਹਦੀਕਲਾ 'ਚ ਰਹੋ !!
ਚੜ੍ਹਦੀਕਲਾ
ਰਾਜਨੀਤਿਕ, ਸਮਾਜਿਕ, ਆਰਥਿਕ ਅਤੇ ਹਰ ਤਰ੍ਹਾਂ ਦੀਆਂ ਤਾਜ਼ਾ ਖ਼ਬਰਾਂ
ਪੰਜਾਬ ਦੇ ਹਰ ਪਿੰਡ ਹਰ ਸ਼ਹਿਰ 'ਚ ਮਿਲਦਾ ਹੈ
ਵੱਖ-ਵੱਖ ਵਿਸ਼ਿਆਂ ਅਤੇ ਚਾਲੂ ਮਾਮਲਿਆਂ ਬਾਰੇ ਜਾਣਕਾਰੀ
ਭਰਪੂਰ ਸੰਪਾਦਕੀ ਲੇਖ, ਫੀਚਰ ਅਤੇ ਪੜ੍ਹਨਯੋਗ ਸਮੱਗਰੀ
ਆਪਣੇ ਅਖ਼ਬਾਰਾਂ ਏਜੰਟ ਤੋਂ 'ਚੜ੍ਹਦੀਕਲਾ' ਦੀ ਮੰਗ ਕਰੋ

ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬੱਤ ਦਾ ਭਲਾ

PRGI (RNI) Regd. No. 22972/1972

# ਚੜ੍ਹਦੀਕਲਾ

DAILY CHARHDIKALA, PATIALA

ਬਾਨੀ : (ਸਵ:) ਗਿ: ਹਰਨਾਮ ਸਿੰਘ ਜੀ

ਮੁੱਖ ਸੰਪਾਦਕ: ਡਾ. ਜਗਜੀਤ ਸਿੰਘ 'ਦਰਦੀ'

ਸੰਪਾਦਕ : ਹਰਪ੍ਰੀਤ ਸਿੰਘ 'ਦਰਦੀ'

(ਕੁੱਲ ਸਫ਼ੇ 12 Pages 12)

(Thursday, 15 May, 2025) ਪਟਿਆਲਾ ਵੀਰਵਾਰ, 15 ਮਈ, 2025, 2 ਜੇਠ, ਨਾਨਕਸ਼ਾਹੀ ਸੰਮਤ 557, ਬਿਕ੍ਰਮੀ 2082

ਰਜਿਸਟਰਡ ਪੋਸਟਲ ਰਜਿ: ਨੰ. Pb/PTA(0274)/2024-26, ਸਾਲ (Year) 57 ਅੰਕ ਨੰਬਰ (Volume No.) 133 ਮੁੱਲ : 2.00 ਰੁਪਏ ਫ਼ੋਨ: +91- 92168-07500 Posted at RMS Patiala www.charhdikala.com E-mail: news@charhdikala.com

### ਕਰਨਲ ਬਾਠ ਕੁੱਟਮਾਰ ਮਾਮਲੇ 'ਚ ਇੰਸਪੈਕਟਰ ਰੌਨੀ ਨੂੰ ਨਹੀਂ ਮਿਲੀ ਰਾਹਤ

ਚੰਡੀਗੜ੍ਹ, 14 ਮਈ (ਚੜ੍ਹਦੀਕਲਾ ਬਿਊਰੋ) : ਅੱਜ ਹਾਈ ਕੋਰਟ 'ਚ ਪਟਿਆਲਾ ਦੇ ਕਰਨਲ ਬਾਠ ਮਾਮਲੇ ਵਿੱਚ ਸ਼ਾਮਲ ਐਸ.ਐਚ.ਓ. ਰੌਨੀ ਦੀ ਜ਼ਮਾਨਤ ਅਰਜ਼ੀ 'ਤੇ ਸੁਣਵਾਈ ਹੋਈ। ਇੰਸਪੈਕਟਰ ਰੌਨੀ ਨੂੰ ਹਾਈ ਕੋਰਟ ਵਲੋਂ ਰਾਹਤ ਨਹੀਂ ਮਿਲੀ। ਇਸ ਮਾਮਲੇ ਦੀ ਸੁਣਵਾਈ ਮਾਣਯੋਗ ਹਾਈ ਕੋਰਟ 17 ਮਈ ਨੂੰ ਕਰੇਗੀ। ਜ਼ਮਾਨਤ ਦੀ ਖ਼ਬਰ ਸੁਣਦੇ ਹੋਏ, ਇੰਸਪੈਕਟਰ ਰੌਨੀ ਵੱਲੋਂ ਅਦਾਲਤ ਵਿੱਚ ਇੱਕ ਗੁਪਤ ਦਸਤਾਵੇਜ਼ ਵੀ ਪੇਸ਼ ਕੀਤਾ ਗਿਆ ਹੈ ਅਤੇ ਅਦਾਲਤ ਨੇ ਇਸ ਦਸਤਾਵੇਜ਼ ਨੂੰ ਗੁਪਤ ਰੱਖਣ ਲਈ ਵੀ ਕਿਹਾ ਹੈ।

ਭਾਰਤ ਨੇ ਟਰੰਪ ਨੂੰ ਦਿੱਤਾ ਮੂੰਹ-ਤੋੜ ਜਵਾਬ

## ਹੁਣ ਅਮਰੀਕੀ ਉਤਪਾਦਾਂ 'ਤੇ ਵੀ ਲੱਗੇਗਾ ਟੈਰਿਫ਼

ਚੜ੍ਹਦੀਕਲਾ ਬਿਊਰੋ



ਨਵੀਂ ਦਿੱਲੀ, 14 ਮਈ :ਹੁਣ ਤੱਕ ਸ਼ਾਂਤ ਬੈਠੇ ਭਾਰਤ ਨੇ ਆਖਿਰਕਾਰ ਪਹਿਲੀ ਵਾਰ ਟਰੰਪ ਦੀ ਟੈਕਸ ਪਾਲਿਸੀ ਖਿਲਾਫ ਜਵਾਬ ਦਿੱਤਾ ਹੈ। ਭਾਰਤ ਨੇ ਅਮਰੀਕੀ ਉਤਪਾਦਾਂ 'ਤੇ ਟੈਰਿਫ ਲਗਾਉਣ ਦਾ ਪ੍ਰਸਤਾਵ ਵਰਲਡ ਟ੍ਰੇਡ ਆਰਗੇਨਾਈਜ਼ੇਸ਼ਨ (ਡਬਲਿਊ.ਟੀ.ਓ.) ਨੂੰ ਸੌਂਪਿਆ ਹੈ। ਮੰਨਿਆ ਜਾ ਰਿਹਾ ਹੈ ਕਿ ਇਹ ਕਦਮ ਅਮਰੀਕਾ ਵੱਲੋਂ ਸਟੀਲ ਤੇ ਐਲੂਮੀਨੀਅਮ ਆਯਾਤ 'ਤੇ 25 ਫੀਸਦੀ ਵਾਧੂ ਟੈਰਿਫ ਲਗਾਏ ਜਾਣ ਦੇ ਜਵਾਬ ਵਿਚ ਚੁੱਕਿਆ ਗਿਆ ਹੈ। ਡਬਲਿਊ.ਟੀ.ਓ. ਨੂੰ ਭੇਜੇ ਗਏ 12 ਮਈ ਦੇ ਦਸਤਾਵੇਜ਼ ਵਿਚ ਸਪੱਸ਼ਟ ਕੀਤਾ ਗਿਆ ਕਿ ਪ੍ਰਸਤਾਵਿਤ ਰਿਆਇਤਾਂ ਜਾਂ ਹੋਰ ਦੇਣਦਾਰੀ ਦੀ ਪ੍ਰਸਤਾਵਿਤ ਮੁਅੱਤਲੀ ਦੇ ਨਤੀਜੇ ਵਜੋਂ ਅਮਰੀਕਾ ਤੋਂ ਆਉਣ ਵਾਲੇ ਚੋਣਵੇਂ ਉਤਪਾਦਾਂ 'ਤੇ ਟੈਰਿਫ ਵਧੇਗਾ। ਹਾਲਾਂਕਿ, ਅਜੇ ਤੱਕ ਇਹ ਸਪੱਸ਼ਟ ਨਹੀਂ ਕੀਤਾ ਗਿਆ ਹੈ ਕਿ ਇਹ ਟੈਰਿਫ ਕਿਹੜੇ ਖਾਸ ਉਤਪਾਦਾਂ 'ਤੇ ਲਾਗੂ ਹੋਵੇਗਾ। ਅਮਰੀਕਾ ਨੇ ਮਾਰਚ ਵਿਚ ਭਾਰਤ ਸਣੇ ਹੋਰ ਦੇਸ਼ਾਂ ਤੋਂ ਆਉਣ ਵਾਲੇ ਸਟੀਲ ਤੇ ਐਲੂਮੀਨੀਅਮ 'ਤੇ 25 ਫੀਸਦੀ ਟੈਰਿਫ ਲਾਗੂ ਕੀਤਾ ਸੀ। ਇਹ ਟੈਰਿਫ 2018 ਵਿਚ ਡੋਨਾਲਡ ਟਰੰਪ ਦੇ ਪਹਿਲੇ ਕਾਰਜਕਾਲ ਵਿਚ ਸ਼ੁਰੂ ਕੀਤੀ ਗਈ ਨੀਤੀ ਦਾ ਵਿਸਤਾਰ ਹੈ। ਇਸ ਕਦਮ ਨਾਲ ਭਾਰਤ ਵਰਗੇ ਵੱਡੇ ਸਟੀਲ ਉਤਪਾਦਕ ਦੇਸ਼ 'ਤੇ ਸਿੱਧਾ ਅਸਰ ਪਿਆ ਹੈ। ਭਾਰਤ ਦੁਨੀਆ ਦਾ ਦੂਜਾ ਸਭ ਤੋਂ ਵੱਡਾ ਕੱਚਾ ਸਟੀਲ ਉਤਪਾਦਕ ਦੇਸ਼ ਹੈ। ਭਾਰਤ ਨੇ ਆਪਣੇ ਦਸਤਾਵੇਜ਼ ਵਿਚ ਕਿਹਾ ਕਿ ਅਮਰੀਕਾ ਦੇ ਇਸ ਫੈਸਲੇ ਨਾਲ ਲਗਭਗ 7.6 ਬਿਲੀਅਨ ਡਾਲਰ ਦੇ ਭਾਰਤ ਦੇ ਬਣਾਏ ਉਤਪਾਦਾਂ 'ਤੇ ਅਸਰ ਪਿਆ ਹੈ ਜੋ ਅਮਰੀਕਾ ਵਿਚ ਨਿਰਯਾਤ ਕੀਤੇ ਜਾਂਦੇ ਹਨ। (ਬਾਕੀ ਸਫਾ 2 'ਤੇ)

### ਟਰੰਪ ਨੇ ਭਾਰਤ-ਪਾਕਿ ਨੂੰ ਜੰਗ ਨਹੀਂ, ਕਾਰੋਬਾਰ ਕਰਨ ਦੀ ਦਿੱਤੀ ਸਲਾਹ

ਵਾਸ਼ਿੰਗਟਨ, 14 ਮਈ (ਚੜ੍ਹਦੀਕਲਾ ਬਿਊਰੋ) : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਰਿਆਧ ਵਿੱਚ ਆਯੋਜਿਤ ਅਮਰੀਕਾ-ਸਾਊਦੀ ਨਿਵੇਸ਼ ਫੋਰਮ ਵਿੱਚ ਇੱਕ ਵਾਰ ਫਿਰ ਭਾਰਤ ਅਤੇ ਪਾਕਿਸਤਾਨ ਬਾਰੇ ਬਿਆਨ ਦਿੱਤਾ ਹੈ। ਟਰੰਪ ਨੇ ਕਿਹਾ ਕਿ ਉਨ੍ਹਾਂ ਨੇ ਤਣਾਅ ਘਟਾਉਣ ਲਈ ਭਾਰਤ ਅਤੇ ਪਾਕਿਸਤਾਨ ਨੂੰ ਵਪਾਰਕ ਪ੍ਰੋਤਸਾਹਨ ਦੀ ਪੇਸ਼ਕਸ਼ ਕੀਤੀ ਹੈ। ਉਸ ਨੇ ਕਿਹਾ, ਚਲੋ ਕਾਰੋਬਾਰ ਕਰੀਏ। ਦੋਵਾਂ ਦੇਸ਼ਾਂ ਕੋਲ ਮਜ਼ਬੂਤ, ਸਿਆਣੇ ਅਤੇ ਚੰਗੇ ਨੇਤਾ ਹਨ। ਟਰੰਪ ਨੇ ਦਾਅਵਾ ਕੀਤਾ ਕਿ ਭਾਰਤ ਅਤੇ ਪਾਕਿਸਤਾਨ ਵਿਚਕਾਰ ਇਤਿਹਾਸਕ ਜੰਗਬੰਦੀ ਵਿੱਚ ਅਮਰੀਕਾ ਨੇ ਭੂਮਿਕਾ ਨਿਭਾਈ। ਹਾਲਾਂਕਿ, ਭਾਰਤ ਸਰਕਾਰ ਨੇ (ਬਾਕੀ ਸਫਾ 2 'ਤੇ)

ਗੁਆਂਢੀ ਸੂਬੇ ਨੂੰ ਵੱਧ ਪਾਣੀ ਛੱਡਣ ਦੇ ਮਾਮਲੇ 'ਚ ਪੰਜਾਬ ਦੀ ਵੱਡੀ ਜਿੱਤ

## ਹਾਈਕੋਰਟ ਵੱਲੋਂ ਬੀ.ਬੀ.ਐਮ.ਬੀ., ਹਰਿਆਣਾ ਤੇ ਕੇਂਦਰ ਨੂੰ ਨੋਟਿਸ

ਅੰਮ੍ਰਿਤਪਾਲ ਸਿੰਘ




ਚੰਡੀਗੜ੍ਹ, 14 ਮਈ : ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਲੋਂ 6 ਮਈ 2025 ਨੂੰ ਭਾਖੜਾ ਨੰਗਲ ਡੈਮ ਤੋਂ ਹਰਿਆਣਾ ਨੂੰ ਵਾਧੂ ਪਾਣੀ ਛੱਡਣ ਸਬੰਧੀ ਦਿੱਤੇ ਗਏ ਹੁਕਮ ਨੂੰ ਰੱਦ ਕਰਵਾਉਣ ਲਈ ਪੰਜਾਬ ਸਰਕਾਰ ਵੱਲੋਂ ਹਾਈ ਕੋਰਟ ਵਿੱਚ ਰੀਵਿਊ ਪਟੀਸ਼ਨ ਦਾਇਰ ਕੀਤੀ ਗਈ ਸੀ।

ਚੀਫ਼ ਜਸਟਿਸ ਸ਼ੀਲ ਨਾਗੂ ਅਤੇ ਜਸਟਿਸ ਸੁਮੀਤ ਗੋਇਲ ਦੀ ਅਗਵਾਈ ਵਾਲੇ ਹਾਈ ਕੋਰਟ ਦੇ ਬੈਂਚ ਨੇ 20 ਮਈ ਨੂੰ ਹੋਣ ਵਾਲੀ ਅਗਲੀ ਸੁਣਵਾਈ ਦੌਰਾਨ ਪੰਜਾਬ ਸਰਕਾਰ ਵੱਲੋਂ ਦਾਇਰ ਅਰਜ਼ੀ 'ਤੇ ਭਾਖੜਾ ਬਿਆਸ ਪ੍ਰਬੰਧਨ ਬੋਰਡ (ਬੀਬੀਐਮਬੀ), ਹਰਿਆਣਾ ਸਰਕਾਰ ਅਤੇ ਕੇਂਦਰ ਸਰਕਾਰ ਤੋਂ ਜਵਾਬ ਮੰਗੇ ਹਨ।

ਸੂਬਾ ਸਰਕਾਰ ਦੇ ਬੁਲਾਰੇ ਨੇ ਦੱਸਿਆ ਕਿ ਪੰਜਾਬ ਰਾਜ ਨੇ ਮਾਣਯੋਗ ਅਦਾਲਤ ਵਿੱਚ ਇਹ ਦਲੀਲ ਦਿੰਦਿਆਂ ਕਿ ਕੇਂਦਰੀ ਗ੍ਰਹਿ ਸਕੱਤਰ ਕੋਲ ਬੀ.ਬੀ.ਐਮ.ਬੀ.ਦੇ ਨਿਯਮਾਂ ਅਧੀਨ ਪਾਣੀ ਦੀ ਵੰਡ ਬਾਰੇ ਫੈਸਲਾ ਲੈਣ ਦਾ ਅਧਿਕਾਰ ਖੇਤਰ ਨਹੀਂ ਹੈ, ਕੇਂਦਰ ਸਰਕਾਰ ਵੱਲੋਂ 2 ਮਈ ਨੂੰ ਲਏ ਗਏ ਫੈਸਲੇ 'ਤੇ ਸਖ਼ਤ ਇਤਰਾਜ਼ ਜਤਾਇਆ ਗਿਆ।

ਪੰਜਾਬ ਦੇ ਐਡਵੋਕੇਟ ਜਨਰਲ ਮਨਿੰਦਰਜੀਤ ਸਿੰਘ ਬੇਦੀ ਅਤੇ ਵਧੀਕ ਐਡਵੋਕੇਟ ਜਨਰਲ ਚੰਚਲ ਸਿੰਗਲਾ ਦੇ ਨਾਲ ਪੇਸ਼ ਹੋਏ ਸੀਨੀਅਰ ਵਕੀਲ ਗੁਰਮਿੰਦਰ ਸਿੰਘ ਨੇ ਦਲੀਲ ਦਿੱਤੀ ਕਿ ਹਰਿਆਣਾ ਨੂੰ ਵਾਧੂ ਪਾਣੀ ਅਲਾਟ ਕਰਨ ਸਬੰਧੀ ਲਏ ਗਏ ਗੈਰ-ਕਾਨੂੰਨੀ ਹੁਕਮ ਨੂੰ ਲਾਗੂ ਕਰਨ ਦੀ ਕੋਸ਼ਿਸ਼ ਵਿੱਚ ਬੀ.ਬੀ.ਐਮ.ਬੀ. ਨੇ ਤੱਥਾਂ ਨੂੰ ਗਲਤ ਢੰਗ ਨਾਲ ਪੇਸ਼ ਕੀਤਾ ਹੈ।

ਪੰਜਾਬ ਸਰਕਾਰ ਨੇ ਜ਼ੋਰਦਾਰ ਢੰਗ ਨਾਲ ਆਪਣਾ ਪੱਖ ਰੱਖਦਿਆਂ ਕਿਹਾ ਕਿ ਸੰਵਿਧਾਨ ਦੀ ਧਾਰਾ 262 ਅਤੇ ਅੰਤਰ-ਰਾਜੀ ਜਲ ਵਿਵਾਦ ਐਕਟ, 1956 ਤਹਿਤ ਹਰਿਆਣਾ ਨੂੰ ਪੰਜਾਬ ਦੇ ਨਿਰਧਾਰਤ ਹਿੱਸੇ ਤੋਂ ਵੱਧ ਪਾਣੀ ਛੱਡਣ ਲਈ ਪੰਜਾਬ ਦੀ ਸਹਿਮਤੀ ਦੀ ਲੋੜ ਹੈ।ਆਪਣੀ ਦਲੀਲ ਵਿੱਚ ਸਰਕਾਰ ਨੇ ਕਿਹਾ ਕਿ ਉਸ ਵੱਲੋਂ ਪਹਿਲਾਂ ਹੀ ਹਰਿਆਣਾ ਨੂੰ (ਬਾਕੀ ਸਫਾ 2 'ਤੇ)

### ਪਾਣੀਆਂ ਦੇ ਮਸਲੇ 'ਤੇ ਹਾਈ ਕੋਰਟ ਦਾ ਫ਼ੈਸਲਾ ਸੂਬੇ ਲਈ ਨੈਤਿਕ ਜਿੱਤ: ਮਾਨ

ਵਿਸ਼ਾਲ ਸ਼ਰਮਾ



ਲੁਧਿਆਣਾ, 14 ਮਈ: ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਕਿਹਾ ਕਿ ਭਾਖੜਾ ਬਿਆਸ ਪ੍ਰਬੰਧਕੀ ਬੋਰਡ (ਬੀ.ਬੀ.ਐਮ.ਬੀ.) ਵੱਲੋਂ ਪਾਣੀ ਜਾਰੀ ਕਰਨ ਦੇ ਚੱਲ ਰਹੇ ਮਾਮਲੇ ਵਿੱਚ ਪੰਜਾਬ ਤੇ ਹਰਿਆਣਾ ਹਾਈ ਕੋਰਟ ਦਾ ਫੈਸਲਾ ਸੂਬੇ ਲਈ ਨੈਤਿਕ ਜਿੱਤ ਹੈ।

ਅੱਜ ਇੱਥੇ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਅਦਾਲਤ ਨੇ 20 ਮਈ ਨੂੰ ਸਾਰੇ ਭਾਈਵਾਲਾਂ ਪਾਸੋਂ ਜਵਾਬ ਮੰਗਿਆ ਹੈ। ਉਨ੍ਹਾਂ ਕਿਹਾ ਕਿ ਮੌਜੂਦਾ ਸਾਲ ਵਿੱਚ ਹਰਿਆਣਾ ਆਪਣੇ ਹਿੱਸੇ ਦਾ ਪਾਣੀ ਪਹਿਲਾਂ ਹੀ ਵਰਤ ਚੁੱਕਾ ਹੈ ਅਤੇ ਹੁਣ 21 ਮਈ ਤੋਂ ਆਪਣੇ ਹਿੱਸੇ ਦਾ ਪਾਣੀ ਹਾਸਲ ਕਰਨ ਦੇ ਯੋਗ ਹੋਵੇਗਾ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਅਦਾਲਤੀ ਫੈਸਲਾ ਸੂਬੇ ਲਈ ਵੱਡੀ ਜਿੱਤ ਹੈ ਕਿਉਂਕਿ ਕੇਂਦਰ ਤੇ ਹਰਿਆਣਾ ਸਰਕਾਰਾਂ ਅਤੇ (ਬਾਕੀ ਸਫਾ 2 'ਤੇ)

ਕਰਨਲ ਕੁਰੈਸ਼ੀ 'ਤੇ ਟਿੱਪਣੀ ਦਾ ਮਾਮਲਾ

### ਅਦਾਲਤ ਵੱਲੋਂ ਮੰਤਰੀ ਖ਼ਿਲਾਫ਼ ਮਾਮਲਾ ਦਰਜ ਕਰਨ ਦੇ ਹੁਕਮ



ਜਬਲਪੁਰ, 14 ਮਈ (ਚੜ੍ਹਦੀਕਲਾ ਬਿਊਰੋ) : ਮੱਧ ਪ੍ਰਦੇਸ਼ ਹਾਈ ਕੋਰਟ ਨੇ ਸੈਨਾ ਦੀ ਅਧਿਕਾਰੀ ਕਰਨਲ ਸੋਫ਼ੀਆ ਕੁਰੈਸ਼ੀ ਨੂੰ ਨਿਸ਼ਾਨਾ ਬਣਾ ਕੇ ਕੀਤੀ ਗਈ ਵਿਵਾਦਤ ਟਿੱਪਣੀ ਲਈ ਸੂਬੇ ਦੇ ਮੰਤਰੀ ਵਿਜੈ ਸ਼ਾਹ ਖ਼ਿਲਾਫ਼ ਐੱਫਆਈਆਰ ਦਰਜ ਕਰਨ ਦਾ ਹੁਕਮ ਦਿੱਤਾ ਹੈ। ਕਰਨਲ ਕੁਰੈਸ਼ੀ ਨੇ ਭਾਰਤੀ ਹਥਿਆਰਬੰਦ ਸੈਨਾਵਾਂ ਵੱਲੋਂ ਕੀਤੇ ਗਏ 'ਅਪਰੇਸ਼ਨ ਸਿੰਦੂਰ' ਦਾ ਵੇਰਵਾ ਮੀਡੀਆ ਕਾਨਫਰੰਸ ਦੌਰਾਨ ਸਾਂਝਾ ਕੀਤਾ ਸੀ, ਜਿਸ ਵਿੱਚ ਵਿਦੇਸ਼ ਸਕੱਤਰ ਵਿਕਰਮ ਮਿਸਰੀ ਅਤੇ ਵਿੰਗ ਕਮਾਂਡਰ ਵਿਓਮਿਕਾ ਸਿੰਘ ਸ਼ਾਹ ਵੀ ਸ਼ਾਮਲ ਹੋਏ ਸੀ। ਮੱਧ ਪ੍ਰਦੇਸ਼ ਸਰਕਾਰ ਵਿੱਚ ਕਬਾਇਲੀ (ਬਾਕੀ ਸਫਾ 2 'ਤੇ)

ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ 12ਵੀਂ ਦਾ ਨਤੀਜਾ ਜਾਰੀ

## ਪਹਿਲੇ ਤਿੰਨ ਸਥਾਨਾਂ 'ਤੇ ਕੁੜੀਆਂ ਨੇ ਮਾਰੀ ਬਾਜ਼ੀ



ਚੜ੍ਹਦੀਕਲਾ ਬਿਊਰੋ

ਚੰਡੀਗੜ੍ਹ, 14 ਮਈ :ਪੰਜਾਬ ਸਕੂਲ ਸਿੱਖਿਆ ਬੋਰਡ (ਪੀ.ਐਸ.ਈ.ਬੀ.) ਵੱਲੋਂ 12ਵੀਂ ਜਮਾਤ ਦਾ ਨਤੀਜਾ ਐਲਾਨ ਦਿੱਤਾ ਗਿਆ ਹੈ। ਬੋਰਡ ਵੱਲੋਂ ਬੁੱਧਵਾਰ ਦੁਪਹਿਰ 3 ਵਜੇ ਨਤੀਜਾ ਜਾਰੀ ਕੀਤਾ ਗਿਆ ਹੈ। ਇੱਕ ਵਾਰ ਫਿਰ ਧੀਆਂ ਨੇ 12ਵੀਂ ਜਮਾਤ ਦੇ ਨਤੀਜਿਆਂ ਵਿੱਚ ਮੁੰਡਿਆਂ ਨੂੰ ਪਛਾੜ ਦਿੱਤਾ ਹੈ ਕਿਉਂਕਿ ਟੌਪ-3 ਵਿੱਚ ਤਿੰਨੋਂ ਹੀ ਧੀਆਂ ਹਨ। ਬਰਨਾਲਾ ਦੀ ਹਰਸੀਰਤ ਕੌਰ ਟੌਪ-3 ਵਿੱਚੋਂ ਪਹਿਲੇ ਸਥਾਨ 'ਤੇ ਹੈ। ਹਰਸੀਰਤ ਨੇ 500 ਵਿੱਚੋਂ 500 ਅੰਕ ਪ੍ਰਾਪਤ ਕਰਕੇ ਪੂਰੇ ਪੰਜਾਬ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ ਹੈ। ਮਨਵੀਰ ਕੌਰ ਦੂਜੇ ਸਥਾਨ 'ਤੇ ਰਹੀ। (ਬਾਕੀ ਸਫਾ 2 'ਤੇ)

## ਰਾਸ਼ਟਰਪਤੀ ਵੱਲੋਂ ਸੀ.ਡੀ.ਐਸ. ਤੇ ਤਿੰਨਾਂ ਫ਼ੌਜਾਂ ਦੇ ਮੁਖੀਆਂ ਨਾਲ ਮੁਲਾਕਾਤ

### ਮੁਰਮੂ ਵੱਲੋਂ ਹਥਿਆਰਬੰਦ ਬਲਾਂ ਦੀ ਬਹਾਦਰੀ ਅਤੇ ਸਮਰਪਣ ਦੀ ਪ੍ਰਸ਼ੰਸਾ



ਚੜ੍ਹਦੀਕਲਾ ਬਿਊਰੋ

ਨਵੀਂ ਦਿੱਲੀ, 14 ਮਈ :ਚੀਫ਼ ਆਫ਼ ਡਿਫੈਂਸ ਸਟਾਫ਼ (ਸੀਡੀਐਸ) ਜਨਰਲ ਅਨਿਲ ਚੌਹਾਨ ਤੇ ਤਿੰਨਾਂ ਸੈਨਾਵਾਂ ਦੇ ਮੁਖੀਆਂ ਨੇ ਅੱਜ ਰਾਸ਼ਟਰਪਤੀ ਦ੍ਰੌਪਦੀ ਮੁਰਮੂ ਨਾਲ ਮੁਲਾਕਾਤ ਕੀਤੀ। ਦੇਸ਼ ਦੇ ਸਿਖਰਲੇ ਫੌਜੀ ਅਧਿਕਾਰੀਆਂ ਨੇ ਮੁਰਮੂ ਨੂੰ 'ਆਪ੍ਰੇਸ਼ਨ ਸਿੰਦੂਰ' ਬਾਰੇ ਜਾਣਕਾਰੀ ਦਿੱਤੀ। ਭਾਰਤ ਨੇ ਪਹਿਲਗਾਮ ਦਹਿਸ਼ਤੀ ਹਮਲੇ ਦੀ ਜਵਾਬੀ ਕਾਰਵਾਈ ਵਜੋਂ 'ਆਪ੍ਰੇਸ਼ਨ ਸਿੰਦੂਰ' ਤਹਿਤ 6 ਤੇ 7 ਮਈ ਦੀ ਦਰਮਿਆਨੀ ਰਾਤ ਨੂੰ ਪਾਕਿਸਤਾਨ ਤੇ ਮਕਬੂਜ਼ਾ ਕਸ਼ਮੀਰ ਵਿਚ ਦਹਿਸ਼ਤੀ ਟਿਕਾਣਿਆਂ ਨੂੰ ਨਿਸ਼ਾਨਾ ਬਣਾਇਆ ਸੀ।

ਰਾਸ਼ਟਰਪਤੀ ਭਵਨ ਨੇ ਐਕਸ 'ਤੇ ਇਕ ਪੋਸਟ ਵਿਚ ਕਿਹਾ, 'ਚੀਫ਼ ਆਫ਼ ਡਿਫੈਂਸ ਸਟਾਫ ਜਨਰਲ ਅਨਿਲ ਚੌਹਾਨ, ਥਲ ਸੈਨਾ ਮੁਖੀ ਜਨਰਲ ਉਪੇਂਦਰ ਦਿਵੇਦੀ, ਹਵਾਈ ਸੈਨਾ ਮੁਖੀ ਏਪੀ ਸਿੰਘ ਤੇ ਜਲਸੈਨਾ ਮੁਖੀ ਐਡਮਿਰਲ ਡੀ.ਕੇ.ਤ੍ਰਿਪਾਠੀ ਨੇ ਰਾਸ਼ਟਰਪਤੀ ਦ੍ਰੌਪਦੀ ਮੁਰਮੂ ਨੂੰ ਮਿਲ ਕੇ ਉਨ੍ਹਾਂ ਨੂੰ 'ਆਪ੍ਰੇਸ਼ਨ ਸਿੰਦੂਰ' ਬਾਰੇ ਸੰਖੇਪ ਜਾਣਕਾਰੀ ਦਿੱਤੀ।" ਬਿਆਨ ਵਿਚ ਕਿਹਾ ਗਿਆ ਕਿ ਰਾਸ਼ਟਰਪਤੀ ਮੁਰਮੂ ਨੇ ਹਥਿਆਰਬੰਦ ਬਲਾਂ ਦੀ ਬਹਾਦਰੀ ਅਤੇ ਸਮਰਪਣ ਦੀ ਪ੍ਰਸ਼ੰਸਾ ਕੀਤੀ।

## ਜਸਟਿਸ ਬੀ.ਆਰ. ਗਵਈ ਨੇ ਭਾਰਤ ਦੇ 52ਵੇਂ ਚੀਫ਼ ਜਸਟਿਸ ਵਜੋਂ ਹਲਫ਼ ਲਿਆ

ਚੜ੍ਹਦੀਕਲਾ ਬਿਊਰੋ



ਨਵੀਂ ਦਿੱਲੀ, 14 ਮਈ :ਜਸਟਿਸ ਬੀ. ਆਰ. ਗਵਈ ਨੇ ਸੁਪਰੀਮ ਕੋਰਟ ਦੇ 52ਵੇਂ ਚੀਫ ਜਸਟਿਸ ਵਜੋਂ ਸਹੁੰ ਚੁੱਕ ਲਈ ਹੈ। ਰਾਸ਼ਟਰਪਤੀ ਭਵਨ ਵਿਖੇ ਰਾਸ਼ਟਰਪਤੀ ਦ੍ਰੌਪਦੀ ਮੁਰਮੂ ਨੇ ਅੱਜ ਯਾਨੀ ਕਿ ਬੁੱਧਵਾਰ ਨੂੰ ਉਨ੍ਹਾਂ ਨੂੰ ਅਹੁਦੇ ਦੀ ਸਹੁੰ ਚੁਕਾਈ। ਉਨ੍ਹਾਂ ਨੇ ਹਿੰਦੀ ਵਿੱਚ ਸਹੁੰ ਚੁੱਕੀ। ਜਸਟਿਸ ਗਵਈ ਦੇਸ਼ ਵਿਚ ਦਲਿਤ ਭਾਈਚਾਰੇ ਦੇ ਦੂਜੇ ਚੀਫ਼ ਜਸਟਿਸ ਬਣੇ ਹਨ। ਉਨ੍ਹਾਂ ਨੇ ਜਸਟਿਸ ਸੰਜੀਵ ਖੰਨਾ ਦੀ ਥਾਂ ਲਈ ਜੋ ਮੰਗਲਵਾਰ ਨੂੰ 65 ਸਾਲ ਦੀ ਉਮਰ ਵਿਚ ਸੇਵਾਮੁਕਤ ਹੋਏ ਸਨ।

ਜਸਟਿਸ ਸੰਜੀਵ ਦਾ ਕਾਰਜਕਾਲ 13 ਮਈ ਨੂੰ ਖਤਮ ਹੋ ਗਿਆ ਹੈ। ਜਸਟਿਸ ਗਵਈ ਦਾ ਪੂਰਾ ਨਾਂ ਭੂਸ਼ਣ ਰਾਮਕ੍ਰਿਸ਼ਨ ਗਵਈ ਹੈ। ਜਸਟਿਸ ਗਵਈ ਨੂੰ 24 ਮਈ, 2019 ਨੂੰ ਸੁਪਰੀਮ ਕੋਰਟ ਦੇ ਜੱਜ ਵਜੋਂ ਤਰੱਕੀ ਦਿੱਤੀ ਗਈ ਸੀ। ਦੱਸ ਦੇਈਏ ਕਿ ਰਾਸ਼ਟਰਪਤੀ ਭਵਨ ਵਿਖੇ ਹੋਏ ਸਹੁੰ ਚੁੱਕ ਸਮਾਗਮ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਲੋਕ ਸਭਾ ਸਪੀਕਰ ਓਮ ਬਿਰਲਾ, ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ, ਰੱਖਿਆ ਮੰਤਰੀ ਰਾਜਨਾਥ ਸਿੰਘ, ਕਾਨੂੰਨ ਅਤੇ ਨਿਆਂ ਮੰਤਰੀ ਅਰਜੁਨ ਰਾਮ ਮੇਘਵਾਲ ਅਤੇ ਕਈ ਕੇਂਦਰੀ ਮੰਤਰੀਆਂ ਨੇ ਸ਼ਿਰਕਤ ਕੀਤੀ। ਜਸਟਿਸ ਗਵਈ ਦਾ ਕਾਰਜਕਾਲ 23 ਨਵੰਬਰ 2025 ਤੱਕ ਰਹੇਗਾ। ਉਨ੍ਹਾਂ ਦੀ ਅਗਵਾਈ ਵਿਚ ਨਾ ਸਿਰਫ ਨਿਆਂਪਾਲਿਕਾ ਨੂੰ(ਬਾਕੀ ਸਫਾ 2 'ਤੇ)

### ਹਾਈ ਕੋਰਟ ਨੇ ਮਾੜੀਆਂ ਸਿਹਤ ਸੇਵਾਵਾਂ 'ਤੇ ਗੰਭੀਰ ਚਿੰਤਾ ਪ੍ਰਗਟਾਈ

ਚੰਡੀਗੜ੍ਹ, 14 ਮਈ (ਚੜ੍ਹਦੀਕਲਾ ਬਿਊਰੋ) : ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਪੰਜਾਬ ਦੇ ਸਰਕਾਰੀ ਹਸਪਤਾਲਾਂ, ਖਾਸ ਕਰਕੇ ਮਲੇਰਕੋਟਲਾ ਜ਼ਿਲ੍ਹੇ ਵਿੱਚ ਡਾਕਟਰੀ ਸਹੂਲਤਾਂ ਦੀ ਮਾੜੀ ਹਾਲਤ 'ਤੇ ਗੰਭੀਰ ਚਿੰਤਾ ਪ੍ਰਗਟ ਕੀਤੀ ਹੈ। ਜਸਟਿਸ ਸ਼ੀਲ ਨਾਗੂ ਅਤੇ ਜਸਟਿਸ ਸੁਮਿਤ ਗੋਇਲ ਦੇ ਡਿਵੀਜ਼ਨ ਬੈਂਚ ਨੇ ਕਿਹਾ ਕਿ ਮਲੇਰਕੋਟਲਾ ਜ਼ਿਲ੍ਹੇ ਵਿੱਚ ਸਿਹਤ ਬੁਨਿਆਦੀ ਢਾਂਚੇ ਵਿੱਚ ਕੋਈ ਮਹੱਤਵਪੂਰਨ ਸੁਧਾਰ ਦਿਖਾਈ ਨਹੀਂ ਦੇ ਰਿਹਾ ਹੈ। ਅਦਾਲਤ ਨੇ ਰਾਜ ਦੇ ਸਿਹਤ ਵਿਭਾਗ ਦੇ ਪ੍ਰਮੁੱਖ ਸਕੱਤਰ ਨੂੰ ਇੱਕ ਵਿਸਤ੍ਰਿਤ ਹਲਫ਼ਨਾਮਾ ਦਾਇਰ ਕਰਨ ਦੇ ਨਿਰਦੇਸ਼ ਦਿੱਤੇ ਜਿਸ ਵਿੱਚ ਪਟੀਸ਼ਨਕਰਤਾ ਦੁਆਰਾ ਉਠਾਈਆਂ ਗਈਆਂ ਕਮੀਆਂ ਦਾ ਸਪੱਸ਼ਟ ਤੌਰ 'ਤੇ (ਬਾਕੀ ਸਫਾ 2 'ਤੇ)

ਜ਼ਹਿਰੀਲੀ ਸ਼ਰਾਬ ਨਾਲ ਹੋਈਆਂ ਮੌਤਾਂ ਦਾ ਮਾਮਲਾ

## ਔਰਤ ਸਮੇਤ 16 ਮੁਲਜ਼ਮ ਗ੍ਰਿਫ਼ਤਾਰ: ਡੀ.ਆਈ.ਜੀ.

ਬਬਲੂ ਮਹਾਜਨ



ਅੰਮ੍ਰਿਤਸਰ, 14 ਮਈ : ਪਿਛਲੇ ਦਿਨੀ ਅੰਮ੍ਰਿਤਸਰ ਦੇ ਹਲਕਾ ਮਜੀਠਾ ਦੇ ਵਿੱਚ ਜ਼ਹਿਰੀਲੀ ਸ਼ਰਾਬ ਮਾਮਲੇ ਵਿੱਚ ਹੁਣ ਤੱਕ 23 ਲੋਕਾਂ ਦੀ ਮੌਤ ਹੋ ਚੁੱਕੀ ਹੈ ਅਤੇ ਇਸ ਮਾਮਲੇ 'ਚ ਹੁਣ ਤਕ16 ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ ਅਤੇ ਕੁੱਲ 18 ਮੁਲਜ਼ਮ ਹਨ ਅਤੇ 2 ਨੂੰ ਗ੍ਰਿਫ਼ਤਾਰ ਕਰਨ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ ਅਤੇ ਮੁਲਜ਼ਮਾਂ ਵਿੱਚ ਇੱਕ ਔਰਤ ਵੀ ਹੈ। ਡੀਆਈਜੀ ਸਤਿੰਦਰ ਨੇ ਕਿਹਾ ਕਿ ਇਹ ਇੱਕ ਨਿੰਦਣਯੋਗ ਘਟਨਾ ਹੈ ਅਤੇ ਜਦੋਂ ਸੂਚਨਾ ਮਿਲੀ ਤਾਂ ਪੁਲਿਸ ਨੇ ਆਪਣਾ ਕੰਮ ਸ਼ੁਰੂ ਕਰ ਦਿੱਤਾ ਅਤੇ ਨੌਜਵਾਨਾਂ ਨੂੰ ਹਸਪਤਾਲ ਵਿੱਚ ਦਾਖਲ ਕਰਵਾਇਆ ਅਤੇ ਪਿੰਡ ਵਿੱਚ ਐਲਾਨ ਕਰਨਾ ਸ਼ੁਰੂ ਕਰ ਦਿੱਤਾ ਕਿ ਜਿਸਨੇ ਵੀ ਸ਼ਰਾਬ ਪੀਤੀ ਹੈ, ਉਹ ਪੁਲਿਸ ਨਾਲ ਸੰਪਰਕ ਕਰੇ। ਹਸਪਤਾਲ ਵਿੱਚ ਦਾਖਲ ਕੁਝ ਨੌਜਵਾਨਾਂ ਦੇ ਫੋਨ ਆਏ ਅਤੇ ਉਸੇ ਰਾਤ ਇਸ ਮਾਮਲੇ ਵਿੱਚ ਕੇਸ ਦਰਜ ਕਰ ਲਿਆ ਗਿਆ। ਸਵੇਰੇ 2 ਵਜੇ ਤੱਕ ਇਸ ਮਾਮਲੇ ਵਿੱਚ 5 ਨੌਜਵਾਨਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਇਹ ਗੱਲ ਸਾਹਮਣੇ ਆਈ ਕਿ ਹਰਸ਼ਾ ਛੀਨਾ ਦਾ ਨੌਜਵਾਨ ਇਸ ਵਿੱਚ ਸ਼ਾਮਲ ਹੈ ਅਤੇ ਸਾਹਿਬ ਸਿੰਘ ਨੂੰ ਇਸ ਮਾਮਲੇ ਬਾਰੇ ਪਤਾ (ਬਾਕੀ ਸਫਾ 2 'ਤੇ)

### ਅਦਾਲਤ ਨੇ ਮੁਲਜ਼ਮਾਂ ਦਾ 2 ਦਿਨਾਂ ਪੁਲਿਸ ਰਿਮਾਂਡ ਦਿੱਤਾ

ਅੰਮ੍ਰਿਤਸਰ, 14 ਮਈ (ਬਬਲੂ ਮਹਾਜਨ) : ਹਲਕਾ ਮਜੀਠਾ ਅੰਦਰ ਜ਼ਹਿਰੀਲੀ ਸ਼ਰਾਬ ਦੇ ਨਾਲ 23 ਲੋਕਾਂ ਦੀ ਮੌਤ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ, ਉੱਥੇ ਹੀ ਬਹੁਤ ਸਾਰੇ ਲੋਕ ਗੰਭੀਰ ਰੂਪ ਵਿੱਚ ਬਿਮਾਰ ਹੋਣ ਕਰਕੇ ਹਸਪਤਾਲ 'ਚ ਦਾਖਲ ਹਨ ਅੰਮ੍ਰਿਤਸਰ ਦਿਹਾਤੀ ਪੁਲਿਸ ਵੱਲੋਂ ਕੁੱਲ 16 ਲੋਕਾਂ ਨੂੰ ਗ੍ਰਿਫਤਾਰ ਕੀਤਾ ਗਿਆ ਸੀ ਜਿਸ ਨੂੰ ਅੱਜ ਅੰਮ੍ਰਿਤਸਰ ਦੀ ਅਦਾਲਤ ਵਿੱਚ ਪੇਸ਼ ਕੀਤਾ ਗਿਆ ਜਿੱਥੇ ਪੁਲਿਸ ਨੇ ਅਦਾਲਤ ਕੋਲੋਂ 10 ਦਿਨ ਦਾ ਪੁਲਿਸ ਰਿਮਾਂਡ ਮੰਗਿਆ (ਬਾਕੀ ਸਫਾ 2 'ਤੇ)

### ਮਜੀਠਾ: ਜ਼ਹਿਰੀਲੀ ਸ਼ਰਾਬ ਕਾਂਡ 'ਚ ਦੋ ਹੋਰ ਮੌਤਾਂ ਨਾਲ ਗਿਣਤੀ ਵੱਧ ਕੇ 23 ਹੋਈ

ਮਜੀਠਾ, 14 ਮਈ (ਚੜ੍ਹਦੀਕਲਾ ਬਿਊਰੋ) : ਮਜੀਠਾ ਨੇੜਲੇ ਅੱਧੀ ਦਰਜਨ ਦੇ ਕਰੀਬ ਪਿੰਡਾਂ ਵਿਚ ਜ਼ਹਿਰੀਲੀ ਸ਼ਰਾਬ ਪੀਣ ਕਾਰਨ ਅੱਜ ਦੋ ਹੋਰ ਵਿਅਕਤੀਆਂ ਦੀ ਮੌਤ ਹੋ ਗਈ ਹੈ।

ਜ਼ਹਿਰੀਲੀ ਸ਼ਰਾਬ ਨਾਲ ਮਰਨ ਵਾਲਿਆਂ ਦੀ ਗਿਣਤੀ ਵੱਧ ਕੇ 23 ਹੋ ਗਈ ਹੈ ਜਦਕਿ ਅੱਧੀ ਦਰਜਨ ਵਿਅਕਤੀਆਂ ਦੀ ਹਾਲਤ ਅਜੇ ਵੀ ਗੰਭੀਰ ਬਣੀ ਹੋਈ ਹੈ ਅਤੇ ਉਹ ਹਸਪਤਾਲ ਵਿਚ ਜ਼ੇਰੇ ਇਲਾਜ ਹਨ। ਅੱਜ ਦਮ ਤੋੜਨ ਵਾਲਿਆਂ ਵਿਚ ਸਾਬ ਸਿੰਘ ਪੁੱਤਰ ਸਵਿੰਦਰ ਸਿੰਘ ਵਾਸੀ ਭੰਗਵਾਂ ਅਤੇ ਰਣਧੀਰ ਸਿੰਘ ਪੁੱਤਰ ਬਚਨ ਸਿੰਘ ਪਿੰਡ ਅਠਵਾਲ ਸ਼ਾਮਲ ਹਨ। ਇਨ੍ਹਾਂ ਪਿੰਡਾਂ ਵਿੱਚ ਮਾਤਮ ਛਾਇਆ ਹੋਇਆ ਹੈ।

ਪੁਲਿਸ ਦਾ ਬਦਮਾਸ਼ ਨਾਲ ਮੁਕਾਬਲਾ

## ਫੱਗਣਮਾਜਰਾ ਨੇੜੇ ਦੁਵੱਲੀ ਗੋਲ਼ੀਬਾਰੀ ਮਗਰੋਂ ਅਪਰਾਧੀ ਗ੍ਰਿਫ਼ਤਾਰ

ਰੂਪਾਣਾ



ਪਟਿਆਲਾ, 14 ਮਈ :ਪੰਜਾਬ ਨੂੰ ਗੈਂਗਸਟਰਾਂ ਤੇ ਸਮਾਜ ਵਿਰੋਧੀ ਅਨਸਰਾਂ ਤੋਂ ਮੁਕਤ ਸੂਬਾ ਬਣਾਉਣ ਲਈ ਆਪਣੀ ਵਚਨਬੱਧਤਾ ਨਿਭਾਉਂਦਿਆਂ ਪਟਿਆਲਾ ਪੁਲਿਸ ਨੇ ਅੱਜ ਇਕ ਬਦਨਾਮ ਬਦਮਾਸ਼ ਨੂੰ ਦੁਵੱਲੀ ਗੋਲੀਬਾਰੀ ਮਗਰੋਂ ਗ੍ਰਿਫ਼ਤਾਰ ਕਰਨ ਵਿੱਚ ਇੱਕ ਵੱਡੀ ਸਫਲਤਾ ਹਾਸਲ ਕੀਤੀ ਹੈ। ਇੱਥੇ ਪਟਿਆਲਾ-ਸਰਹਿੰਦ ਰੋਡ 'ਤੇ ਪਿੰਡ ਫੱਗਣਮਾਜਰਾ ਨੇੜੇ ਏਸ਼ੀਅਨ ਕਾਲਜ ਰੋਡ ਵਿਖੇ ਸੀਆਈਏ ਸਟਾਫ ਪੁਲਿਸ ਘੇਰੇ ਵਿੱਚ ਆਏ ਅਪਰਾਧੀ ਨੇ ਪੁਲਿਸ ਉੱਪਰ ਗੋਲੀ ਚਲਾਉਂਦਿਆਂ ਚਾਰ ਫਾਇਰ ਕੀਤੇ ਪਰ ਪੁਲਿਸ ਪਾਰਟੀ ਨੇ ਮਿਸਾਲੀ ਬਹਾਦਰੀ ਤੇ ਸੰਜਮ ਦਿਖਾਇਆ ਅਤੇ ਦੋਸ਼ੀ ਦੀ ਲੱਤ 'ਤੇ ਗੋਲੀ ਲੱਗੀ, ਜਿਸ ਮਗਰੋਂ ਉਸ ਨੂੰ ਮੌਕੇ ਤੋਂ ਕਾਬੂ ਕਰ ਲਿਆ ਗਿਆ।ਮੌਕੇ ਉੱਤੇ ਪਹੁੰਚੇ ਐਸਐਸਪੀ ਪਟਿਆਲਾ ਵਰੁਣ ਸ਼ਰਮਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਖੁਲਾਸਾ ਕੀਤਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ (ਬਾਕੀ ਸਫਾ 2 'ਤੇ)

### ਸਾਬਕਾ ਰੱਖਿਆ ਸਕੱਤਰ ਅਜੈ ਕੁਮਾਰ ਯੂ.ਪੀ.ਐਸ.ਸੀ. ਦੇ ਚੇਅਰਮੈਨ ਨਿਯੁਕਤ



ਨਵੀਂ ਦਿੱਲੀ, 14 ਮਈ (ਚੜ੍ਹਦੀਕਲਾ ਬਿਊਰੋ) : ਸਾਬਕਾ ਰੱਖਿਆ ਸਕੱਤਰ ਤੇ 1985 ਬੈਚ ਦੇ ਕੇਰਲਾ ਕੇਡਰ ਦੇ ਆਈਏਐੱਸ ਅਧਿਕਾਰੀ ਅਜੈ ਕੁਮਾਰ ਨੂੰ ਕੇਂਦਰੀ ਲੋਕ ਸੇਵਾ ਕਮਿਸ਼ਨ (ਯੂਪੀਐੱਸਸੀ) ਦਾ ਚੇਅਰਮੈਨ ਨਿਯੁਕਤ ਕੀਤਾ ਗਿਆ ਹੈ। ਕੇਂਦਰੀ ਅਮਲਾ ਮੰਤਰਾਲੇ ਨੇ ਨਿਯੁਕਤੀ ਸਬੰਧੀ ਹੁਕਮ ਮੰਗਲਵਾਰ ਦੇਰ ਰਾਤ ਜਾਰੀ ਕੀਤੇ ਹਨ।ਅਜੈ ਕੁਮਾਰ ਨੇ ਪ੍ਰੀਤੀ ਸੂਦਨ ਦੀ ਥਾਂ ਲਈ ਹੈ, ਜਿਨ੍ਹਾਂ ਦਾ ਕਾਰਜਕਾਲ 29 ਅਪਰੈਲ ਨੂੰ ਪੂਰਾ ਹੋ ਗਿਆ ਸੀ। ਹੁਕਮਾਂ ਅਨੁਸਾਰ, ਕੁਮਾਰ ਦੀ ਨਿਯੁਕਤੀ ਨੂੰ ਰਾਸ਼ਟਰਪਤੀ ਦ੍ਰੌਪਦੀ ਮੁਰਮੂ ਨੇ ਮਨਜ਼ੂਰੀ ਦਿੱਤੀ ਹੈ। ਕੁਮਾਰ 23 ਅਗਸਤ, 2019 ਤੋਂ 31 ਅਕਤੂਬਰ, (ਬਾਕੀ ਸਫਾ 2 'ਤੇ)

ਲੜਾਈ 'ਚ ਪਾਕਿ ਦੀ ਮਦਦ ਦਾ ਮਾਮਲਾ

## ਭਾਰਤ ਵੱਲੋਂ ਤੁਰਕੀ ਦਾ ਸੋਸ਼ਲ ਮੀਡੀਆ ਤੇ ਸਰਕਾਰੀ ਚੈਨਲ ਬੈਨ

ਚੜ੍ਹਦੀਕਲਾ ਬਿਊਰੋ



ਨਵੀਂ ਦਿੱਲੀ, 14 ਮਈ : ਭਾਰਤ ਸਰਕਾਰ ਨੇ ਮਹੱਤਵਪੂਰਨ ਕਦਮ ਚੁੱਕਦੇ ਹੋਏ ਤੁਰਕੀ ਦੇ ਸਰਕਾਰੀ ਚੈਨਲ ਟੀ.ਆਰ.ਟੀ. ਵਰਲਡ ਦੇ ਸੋਸ਼ਲ ਮੀਡੀਆ ਹੈਂਡਲ ਨੂੰ ਭਾਰਤ 'ਚ ਬਲਾਕ ਕਰ ਦਿੱਤਾ ਹੈ। ਇਸ ਤੋਂ ਪਹਿਲਾਂ ਚੀਨੀ ਕਮਿਊਨਿਸਟ ਪਾਰਟੀ ਦੇ 2 ਚੈਨਲਾਂ ਗਲੋਬਲ ਟਾਈਮਜ਼ ਅਤੇ ਸ਼ਿਨਹੁਆ ਨਿਊਜ਼ ਦੇ ਸੋਸ਼ਲ ਮੀਡੀਆ ਅਕਾਊਂਟ ਬਲਾਕ ਕੀਤੇ ਗਏ ਸਨ। ਟੀਆਰਟੀ ਵਰਲਡ ਤੁਰਕੀ ਦਾ ਬ੍ਰਾਡਕਾਸਟਰ ਹੈ, ਜੋ 'ਆਪਰੇਸ਼ਨ ਸਿੰਦੂਰ' ਤੋਂ ਬਾਅਦ ਲਗਾਤਾਰ ਭਾਰਤ ਖ਼ਿਲਾਫ਼ ਪ੍ਰੋਪੇਗੰਡਾ ਫੈਲਾ ਰਿਹਾ ਸੀ। ਤੁਰਕੀ ਅਤੇ ਚੀਨ ਦੇ ਬ੍ਰਾਡਕਾਸਟਰ ਲਗਾਤਾਰ ਭਾਰਤ ਖ਼ਿਲਾਫ਼ ਫਰਜ਼ੀ ਖ਼ਬਰਾਂ ਅਤੇ ਭੜਕਾਊ ਸਮੱਗਰੀ ਫੈਲਾ ਰਹੇ ਸਨ। ਇਸ ਤੋਂ ਇਲਾਵਾ ਤੁਰਕੀ ਦੇ ਰਾਸ਼ਟਰਪਤੀ ਰੇਚੇਪ ਤੈਯਰ ਏਦਰੋਗਨ ਨੇ ਪਾਕਿਸਤਾਨ ਦਾ ਸਮਰਥਨ ਕਰਦੇ ਹੋਏ ਭਾਰਤ ਨੂੰ ਸੰਕੇਤਾਂ 'ਚ ਚਿਤਾਵਨੀ ਦੇਣ ਦੀ ਕੋਸ਼ਿਸ਼ ਕੀਤੀ ਸੀ। ਜਿਸ ਤੋਂ ਬਾਅਦ ਭਾਰਤ ਨੇ ਤੁਰਕੀ ਦੇ ਲੀਡਿੰਗ ਬ੍ਰਾਡਕਾਸਟਰ ਦੇ ਸੋਸ਼ਲ ਮੀਡੀਆ ਅਕਾਊਂਟ ਨੂੰ ਬੈਨ ਕਰ ਦਿੱਤਾ। ਭਾਰਤ 'ਚ ਪਹਿਲਾਂ ਤੋਂ ਹੀ ਪਾਕਿਸਤਾਨ ਦੀ ਮਦਦ ਕਰਨ ਨੂੰ ਲੈ ਕੇ ਤੁਰਕੀ ਦਾ ਬਾਈਕਾਟ ਕਰਨ ਦੀ ਮੁਹਿੰਮ ਜ਼ੋਰਾਂ 'ਤੇ ਹੈ। ਭਾਰਤ ਦੇ ਲੋਕਾਂ ਨੇ ਤੁਰਕੀ ਅਤੇ ਅਜ਼ਰਬੈਜਾਨ ਦੀ ਯਾਤਰਾ ਦਾ ਬਾਈਕਾਟ ਕਰਨਾ ਸ਼ੁਰੂ ਕਰ ਦਿੱਤਾ ਹੈ। ਕਈ ਟੂਰਿਸਟ ਕੰਪਨੀਆਂ ਨੇ ਵੀ ਦੇਸ਼ਹਿੱਤ ਦੀ ਭਾਵਨਾ ਨੂੰ ਅੱਗੇ ਰੱਖਦੇ ਹੋਏ (ਬਾਕੀ ਸਫਾ 2 'ਤੇ)

## ਭਾਰਤ ਵੱਲੋਂ ਸਵਦੇਸ਼ੀ ਐਂਟੀ ਡਰੋਨ ਪ੍ਰਣਾਲੀ 'ਭਾਰਗਵਾਸਤਰ' ਦਾ ਸਫ਼ਲ ਪ੍ਰੀਖਣ

ਚੜ੍ਹਦੀਕਲਾ ਬਿਊਰੋ



ਨਵੀਂ ਦਿੱਲੀ, 14 ਮਈ : ਭਾਰਤ ਨੇ ਬੁੱਧਵਾਰ ਨੂੰ ਆਪਣੀਆਂ ਰੱਖਿਆ ਸਮਰੱਥਾਵਾਂ ਨੂੰ ਹੋਰ ਮਜ਼ਬੂਤ ਕਰਦੇ ਹੋਏ ਸਵਦੇਸ਼ੀ ਐਂਟੀ ਡਰੋਨ ਪ੍ਰਣਾਲੀ 'ਭਾਰਗਵਾਸਤਰ' ਦਾ ਸਫ਼ਲ ਪ੍ਰੀਖਣ ਕੀਤਾ ਹੈ। ਸੋਲਰ ਡਿਫੈਂਸ ਐਂਡ ਏਅਰੋਸਪੇਸ ਲਿਮਟਿਡ ਵਲੋਂ ਡਿਜ਼ਾਈਨ ਅਤੇ ਵਿਕਸਿਤ ਇਹ ਘੱਟ ਲਾਗਤ ਵਾਲੀ ਪ੍ਰਣਾਲੀ ਡਰੋਨ ਸਵਾਰਮ (ਝੁੰਡ) ਦੇ ਵਧਦੇ ਖ਼ਤਰੇ ਨਾਲ ਨਜਿੱਠਣ ਲਈ ਇਕ ਕ੍ਰਾਂਤੀਕਾਰੀ ਕਦਮ ਹੈ। ਇਹ ਪ੍ਰਣਾਲੀ ਰਾਕੇਟ ਦਾਗ਼ ਕੇ ਦੁਸ਼ਮਣ ਦੇ ਡਰੋਨ ਨੂੰ ਆਸਮਾਨ 'ਚ ਹੀ ਨਸ਼ਟ ਕਰ ਦੇਵੇਗੀ।

ਓਡੀਸ਼ਾ ਦੇ ਗੋਪਾਲਪੁਰ ਸੀਵਰਡ ਫਾਇਰਿੰਗ ਰੇਂਜ 'ਚ ਇਸ ਪ੍ਰਣਾਲੀ ਦਾ ਪ੍ਰੀਖਣ ਕੀਤਾ ਗਿਆ ਹੈ, ਜਿਸ 'ਚ ਸਾਰੇ ਤੈਅ ਟੀਚੇ ਹਾਸਲ ਕੀਤੇ ਗਏ। ਇਹ ਉਪਲੱਬਧੀ ਭਾਰਤ ਦੀ ਆਤਮਨਿਰਭਰ ਰੱਖਿਆ ਨੀਤੀ ਅਤੇ 'ਮੇਕ ਇਨ ਇੰਡੀਆ' ਮਿਸ਼ਨ ਦੀ ਇਕ ਹੋਰ ਸਫ਼ਲਤਾ ਨੂੰ ਦਰਸਾਉਂਦੀ ਹੈ। ਸੀਨੀਅਰ ਅਧਿਕਾਰੀਆਂ ਦੀ ਮੌਜੂਦਗੀ 'ਚ 'ਭਾਰਗਵਾਸਤਰ' ਦੇ ਤਿੰਨ ਪ੍ਰੀਖਣ ਕੀਤੇ ਗਏ।

'ਭਾਰਗਵਾਸਤਰ' ਇਕ ਘੱਟ ਕੀਮਤ ਵਾਲਾ ਐਂਟੀ ਡਰੋਨ ਸਿਸਟਮ ਹੈ। ਇਹ 'ਹਾਰਡ ਕਿਲ' ਮੋਡ 'ਚ ਕੰਮ ਕਰਦਾ ਹੈ। ਇਸ ਦਾ ਮਤਲਬ ਹੈ ਕਿ ਇਹ ਡਰੋਨ ਨੂੰ ਸਿੱਧੇ ਨਸ਼ਟ ਕਰ ਸਕਦਾ ਹੈ। 'ਆਪਰੇਸ਼ਨ ਸਿੰਦੂਰ' ਤੋਂ ਬਾਅਦ ਪਾਕਿਸਤਾਨ ਵਲੋਂ ਭਾਰਤ ਦੇ ਸਰਹੱਦ ਏਰੀਏ 'ਚ ਕਈ ਜਗ੍ਹਾ ਡਰੋਨ ਦੇ ਹਮਲੇ ਦੀਆਂ ਕੋਸ਼ਿਸ਼ਾਂ ਹੋਈਆਂ। ਹਾਲਾਂਕਿ ਸਾਡੇ ਐਂਟੀ ਡਰੋਨ ਸਿਸਟਮ ਨੇ ਉਨ੍ਹਾਂ ਨੂੰ ਫੇਲ੍ਹ ਕਰ ਦਿੱਤਾ। ਅੱਜ-ਕੱਲ੍ਹ ਜਿਸ ਤਰ੍ਹਾਂ ਨਾਲ ਡਰੋਨ ਹਮਲੇ ਦਾ ਖ਼ਤਰਾ ਵੱਧ ਰਿਹਾ ਹੈ, ਅਜਿਹੇ 'ਚ ਇਹ ਸਿਸਟਮ ਬਹੁਤ ਉਪਯੋਗੀ ਸਾਬਿਤ ਹੋ ਸਕਦਾ ਹੈ।

### ਭਾਰਤ ਦੀ 'ਬ੍ਰਹਮੋਸ' ਨੂੰ ਖ਼ਰੀਦਣ ਲਈ ਕਈ ਦੇਸ਼ ਤਿਆਰ

ਨਵੀਂ ਦਿੱਲੀ, 14 ਮਈ (ਚੜ੍ਹਦੀਕਲਾ ਬਿਊਰੋ) : ਬ੍ਰਹਮੋਸ ਮਿਜ਼ਾਈਲ ਨੇ ਅੱਤਵਾਦ ਵਿਰੁੱਧ ਭਾਰਤ ਦੀ ਫੈਸਲਾਕੁੰਨ ਕਾਰਵਾਈ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਅਤਿ-ਆਧੁਨਿਕ ਤਕਨਾਲੋਜੀ ਨਾਲ ਲੈਸ, ਇਸ ਸੁਪਰਸੋਨਿਕ ਕਰੂਜ਼ ਮਿਜ਼ਾਈਲ ਨੇ ਹਾਲ ਹੀ ਵਿੱਚ ਸਰਹੱਦ ਪਾਰ ਅੱਤਵਾਦੀ ਟਿਕਾਣਿਆਂ ਅਤੇ ਫੌਜੀ ਸਥਾਪਨਾਵਾਂ ਨੂੰ ਸਫਲਤਾਪੂਰਵਕ ਨਿਸ਼ਾਨਾ ਬਣਾਇਆ। ਇਸ ਤੋਂ ਬਾਅਦ, ਹੁਣ ਦੁਨੀਆਂ ਭਰ ਦੇ 17 ਦੇਸ਼ਾਂ ਨੇ ਬ੍ਰਹਮੋਸ ਮਿਜ਼ਾਈਲ ਨੂੰ ਆਪਣੀ ਰੱਖਿਆ ਪ੍ਰਣਾਲੀ ਵਿੱਚ ਸ਼ਾਮਲ ਕਰਨ ਵਿੱਚ ਡੂੰਘੀ ਦਿਲਚਸਪੀ ਦਿਖਾਈ ਹੈ। ਬ੍ਰਹਮੋਸ (ਬਾਕੀ ਸਫਾ 2 'ਤੇ)

## ਪਾਕਿ ਤੋਂ ਆਜ਼ਾਦੀ ਦਾ ਐਲਾਨ ਕਰਦਿਆਂ ਬਲੋਚ ਆਗੂ ਨੇ ਭਾਰਤ ਅਤੇ ਵਿਸ਼ਵ ਭਾਈਚਾਰੇ ਦਾ ਮੰਗਿਆ ਸਮਰਥਨ

ਚੜ੍ਹਦੀਕਲਾ ਬਿਊਰੋ



ਬਲੋਚਿਸਤਾਨ, 14 ਮਈ : ਬਲੋਚ ਪ੍ਰਤੀਨਿਧੀ ਮੀਰ ਯਾਰ ਬਲੋਚ ਨੇ ਬੁੱਧਵਾਰ ਨੂੰ ਪਾਕਿਸਤਾਨ ਤੋਂ ਆਜ਼ਾਦੀ ਦਾ ਐਲਾਨ ਕੀਤਾ, ਇਸ ਖੇਤਰ ਵਿੱਚ ਦਹਾਕਿਆਂ ਤੋਂ ਚੱਲ ਰਹੀ ਹਿੰਸਾ, ਜ਼ਬਰਦਸਤੀ ਲਾਪਤਾ ਕੀਤੇ ਜਾਣ ਅਤੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦਾ ਹਵਾਲਾ ਦਿੰਦੇ ਹੋਏ ਐਕਸ 'ਤੇ ਇੱਕ ਪੋਸਟ ਵਿੱਚ ਉਨ੍ਹਾਂ ਕਿਹਾ ਕਿ ਬਲੋਚਿਸਤਾਨ ਦੇ ਲੋਕਾਂ ਨੇ ਆਪਣਾ 'ਰਾਸ਼ਟਰੀ ਫੈਸਲਾ' ਦੇ ਦਿੱਤਾ ਹੈ ਅਤੇ ਦੁਨੀਆਂ ਨੂੰ ਹੁਣ ਚੁੱਪ ਨਹੀਂ ਰਹਿਣਾ ਚਾਹੀਦਾ। 'ਤੁਮ ਮਾਰੋਗੇ ਹਮ ਨੇਕਲੇਂਗੀ, ਹਮ ਨਸਲ ਬਚਨੀ ਨੇਕਲੀ ਹੈਂ, ਆਓ ਹਮਾਰਾ ਸਾਥ ਦੋ। ਪਾਕਿਸਤਾਨ ਦੇ ਕਬਜ਼ੇ ਵਾਲੇ ਬਲੋਚਿਸਤਾਨ ਵਿੱਚ ਬਲੋਚ ਲੋਕ ਸੜਕਾਂ 'ਤੇ ਹਨ ਅਤੇ ਇਹ ਉਨ੍ਹਾਂ ਦਾ ਰਾਸ਼ਟਰੀ ਫੈਸਲਾ ਹੈ ਕਿ ਬਲੋਚਿਸਤਾਨ ਪਾਕਿਸਤਾਨ ਨਹੀਂ ਹੈ ਅਤੇ ਦੁਨੀਆਂ ਹੁਣ ਚੁੱਪ ਦਰਸ਼ਕ ਨਹੀਂ ਬਣ ਸਕਦੀ,' ਬਲੋਚ ਨੇਤਾ ਨੇ ਕਿਹਾ,ਹੈ ਕਿ ਭਾਰਤੀ ਨਾਗਰਿਕਾਂ, ਖਾਸ ਕਰਕੇ ਮੀਡੀਆ, ਯੂਟਿਊਬਰਾਂ ਅਤੇ ਬੁੱਧੀਜੀਵੀਆਂ ਨੂੰ ਬਲੋਚਾਂ ਨੂੰ 'ਪਾਕਿਸਤਾਨ ਦੇ ਆਪਣੇ ਲੋਕ' ਕਹਿਣ ਤੋਂ ਬਚਣ ਦੀ ਅਪੀਲ ਵੀ ਕੀਤੀ। 'ਬਲੋਚ ਬਿਰਤਾਂਤ!! ਪਿਆਰੇ ਭਾਰਤੀਆਂ, ਦੇਸ਼ ਭਗਤ ਮੀਡੀਆ, ਯੂਟਿਊਬ ਸਾਥੀਆਂ, ਭਾਰਤ ਦੀ ਰੱਖਿਆ ਲਈ ਲੜ ਰਹੇ ਬੁੱਧੀਜੀਵੀਆਂ ਨੂੰ ਸੁਝਾਅ ਦਿੱਤਾ ਜਾਂਦਾ ਹੈ ਕਿ ਉਹ (ਬਾਕੀ ਸਫਾ 2 'ਤੇ)

### ਡਾ. ਰਵਜੋਤ ਸਿੰਘ ਵੱਲੋਂ ਲਾਪਰਵਾਹ ਅਫ਼ਸਰ 'ਤੇ ਕਾਰਵਾਈ

# ਡੇਰਾਬੱਸੀ ਦੇ ਈਓ ਨੂੰ ਡਿਊਟੀ ਵਿੱਚ ਅਣਗਹਿਲੀ ਲਈ ਕੀਤਾ ਮੁਅੱਤਲ



ਚੰਡੀਗੜ੍ਹ, , 14 ਮਈ (ਚ.ਨ.ਸ.) : ਡਿਊਟੀ ਵਿੱਚ ਕੁਤਾਹੀ ਵਿਰੁੱਧ ਸਖ਼ਤ ਕਾਰਵਾਈ ਕਰਦੇ ਹੋਏ, ਸਥਾਨਕ ਸਰਕਾਰਾਂ ਮੰਤਰੀ ਡਾ. ਰਵਜੋਤ ਸਿੰਘ ਨੇ ਅੱਜ ਡੇਰਾਬੱਸੀ ਦੇ ਕਾਰਜ ਸਾਧਕ ਅਧਿਕਾਰੀ (ਈ.ਓ.) ਵਿਜੇ ਕੁਮਾਰ ਨੂੰ ਆਪਣੀਆਂ ਡਿਊਟੀਆਂ ਨਿਭਾਉਣ ਵਿੱਚ ਅਸਫਲ ਰਹਿਣ ਲਈ ਮੁਅੱਤਲ ਕਰ ਦਿੱਤਾ।

ਡੇਰਾਬੱਸੀ ਵਿੱਚ ਸਫਾਈ ਕਾਰਜਾਂ ਦੇ ਅਚਨਚੇਤ ਨਿਰੀਖਣ ਦੌਰਾਨ, ਸਥਾਨਕ ਸਰਕਾਰਾਂ ਮੰਤਰੀ ਡਾ. ਰਵਜੋਤ ਸਿੰਘ ਨੇ ਜ਼ਮੀਨੀ ਹਕੀਕਤਾਂ ਅਤੇ ਸਫਾਈ ਪਹਿਲਕਦਮੀਆਂ ਵਿੱਚ ਪ੍ਰਗਤੀ ਦੀ ਘਾਟ ਪ੍ਰਤੀ ਅਸੰਤੁਸ਼ਟੀ ਪ੍ਰਗਟ ਕੀਤੀ। ਉਨ੍ਹਾਂ ਨੇ ਈ.ਓ. ਨੂੰ ਅਗਲੇ ਨੋਟਿਸ ਤੱਕ ਸੈਕਟਰ-35-ਏ ਚੰਡੀਗੜ੍ਹ ਵਿੱਚ ਸਥਾਨਕ ਸਰਕਾਰਾਂ ਦੇ ਮੁੱਖ ਦਫਤਰ ਵਿੱਚ ਰਿਪੋਰਟ ਕਰਨ ਦੇ ਨਿਰਦੇਸ਼ ਵੀ ਦਿੱਤੇ।

ਇਹ ਫੈਸਲਾਕੁੰਨ ਕਦਮ ਜਵਾਬਦੇਹੀ ਅਤੇ ਕੁਸ਼ਲ ਜਨਤਕ ਸੇਵਾ ਪ੍ਰਤੀ ਸਰਕਾਰ ਦੀ ਵਚਨਬੱਧਤਾ ਨੂੰ ਦਰਸਾਉਂਦਾ ਹੈ। ਡਾ. ਸਿੰਘ ਨੇ ਜ਼ੋਰ ਦੇ ਕੇ ਕਿਹਾ ਕਿ ਨਾਗਰਿਕ ਜ਼ਿੰਮੇਵਾਰੀਆਂ ਵਿੱਚ ਕੁਤਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ ਅਤੇ ਅਧਿਕਾਰੀਆਂ ਨੂੰ ਜਨਤਾ ਨੂੰ ਸਫਾਈ ਸੇਵਾਵਾਂ ਦੀ ਤੁਰੰਤ ਅਤੇ ਪ੍ਰਭਾਵਸ਼ਾਲੀ ਡਿਲੀਵਰੀ ਯਕੀਨੀ ਬਣਾਉਣੀ ਚਾਹੀਦੀ ਹੈ।

# 'ਯੁੱਧ ਨਸ਼ਿਆਂ ਵਿਰੁੱਧ' ਦੇ 74ਵੇਂ ਦਿਨ 156 ਨਸ਼ਾ ਤਸਕਰ ਗ੍ਰਿਫ਼ਤਾਰ; 1.9 ਕਿਲੋ ਹੈਰੋਇਨ, 58 ਹਜ਼ਾਰ ਦੀ ਡਰੱਗ ਮਨੀ ਬਰਾਮਦ

## ਨਸ਼ਾ ਛੁਡਵਾਉਣ ਸਬੰਧੀ ਯਤਨਾਂ ਦੇ ਹਿੱਸੇ ਵਜੋਂ ਪੰਜਾਬ ਪੁਲਿਸ ਨੇ 113 ਵਿਅਕਤੀਆਂ ਨੂੰ ਨਸ਼ਾ ਛੱਡਣ ਦਾ ਇਲਾਜ ਲੈਣ ਲਈ ਰਾਜ਼ੀ ਕੀਤਾ

ਚੰਡੀਗੜ੍ਹ, , 14 ਮਈ (ਚ.ਨ.ਸ.) : ਸੂਬੇ ਵਿੱਚੋਂ ਨਸ਼ਿਆਂ ਦੇ ਮੁਕੰਮਲ ਖਾਤਮੇ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰੇਦਸ਼ਾਂ 'ਤੇ ਵਿੱਢੇ ਗਏ "ਯੁੱਧ ਨਸ਼ਿਆਂ ਵਿਰੁੱਧ"ਦੇ 74ਵੇਂ ਦਿਨ ਪੰਜਾਬ ਪੁਲਿਸ ਨੇ ਅੱਜ 156 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਦੇ ਕਬਜ਼ੇ ਵਿੱਚੋਂ 1.9 ਕਿਲੋ ਹੈਰੋਇਨ, 1.5 ਕਿਲੋ ਅਫ਼ੀਮ ਅਤੇ 57920 ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਹੈ। ਇਸ ਨਾਲ ਸਿਰਫ਼ 74 ਦਿਨਾਂ ਅੰਦਰ ਗ੍ਰਿਫ਼ਤਾਰ ਕੀਤੇ ਗਏ ਕੁੱਲ ਨਸ਼ਾ ਤਸਕਰਾਂ ਦੀ ਗਿਣਤੀ 11,051 ਹੋ ਗਈ ਹੈ।

ਇਹ ਆਪ੍ਰੇਸ਼ਨ ਡਾਇਰੈਕਟਰ ਜਨਰਲ ਆਫ ਪੁਲਿਸ (ਡੀਜੀਪੀ) ਗੌਰਵ ਯਾਦਵ ਦੇ ਨਿਰਦੇਸ਼ਾਂ 'ਤੇ ਸੂਬੇ ਦੇ ਸਾਰੇ 28 ਜ਼ਿਲ੍ਹਿਆਂ ਵਿੱਚ ਇੱਕੋ ਸਮੇਂ ਚਲਾਇਆ ਗਿਆ।



ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪੁਲਿਸ ਕਮਿਸ਼ਨਰਾਂ, ਡਿਪਟੀ ਕਮਿਸ਼ਨਰਾਂ ਅਤੇ ਐਸ.ਐਸ.ਪੀਜ਼ ਨੂੰ ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਦੇ ਹੁਕਮ ਦਿੱਤੇ ਹਨ। ਪੰਜਾਬ ਸਰਕਾਰ ਵੱਲੋਂ ਨਸ਼ਿਆਂ ਵਿਰੁੱਧ ਜੰਗ ਦੀ ਨਿਗਰਾਨੀ ਲਈ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੀ ਅਗਵਾਈ ਹੇਠ 5 ਮੈਂਬਰੀ ਕੈਬਨਿਟ ਸਬ ਕਮੇਟੀ ਵੀ ਬਣਾਈ ਗਈ ਹੈ।

ਆਪਰੇਸ਼ਨ ਦੇ ਵੇਰਵੇ ਦਿੰਦਿਆਂ ਸਪੈਸ਼ਲ ਡੀਜੀਪੀ ਕਾਨੂੰਨ ਅਤੇ ਵਿਵਸਥਾ ਅਰਪਿਤ ਸ਼ੁਕਲਾ ਨੇ ਦੱਸਿਆ ਕਿ 87 ਗਜ਼ਟਿਡ ਅਧਿਕਾਰੀਆਂ ਦੀ ਨਿਗਰਾਨੀ ਹੇਠ 1400 ਤੋਂ ਵੱਧ ਪੁਲਿਸ ਕਰਮਚਾਰੀਆਂ ਦੀ ਸ਼ਮੂਲੀਅਤ ਵਾਲੀਆਂ 200 ਤੋਂ ਵੱਧ ਪੁਲਿਸ ਟੀਮਾਂ ਨੇ ਰਾਜ ਭਰ 'ਚ 490 ਥਾਵਾਂ 'ਤੇ ਛਾਪੇਮਾਰੀ ਕੀਤੀ, ਜਿਸ ਦੇ ਚਲਦਿਆਂ ਸੂਬੇ ਭਰ ਵਿੱਚ 125 ਐਫਆਈਆਰਜ਼ ਦਰਜ ਕੀਤੀਆਂ ਗਈਆਂ । ਉਨ੍ਹਾਂ ਅੱਗੇ ਕਿਹਾ ਕਿ ਦਿਨ ਭਰ ਚੱਲੇ ਇਸ ਆਪ੍ਰੇਸ਼ਨ ਦੌਰਾਨ ਪੁਲਿਸ ਟੀਮਾਂ ਨੇ 529 ਸ਼ੱਕੀ ਵਿਅਕਤੀਆਂ ਦੀ ਜਾਂਚ ਵੀ ਕੀਤੀ।

ਸਪੈਸ਼ਲ ਡੀਜੀਪੀ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਸੂਬੇ 'ਚੋਂ ਨਸ਼ਿਆਂ ਦੇ ਖਾਤਮੇ ਲਈ ਤਿੰਨ-ਪੱਖੀ ਰਣਨੀਤੀ - ਇਨਫੋਰਸਮੈਂਟ, ਡੀ-ਅਡਿਕਸ਼ਨ ਅਤੇ ਪ੍ਰੀਵੈਂਸ਼ਨ (ਈਡੀਪੀ) - ਲਾਗੂ ਕੀਤੀ ਗਈ ਹੈ ਅਤੇ ਪੰਜਾਬ ਪੁਲਿਸ ਨੇ ਇਸ ਰਣਨੀਤੀ ਦੇ ਹਿੱਸੇ ਵਜੋਂ 113 ਵਿਅਤੀਆਂ ਨੂੰ ਨਸ਼ਾ ਛੱਡਣ ਅਤੇ ਮੁੜ ਵਸੇਬੇ ਦਾ ਇਲਾਜ ਲੈਣ ਲਈ ਰਾਜ਼ੀ ਕੀਤਾ ਹੈ।

# ਮੋਹਿੰਦਰ ਭਗਤ ਵੱਲੋਂ ਸਾਬਕਾ ਸੈਨਿਕਾਂ ਦੀਆਂ ਮੁਸ਼ਕਿਲਾਂ ਪਹਿਲ ਦੇ ਅਧਾਰ 'ਤੇ ਹੱਲ ਕਰਨ ਲਈ ਅਧਿਕਾਰੀਆਂ ਨੂੰ ਨਿਰਦੇਸ਼



ਚੰਡੀਗੜ੍ਹ , 14 ਮਈ (ਚ.ਨ.ਸ.) : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸਾਬਕਾ ਸੈਨਿਕਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਭਲਾਈ ਲਈ ਤੇਜ਼ੀ ਨਾਲ ਨਾਲ ਕੰਮ ਕਰ ਰਹੀ ਹੈ। ਇਸੇ ਸਬੰਧ ਵਿੱਚ ਰੱਖਿਆ ਸੇਵਾਵਾਂ ਭਲਾਈ ਮੰਤਰੀ ਸ੍ਰੀ ਮੋਹਿੰਦਰ ਭਗਤ ਨੇ ਵਿਭਾਗ ਵਿੱਚ ਚਲ ਰਹੇ ਵੱਖ ਵੱਖ ਕੰਮਾਂ ਅਤੇ ਸਾਬਕਾ ਸੈਨਿਕਾਂ ਦੀ ਭਲਾਈ ਸਕੀਮਾਂ ਦੀ ਪ੍ਰਗਤੀ ਦਾ ਜਾਇਜ਼ਾ ਲੈਣ ਲਈ ਅਧਿਕਾਰੀਆਂ ਨਾਲ ਮੀਟਿੰਗ ਕੀਤੀ।

ਮੀਟਿੰਗ ਦੌਰਾਨ ਮੰਤਰੀ ਸ੍ਰੀ ਮੋਹਿੰਦਰ ਭਗਤ ਨੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਸਾਬਕਾ ਸੈਨਿਕਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਭਲਾਈ ਲਈ ਚਲਾਈਆਂ ਜਾ ਰਹੀਆਂ ਭਲਾਈ ਵੱਖ ਵੱਖ ਸਕੀਮਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕੀਤਾ ਜਾਵੇ। ਮੰਤਰੀ ਨੇ ਅਧਿਕਾਰੀਆਂ ਨੂੰ ਕਿਹਾ ਕਿ ਸੂਬੇ ਦੇ ਸਾਬਕਾ ਸੈਨਿਕਾਂ ਅਤੇ ਉਸਦੇ ਪਰਿਵਾਰਕ ਮੈਂਬਰਾਂ ਦੇ ਕੰਮ ਨੂੰ ਪਹਿਲ ਦੇ ਅਧਾਰ ਤੇ ਕੀਤਾ ਜਾਵੇ।

ਮੰਤਰੀ ਸ੍ਰੀ ਭਗਤ ਨੇ ਕਿਹਾ ਕਿ ਸੈਨਿਕ ਰੈਸਟ ਹਾਊਸਾਂ ਨੂੰ ਹੋਰ ਬਿਹਤਰ ਬਣਾਉਣ ਲਈ ਤੁਰੰਤ ਕਾਰਵਾਈ ਕੀਤੀ ਜਾਵੇ ।ਉਨ੍ਹਾ ਕਿਹਾ ਕਿ ਇਸ ਕੰਮ ਲਈ ਫੰਡਾਂ ਦੀ ਕੋਈ ਘਾਟ ਨਹੀਂ ਆਉਣ ਦਿੱਤੀ ਜਾਵੇਗੀ । ਉਨ੍ਹਾ ਕਿਹਾ ਕਿ ਸਾਬਕਾ ਸੈਨਿਕਾਂ ਅਤੇ ਉਹਨਾਂ ਦੇ ਆਸ਼ਰਿਤਾਂ ਦੀ ਭਲਾਈ ਲਈ ਪੰਜਾਬ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਸਕੀਮਾਂ ਬਾਰੇ ਉਨ੍ਹਾ ਨੂੰ ਵੱਧ ਤੋਂ ਵੱਧ ਜਾਣੂ ਕਰਵਾਇਆ ਜਾਵੇ ਤਾਂ ਜੋ ਉਹ ਇਹਨਾਂ ਸਕੀਮਾਂ ਦਾ ਪੂਰਾ ਲਾਭ ਲੈ ਸਕਣ।

ਇਸ ਮੀਟਿੰਗ ਵਿੱਚ ਡਾਇਰੈਕਟਰ ਰੱਖਿਆ ਸੇਵਾਵਾਂ ਭਲਾਈ ਵਿਭਾਗ ਬ੍ਰਿਗੇ. ਭੁਪਿੰਦਰ ਸਿੰਘ ਢਿੱਲੋਂ (ਰਿਟਾ.) ਅਤੇ ਹੋਰ ਉੱਚ ਅਧਿਕਾਰੀ ਹਾਜ਼ਰ ਸਨ।

# ਪਹਿਲੇ ਸਫ਼ੇ ਦੀ ਬਾਕੀ

## ਹਾਈ ਕੋਰਟ ਨੇ ਮਾੜੀਆਂ ਸਿਹਤ ਸੇਵਾਵਾਂ

ਜ਼ਿਕਰ ਕੀਤਾ ਗਿਆ ਹੋਵੇ ਅਤੇ ਭਰਤੀ ਪ੍ਰਕਿਰਿਆ ਦੀ ਪ੍ਰਗਤੀ ਦਾ ਵੇਰਵਾ ਵੀ ਦਿੱਤਾ ਗਿਆ ਹੋਵੇ।

ਅਦਾਲਤ ਨੇ ਇਹ ਟਿੱਪਣੀ ਭੀਸ਼ਮ ਕਿੰਗਰ ਵੱਲੋਂ ਦਾਇਰ ਜਨਹਿੱਤ ਪਟੀਸ਼ਨ 'ਤੇ ਸੁਣਵਾਈ ਕਰਦਿਆਂ ਕੀਤੀ। ਪਟੀਸ਼ਨਕਰਤਾ ਨੇ ਅਦਾਲਤ ਦਾ ਧਿਆਨ ਮਲੇਰਕੋਟਲਾ ਦੇ ਸਰਕਾਰੀ ਹਸਪਤਾਲਾਂ ਵਿੱਚ ਮੈਡੀਕਲ ਅਫਸਰਾਂ ਦੀ ਭਾਰੀ ਘਾਟ ਅਤੇ ਡਾਕਟਰੀ ਸੇਵਾਵਾਂ ਦੀ ਵਿਗੜਦੀ ਹਾਲਤ ਵੱਲ ਦਿਵਾਇਆ। ਸੂਬਾ ਸਰਕਾਰ ਵੱਲੋਂ ਦਾਇਰ ਕੀਤੇ ਗਏ ਪਹਿਲਾਂ ਦੇ ਹਲਫ਼ਨਾਮੇ ਦੀ ਸਮੀਖਿਆ ਕਰਦਿਆਂ, ਅਦਾਲਤ ਨੇ ਕਿਹਾ ਕਿ ਅਜਿਹਾ ਲੱਗਦਾ ਹੈ ਕਿ ਕੁਝ ਡਾਕਟਰਾਂ ਨੂੰ ਮਲੇਰਕੋਟਲਾ ਵਿਖੇ ਨਿਯੁਕਤ ਕੀਤਾ ਗਿਆ ਹੈ ਪਰ ਇਹ ਸਪੱਸ਼ਟ ਨਹੀਂ ਹੈ ਕਿ ਉਹ ਨਵੇਂ ਭਰਤੀ ਹੋਏ ਹਨ ਜਾਂ ਹੋਰ ਥਾਵਾਂ ਤੋਂ ਤਬਦੀਲ ਕੀਤੇ ਗਏ ਹਨ। ਸੂਬਾ ਸਰਕਾਰ ਵੱਲੋਂ ਇਹ ਵੀ ਦੱਸਿਆ ਗਿਆ ਕਿ 25 ਅਪ੍ਰੈਲ 2025 ਨੂੰ ਜਾਰੀ ਇਸ਼ਤਿਹਾਰ ਰਾਹੀਂ ਮੈਡੀਕਲ ਅਫਸਰ (ਜਨਰਲ) ਦੀਆਂ 1000 ਅਸਾਮੀਆਂ ਲਈ ਭਰਤੀ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਗਈ ਹੈ। ਪਟੀਸ਼ਨਕਰਤਾ ਨੇ ਅਦਾਲਤ ਨੂੰ ਇਹ ਵੀ ਦੱਸਿਆ ਕਿ ਮਲੇਰਕੋਟਲਾ ਦੇ ਸਰਕਾਰੀ ਹਸਪਤਾਲ ਵਿੱਚ ਗਾਇਨੀਕੋਲੋਜੀ, ਨੇਤਰ ਵਿਗਿਆਨ, ਖ਼ੂਨ ਚੜ੍ਹਾਉਣ, ਰੇਡੀਓਲੋਜੀ ਅਤੇ ਚਮੜੀ ਰੋਗ ਮਾਹਿਰਾਂ ਲਈ ਕੋਈ ਸਹੂਲਤਾਂ ਨਹੀਂ ਹਨ। ਸੂਬੇ ਦੇ ਐਡੀਸ਼ਨਲ ਐਡਵੋਕੇਟ ਜਨਰਲ ਸੌਰਵ ਵਰਮਾ ਨੇ ਅਦਾਲਤ ਨੂੰ ਦੱਸਿਆ ਕਿ ਇੱਕ ਰੇਡੀਓ ਡਾਇਗਨੌਸਟਿਕ ਸੈਂਟਰ ਸਥਾਪਤ ਕਰਨ ਦੀ ਯੋਜਨਾ ਦਾ ਐਲਾਨ ਕਰਦੇ ਹੋਏ ਇੱਕ ਜਨਤਕ ਨੋਟਿਸ ਜਾਰੀ ਕੀਤਾ ਗਿਆ ਹੈ, ਜਿਸ ਵਿੱਚ ਇੱਕ ਐਮਆਰਆਈ ਅਤੇ ਇੱਕ ਸੀਟੀ ਸਕੈਨ ਮਸ਼ੀਨ ਹੋਵੇਗੀ। ਅਦਾਲਤ ਨੇ ਨਿਰਦੇਸ਼ ਦਿੱਤਾ ਕਿ ਇਸ ਟੈਂਡਰ ਪ੍ਰਕਿਰਿਆ ਦੀ ਪ੍ਰਗਤੀ ਬਾਰੇ ਜਾਣਕਾਰੀ ਸਿਹਤ ਵਿਭਾਗ ਦੇ ਪ੍ਰਮੁੱਖ ਸਕੱਤਰ ਦੇ ਹਲਫ਼ਨਾਮੇ ਵਿੱਚ ਵੀ ਦਿੱਤੀ ਜਾਵੇ। ਇਸ ਦੇ ਨਾਲ ਹੀ ਅਦਾਲਤ ਨੇ ਮਾਮਲੇ ਦੀ ਅਗਲੀ ਸੁਣਵਾਈ 17 ਜੁਲਾਈ, 2025 ਨੂੰ ਤੈਅ ਕੀਤੀ ਹੈ।

## ਹਾਈਕੋਰਟ ਵੱਲੋਂ ਬੀ.ਬੀ.ਐਮ.ਬੀ.,

ਰੋਜ਼ਾਨਾ 4,000 ਕਿਊਸਿਕ ਪਾਣੀ ਦੇਣ ਲਈ ਸਹਿਮਤੀ ਦੇ ਦਿੱਤੀ ਗਈ ਹੈ, ਪਰ ਅੱਠ ਦਿਨਾਂ ਲਈ 4,500 ਕਿਊਸਿਕ ਦੀ ਵਾਧੂ ਮੰਗ 'ਤੇ ਸਾਨੂੰ ਇਤਰਾਜ਼ ਹੈ।

ਅਦਾਲਤ ਨੂੰ ਦੱਸਿਆ ਗਿਆ ਕਿ 28 ਅਪ੍ਰੈਲ ਨੂੰ ਬੀ.ਬੀ.ਐਮ.ਬੀ. ਦੀ ਮੀਟਿੰਗ ਦੌਰਾਨ ਪੰਜਾਬ ਨੇ ਹਰਿਆਣਾ ਵੱਲੋਂ 8,500 ਕਿਊਸਿਕ ਪਾਣੀ ਦੀ ਮੰਗ 'ਤੇ ਕਈ ਇਤਰਾਜ਼ ਦਾਇਰ ਕੀਤੇ ਸਨ, ਜਿਸ ਵਿੱਚ ਇਸ ਸਬੰਧੀ ਕੋਈ ਸਹਿਮਤੀ ਨਹੀਂ ਬਣ ਸਕੀ।

ਪੰਜਾਬ ਸਰਕਾਰ ਨੇ ਕਿਹਾ ਹੈ ਕਿ ਸੂਬਿਆਂ ਦਰਮਿਆਨ ਪਾਣੀ ਦੇ ਵਿਵਾਦ ਸਬੰਧੀ ਕੋਈ ਵੀ ਫੈਸਲਾ 1956 ਦੇ ਐਕਟ ਅਧੀਨ ਜਲ ਟ੍ਰਿਬਿਊਨਲ ਗਠਿਤ ਕਰਕੇ ਹੀ ਲਿਆ ਜਾ ਸਕਦਾ ਹੈ।

ਜ਼ਿਕਰਯੋਗ ਹੈ ਕਿ 20 ਮਈ ਨੂੰ ਇਸ ਮਾਮਲੇ ਦੀ ਸੁਣਵਾਈ ਪੰਜਾਬ ਸਰਕਾਰ ਵਿਰੁੱਧ ਦਾਇਰ ਕੀਤੇ ਗਏ ਮਾਣਹਾਨੀ ਦੇ ਮਾਮਲੇ ਦੇ ਕੇਸ ਦੇ ਨਾਲ ਹੀ ਕੀਤੀ ਜਾਵੇਗੀ।

ਪੰਜਾਬ ਦੇ ਐਡਵੋਕੇਟ ਜਨਰਲ ਮਨਿੰਦਰਜੀਤ ਸਿੰਘ ਬੇਦੀ ਨੇ ਕਿਹਾ ਕਿ ਪੰਜਾਬ ਸਰਕਾਰ ਨੇ 12 ਮਈ ਨੂੰ 6 ਮਈ ਦੇ ਅਦਾਲਤ ਦੇ ਹੁਕਮਾਂ ਨੂੰ ਚੁਣੌਤੀ ਦਿੰਦੇ ਹੋਏ ਇੱਕ ਸਮੀਖਿਆ ਪਟੀਸ਼ਨ ਦਾਇਰ ਕੀਤੀ ਸੀ, ਜਿਸ ਵਿੱਚ ਪ੍ਰਕਿਰਿਆਤਮਕ ਉਲੰਘਣਾਵਾਂ ਅਤੇ ਗਲਤ ਢੰਗ ਨਾਲ ਤੱਥ ਪੇਸ਼ ਕਰਨ ਦਾ ਦੋਸ਼ ਲਾਇਆ ਗਿਆ ਸੀ। ਪਟੀਸ਼ਨ ਵਿੱਚ ਦਲੀਲ ਦਿੱਤੀ ਗਈ ਹੈ ਕਿ ਬੀ.ਬੀ.ਐਮ.ਬੀ. ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਦੇ ਇਸ਼ਾਰੇ 'ਤੇ ਪੰਜਾਬ ਦੇ ਪਾਣੀ ਨੂੰ ਗੈਰ-ਕਾਨੂੰਨੀ ਢੰਗ ਨਾਲ ਹਰਿਆਣਾ ਵੱਲ ਮੋੜਨ ਦੀ ਕੋਸ਼ਿਸ਼ ਕਰ ਰਿਹਾ ਹੈ।

ਸਮੀਖਿਆ ਪਟੀਸ਼ਨ ਦੀਆਂ ਮੁੱਖ ਦਲੀਲਾਂ ਵਿੱਚ 2 ਮਈ ਦੀ ਮੀਟਿੰਗ, ਜਿਸ ਨੂੰ ਰਸਮੀ ਫੈਸਲਾ ਲੈਣ ਲਈ ਇੱਕ ਮੰਚ ਵਜੋਂ ਦਰਸਾਇਆ ਗਿਆ ਸੀ, ਬਾਰੇ ਚਿੰਤਾਵਾਂ ਅਤੇ ਸ਼ੰਕੇ ਸ਼ਾਮਲ ਹਨ, ਜਦੋਂ ਕਿ ਇਸ ਮੀਟਿੰਗ ਵਿੱਚ ਸੂਬੇ ਦੇ ਅਧਿਕਾਰੀਆਂ ਨੂੰ ਅਧਿਕਾਰਤ ਰਿਕਾਰਡ ਪ੍ਰਦਾਨ ਨਹੀਂ ਕੀਤਾ ਗਿਆ। ਪੰਜਾਬ ਸਰਕਾਰ ਨੇ ਜ਼ੋਰ ਦੇ ਕੇ ਕਿਹਾ ਹੈ ਕਿ 2 ਮਈ ਦੀ ਮੀਟਿੰਗ ਬਾਰੇ ਰਸਮੀ ਰਿਕਾਰਡ ਦੀ ਬਜਾਏ ਸਿਰਫ਼ ਇੱਕ ਪ੍ਰੈਸ ਨੋਟ ਪ੍ਰਸਾਰਿਤ ਕੀਤਾ ਗਿਆ ਸੀ, ਜਿਸਨੂੰ ਲਏ ਗਏ ਫੈਸਲਿਆਂ ਦਾ ਅਧਿਕਾਰਤ ਰਿਕਾਰਡ ਨਹੀਂ ਮੰਨਿਆ ਜਾ ਸਕਦਾ।

ਸਮੀਖਿਆ ਪਟੀਸ਼ਨ ਵਿੱਚ ਅੱਗੇ ਸਪੱਸ਼ਟ ਕੀਤਾ ਗਿਆ ਹੈ ਕਿ ਇਹ ਮੀਟਿੰਗ 1974 ਦੇ ਨਿਯਮਾਂ ਦੇ ਰੂਲ 7 ਤਹਿਤ ਨਹੀਂ ਕੀਤੀ ਗਈ ਸੀ ਜਿਵੇਂ ਕਿ ਅਦਾਲਤ ਅੱਗੇ ਗਲਤ ਢੰਗ ਨਾਲ ਪੇਸ਼ ਕੀਤਾ ਗਿਆ ਅਤੇ ਸਹੀ ਢੰਗ ਨਾਲ ਪੇਸ਼ ਨਾ ਕੀਤੀ ਗਈ ਇਹ ਜਾਣਕਾਰੀ ਹੀ 6 ਮਈ, 2025 ਦੇ ਵਿਵਾਦਤ ਅਦਾਲਤੀ ਹੁਕਮਾਂ ਦਾ ਆਧਾਰ ਬਣੀ।

ਜਦੋਂ ਇਸ ਸਬੰਧੀ ਅਦਾਲਤ ਦੁਆਰਾ ਨਿਰਦੇਸ਼ ਦਿੱਤੇ ਗਏ ਤਾਂ ਕੇਂਦਰ ਸਰਕਾਰ 2 ਮਈ ਦੀ ਮੀਟਿੰਗ ਦਾ ਅਧਿਕਾਰਤ ਰਿਕਾਰਡ ਪੇਸ਼ ਕਰਨ ਵਿੱਚ ਅਸਫਲ ਰਹੀ ਅਤੇ ਜੋ ਪੇਸ਼ ਕੀਤਾ ਗਿਆ ਉਸਨੂੰ ਕੇਂਦਰ ਸਰਕਾਰ ਵੱਲੋਂ ਮੀਟਿੰਗ 'ਚ ਹੋਈ 'ਚਰਚਾ ਸਬੰਧੀ ਰਿਕਾਰਡ' ਕਹਿ ਕੇ ਪੇਸ਼ ਕੀਤਾ ਗਿਆ । ਪੰਜਾਬ ਸਰਕਾਰ ਨੇ ਦੱਸਿਆ ਸੀ ਕਿ ਅਦਾਲਤ ਨੂੰ ਦਿੱਤੀ ਗਈ ਜਾਣਕਾਰੀ ਦੇ ਅਨੁਸਾਰ ਅਜਿਹੇ ਮਾਮਲਿਆਂ ਵਿੱਚ ਫੈਸਲੇ ਲੈਣ ਲਈ ਨਿਯਮ 7 ਤਹਿਤ ਸਮਰੱਥ ਅਧਿਕਾਰੀ ਗ੍ਰਹਿ ਸਕੱਤਰ ਨਹੀਂ ਸਗੋਂ ਬਿਜਲੀ ਸਕੱਤਰ ਹਨ।

ਢੁਕਵੇਂ ਦਸਤਾਵੇਜ਼ੀ ਰਿਕਾਰਡ ਅਤੇ ਤੱਥਾਂ ਦੀ ਘਾਟ ਦੇ ਬਾਵਜੂਦ ਬੀ.ਬੀ.ਐਮ.ਬੀ. ਨੇ ਲੋੜੀਂਦੀ ਕਾਨੂੰਨੀ ਪ੍ਰਕਿਰਿਆ ਪੂਰੀ ਕੀਤੇ ਬਿਨਾਂ ਹਰਿਆਣਾ ਨੂੰ ਪਾਣੀ ਛੱਡਿਆ। ਪੰਜਾਬ ਸਰਕਾਰ ਨੇ ਇਨ੍ਹਾਂ ਗੰਭੀਰ ਪ੍ਰਕਿਰਿਆਤਮਕ ਉਲੰਘਣਾਵਾਂ ਅਤੇ ਤੱਥਾਂ ਦੀ ਗਲਤ ਪੇਸ਼ਕਾਰੀ ਦੇ ਮੱਦੇਨਜ਼ਰ ਅਦਾਲਤ ਤੋਂ ਆਪਣੇ 6 ਮਈ ਦੇ ਹੁਕਮਾਂ ਦੀ ਸਮੀਖਿਆ ਕਰਨ ਦੀ ਮੰਗ ਕੀਤੀ ਹੈ।

## ਪਾਣੀਆਂ ਦੇ ਮਸਲੇ 'ਤੇ ਹਾਈ ਕੋਰਟ ਦਾ

ਬੀ.ਬੀ.ਐਮ.ਬੀ. ਵੱਲੋਂ ਹਰ ਹਰਬਾ ਵਰਤਣ ਦੇ ਬਾਵਜੂਦ ਅਸੀਂ ਆਪਣੇ ਹਿੱਸੇ ਦੇ ਪਾਣੀ ਦੀ ਰਾਖੀ ਕਰਨ ਦੇ ਸਮਰੱਥ ਹੋਏ ਹਾਂ।

ਮੁੱਖ ਮੰਤਰੀ ਨੇ ਸਪੱਸ਼ਟ ਸ਼ਬਦਾਂ ਵਿੱਚ ਕਿਹਾ ਕਿ ਪੰਜਾਬ ਕੋਲ ਕਿਸੇ ਹੋਰ ਸੂਬੇ ਨੂੰ ਦੇਣ ਲਈ ਇਕ ਵੀ ਬੂੰਦ ਵਾਧੂ ਪਾਣੀ ਨਹੀਂ ਹੈ ਅਤੇ ਉਨ੍ਹਾਂ ਦੀ ਸਰਕਾਰ ਨੇ ਸੂਬੇ ਦੇ ਪਾਣੀਆਂ ਉਤੇ ਡਟ ਕੇ ਪਹਿਰਾ ਦਿੱਤਾ ਜਦਕਿ ਹਰਿਆਣਾ ਸਾਡੇ ਪਾਣੀ ਚੋਰੀ ਕਰਨਾ ਚਾਹੁੰਦਾ ਸੀ। ਇਸ ਦੌਰਾਨ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਕੋਲ ਵਾਧੂ ਪਾਣੀ ਹੈ ਅਤੇ ਕਿਸੇ ਹੋਰ ਸੂਬੇ ਨਾਲ ਇਕ ਵੀ ਬੂੰਦ ਵਾਧੂ ਪਾਣੀ ਸਾਂਝੀ ਨਹੀਂ ਕਰਾਂਗੇ। ਉਨ੍ਹਾਂ ਕਿਹਾ ਕਿ ਸੂਬੇ ਦੇ ਦਰਿਆਈ ਸਰੋਤ ਪਹਿਲਾਂ ਹੀ ਸੁੱਕ ਚੁੱਕੇ ਹਨ ਜਿਸ ਕਰਕੇ ਸਿੰਚਾਈ ਲੋੜਾਂ ਲਈ ਸੂਬੇ ਨੂੰ ਵਾਧੂ ਪਾਣੀ ਦੀ ਲੋੜ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਨੇ ਪਾਣੀਆਂ ਦੇ ਮਸਲੇ 'ਤੇ ਸਿਆਸੀ ਤੇ ਕਾਨੂੰਨੀ ਲੜਾਈ ਲੜੀ ਹੈ ਅਤੇ ਆਖਰ ਵਿੱਚ ਸੱਚ ਦੀ ਜਿੱਤ ਹੋਈ ਹੈ। ਉਨ੍ਹਾਂ ਕਿਹਾ ਕਿ ਕੇਂਦਰ ਤੇ ਹਰਿਆਣਾ ਸਰਕਾਰਾਂ ਅਤੇ ਬੀ.ਬੀ.ਐਮ.ਬੀ. ਇਹ ਗੱਲ ਭੁੱਲ ਗਈ ਕਿ ਜੇਕਰ ਪੰਜਾਬ ਦੇਸ਼ ਦੀਆਂ ਸਰਹੱਦਾਂ ਦੀ ਰਾਖੀ ਕਰ ਸਕਦਾ ਹੈ ਤਾਂ ਆਪਣੇ ਪਾਣੀਆਂ ਦੀ ਵੀ ਰਾਖੀ ਕਰ ਸਕਦਾ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬਾ ਆਪਣੇ ਹਿੱਤਾਂ ਦੀ ਰਾਖੀ ਲਈ ਵਚਨਬੱਧ ਹੈ ਅਤੇ ਇਸ ਲਈ ਕੋਈ ਕਸਰ ਨਹੀਂ ਛੱਡੀ ਜਾਵੇਗੀ।

## ਹੁਣ ਅਮਰੀਕੀ ਉਤਪਾਦਾਂ

ਇਸ ਦੇ ਨਾਲ ਹੀ ਟਰੰਪ ਪ੍ਰਸ਼ਾਸਨ ਨੇ ਭਾਰਤੀ ਸਾਮਾਨਾਂ 'ਤੇ 26 ਫੀਸਦੀ ਤੱਕ ਰੈਸੀਪ੍ਰੋਕਲ ਟੈਕਸ ਲਗਾਉਣ ਦੀ ਵੀ ਗੱਲ ਕੀਤੀ ਹੈ। ਟੈਰਿਫ ਯੁੱਧ ਦੇ ਇਸ ਮਾਹੌਲ ਵਿਚ ਭਾਰਤ ਤੇ ਅਮਰੀਕਾ ਇਕ ਵਪਾਰਕ ਟ੍ਰੇਡ ਡੀਲ ਨੂੰ ਆਖਰੀ ਰੂਪ ਦੇਣ ਦੀ ਪ੍ਰਕਿਰਿਆ ਵਿਚ ਹਨ। ਬਲੂਮਰਗ ਦੀ ਰਿਪੋਰਟ ਮੁਤਾਬਕ ਇਸ ਸਾਲ ਦੇ ਅਖੀਰ ਤੱਕ ਦੋਵੇਂ ਦੇਸ਼ ਇਕ ਸਮਝੌਤੇ ਤੱਕ ਪਹੁੰਚ ਸਕਦੇ ਹਨ। ਭਾਰਤ ਨੇ ਸੰਕੇਤ ਦਿੱਤਾ ਹੈ ਕਿ ਉਹ ਅਮਰੀਕਾ ਨਾਲ ਆਪਣੇ ਟੈਰਿਫ ਗੈਪ ਨੂੰ ਦੋ-ਤਿਹਾਈ ਤੱਕ ਘੱਟ ਕਰਨ ਨੂੰ ਤਿਆਰ ਹੈ।

## ਟਰੰਪ ਨੇ ਭਾਰਤ-ਪਾਕਿ ਨੂੰ ਜੰਗ ਨਹੀਂ, ਕਾਰੋਬਾਰ ਕਰਨ

ਇਸ ਦਾਅਵੇ ਨੂੰ ਰੱਦ ਕਰ ਦਿੱਤਾ ਹੈ। ਅਮਰੀਕੀ ਰਾਸ਼ਟਰਪਤੀ ਨੇ ਕਿਹਾ ਕਿ ਸਭ ਕੁਝ ਰੁਕ ਗਿਆ ਹੈ ਅਤੇ ਉਮੀਦ ਹੈ ਕਿ ਇਹ ਇਵੇਂ ਹੀ ਰਹੇਗਾ। ਭਾਰਤ ਅਤੇ ਪਾਕਿਸਤਾਨ ਇੱਕ ਦੂਜੇ ਨਾਲ ਬਿਹਤਰ ਸਬੰਧ ਬਣਾ ਰਹੇ ਹਨ, ਅਤੇ ਉਹ ਇਕੱਠੇ ਵਧੀਆ ਰਾਤ ਦਾ ਖਾਣਾ ਖਾ ਸਕਦੇ ਹਨ। ਇਸ ਟੱਕਰ ਨਾਲ ਲੱਖਾਂ ਲੋਕਾਂ ਦੀ ਜਾਨ ਜਾ ਸਕਦੀ ਸੀ। ਟਰੰਪ ਨੇ ਇਸ ਯਤਨ ਲਈ ਅਮਰੀਕੀ ਵਿਦੇਸ਼ ਮੰਤਰੀ ਮਾਰਕੋ ਰੂਬੀਓ ਅਤੇ ਉਪ-ਰਾਸ਼ਟਰਪਤੀ ਜੇਡੀ ਵੈਂਸ ਦਾ ਵੀ ਧੰਨਵਾਦ ਕੀਤਾ। ਜੰਗਬੰਦੀ ਤੋਂ ਦੋ ਦਿਨ ਬਾਅਦ, ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇੱਕ ਵਾਰ ਫਿਰ ਦਾਅਵਾ ਕੀਤਾ ਕਿ ਉਨ੍ਹਾਂ ਨੇ ਵਪਾਰ ਰਾਹੀਂ ਦੋਵਾਂ ਦੇਸ਼ਾਂ 'ਤੇ ਦਬਾਅ ਪਾ ਕੇ ਜੰਗਬੰਦੀ ਲਿਆਂਦੀ ਹੈ। ਭਾਰਤ ਨੇ ਇਸ ਦਾਅਵੇ ਨੂੰ ਪੂਰੀ ਤਰ੍ਹਾਂ ਰੱਦ ਕਰ ਦਿੱਤਾ। ਇੱਕ ਪ੍ਰੈਸ ਕਾਨਫਰੰਸ ਵਿੱਚ, ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਣਧੀਰ ਜੈਸਵਾਲ ਨੇ ਸਪੱਸ਼ਟ ਕੀਤਾ ਕਿ 'ਆਪ੍ਰੇਸ਼ਨ ਸਿੰਦੂਰ' ਬਾਰੇ ਅਮਰੀਕਾ ਨਾਲ ਗੱਲਬਾਤ ਵਿੱਚ ਕੋਈ ਵਪਾਰਕ ਮੁੱਦਾ ਨਹੀਂ ਉਠਾਇਆ ਗਿਆ। ਜੈਸਵਾਲ ਨੇ ਕਿਹਾ ਹੈ ਕਿ ਜੰਗਬੰਦੀ ਪਾਕਿਸਤਾਨ ਦੀ ਅਪੀਲ 'ਤੇ ਹੋਈ ਹੈ। ਕਿਸੇ ਤੀਜੇ ਦੇਸ਼ ਵੱਲੋਂ ਵਿਚੋਲਗੀ ਲਈ ਕੋਈ ਭੂਮਿਕਾ ਨਹੀਂ ਸੀ।

## ਅਦਾਲਤ ਵੱਲੋਂ ਮੰਤਰੀ ਖ਼ਿਲਾਫ਼ ਮਾਮਲਾ ਦਰਜ

ਮਾਮਲਿਆਂ ਦੇ ਮੰਤਰੀ ਅਤੇ ਭਾਜਪਾ ਨੇਤਾ ਵਿਜੈ ਸ਼ਾਹ ਨੇ ਕਰਨਲ ਕੁਰੈਸ਼ੀ 'ਤੇ ਅਪਮਾਨਜਨਕ ਟਿੱਪਣੀ ਕੀਤੀ ਸੀ, ਜਿਸ ਨੇ ਇੱਕ ਵੱਡਾ ਵਿਵਾਦ ਖੜ੍ਹਾ ਕਰ ਦਿੱਤਾ। ਉਨ੍ਹਾਂ ਕਰਨਲ ਕੁਰੈਸ਼ੀ ਨੂੰ 'ਅਤਿਵਾਦੀਆਂ ਦੀ ਭੈਣ' ਵਜੋਂ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਸੀ।ਵਿਵਾਦਤ ਬਿਆਨ ਦਾ ਨੋਟਿਸ ਲੈਂਦਿਆਂ ਹਾਈ ਕੋਰਟ ਦੇ ਜਸਟਿਸ ਅਤੁਲ ਸ੍ਰੀਧਰਨ ਅਤੇ ਅਨੁਰਾਧਾ ਸ਼ੁਕਲਾ ਦੇ ਬੈਂਚ ਨੇ ਪੁਲਿਸ ਨੂੰ ਮੰਤਰੀ ਖ਼ਿਲਾਫ਼ ਐੱਫਆਈਆਰ ਦਰਜ ਕਰਨ ਦਾ ਹੁਕਮ ਦਿੱਤਾ।ਅਦਾਲਤ ਨੇ ਪੁਲਿਸ ਵਿਭਾਗ ਨੂੰ ਅੱਜ ਸ਼ਾਮ ਤੱਕ ਐੱਫਆਈਆਰ ਦਰਜ ਕਰਨ ਦਾ ਹੁਕਮ ਦਿੱਤਾ। ਬੈਂਚ ਨੇ ਕਿਹਾ ਕਿ ਐੱਫਆਈਆਰ ਦਰਜ ਹੋਣ ਬਾਰੇ ਅਦਾਲਤ ਨੂੰ ਸੂਚਿਤ ਕੀਤਾ ਜਾਵੇ। ਇਸ ਮਾਮਲੇ ਦੀ ਅਗਲੀ ਸੁਣਵਾਈ ਵੀਰਵਾਰ ਸਵੇਰੇ 10:30 ਵਜੇ ਨਿਰਧਾਰਿਤ ਕੀਤੀ ਗਈ ਹੈ।ਸ਼ਾਹ ਦੀ ਟਿੱਪਣੀ ਦੀ ਵਿਆਪਕ ਪੱਧਰ 'ਤੇ ਨਿਖੇਧੀ ਹੋਈ ਅਤੇ ਕਾਂਗਰਸ ਨੇ ਉਨ੍ਹਾਂ ਨੂੰ ਮੱਧ ਪ੍ਰਦੇਸ਼ ਦੇ ਮੰਤਰੀ ਮੰਡਲ ਤੋਂ ਤੁਰੰਤ ਬਰਖ਼ਾਸਤ ਕਰਨ ਦੀ ਮੰਗ ਕੀਤੀ ਹੈ।

**10 ਵਾਰ ਮੁਆਫ਼ੀ ਮੰਗਣ ਨੂੰ ਤਿਆਰ: ਸ਼ਾਹ**

ਵਿਜੈ ਸ਼ਾਹ ਨੇ ਕਿਹਾ ਕਿ ਜੇਕਰ ਕਿਸੇ ਨੂੰ ਉਨ੍ਹਾਂ ਦੇ ਬਿਆਨ ਕਾਰਨ ਠੇਸ ਪਹੁੰਚੀ ਹੈ ਤਾਂ ਉਹ 10 ਵਾਰ ਮੁਆਫ਼ੀ ਮੰਗਣ ਲਈ ਤਿਆਰ ਹਨ। ਉਨ੍ਹਾਂ ਕਿਹਾ ਕਿ ਉਹ ਕਰਨਲ ਕੁਰੈਸ਼ੀ ਦਾ ਆਪਣੀ ਭੈਣ ਤੋਂ ਵੀ ਵੱਧ ਸਨਮਾਨ ਕਰਦੇ ਹਨ।

## ਪਹਿਲੇ ਤਿੰਨ ਸਥਾਨਾਂ 'ਤੇ

ਮਨਵੀਰ ਨੇ 500 ਵਿੱਚੋਂ 498 ਨੰਬਰ ਹਾਸਲ ਕੀਤੇ ਹਨ। ਮਾਨਸਾ ਦੀ ਅਰਸ਼ ਤੀਜੇ ਸਥਾਨ 'ਤੇ ਹੈ। ਅਰਸ਼ ਨੇ ਵੀ 500 ਵਿੱਚੋਂ 498 ਨੰਬਰ ਹਾਸਲ ਕੀਤੇ ਹਨ। ਨਤੀਜੇ ਦਾ ਲਿੰਕ ਬੋਰਡ ਦੀ ਅਧਿਕਾਰਤ ਵੈੱਬਸਾਈਟ pseb.ac.in 'ਤੇ ਉਪਲਬਧ ਹੋਵੇਗਾ। ਇਸ ਦੇ ਨਾਲ ਹੀ ਨਤੀਜੇ ਦਾ ਲਿੰਕ ਡਿਜੀਲਾਕਰ ਪੋਰਟਲ ਅਤੇ ਇਸ ਦੀ ਐਪ 'ਤੇ ਵੀ ਉਪਲਬਧ ਕਰਵਾਇਆ ਜਾਵੇਗਾ। ਵਿਦਿਆਰਥੀ ਐਸ.ਐਮ.ਐਸ. ਰਾਹੀਂ ਵੀ ਨਤੀਜਾ ਦੇਖ ਸਕਦੇ ਹਨ। ਇਸ ਦੇ ਲਈ, ਪੀ.ਬੀ.12 ਰੋਲ ਨੰਬਰ ਲਿਖੋ ਅਤੇ 5676750 'ਤੇ ਐਸ.ਐਮ.ਐਸ. ਭੇਜੋ। ਐਸ.ਐਮ.ਐਸ. ਭੇਜਣ ਤੋਂ ਬਾਅਦ ਤੁਹਾਡਾ ਨਤੀਜਾ ਕੁਝ ਸਮੇਂ ਬਾਅਦ ਬੋਰਡ ਵੱਲੋਂ ਭੇਜਿਆ ਜਾਵੇਗਾ। ਪੀ.ਐਸ.ਈ.ਬੀ. ਦੀਆਂ 12ਵੀਂ ਜਮਾਤ ਦੀਆਂ ਪ੍ਰੀਖਿਆਵਾਂ 19 ਫਰਵਰੀ ਤੋਂ 4 ਅਪ੍ਰੈਲ, 2024 ਤੱਕ ਅਤੇ 10ਵੀਂ ਜਮਾਤ ਦੀਆਂ ਪ੍ਰੀਖਿਆਵਾਂ 10 ਮਾਰਚ ਤੋਂ 4 ਅਪ੍ਰੈਲ, 2024 ਤੱਕ ਕਰਵਾਈਆਂ ਗਈਆਂ ਸਨ। ਸਾਰੇ 10ਵੀਂ ਅਤੇ 12ਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਆਪਣੀਆਂ ਅਸਲ ਮਾਰਕਸ਼ੀਟਾਂ ਲੈਣ ਲਈ ਆਪਣੇ-ਆਪਣੇ ਸਕੂਲਾਂ ਵਿੱਚ ਜਾਣਾ ਪਵੇਗਾ। ਮਾਰਕ ਸ਼ੀਟ ਭਵਿੱਖ ਦੀ ਪੜ੍ਹਾਈ ਅਤੇ ਦਾਖਲਾ ਪ੍ਰਕਿਰਿਆ ਲਈ ਇੱਕ ਜ਼ਰੂਰੀ ਦਸਤਾਵੇਜ਼ ਹੋਵੇਗੀ।

## ਜਸਟਿਸ ਬੀ.ਆਰ. ਗਵਈ ਨੇ ਭਾਰਤ ਦੇ

ਮਹੱਤਵਪੂਰਨ ਫ਼ੈਸਲਿਆਂ ਦੀ ਉਮੀਦ ਹੈ ਸਗੋਂ ਉਹ ਨਿਆਂਇਕ ਵਿਰਾਸਤ ਨੂੰ ਵੀ ਨਵੀਂ ਦਿਸ਼ਾ ਦੇਣਗੇ। ਉਨ੍ਹਾਂ ਨੇ ਪਹਿਲਾਂ ਕਈ ਸੰਵੇਦਨਸ਼ੀਲ ਅਤੇ ਸੰਵਿਧਾਨਕ ਮਾਮਲਿਆਂ 'ਤੇ ਫ਼ੈਸਲੇ ਦਿੱਤੇ ਹਨ।

ਜਸਟਿਸ ਗਵਈ ਸੰਵਿਧਾਨ ਬੈਂਚ ਮੈਂਬਰ ਦੇ ਰੂਪ ਵਿਚ ਕਈ ਅਹਿਮ ਫ਼ੈਸਲਿਆਂ ਦਾ ਹਿੱਸਾ ਰਹਿ ਚੁੱਕੇ ਹਨ, ਜੋ ਕਿ ਖ਼ੁਦ ਵਿਚ ਇਤਿਹਾਸਕ ਰਿਹਾ ਹੈ। ਜਿਨ੍ਹਾਂ ਵਿਚ ਬੁਲਡੋਜ਼ਰ ਐਕਸ਼ਨ ਦੀ ਸਖ਼ਤ ਆਲੋਚਨਾ ਅਤੇ ਉਸ ਨਾਲ ਨਜਿੱਠਣ ਲਈ ਸਖ਼ਤ ਦਿਸ਼ਾ-ਨਿਰਦੇਸ਼ ਦਿੱਤੇ।

ਇਹ ਹਨ ਜਸਟਿਸ ਵੀ.ਆਰ. ਗਵਈ ਦੇ ਮੁੱਖ ਫੈਸਲੇ

ਜਸਟਿਸ ਵੀ.ਆਰ. ਗਵਈ ਦੇ ਮੁੱਖ ਫੈਸਲਿਆਂ ਬਾਰੇ ਗੱਲ ਕਰੀਏ ਤਾਂ ਉਨ੍ਹਾਂ ਵਿਚ ਬੁਲਡੋਜ਼ਰ ਜਸਟਿਸ ਖਿਲਾਫ਼ ਭੰਨ-ਤੋੜ, ਧਾਰਾ 370 ਨੂੰ ਰੱਦ ਕਰਨ ਨੂੰ ਬਰਕਰਾਰ ਰੱਖਣਾ, ਨੋਟਬੰਦੀ ਨੂੰ ਬਰਕਰਾਰ ਰੱਖਣਾ, ਅਨੁਸੂਚਿਤ ਜਾਤੀ ਕੋਟੇ ਵਿਚ ਉਪ-ਵਰਗੀਕਰਨ ਨੂੰ ਬਰਕਰਾਰ ਰੱਖਣਾ, ਸ਼ਰਾਬ ਨੀਤੀ ਵਿਚ ਕੇ. ਕਵਿਤਾ ਨੂੰ ਜ਼ਮਾਨਤ ਦੇਣਾ, ਤੇਲੰਗਾਨਾ ਦੇ ਮੁੱਖ ਮੰਤਰੀ ਰੇਵੰਤ ਰੈਡੀ ਦੀ ਦੋ ਵਾਰ ਆਲੋਚਨਾ ਕਰਨਾ ਸ਼ਾਮਲ ਹੈ।

## ਸਾਬਕਾ ਰੱਖਿਆ ਸਕੱਤਰ ਅਜੈ ਕੁਮਾਰ ਯੂ.ਪੀ. ਐਸ.ਸੀ.

2022 ਤੱਕ ਰੱਖਿਆ ਸਕੱਤਰ ਰਹੇ। ਯੂਪੀਐਸਸੀ, ਜੋ ਆਈਏਐਸ, ਭਾਰਤੀ ਵਿਦੇਸ਼ ਸੇਵਾ (ਆਈਐਫਐਸ) ਅਤੇ ਭਾਰਤੀ ਪੁਲਿਸ ਸੇਵਾ (ਆਈਪੀਐੱਸ) ਸਣੇ ਹੋਰ ਸੇਵਾਵਾਂ ਵਾਸਤੇ ਅਧਿਕਾਰੀਆਂ ਦੀ ਚੋਣ ਕਰਨ ਲਈ ਸਿਵਲ ਸੇਵਾਵਾਂ ਪ੍ਰੀਖਿਆਵਾਂ ਲੈਂਦਾ ਹੈ, ਦੀ ਅਗਵਾਈ ਇੱਕ ਚੇਅਰਮੈਨ ਵੱਲੋਂ ਕੀਤੀ ਜਾਂਦੀ ਹੈ ਅਤੇ ਇਸ ਵਿੱਚ ਵੱਧ ਤੋਂ ਵੱਧ 10 ਮੈਂਬਰ ਹੋ ਸਕਦੇ ਹਨ।ਇੱਕ ਯੂਪੀਐਸਸੀ ਚੇਅਰਮੈਨ ਨੂੰ ਛੇ ਸਾਲਾਂ ਦੀ ਮਿਆਦ ਲਈ ਜਾਂ 65 ਸਾਲ ਦੀ ਉਮਰ ਤੱਕ ਨਿਯੁਕਤ ਕੀਤਾ ਜਾਂਦਾ ਹੈ।

## ਫੱਗਣਮਾਜਰਾ ਨੇੜੇ ਦੁਵੱਲੀ ਗੋਲ਼ੀਬਾਰੀ

ਮਾਨ ਦੇ ਨਿਰਦੇਸ਼ਾਂ ਅਨੁਸਾਰ ਪਟਿਆਲਾ ਪੁਲਿਸ ਵੱਲੋਂ ਡੀਜੀਪੀ ਗੌਰਵ ਯਾਦਵ ਦੀ ਅਗਵਾਈ ਤੇ ਡੀਆਈਜੀ ਪਟਿਆਲਾ ਰੇਂਜ ਡਾ ਨਾਨਕ ਸਿੰਘ ਦੀ ਨਿਗਰਾਨੀ ਹੇਠ ਗੈਂਗਸਟਰਾਂ ਤੇ ਸਮਾਜ ਵਿਰੋਧੀ ਅਨਸਰਾਂ ਵਿਰੁੱਧ ਜ਼ੀਰੋ ਟਾਲਰੈਂਸ ਦੀ ਨੀਤੀ ਵਰਤੀ ਜਾ ਰਹੀ ਹੈ।ਐਸਐਸਪੀ ਨੇ ਇਸ ਮਾਮਲੇ ਦੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਅੱਜ ਸ਼ਾਮ ਸਮਾਜ ਵਿਰੋਧੀ ਅਨਸਰਾਂ ਦੀ ਤਲਾਸ਼ ਵਿੱਚ ਐਸਪੀ ਇਨਵੈਸਟੀਗੇਸ਼ਨ ਗੁਰਬੰਸ ਸਿੰਘ ਬੈਂਸ ਦੀ ਅਗਵਾਈ ਹੇਠ ਇੰਚਾਰਜ ਸੀਆਈਏ ਪਟਿਆਲਾ ਪ੍ਰਦੀਪ ਸਿੰਘ ਬਾਜਵਾ ਦੀ ਇੱਕ ਟੀਮ ਸਰਹਿੰਦ ਰੋਡ 'ਤੇ ਗਸ਼ਤ ਕਰ ਰਹੀ ਸੀ। ਇਸ ਦੌਰਾਨ ਪੁਲਿਸ ਨੂੰ ਸੂਹ ਮਿਲੀ ਸੀ ਕਿ ਗੁਰਚਰਨ ਸਿੰਘ ਉਰਫ਼ ਕਾਲੂ ਪੁੱਤਰ ਮਲਕੀਤ ਸਿੰਘ ਨਿਵਾਸੀ ਪਿੰਡ ਬਹੇੜੀ ਥਾਣਾ ਘੜੂੰਆਂ ਜ਼ਿਲ੍ਹਾ ਐਸਏਐਸ ਨਗਰ, ਜੋ ਕਿ ਪਿਛਲੇ ਦਿਨੀ ਪਟਿਆਲਾ ਦੇ ਤ੍ਰਿਪੜੀ ਇਲਾਕੇ ਵਿੱਚੋਂ ਖੋਹੀ ਸਕਾਰਪੀਓ ਗੱਡੀ ਵਿੱਚ ਸਵਾਰ ਹੋ ਕੇ ਪਟਿਆਲਾ ਇਲਾਕੇ ਵਿੱਚ ਕਿਸੇ ਵੱਡੀ ਵਾਰਦਾਤ ਨੂੰ ਅੰਜਾਮ ਦੇਣ ਦੀ ਤਿਆਰੀ ਵਿੱਚ ਹੈ।

ਐਸਐਸਪੀ ਨੇ ਦੱਸਿਆ ਕਿ ਜਦੋਂ ਪਿੰਡ ਫੱਗਣਮਾਜਰਾ ਏਸ਼ੀਅਨ ਕਾਲਜ ਰੋਡ ਨੇੜੇ, ਸਕਾਰਪੀਓ ਗੱਡੀ ਵਿੱਚ ਸਵਾਰ ਹੋ ਕੇ ਭੱਜੇ ਜਾਂਦੇ ਇਸ ਬਦਨਾਮ ਬਦਮਾਸ਼ ਨੂੰ ਪੁਲਿਸ ਨੇ ਅਪਣੇ ਘੇਰੇ ਵਿੱਚ ਲਿਆ ਤਾਂ ਉਸ ਨੇ ਇਕ 32 ਬੋਰ ਦੇ ਨਾਜਾਇਜ਼ ਪਿਸਟਲ ਨਾਲ ਪੁਲਿਸ ਪਾਰਟੀ ਉਪਰ ਫਾਇਰ ਕਰਦਿਆਂ ਚਾਰ ਗੋਲੀਆਂ ਚਲਾਈਆਂ ਤਾਂ ਪੁਲਿਸ ਪਾਰਟੀ ਨੇ ਮਿਸਾਲੀ ਬਹਾਦਰੀ ਅਤੇ ਸੰਜਮ ਦਿਖਾਇਆ ਜਵਾਬੀ ਕਾਰਵਾਈ ਕਰਦਿਆਂ ਗੋਲੀ ਚਲਾਈ ਅਤੇ ਦੋਸ਼ੀ ਦੀ ਲੱਤ 'ਤੇ ਗੋਲੀ ਲੱਗੀ, ਤਾਂ ਪੁਲਿਸ ਨੇ ਤੁਰੰਤ ਉਸ ਨੂੰ ਕਾਬੂ ਕਰ ਲਿਆ।

ਵਰੁਣ ਸ਼ਰਮਾ ਨੇ ਦੱਸਿਆ ਕਿ ਦੋਸ਼ੀ ਇੱਕ ਕੱਟੜ ਅਪਰਾਧੀ ਹੈ ਜਿਸ 'ਤੇ ਡਕੈਤੀ, ਹਥਿਆਰਬੰਦ ਡਕੈਤੀ, ਐਨਡੀਪੀਐਸ ਐਕਟ ਦੇ 8 ਤੋਂ ਵੱਧ ਮਾਮਲੇ ਦਰਜ ਹਨ।ਉਨ੍ਹਾਂ ਕਿਹਾ ਕਿ ਪਟਿਆਲਾ ਪੁਲਿਸ ਗੈਂਗਸਟਰਾਂ ਅਤੇ ਅਪਰਾਧੀਆਂ ਪ੍ਰਤੀ ਜ਼ੀਰੋ ਟਾਲਰੈਂਸ ਦੇ ਆਪਣੇ ਦ੍ਰਿਸ਼ਟੀਕੋਣ ਪ੍ਰਤੀ ਵਚਨਬੱਧ ਹੈ।

## ਅਦਾਲਤ ਨੇ ਮੁਲਜ਼ਮਾਂ ਦਾ 2 ਦਿਨਾਂ ਪੁਲਿਸ

ਪਰ ਅਦਾਲਤ ਨੇ ਦੋ ਦਿਨਾਂ ਦਾ ਪੁਲਿਸ ਰਿਮਾਂਡ ਦਿੱਤਾਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਡੀਐਸਪੀ ਮਨਿੰਦਰ ਪਾਲ ਸਿੰਘ ਨੇ ਦੱਸਿਆ ਕਿ ਹਲਕਾ ਮਜੀਠਾ ਅੰਦਰ ਜਹਿਰੀਲੀ ਸ਼ਰਾਬ ਨਾਲ ਹੋਈਆਂ ਮੌਤਾਂ ਦੇ ਮਾਮਲੇ ਵਿੱਚ ਕੁੱਲ 16 ਲੋਕਾਂ ਨੂੰ ਅੰਮ੍ਰਿਤਸਰ ਦੀ ਅਦਾਲਤ ਵਿੱਚ ਪੇਸ਼ ਕੀਤਾ ਗਿਆ ਹੈ। ਜਿੱਥੇ ਪੁਲਿਸ ਨੇ ਅਦਾਲਤ ਕੋਲੋਂ ਦਸ ਦਿਨ ਦਾ ਪੁਲਿਸ ਰਿਮਾਂਡ ਮੰਗਿਆ ਸੀ ਪਰ ਅਦਾਲਤ ਨੇ ਦੋ ਦਿਨਾਂ ਦਾ ਪੁਲਿਸ ਰਿਮਾਂਡ ਦਿੱਤਾ ਹੈ। ਉਹਨਾਂ ਕਿਹਾ ਕਿ ਪੁਲਿਸ ਰਿਮਾਂਡ ਦੌਰਾਨ ਪੁਲਿਸ ਗਿਸ ਵਿੱਚ ਵੱਡੇ ਖੁਲਾਸੇ ਹੋਣ ਦੀ ਸੰਭਾਵਨਾ ਹੈ।

## ਔਰਤ ਸਮੇਤ 16 ਮੁਲਜ਼ਮ ਗ੍ਰਿਫ਼ਤਾਰ

ਲੱਗਦਾ ਹੈ ਅਤੇ ਉਹ ਗਾਇਬ ਹੋਣ ਦੀ ਕੋਸ਼ਿਸ਼ ਕਰਦਾ ਹੈ ਪਰ ਪੁਲਿਸ ਉਸਨੂੰ ਗ੍ਰਿਫ਼ਤਾਰ ਕਰ ਲੈਂਦੀ ਹੈ। ਜਾਂਚ ਵਿੱਚ ਇਹ ਗੱਲ ਸਾਹਮਣੇ ਆਈ ਹੈ ਕਿ ਜਿੱਥੋਂ 50 ਲੀਟਰ ਸ਼ਰਾਬ ਆਉਂਦੀ ਸੀ, ਫਿਰ ਉਸ ਫੈਕਟਰੀ ਵਿੱਚ ਛਾਪਾ ਮਾਰਿਆ ਗਿਆ ਅਤੇ ਕੁਝ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਅਤੇ ਦਿੱਲੀ ਤੋਂ ਹੀ 600 ਲੀਟਰ ਸ਼ਰਾਬ ਲਿਆਉਣ ਦਾ ਆਰਡਰ ਦਿੱਤਾ ਗਿਆ, ਇਹ ਕੰਪਨੀ ਦਿੱਲੀ ਦੀ ਹੈ ਅਤੇ ਇਹ ਅਸਾਈਨਮੈਂਟ ਪਟਿਆਲਾ ਦੇ ਨੇੜੇ ਫੜੀ ਗਈ ਸੀ ਅਤੇ ਇਹ 600 ਲੀਟਰ ਨੂੰ ਵੀ ਸਾਹਿਬ ਸਿੰਘ ਨੇ ਵੇਚਣਾ ਸੀ।ਡੀਆਈਜੀ ਸਤਿੰਦਰ ਸਿੰਘ ਨੇ ਕਿਹਾ ਕਿ ਇੱਕ ਟੀਮ ਦਿੱਲੀ ਭੇਜੀ ਗਈ ਸੀ ਅਤੇ ਉੱਥੋਂ 2 ਨੌਜਵਾਨਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਇਸ ਮਾਮਲੇ ਵਿੱਚ ਹੁਣ ਤੱਕ 18 ਨੌਜਵਾਨਾਂ ਵਿਰੁੱਧ ਮਾਮਲਾ ਦਰਜ ਕੀਤਾ ਗਿਆ ਹੈ ਅਤੇ 16 ਨੌਜਵਾਨਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ ਅਤੇ ਉਨ੍ਹਾਂ ਨੂੰ ਅਦਾਲਤ ਵਿੱਚ ਪੇਸ਼ ਕਰਕੇ ਉਨ੍ਹਾਂ ਦਾ ਰਿਮਾਂਡ ਹਾਸਲ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ। ਇਨ੍ਹਾਂ ਨੌਜਵਾਨਾਂ ਖ਼ਿਲਾਫ਼ ਕਤਲ ਦਾ ਮਾਮਲਾ ਦਰਜ ਕਰ ਲਿਆ ਗਿਆ ਹੈ। ਉਨ੍ਹਾਂ ਕਿਹਾ ਕਿ ਇਸ ਗੱਲ ਨੂੰ ਬਿਲਕੁਲ ਵੀ ਬਰਦਾਸ਼ਤ ਨਹੀਂ ਕੀਤਾ ਜਾਵੇਗਾ।ਇਸ ਮਾਮਲੇ ਵਿੱਚ ਉਨ੍ਹਾਂ ਦੀ ਜਾਂਚ ਕੀਤੀ ਜਾ ਰਹੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਸਾਹਿਬ ਸਿੰਘ ਦੇ ਤਸਕਰਾਂ ਨਾਲ ਸਬੰਧ ਹਨ ਅਤੇ ਸਾਹਿਬ ਸਿੰਘ ਵਿਰੁੱਧ 10 ਮਾਮਲੇ ਦਰਜ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਫੜੀ ਗਈ ਔਰਤ ਨਿੰਦਰ ਕੌਰ ਸ਼ਰਾਬ ਵੀ ਵੇਚਦੀ ਹੈ।ਇਸ ਮੌਕੇ ਡੀਆਈ ਜੀ ਸਤਿੰਦਰ ਸਿੰਘ ਦਾ ਕਹਿਣਾ ਹੈ ਕਿ ਇਸ ਮਾਮਲੇ ਵਿੱਚ ਡੀਐਸਪੀ ਤੇ ਇੰਸਪੈਕਟਰ ਅਤੇ ਚੌਕੀ ਇੰਚਾਰਜ ਵਿਰੁੱਧ ਕਾਰਵਾਈ ਕੀਤੀ ਗਈ ਹੈ। ਪੁਲਿਸ ਇਸ ਮਾਮਲੇ ਵਿੱਚ ਲਗਾਤਾਰ ਕਾਰਵਾਈ ਕਰ ਰਹੀ ਹੈ। ਇਸ ਮਾਮਲੇ ਦੀ ਵੀ 2020 ਸਾਲ ਵਿੱਚ ਵਾਪਰੇ ਜ਼ਹਿਰੀਲੀ ਸ਼ਰਾਬ ਦੇ ਮਾਮਲੇ ਦੇ ਨਾਲ ਜਾਂਚ ਕੀਤੀ ਜਾ ਰਹੀ ਹੈ ਅਤੇ ਇਸ ਵੇਲੇ ਕੁਝ ਵੀ ਕਹਿਣਾ ਜਲਦੀ ਹੋਵੇਗਾ।

## ਭਾਰਤ ਵੱਲੋਂ ਤੁਰਕੀ ਦਾ ਸੋਸ਼ਲ

ਤੁਰਕੀ ਅਤੇ ਅਜ਼ਰਬੈਜਾਨ ਦੀ ਬੁਕਿੰਗ ਨੂੰ ਕੈਂਸਲ ਕਰਨਾ ਸ਼ੁਰੂ ਕਰ ਦਿੱਤਾ ਹੈ। ਦੱਸਣਯੋਗ ਹੈ ਕਿ 22 ਅਪ੍ਰੈਲ ਨੂੰ ਪਹਿਲਗਾਮ 'ਚ ਹੋਏ ਅੱਤਵਾਦੀ ਹਮਲੇ ਤੋਂ ਬਾਅਦ ਜਦੋਂ ਲੱਗਣ ਲੱਗਾ ਕਿ ਭਾਰਤ ਕੋਈ ਸਖ਼ਤ ਐਕਸ਼ਨ ਲੈਣ ਵਾਲਾ ਹੈ, ਉਸ ਦੇ ਬਾਅਦ ਤੋਂ ਹੀ ਤੁਰਕੀ ਨੇ ਪਾਕਿਸਤਾਨ ਦੀ ਮਦਦ ਕਰਨੀ ਸ਼ੁਰੂ ਕਰ ਦਿੱਤੀ ਸੀ।

**ਤੁਰਕੀ ਨੇ ਪਾਕਿਸਤਾਨ ਦੀ ਲਈ ਮਦਦ 350 ਤੋਂ ਵੱਧ ਡਰੋਨ ਭੇਜੇ :** ਆਪ੍ਰੇਸ਼ਨ ਸਿੰਦੂਰ ਨੂੰ ਲੈ ਕੇ ਭਾਰਤ ਨੇ ਵੱਡੇ ਖੁਲਾਸੇ ਕੀਤੇ ਹਨ। ਮੀਡੀਆ ਰਿਪੋਰਟ ਅਨੁਸਾਰ ਆਪ੍ਰੇਸ਼ਨ ਸਿੰਦੂਰ ਦੇ ਹਿੱਸੇ ਵਜੋਂ ਦੋ ਤੁਰਕੀ ਫੌਜੀ ਮਾਰੇ ਗਏ ਸਨ, ਜਿਸ ਤੋਂ ਪਤਾ ਚੱਲਦਾ ਹੈ ਕਿ ਤੁਰਕੀ ਨੇ ਨਾ ਸਿਰਫ਼ 350 ਤੋਂ ਵੱਧ ਡਰੋਨਾਂ ਨਾਲ ਭਾਰਤ ਵਿਰੁੱਧ ਜੰਗ ਵਿੱਚ ਪਾਕਿਸਤਾਨ ਦੀ ਮਦਦ ਕੀਤੀ, ਸਗੋਂ ਆਪਰੇਟਰਾਂ ਨਾਲ ਵੀ। ਸੂਤਰਾਂ ਅਨੁਸਾਰ, ਆਪ੍ਰੇਸ਼ਨ ਸਿੰਦੂਰ ਤੋਂ ਬਾਅਦ ਤੁਰਕੀ ਦੇ ਸਲਾਹਕਾਰਾਂ ਨੇ ਪਾਕਿਸਤਾਨੀ ਫੌਜ ਦੇ ਅਧਿਕਾਰੀਆਂ ਨੂੰ ਭਾਰਤ ਉੱਤੇ ਡਰੋਨ ਹਮਲਿਆਂ ਦਾ ਤਾਲਮੇਲ ਕਰਨ ਵਿੱਚ ਮਦਦ ਕੀਤੀ। ਪਾਕਿਸਤਾਨ ਨੇ ਕਥਿਤ ਤੌਰ 'ਤੇ ਭਾਰਤ ਵਿਰੁੱਧ ਬੈਰਕਟਰ ਟੀਬੀ2 ਅਤੇ ਯੀਹਾ ਡਰੋਨਾਂ ਦੀ ਵਰਤੋਂ ਕੀਤੀ ਹੈ। ਮੰਨਿਆ ਜਾਂਦਾ ਹੈ ਕਿ ਡਰੋਨਾਂ ਦੀ ਵਰਤੋਂ ਨਿਸ਼ਾਨਾ ਨਿਰਧਾਰਤ ਕਰਨ ਅਤੇ ਸੰਭਾਵੀ ਤੌਰ 'ਤੇ ਕਾਮੀਕੇਜ਼ ਹਮਲਿਆਂ ਲਈ ਕੀਤੀ ਜਾਂਦੀ ਹੈ, ਖਾਸ ਕਰਕੇ ਅੱਗੇ ਭਾਰਤੀ ਅਹੁਦਿਆਂ ਜਾਂ ਸਪਲਾਈ ਕਾਫਲਿਆਂ ਨੂੰ ਧਮਕਾਉਣ ਲਈ। ਹਾਲ ਹੀ ਦੇ ਸਾਲਾਂ ਵਿੱਚ ਤੁਰਕੀ ਦੇ ਪਾਕਿਸਤਾਨ ਨਾਲ ਰਣਨੀਤਕ ਰੱਖਿਆ ਸਬੰਧ ਚਿੰਤਾਜਨਕ ਦਰ ਨਾਲ ਵਧੇ ਹਨ। ਤੁਰਕੀ ਸਰਕਾਰ ਨੇ ਨਾ ਸਿਰਫ਼ ਮਹੱਤਵਪੂਰਨ ਫੌਜੀ ਹਾਰਡਵੇਅਰ ਸਪਲਾਈ ਕੀਤਾ ਹੈ ਬਲਕਿ ਪਾਕਿਸਤਾਨ ਦੀ ਫੌਜ ਲਈ ਸਿਖਲਾਈ ਵੀ ਦਿੱਤੀ ਹੈ। ਦਰਅਸਲ,'ਬਾਈਕਾਟ ਤੁਰਕੀ' ਅੰਦੋਲਨ ਨੇ ਇਸਲਾਮਾਬਾਦ ਨਾਲ ਅੰਕਾਰਾ ਦੀ ਵਧਦੀ ਨੇੜਤਾ ਕਾਰਨ ਗਤੀ ਪ੍ਰਾਪਤ ਕੀਤੀ, ਜਿਸ ਨੇ ਬਦਲੇ ਵਿੱਚ ਭਾਰਤੀ ਹਿੱਤਾਂ ਨੂੰ ਨੁਕਸਾਨ ਪਹੁੰਚਾਇਆ-ਜਿਵੇਂ ਕਿ ਦੱਖਣੀ ਏਸ਼ੀਆਈ ਗੁਆਂਢੀਆਂ ਵਿਚਕਾਰ ਹਾਲ ਹੀ ਵਿੱਚ ਸਮਾਪਤ ਹੋਏ ਟਕਰਾਅ ਵਿੱਚ ਦੇਖਿਆ ਗਿਆ ਹੈ। 7 ਅਤੇ 8 ਮਈ ਦੀਆਂ ਵਿਚਕਾਰਲੀਆਂ ਰਾਤਾਂ ਨੂੰ, ਪਾਕਿਸਤਾਨੀ ਫੌਜ ਨੇ ਉੱਤਰੀ ਅਤੇ ਪੱਛਮੀ ਸਰਹੱਦਾਂ ਦੇ ਨਾਲ ਭਾਰਤੀ ਫੌਜੀ ਬੁਨਿਆਦੀ ਢਾਂਚੇ ਨੂੰ ਨਿਸ਼ਾਨਾ ਬਣਾਉਣ ਲਈ ਲਗਭਗ 300-400 ਡਰੋਨਾਂ ਦੀ ਵਰਤੋਂ ਕੀਤੀ। ÷ਡਰੋਨਾਂ ਦੇ ਮਲਬੇ ਦੀ ਫੋਰੈਂਸਿਕ ਜਾਂਚ ਕੀਤੀ ਜਾ ਰਹੀ ਹੈ। ਸ਼ੁਰੂਆਤੀ ਰਿਪੋਰਟਾਂ ਤੋਂ ਪਤਾ ਚੱਲਦਾ ਹੈ ਕਿ ਉਹ ਤੁਰਕੀ ਦੇ ਏਸਿਸਗਾਰਡ ਸੋਂਗਰ ਡਰੋਨ ਹਨ,÷ ਕਰਨਲ ਸੋਫੀਆ ਕੁਰੈਸ਼ੀ ਨੇ ਆਪ੍ਰੇਸ਼ਨ ਸਿੰਦੂਰ 'ਤੇ ਇੱਕ ਪ੍ਰੈਸ ਬ੍ਰੀਫਿੰਗ ਵਿੱਚ ਕਿਹਾ। ਕਰਨਲ ਕੁਰੈਸ਼ੀ ਨੇ ਅੱਗੇ ਕਿਹਾ ਹੈ ਕਿ ਭਾਰਤੀ ਹਥਿਆਰਬੰਦ ਬਲਾਂ ਨੇ ਗਤੀਸ਼ੀਲ ਅਤੇ ਗੈਰ-ਗਤੀਸ਼ੀਲ ਸਾਧਨਾਂ ਦੀ ਵਰਤੋਂ ਕਰਕੇ ਇਹਨਾਂ ਵਿੱਚੋਂ ਬਹੁਤ ਸਾਰੇ ਡਰੋਨ ਨੂੰ ਮਾਰ ਸੁੱਟਿਆ। ਇੰਨੇ ਵੱਡੇ ਪੱਧਰ 'ਤੇ ਹਵਾਈ ਘੁਸਪੈਠ ਦਾ ਸੰਭਾਵਿਤ ਉਦੇਸ਼ ਹਵਾਈ ਰੱਖਿਆ ਪ੍ਰਣਾਲੀਆਂ ਦੀ ਜਾਂਚ ਕਰਨਾ ਅਤੇ ਖੁਫੀਆ ਜਾਣਕਾਰੀ ਇਕੱਠੀ ਕਰਨਾ ਸੀ।

## ਭਾਰਤ ਦੀ 'ਬ੍ਰਹਮੋਸ' ਨੂੰ ਖ਼ਰੀਦਣ

ਇੱਕ ਸੁਪਰਸੋਨਿਕ ਕਰੂਜ਼ ਮਿਜ਼ਾਈਲ ਹੈ, ਜੋ ਆਵਾਜ਼ ਦੀ ਗਤੀ ਤੋਂ ਲਗਭਗ ਤਿੰਨ ਗੁਣਾ ਤੇਜ਼ ਰਫ਼ਤਾਰ ਨਾਲ ਚੱਲਦੀ ਹੈ। ਇਸ ਮਿਜ਼ਾਈਲ ਦੀ ਮਾਰ ਕਰਨ ਦੀ ਸਮਰੱਥਾ 500 ਤੋਂ 800 ਕਿਲੋਮੀਟਰ ਹੈ ਅਤੇ ਇਹ ਲਗਭਗ 300 ਕਿਲੋਗ੍ਰਾਮ ਵਿਸਫੋਟਕ ਲਿਜਾਣ ਦੇ ਸਮਰੱਥ ਹੈ। ਇਹ ਮਿਜ਼ਾਈਲ ਅਤਿ-ਆਧੁਨਿਕ ਮਾਰਗਦਰਸ਼ਨ ਪ੍ਰਣਾਲੀ ਨਾਲ ਲੈਸ ਹੈ ਅਤੇ ਇਸ ਨੂੰ ਤਿੰਨੋਂ ਮਾਧਿਅਮਾਂ-ਜ਼ਮੀਨ, ਪਾਣੀ ਅਤੇ ਹਵਾ ਤੋਂ ਲਾਂਚ ਕੀਤਾ ਜਾ ਸਕਦਾ ਹੈ। ਬ੍ਰਹਮੋਸ ਭਾਰਤ ਦੇ ਡੀ.ਆਰ.ਡੀ.ਓ. ਅਤੇ ਰੂਸ ਦੇ ਐਨਪੀਓ ਮਾਸ਼ੀਨੋਸਟ੍ਰੋਏਨੀਆ ਵਿਚਕਾਰ ਇੱਕ ਸਾਂਝਾ ਯਤਨ ਹੈ। ਬ੍ਰਹਮੋਸ ਦੀ ਕੁਸ਼ਲਤਾ ਅਤੇ ਬਹੁ-ਪੱਖੀ ਉਪਯੋਗਤਾ ਨੂੰ ਦੇਖਦੇ ਹੋਏ, 17 ਤੋਂ ਵੱਧ ਦੇਸ਼ਾਂ ਨੇ ਇਸ ਨੂੰ ਖਰੀਦਣ ਵਿੱਚ ਦਿਲਚਸਪੀ ਦਿਖਾਈ ਹੈ। ਇੰਡੋਨੇਸ਼ੀਆ ਇੱਕ ਉੱਨਤ ਸੰਸਕਰਣ ਖਰੀਦਣ ਲਈ 200-300 ਮਿਲੀਅਨ ਡਾਲਰ ਦੇ ਸੌਦੇ ਦੀ ਯੋਜਨਾ ਬਣਾ ਰਿਹਾ ਹੈ, ਜਦੋਂ ਕਿ ਵੀਅਤਨਾਮ ਲਗਭਗ 700 ਮਿਲੀਅਨ ਡਾਲਰ ਦੇ ਸੌਦੇ 'ਤੇ ਵਿਚਾਰ ਕਰ ਰਿਹਾ ਹੈ। ਮਲੇਸ਼ੀਆ ਇਸ ਨੂੰ ਆਪਣੇ ਸੁਖੋਈ ਐਸ.ਯੂ. 30 ਕਿਲੋਮੀਟਰ ਲੜਾਕੂ ਜਹਾਜ਼ਾਂ ਅਤੇ ਜੰਗੀ ਜਹਾਜ਼ਾਂ ਵਿੱਚ ਸ਼ਾਮਲ ਕਰਨਾ ਚਾਹੁੰਦਾ ਹੈ। ਇਸ ਤੋਂ ਇਲਾਵਾ ਸਿੰਗਾਪੁਰ, ਥਾਈਲੈਂਡ, ਬ੍ਰਾਜ਼ੀਲ, ਮਿਸਰ, ਸਾਊਦੀ ਅਰਬ, ਸੰਯੁਕਤ ਅਰਬ ਅਮੀਰਾਤ, ਕਤਰ, ਓਮਾਨ, ਦੱਖਣੀ ਅਫਰੀਕਾ ਅਤੇ ਬੁਲਗਾਰੀਆ ਸਮੇਤ ਕਈ ਦੇਸ਼ਾਂ ਨਾਲ ਗੱਲਬਾਤ ਅੰਤਿਮ ਪੜਾਅ 'ਤੇ ਹੈ। ਤੁਹਾਨੂੰ ਦੱਸ ਦੇਈਏ ਕਿ ਅਪ੍ਰੈਲ, 2025 ਵਿੱਚ ਜੰਮੂ-ਕਸ਼ਮੀਰ ਦੇ ਪਹਿਲਗਾਮ ਵਿੱਚ ਹੋਏ ਅੱਤਵਾਦੀ ਹਮਲੇ ਦੇ ਜਵਾਬ ਵਿੱਚ, ਭਾਰਤੀ ਫੌਜ ਨੇ ਸਰਹੱਦ ਪਾਰ ਅੱਤਵਾਦੀ ਠਿਕਾਣਿਆਂ 'ਤੇ ਸਟੀਕ ਕਾਰਵਾਈ ਕੀਤੀ ਸੀ। ਰੱਖਿਆ ਸੂਤਰਾਂ ਅਨੁਸਾਰ, 7 ਅਤੇ 8 ਮਈ ਦੀ ਰਾਤ ਨੂੰ, ਭਾਰਤੀ ਫੌਜ ਨੇ ਬ੍ਰਹਮੋਸ ਮਿਜ਼ਾਈਲ ਦੀ ਮਦਦ ਨਾਲ ਕਈ ਅੱਤਵਾਦੀ ਟਿਕਾਣਿਆਂ ਨੂੰ ਨਿਸ਼ਾਨਾ ਬਣਾਇਆ। ਇਸ ਤੋਂ ਬਾਅਦ ਭਾਰਤ ਦੀ ਜਵਾਬੀ ਕਾਰਵਾਈ ਵਿੱਚ ਪਾਕਿਸਤਾਨ ਦੇ ਪੰਜ ਫੌਜੀ ਹਵਾਈ ਅੱਡੇ ਵੀ ਪ੍ਰਭਾਵਿਤ ਹੋਏ। ਇਸ ਸਮੇਂ ਦੌਰਾਨ ਭਾਰਤ ਦਾ ਹਵਾਈ ਰੱਖਿਆ ਪ੍ਰਣਾਲੀ ਵੀ ਪੂਰੀ ਤਰ੍ਹਾਂ ਸੁਚੇਤ ਅਤੇ ਸਫਲ ਰਿਹਾ। ਬ੍ਰਹਮੋਸ ਮਿਜ਼ਾਈਲ ਦੀ ਵਿਸ਼ਵਵਿਆਪੀ ਮੰਗ ਭਾਰਤ ਨੂੰ ਰੱਖਿਆ ਨਿਰਯਾਤ ਵਿੱਚ ਇੱਕ ਮੋਹਰੀ ਦੇਸ਼ ਬਣਨ ਵੱਲ ਲੈ ਜਾ ਰਹੀ ਹੈ। ਇਸ ਨਾਲ ਨਾ ਸਿਰਫ਼ ਦੇਸ਼ ਦੀ ਫੌਜੀ ਸ਼ਕਤੀ ਦੀ ਪਛਾਣ ਮਜ਼ਬੂਤ ਹੋ ਰਹੀ ਹੈ, ਸਗੋਂ ਸਵੈ-ਨਿਰਭਰ ਭਾਰਤ ਮੁਹਿੰਮ ਨੂੰ ਵੀ ਭਾਰੀ ਸਮਰਥਨ ਮਿਲ ਰਿਹਾ ਹੈ।

## ਪਾਕਿ ਤੋਂ ਆਜ਼ਾਦੀ ਦਾ ਐਲਾਨ ਕਰਦਿਆਂ

ਬਲੋਚਾਂ ਨੂੰ 'ਪਾਕਿਸਤਾਨ ਦੇ ਆਪਣੇ ਲੋਕ' ਨਾ ਕਹਿਣ। ਅਸੀਂ ਪਾਕਿਸਤਾਨੀ ਨਹੀਂ ਹਾਂ, ਅਸੀਂ ਬਲੋਚਿਸਤਾਨੀ ਹਾਂ। ਪਾਕਿਸਤਾਨ ਦੇ ਆਪਣੇ ਲੋਕ ਪੰਜਾਬੀ ਹਨ ਜਿਨ੍ਹਾਂ ਨੇ ਕਦੇ ਵੀ ਹਵਾਈ ਬੰਬਾਰੀ, ਜ਼ਬਰਦਸਤੀ ਲਾਪਤਾ ਅਤੇ ਨਸਲਕੁਸ਼ੀ ਦਾ ਸਾਹਮਣਾ ਨਹੀਂ ਕੀਤਾ,÷

ਮੀਰ ਯਾਰ ਬਲੋਚ ਨੇ ਪਾਕਿਸਤਾਨ ਦੇ ਕਬਜ਼ੇ ਵਾਲੇ ਜੰਮੂ-ਕਸ਼ਮੀਰ (ਪੀ.ਓ.ਕੇ.) 'ਤੇ ਭਾਰਤ ਦੇ ਸਟੈਂਡ ਦਾ ਵੀ ਪੂਰਾ ਸਮਰਥਨ ਕੀਤਾ। ਉਨ੍ਹਾਂ ਨੇ ਅੰਤਰਰਾਸ਼ਟਰੀ ਭਾਈਚਾਰੇ ਨੂੰ ਅਪੀਲ ਕੀਤੀ ਕਿ ਉਹ ਪਾਕਿਸਤਾਨ 'ਤੇ ਖੇਤਰ ਖਾਲੀ ਕਰਨ ਲਈ ਦਬਾਅ ਪਾਉਣ। ਮੀਰ ਯਾਰ ਨੇ ਕਿਹਾ, ÷14 ਮਈ, 2025- ਬਲੋਚਿਸਤਾਨ ਭਾਰਤ ਦੇ ਪਾਕਿਸਤਾਨ ਨੂੰ ਪੀ.ਓ.ਕੇ. ਨੂੰ ਖਾਲੀ ਕਰਨ ਲਈ ਕਹਿਣ ਦੇ ਫੈਸਲੇ ਦਾ ਪੂਰੀ ਤਰ੍ਹਾਂ ਸਮਰਥਨ ਕਰਦਾ ਹੈ। ਅੰਤਰਰਾਸ਼ਟਰੀ ਭਾਈਚਾਰੇ ਨੂੰ ਪਾਕਿਸਤਾਨ ਨੂੰ ਤੁਰੰਤ ਪੀ.ਓ.ਕੇ. ਨੂੰ ਛੱਡਣ ਲਈ ਕਹਿਣਾ ਚਾਹੀਦਾ ਹੈ ਤਾਂ ਜੋ ਢਾਕਾ ਵਿੱਚ ਆਪਣੇ 93,000 ਫੌਜੀ ਜਵਾਨਾਂ 'ਤੇ ਆਤਮ ਸਮਰਪਣ ਦੇ ਇੱਕ ਹੋਰ ਅਪਮਾਨ ਤੋਂ ਬਚਿਆ ਜਾ ਸਕੇ। ਭਾਰਤ ਪਾਕਿਸਤਾਨੀ ਫੌਜ ਨੂੰ ਹਰਾਉਣ ਦੇ ਸਮਰੱਥ ਹੈ ਅਤੇ ਜੇਕਰ ਪਾਕਿਸਤਾਨ ਨੇ ਕੋਈ ਧਿਆਨ ਨਹੀਂ ਦਿੱਤਾ ਤਾਂ ਖ਼ੂਨ-ਖਰਾਬੇ ਲਈ ਸਿਰਫ ਪਾਕਿਸਤਾਨੀ ਲਾਲਚੀ ਫੌਜੀ ਜਨਰਲਾਂ ਨੂੰ ਜ਼ਿੰਮੇਵਾਰ ਠਹਿਰਾਇਆ ਜਾਣਾ ਚਾਹੀਦਾ ਹੈ ਕਿਉਂਕਿ ਇਸਲਾਮਾਬਾਦ ਪੀ.ਓ.ਕੇ. ਦੇ ਲੋਕਾਂ ਨੂੰ ਮਨੁੱਖੀ ਢਾਲ ਵਜੋਂ ਵਰਤ ਰਿਹਾ ਹੈ।÷

ਮੀਰ ਯਾਰ ਬਲੋਚ ਦੇ ਅਨੁਸਾਰ ਦੁਨੀਆ ਨੂੰ ਬਲੋਚਿਸਤਾਨ ਬਾਰੇ ਪਾਕਿਸਤਾਨ ਦੇ ਬਿਰਤਾਂਤ ਨੂੰ ਸਵੀਕਾਰ ਨਹੀਂ ਕਰਨਾ ਚਾਹੀਦਾ, ਜਿਸਨੂੰ, ਉਨ੍ਹਾਂ ਕਿਹਾ, ਵਿਦੇਸ਼ੀ ਸ਼ਕਤੀਆਂ ਦੀ ਸ਼ਮੂਲੀਅਤ ਨਾਲ ਜ਼ਬਰਦਸਤੀ ਆਪਣੇ ਨਾਲ ਜੋੜਿਆ ਗਿਆ ਸੀ। ਬਲੋਚਿਸਤਾਨ ਲੰਬੇ ਸਮੇਂ ਤੋਂ ਗੰਭੀਰ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦਾ ਗਵਾਹ ਰਿਹਾ ਹੈ। ਇਨ੍ਹਾਂ ਵਿੱਚ ਜ਼ਬਰਦਸਤੀ ਲਾਪਤਾ ਹੋਣਾ, ਗੈਰ-ਨਿਆਇਕ ਹੱਤਿਆਵਾਂ ਅਤੇ ਅਸਹਿਮਤੀ ਨੂੰ ਚੁੱਪ ਕਰਵਾਉਣਾ ਸ਼ਾਮਲ ਹੈ। ਪਾਕਿਸਤਾਨੀ ਸੁਰੱਖਿਆ ਬਲਾਂ ਅਤੇ ਹਥਿਆਰਬੰਦ ਸਮੂਹਾਂ ਦੋਵਾਂ 'ਤੇ ਦੁਰਵਿਵਹਾਰ ਦੇ ਦੋਸ਼ ਲਗਾਏ ਗਏ ਹਨ। ਚੱਲ ਰਹੇ ਸੰਘਰਸ਼ ਵਿੱਚ ਆਮ ਨਾਗਰਿਕ ਅਕਸਰ ਪੀੜਤ ਹੁੰਦੇ ਹਨ, ਮੀਡੀਆ ਦੀ ਬਹੁਤ ਘੱਟ ਪਹੁੰਚ ਜਾਂ ਕਾਨੂੰਨੀ ਜਵਾਬਦੇਹੀ ਦੇ ਨਾਲ। ਜਦੋਂ ਕਿ ਅੰਤਰਰਾਸ਼ਟਰੀ ਚਿੰਤਾ ਵਧੀ ਹੈ, ਅਰਥਪੂਰਨ ਦਖਲਅੰਦਾਜ਼ੀ ਦੀ ਘਾਟ ਰਹਿੰਦੀ ਹੈ।


ਭਾਰਤੀ ਰੇਲ
ਪਟਿਆਲਾ ਲੋਕੋਮੋਟਿਵ ਵਰਕਸ
ਪਟਿਆਲਾ-147 003
ਫੋਨ : 2396000, 2396001 ਫੈਕਸ : 91-0175-2306413

ਈ-ਟੈਂਡਰ ਸੂਚਨਾ

ਉਪ ਮੁੱਖ ਯਾਂਤ੍ਰਿਕ ਇੰਜੀਨੀਅਰ/LMS , ਪਟਿਆਲਾ ਰੇਲ ਇੰਜਨ ਕਾਰਖਾਨਾ (PLW), ਪਟਿਆਲਾ ਦੁਵਾਰਾ ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਹੇਠਾ ਕੰਮ ਦੇ ਲਈ ਸਬੰਧਿਤ ਟੈਂਡਰਕਾਰਾਂ ਤੋਂ ਭਾਰਤੀਯ ਰੇਲਵੇ ਈ-ਖਰੀਦ ਪੋਰਟਲ www.ireps.gov.in ਦੇ ਦੁਵਾਰਾ ਤੋਂ ਖੁਲੀ ਟੈਂਡਰ ਸਿਸਟਮ ਉਤੇ ਆਧਾਰਿਤ ਆਨਲਾਈਨ ਈ-ਟੈਂਡਰਾ ਮੰਗ ਕੀਤੀ ਜਾਂਦੀ ਹੈ।

| | | |
|---|---|---|
| 1 | N.I.T. No. | PLW-PCME-25-322 |
| 2 | ਕੰਮ ਦਾ ਨਾਮ | Teeth grinding of 17 Teeth pinions for HHP Traction Motor, as per drawing no.: BLW-40074147 (Alt-d). |
| 3 | ਅਨੁਮਾਨਿਤ ਲਾਗਤ | ₹44,60,400/- (Forty four Lakh Sixty Thousand Four Hundred Only |
| 4 | ਬਿਆਨਾ ਰਾਸ਼ੀ | ₹89,200/- (Eighty Nine Thousand Two Hundred Only) |
| 5 | ਕੰਮ ਪੂਰਾ ਕਰਨ ਦਾ ਸਮਾਂ | One year (365 Days) |
| 6 | ਟੈਂਡਰ ਬੰਦ ਦੀ ਮਿਤੀ ਤੇ ਸਮਾਂ ਅਤੇ ਟੈਂਡਰ ਖੁਲਣ ਦੀ ਮਿਤੀ ਤੇ ਸਮਾਂ | 03.06.2025 up to 15:00 hrs & opening on the same day at 15:30 hrs. |
| 7 | ਟੈਂਡਰ ਦਸਤਾਵੇਜ ਦੀ ਕੀਮਤ | Nil |

1422/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ



ਇੰਡੀਅਨ ਓਵਰਸੀਜ਼ ਬੈਂਕ
ਮੁਕੇਰੀਆਂ ਸ਼ਾਖਾ - (ਤਲਵਾੜਾ ਰੋਡ, ਮੁਕੇਰੀਆਂ, ਪੰਜਾਬ)
Ph.: 01883-244311 & E-mail: iob2337@iob.in

ਮਿਤੀ : 13.05.2025

ਨਿੱਜੀ ਸੰਧੀ ਦੁਆਰਾ ਵਿਕਰੀ ਦੀ ਸੂਚਨਾ
ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 (ਨਿਯਮ 6 ਅਤੇ 8) ਦੇ ਅਧੀਨ ਜਾਰੀ

ਵੱਲ
(1) ਮੈਸਰਜ਼ ਚੋਪੜਾ ਕਰਿਆਨਾ ਸਟੋਰ ਨੂੰ ਇਸਦੇ ਮਾਲਕ - ਸ਼੍ਰੀ ਮੁਕੇਸ਼ ਕੁਮਾਰ ਪੁੱਤਰ ਸ਼੍ਰੀ ਦਿਨੇਸ਼ ਕੁਮਾਰ, ਨਿਵਾਸੀ ਪਿੰਡ ਨੌਸ਼ਹਿਰਾ ਪੱਤਣ, ਗੁਰਦਾਸਪੁਰ ਰੋਡ, ਮੁਕੇਰੀਆਂ ਰਾਹੀਂ।
(2) ਸ਼੍ਰੀ ਅਮਿਤ ਕੁਮਾਰ ਪੁੱਤਰ ਸ਼੍ਰੀ ਕਮਲਜੀਤ, ਨਿਵਾਸੀ ਪਿੰਡ ਨੌਸ਼ਹਿਰਾ ਪੱਤਣ, ਗੁਰਦਾਸਪੁਰ ਰੋਡ, ਮੁਕੇਰੀਆਂ (ਜ਼ਾਮਨ)।
(3) ਸ਼੍ਰੀ ਮੁਕੇਸ਼ ਕੁਮਾਰ ਪੁੱਤਰ ਸ਼੍ਰੀ ਦਿਨੇਸ਼ ਕੁਮਾਰ, ਨਿਵਾਸੀ ਪਿੰਡ ਨੌਸ਼ਹਿਰਾ ਪੱਤਣ, ਗੁਰਦਾਸਪੁਰ ਰੋਡ, ਮੁਕੇਰੀਆਂ (ਮਾਲਕ/ਗਿਰਵੀਕਾਰ)।
ਸ਼੍ਰੀਮਾਨ ਜੀ,
ਐਨਪੀਏਏ/ਸੀ ਮੈਸਰਜ਼ ਚੋਪੜਾ ਕਰਿਆਨਾ ਸਟੋਰ ਆਈਓਬੀ ਮੁਕੇਰੀਆਂ ਸ਼ਾਖਾ ਦੇ ਨਾਲ
(1) ਇਸ ਵਿੱਚ SARFAESI ਐਕਟ 2002 ਦੇ ਉਪਬੰਧਾਂ ਦੇ ਤਹਿਤ ਤੁਹਾਡੇ ਵਿਰੁੱਧ ਸ਼ੁਰੂ ਕੀਤੀ ਗਈ ਰਿਕਵਰੀ ਕਾਰਵਾਈ ਦਾ ਹਵਾਲਾ ਹੈ।
(2) ਕਿਰਪਾ ਕਰਕੇ 04.10.2017 ਨੂੰ ਤੁਹਾਨੂੰ ਰੁਪਏ ਦੇ ਬਕਾਏ ਦੀ ਮੰਗ ਕਰਨ ਲਈ ਜਾਰੀ ਕੀਤੇ ਗਏ ਡਿਮਾਂਡ ਨੋਟਿਸ ਦਾ ਹਵਾਲਾ ਦਿਓ। 30.09.2019 ਨੂੰ 6,63,588.82 (ਛੇ ਲੱਖ ਤਰੇਹਠ ਹਜ਼ਾਰ ਪੰਜ ਸੌ ਅਠਾਸੀ ਅਤੇ ਸਿਰਫ਼ ਬਿਆਸੀ ਪੈਸੇ) ਠੇਕੇ ਦੀਆਂ ਦਰਾਂ ਅਤੇ ਉਸ 'ਤੇ ਬਾਕੀ, ਚਾਰਜ ਆਦਿ 'ਤੇ ਹੋਰ ਵਿਆਜ ਸਮੇਤ, ਅਦਾਇਗੀ ਦੀ ਮਿਤੀ ਤੱਕ।
(3) ਕਿਰਪਾ ਕਰਕੇ ਹੇਠਾਂ ਦਿੱਤੀ ਸੁਰੱਖਿਅਤ ਸੰਪਤੀ ਦਾ ਕਬਜ਼ਾ ਲੈਣ ਸੰਬੰਧੀ ਤੁਹਾਨੂੰ ਜਾਰੀ ਕੀਤੇ ਗਏ 10.01.2018 ਦੇ ਕਬਜ਼ੇ ਨੋਟਿਸ ਦਾ ਵੀ ਹਵਾਲਾ ਦਿਓ ਅਤੇ 12.01.2018 ਨੂੰ ਹਿੰਦੁਸਤਾਨ ਟਾਈਮਜ਼ (ਡੇਲੀ) ਅਤੇ ਹੁਸ਼ਿਆਰਪੁਰ ਜਾਗਰਣ (ਡੇਲੀ) ਵਿੱਚ ਉਕਤ ਕਬਜ਼ੇ ਨੋਟਿਸ ਦੇ ਪ੍ਰਕਾਸ਼ਨ ਦਾ ਹਵਾਲਾ ਦਿਓ ਜੋ ਕਿ ਵਿੱਤੀ ਸੰਪਤੀਆਂ ਦੇ ਪ੍ਰਤੀਭੂਤੀਕਰਨ ਅਤੇ ਪੁਨਰ ਨਿਰਮਾਣ ਅਤੇ ਸੁਰੱਖਿਆ ਵਿਆਜ ਲਾਗੂ ਕਰਨ ਐਕਟ, 2002 ਅਤੇ ਇਸਦੇ ਅਧੀਨ ਨਿਯਮਾਂ ਦੇ ਉਪਬੰਧਾਂ ਦੇ ਤਹਿਤ ਸੁਰੱਖਿਅਤ ਲੈਣਦਾਰ ਵਜੋਂ ਬੈਂਕ ਨੂੰ ਪ੍ਰਦਾਨ ਕੀਤੀਆਂ ਗਈਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਸੁਰੱਖਿਅਤ ਸੰਪਤੀਆਂ ਦੀ ਪ੍ਰਾਪਤੀ ਦੇ ਉਦੇਸ਼ ਲਈ ਹੈ। ਅੱਜ ਤੱਕ ਤੁਸੀਂ ਬੈਂਕ ਨੂੰ ਆਪਣੀ ਦੇਣਦਾਰੀ ਨੂੰ ਪੂਰੀ ਤਰ੍ਹਾਂ ਨਿਭਾਉਣ ਲਈ ਭੁਗਤਾਨ ਨਹੀਂ ਕੀਤਾ ਹੈ।
(4) ਜਿਵੇਂ ਕਿ ਤੁਸੀਂ ਜਾਣਦੇ ਹੋ ਕਿ ਬੈਂਕ ਨੇ 12.03.2025 ਨੂੰ ਈ-ਨਿਲਾਮੀ ਲਈ ਹੇਠਾਂ ਦਿੱਤੀ ਗਈ ਸੁਰੱਖਿਅਤ ਸੰਪਤੀ ਰੱਖੀ ਸੀ ਜੋ ਕਿ ਅਮਲ ਵਿੱਚ ਨਹੀਂ ਆਈ।
(5) ਬੈਂਕ ਨੂੰ ਹੇਠਾਂ ਦਿੱਤੀ ਗਈ ਸੁਰੱਖਿਅਤ ਸੰਪਤੀ ਨੂੰ ਖਰੀਦਣ ਲਈ 4,76,000/- ਰੁਪਏ ਦੀ ਪੇਸ਼ਕਸ਼ ਪ੍ਰਾਪਤ ਹੋਈ ਹੈ ਅਤੇ ਇਸ ਲਈ ਹੇਠਾਂ ਦਿੱਤੀ ਗਈ ਸੁਰੱਖਿਅਤ ਸੰਪਤੀ ਨੂੰ ਨਿੱਜੀ ਸੰਧੀ ਦੁਆਰਾ ਵਿਕਰੀ ਦੇ ਰੂਪ ਵਿੱਚ ਵੇਚਣ ਦਾ ਪ੍ਰਸਤਾਵ ਹੈ।
(6) ਵਿਕਰੀ ਦੀ ਸਮਾਪਤੀ ਲਈ ਸੰਭਾਵਿਤ ਮਿਤੀ ਅਤੇ ਸਮਾਂ 31.05.2025 ਅਤੇ ਸਵੇਰੇ 11:00 ਵਜੇ ਹੈ।
(7) ਅਸੀਂ ਤੁਹਾਨੂੰ 15 ਦਿਨਾਂ ਦਾ ਨੋਟਿਸ ਦਿੰਦੇ ਹਾਂ ਕਿ ਹੇਠਾਂ ਦਿੱਤੀ ਗਈ ਸੁਰੱਖਿਅਤ ਸੰਪਤੀ ਨੂੰ ਨਿੱਜੀ ਸੰਧੀ ਦੁਆਰਾ ਹੇਠਾਂ ਹਸਤਾਖਰ ਕੀਤੇ ਵਿਅਕਤੀ ਦੁਆਰਾ ਉੱਪਰ ਦੱਸੀ ਗਈ ਮਿਤੀ ਅਤੇ ਸਮੇਂ 'ਤੇ ਵੇਚਿਆ ਜਾਵੇਗਾ।
(8) ਇਸ ਤੋਂ ਇਲਾਵਾ, ਤੁਹਾਡਾ ਧਿਆਨ ਐਕਟ ਦੀ ਧਾਰਾ 13 ਦੀ ਉਪ-ਧਾਰਾ (8) ਦੇ ਉਪਬੰਧਾਂ ਵੱਲ ਖਿੱਚਿਆ ਜਾਂਦਾ ਹੈ, ਸੁਰੱਖਿਅਤ ਸੰਪਤੀਆਂ ਨੂੰ ਛੁਡਾਉਣ ਲਈ ਤੁਹਾਡੇ ਕੋਲ ਉਪਲਬਧ ਸਮੇਂ ਦੇ ਸੰਬੰਧ ਵਿੱਚ।
(9) ਇਸ ਲਈ ਕਿਰਪਾ ਕਰਕੇ ਸੂਚਿਤ ਕੀਤਾ ਜਾਵੇ ਕਿ ਨਿੱਜੀ ਵਿਕਰੀ ਦੀ ਮਿਤੀ ਤੱਕ, ਭਾਵ 31.05.2025, ਸਵੇਰੇ 11:00 ਵਜੇ ਤੱਕ, ਜਦੋਂ ਵਿਕਰੀ ਸਮਾਪਤ ਹੋਣ ਦਾ ਪ੍ਰਸਤਾਵ ਹੈ, ਤੁਹਾਨੂੰ ਲਾਗਤਾਂ/ਖਰਚਿਆਂ ਆਦਿ ਸਮੇਤ ਪੂਰੇ ਬਕਾਏ ਦਾ ਭੁਗਤਾਨ ਕਰਨ ਦਾ ਅਧਿਕਾਰ ਹੈ, ਜੋ ਕਿ 30.09.2019 ਨੂੰ 6,63,588.82 ਰੁਪਏ (ਛੇ ਲੱਖ ਤਰੇਹਠ ਹਜ਼ਾਰ ਪੰਜ ਸੌ ਅਠਾਸੀ ਅਤੇ ਸਿਰਫ਼ ਬਿਆਸੀ ਪੈਸੇ) ਹਨ ਜੋ ਕਿ ਇਕਰਾਰਨਾਮੇ ਦੀਆਂ ਦਰਾਂ ਅਤੇ ਲਾਗਤ 'ਤੇ ਹੋਰ ਵਿਆਜ ਸਮੇਤ ਭੁਗਤਾਨਯੋਗ ਹਨ ਅਤੇ ਭੁਗਤਾਨ ਦੀ ਮਿਤੀ ਤੱਕ ਸਹਿਮਤੀ ਅਨੁਸਾਰ ਬਾਕੀ ਹਨ ਅਤੇ ਸੁਰੱਖਿਅਤ ਸੰਪਤੀਆਂ ਨੂੰ ਛੁਡਾਓ।

ਜਾਇਦਾਦ ਦਾ ਵੇਰਵਾ
ਸ਼੍ਰੀ ਮੁਕੇਸ਼ ਕੁਮਾਰ ਪੁੱਤਰ ਦਿਨੇਸ਼ ਕੁਮਾਰ ਦੇ ਨਾਮ 'ਤੇ ਵਪਾਰਕ ਦੁਕਾਨ ਦਾ ਬਰਾਬਰ ਗਿਰਵੀਨਾਮਾ ਜੋ ਕਿ ਪਿੰਡ ਨੌਸ਼ਹਿਰਾ, ਤਹਿਸੀਲ ਮੁਕੇਰੀਆਂ, ਜ਼ਿਲ੍ਹਾ ਹੁਸ਼ਿਆਰਪੁਰ ਦੇ ਆਬਾਦੀ ਖੇਤਰ ਵਿੱਚ ਸਥਿਤ ਹੈ। (ਭੌਤਿਕ ਕਬਜ਼ੇ ਅਧੀਨ)।

ਅਧਿਕਾਰਤ ਅਧਿਕਾਰੀ



ਚੜ੍ਹਦੀਕਲਾ
ਪਰਮਜੀਤ ਸਿੰਘ, ਪ੍ਰਿੰਟਰ ਪਬਲਿਸ਼ਰ ਨੇ ਰੋਜ਼ਾਨਾ ਚੜ੍ਹਦੀਕਲਾ, ਚੜ੍ਹਦੀਕਲਾ ਪ੍ਰਿੰਟਿੰਗ ਪ੍ਰੈੱਸ ਪ੍ਰਾਈਵੇਟ ਲਿਮਟਿਡ ਲਈ ਦਲਜੀਤ ਪ੍ਰਿੰਟਰਜ਼, 593 ਐਸ.ਐਸ.ਟੀ. ਨਗਰ ਪਟਿਆਲਾ ਤੋਂ ਛਪਵਾ ਕੇ ਦਫ਼ਤਰ ਰੋਜ਼ਾਨਾ ਚੜ੍ਹਦੀਕਲਾ, 577, ਐਸ.ਐਸ.ਟੀ. ਨਗਰ, ਪਟਿਆਲਾ ਤੋਂ ਪ੍ਰਕਾਸ਼ਿਤ ਕੀਤਾ। ਮੁੱਖ ਸੰਪਾਦਕ : ਜਗਜੀਤ ਸਿੰਘ 'ਦਰਦੀ'।
PRGI (RNI) Regd. No. 22972/1972

Printed & Published by Paramjit Singh on behalf of Charhdikala Printing Press Pvt. Ltd., Patiala & Printed at Daljit Printers 593, SST Nagar Patiala. Published at Office Daily Charhdikala 577, SST Nagar Patiala. Chief Editor : Jagjit Singh Dardi
PRGI (RNI) Regd. No. 22972/1972

# ਆਰਟੀਫਿਸ਼ੀਅਲ ਇੰਟੈਲੀਜੈਂਸ ਅਤੇ ਇਸ ਦੀ ਵਰਤੋਂ



ਹਰਸ਼ ਮੀਤ ਸਿੰਘ
ਜਮਾਤ ਬਾਰਵੀਂ
9876494567

ਅਸਲ ਵਿਕਾਸ ਉਹ ਹੈ, ਜਿਸ ਵਿੱਚ ਤਕਨੀਕ ਦੇ ਨਾਲ ਇਨਸਾਨੀਅਤ ਵੀ ਵਧੇ, ਇਸ ਕਥਨ ਨੂੰ ਧਿਆਨ ਵਿੱਚ ਰੱਖਦਿਆਂ ਗੱਲ ਕਰ ਰਹੇ ਹਾਂ ਬਨਾਵਟੀ ਗਿਆਨ ਦੀ, ਜਿਸ ਨੂੰ ਬਨਾਵਟੀ ਬੁੱਧੀ ਵੀ ਕਿਹਾ ਜਾਂਦਾ ਹੈ, ਜੋ ਕਿ ਕੁਝ ਦਿਨਾਂ ਤੋਂ ਕਾਫੀ ਚਰਚਾ ਵਿੱਚ ਹੈ। ਪਹਿਲਾਂ ਦੇ ਸਮੇਂ ਦੀ ਗੱਲ ਕਰੀਏ ਤਾਂ ਪਿਛਲੇ ਕੁਝ ਵਰ੍ਹਿਆਂ ਤੋਂ ਸਮੇਂ ਨੇ ਐਸੀ ਰਫਤਾਰ ਫੜੀ ਹੈ ਕਿ ਗਿਆਨ ਦੇ ਭੰਡਾਰ ਦਾ ਜ਼ਰੀਆ ਹੀ ਬਦਲ ਗਿਆ ਹੈ। ਪਹਿਲਾਂ ਆਮ ਤੌਰ ਉੱਤੇ ਗਿਆਨੀ ਹਸਤੀਆਂ ਹੀ ਉਹ ਜ਼ਰੀਆ ਸਨ, ਜਿੱਥੋਂ ਅਸੀਂ ਵਧੀਆ ਤੋਂ ਵਧੀਆ ਗਿਆਨ ਹਾਸਲ ਕਰ ਸਕਦੇ ਸੀ ਪਰ ਅੱਜ ਕੱਲ ਪ੍ਰਸਥਿਤੀ ਬਦਲ ਹੀ ਗਈ ਹੈ। ਗਿਆਨ ਦੇ ਪਤੰਗ ਦੀ ਡੋਰ ਹੁਣ ਬਨਾਵਟੀ ਗਿਆਨ ਵੀ ਫੜਨ ਦੀ ਕੋਸ਼ਿਸ਼ ਲਗਾਤਾਰ ਕਰ ਰਿਹਾ ਹੈ ਤੇ ਕਾਫੀ ਹੱਦ ਤੱਕ ਸਫਲ ਵੀ ਹੋ ਗਿਆ ਹੈ। ਸਾਡੇ ਬਜ਼ੁਰਗ ਅਕਸਰ ਗੱਲਾਂ ਕਰਿਆ ਕਰਦੇ ਸਨ ਕਿ ਚੀਜ਼ਾਂ ਕਾਫੀ ਬਦਲ ਸਕਦੀਆਂ ਹਨ ਤੇ ਇਹ ਹਰ ਸਤਰ ਵਿੱਚ ਉਪਲਬਧੀ ਹਾਸਲ ਕਰ ਰਿਹਾ ਹੈ ਚਾਹੇ ਉਹ ਖੇਤਰ ਤਕਨੀਕੀ ਖੇਤੀਬਾੜੀ ਆਦੀ ਦਾ ਕਿਉਂ ਨਾ ਹੋਵੇ। ਗੱਲ ਕਰੀਏ ਜੇ ਬਨਾਵਟੀ ਗਿਆਨ ਦੀ, ਜਿਸ ਨੂੰ ਆਰਟੀਫਿਸ਼ੀਅਲ ਇੰਟੈਲੀਜੈਂਸ ਵੀ ਕਿਹਾ ਜਾਂਦਾ ਹੈ। ਇਹ ਇੱਕ ਅਜਿਹਾ ਸਾਧਨ ਹੈ, ਜਿਸ ਰਾਹੀਂ ਅਸੀਂ ਕਿਸੇ ਵੀ ਚੀਜ਼ ਬਾਰੇ ਗਿਆਨ ਪ੍ਰਾਪਤ ਕਰ ਸਕਦੇ ਹਾਂ, ਲੋੜ ਹੈ, ਤਾਂ ਫੋਨ ਦੀ ਤੇ ਪੁੱਛਣ ਦੀ ਦੇਰ ਇਕ ਮਿੰਟ ਤੋਂ ਵੀ ਪਹਿਲਾਂ ਤੁਹਾਡੇ ਕੋਲ ਜਵਾਬ ਹਾਜ਼ਰ ਹੋਵੇਗਾ ਇੱਕ ਹੀ ਸਵਾਲ ਦੇ ਕਈ ਜਵਾਬ ਮਿਲ ਸਕਦੇ ਹਨ। ਇਸ ਨੂੰ ਬਨਾਵਟੀ ਗਿਆਨ ਇਸ ਕਰਕੇ ਕਿਹਾ ਜਾਂਦਾ ਹੈ, ਕਿਉਂਕਿ ਇਹ ਕੁਦਰਤੀ ਨਹੀਂ ਹੈ ਇਹ ਇੱਕ ਆਮ ਇਨਸਾਨ ਦੁਆਰਾ ਬਣਾਏ ਗਏ ਇੱਕ ਅਵਿਸ਼ਕਾਰ ਵਿੱਚੋਂ ਹੈ, ਇਹ ਇੱਕ ਸਾਧਨ ਬਣਾਇਆ ਹੈ, ਤਾਂ ਜੋ ਸਮੇਂ ਦੀ ਬਚਤ ਹੋ ਸਕੇ ਤੇ ਉਚਿਤ ਜਵਾਬ ਮਿਲ ਸਕੇ। ਅੱਜ ਤੱਕ ਜੋ ਕੋਈ ਵੀ ਚੀਜ਼ ਮਨੁੱਖ ਦੁਆਰਾ ਤੇ ਮਨੁੱਖ ਲਈ ਕਾਢ ਕੱਢੀ ਗਈ ਹੈ, ਤਾਂ ਜਿੱਥੇ ਉਸਦੇ ਫਾਇਦੇ ਦੱਸੇ ਜਾਂਦੇ ਹਨ ਉਥੇ ਉਸਦੇ ਨੁਕਸਾਨ ਵੀ ਆਪਣੇ ਆਪ ਹੀ ਉੱਗ ਪੈਂਦੇ ਹਨ, ਜਿਵੇਂਕਿ ਆਪਾਂ ਕਹਿੰਦੇ ਹਾਂ ਕਿ ਅੱਗ ਘਰ ਤਪਾਉਂਦੀ ਵੀ ਹੈ ਤੇ ਸਾੜਦੀ ਵੀ ਉਸੀ ਤਰ੍ਹਾਂ ਆਰਟੀਫਿਸ਼ੀਅਲ ਇੰਟੈਲੀਜੈਂਸ ਲਾਭਕਾਰੀ ਵੀ ਜਾਂ ਨੁਕਸਾਨਦਾਇਕ ਹੋ ਸਕਦੀ ਹੈ। ਵਿਦਿਆਰਥੀ ਦੀ ਸਹਾਇਤਾ ਲਈ ਕੋਈ ਖਾਣ ਦੀ ਵਸਤੂ ਤਿਆਰ ਕਰਨ ਲਈ ਗਿਆਨ ਦੇ ਭੰਡਾਰੇ ਦਾ ਖੂਹ ਖਤਮ ਹੋਣ ਉੱਤੇ ਇਸ ਦਾ ਉਪਯੋਗ ਕੀਤਾ ਜਾਂਦਾ ਹੈ ਆਮ ਤੌਰ ਉੱਤੇ ਇਹ ਕਿਹਾ ਜਾਂਦਾ ਹੈ ਕਿ ਇਹ ਬਨਾਵਟੀ ਗਿਆਨ ਮਨੁੱਖੀ ਗਿਆਨ ਨੂੰ ਮਸ਼ੀਨਾਂ ਨਾਲ ਜੋੜ ਕੇ ਉਸੀ ਲਈ ਲਿਖਣ ਸੋਚਣ ਤੇ ਕਈ ਮੁਸ਼ਕਲਾਂ ਨੂੰ ਹੱਲ ਕਰਨ ਨੂੰ ਜਿਵੇਂ ਮਨੁੱਖ ਆਪ ਹੀ ਲਈ ਵਰਤਿਆ ਜਾਂਦਾ ਹੈ। ਇਸ ਨੇ ਰੋਜ਼ਾਨਾ ਜ਼ਿੰਦਗੀ ਸਾਡਾ ਪਰਿਵਾਰ ਸਮਾਜ ਬਦਲ ਦਿੱਤਾ ਹੈ ਬਦਲਿਆ ਜ਼ਰੂਰ ਹੈ ਪਰ ਨਕਾਰਾਤਮਕ ਤੇ ਸਕਾਰਾਤਮਕ ਦੋਵੇਂ ਹੀ ਸਕਾਰਾਤਮਕ ਜਿਵੇਂ ਇਹ ਆਈ ਤੁਹਾਨੂੰ ਬਿਮਾਰੀ ਲੱਭਣ ਵਿੱਚ ਸਹਾਇਕ ਹੋਵੇਗਾ ਜੇਕਰ ਤੁਹਾਨੂੰ ਕਿਸੇ ਵੀ ਪ੍ਰਕਾਰ ਦੇ ਲੱਛਣ ਦਿੱਸਦੇ ਹਨ, ਤਾਂ ਇਸ ਨਾਲ ਸਾਂਝਾ ਕਰਕੇ ਪਤਾ ਲੱਗ ਸਕਦਾ ਹੈ ਕਿ ਤੁਹਾਨੂੰ ਕਿਹੜੀ ਬਿਮਾਰੀ ਹੈ, ਇਸ ਨਾਲ ਤੁਸੀਂ ਆਪਣੇ ਨਾਲ ਹੁੰਦੀ ਧੋਖਾਧੜੀ ਤੋਂ ਬਚ ਸਕਦੇ ਹੋ ਜੋ ਕਿ ਅੱਜ ਕੱਲ ਬਹੁਤ ਵੱਧ ਗਈ ਹੈ ਸਕਾਰਾਤਮਕ ਦੀ ਤਾਂ ਬਹੁਤ ਗੱਲ ਕਰ ਲਈ ਹੁਣ ਕੁਝ ਹੋਰ ਗੱਲ ਕਰਦੇ ਸਮਝਦੇ ਹਾਂ ਕਿ ਜੇਕਰ ਸਾਰੀ ਜਾਣਕਾਰੀ ਇਹ ਦੇਵੇਗਾ ਤਾਂ ਉਹ ਕਰਮਚਾਰੀਆਂ ਦਾ ਕੀ ਬਣੇਗਾ ਜੋ ਨੌਕਰੀ ਕਰਕੇ ਆਪਣਾ ਗੁਜ਼ਾਰਾ ਕਰਦੇ ਹਨ, ਬੇਰੋਜ਼ਗਾਰੀ ਬਹੁਤ ਵੱਧ ਰਹੀ ਹੈ, ਕਿਉਂਕਿ ਜੇਕਰ ਕਿਸੇ ਦਾ ਕੰਮ ਬਿਨਾਂ ਪੈਸੇ ਤੇ ਘਰੇ ਬੈਠੇ ਹੋ ਰਿਹਾ ਹੈ ਤਾਂ ਉਹ ਕਿਉਂ ਨਹੀਂ ਕਰੇਗਾ। ਉਹ ਅਧਿਆਪਕਾਂ ਕੋਲ ਹੁਣ ਬੱਚੇ ਸਵਾਲ ਨਹੀਂ ਪੁੱਛਦੇ ਤੇ ਏਆਈ ਦਾ ਉਪਯੋਗ ਕਰਦੇ ਹਨ। ਏਆਈ ਅਧਿਆਪਕ ਨਹੀਂ ਬਣ ਸਕਦੀ ਪਰ ਇਹ ਸਿੱਖਣ ਦੀ ਚਾਹਤ ਨੂੰ ਇੱਕ ਨਵਾਂ ਰੂਪ ਦੇ ਸਕਦੀ ਹੈ। ਏਆਈ ਤੁਹਾਨੂੰ ਮਿੰਟਾਂ ਸਕਿੰਟਾਂ ਵਿੱਚ ਸਵਾਲ ਦਾ ਜਵਾਬ ਤਾਂ ਦੇ ਦਵੇਗੀ ਪਰ ਉਸਨੂੰ ਹਰ ਇੱਕ ਬੱਚੇ ਦੇ ਲੈਵਲ ਨਾਲ ਨਹੀਂ ਸਮਝਾ ਸਕਦੀ। ਇਹ ਚੀਜ਼ ਅਧਿਆਪਕ ਬੱਚੇ ਦੇ ਹਿਸਾਬ ਨਾਲ ਚੰਗੀ ਤਰ੍ਹਾਂ ਸਮਝਾਵੇਗਾ, ਤਰੀਕਾ ਕੁਝ ਹੋਰ ਹੋ ਸਕਦਾ ਹੈ ਪਰ ਬੱਚਾ ਕਦੇ ਨਹੀਂ ਭੁੱਲ ਸਕਦਾ ਕਿ ਇਸ ਦਾ ਜਵਾਬ ਇਹ ਸੀ। ਵਿਦਿਆਰਥੀ ਨੇ ਏਆਈ ਨੂੰ ਹੀ ਆਪਣਾ ਮਿੱਤਰ ਸਮਝ ਲਿਆ ਹੈ ਤੇ ਜ਼ਿਆਦਾਤਰ ਸਮਾਂ ਉਸ ਨਾਲ ਹੀ ਬਤੀਤ ਕਰਦਾ ਹੈ, ਜਿਸ ਉਮਰ ਵਿੱਚ ਮਿੱਟੀ ਵਿੱਚ ਖੇਡਣਾ ਆਪਣੇ ਦਾਦੇ ਨਾਲ ਖੇਡਣਾ ਮਾਤਾ ਪਿਤਾ ਵਿਚ ਦੋਸਤ ਲੱਭਣਾ, ਉਹ ਏਆਈ ਨੂੰ ਹੀ ਸਭ ਕੁਝ ਮੰਨ ਲੈਂਦਾ ਹੈ। ਏਦਾ ਉਪਯੋਗ ਸਿਰਫ ਉਹੀ ਕਰ ਸਕਦਾ ਹੈ, ਜਿਸ ਕੋਲ ਸਮਾਰਟ ਫੋਨ ਹੈ, ਜਿਸ ਕੋਲ ਗੁੰਜਾਇਸ਼ ਨਹੀਂ ਹੈ ਉਹ ਅੱਜ ਵੀ ਉਸ ਸਾਧਨ ਉੱਤੇ ਨਿਰਭਰ ਕਰਦਾ ਹੈ, ਜਿਸ ਵਿੱਚ ਬਹੁਤ ਸਮਾਂ ਲੱਗਦਾ ਹੈ। ਸਮਾਜ ਆਪਸ ਵਿੱਚ ਵਿਚਰਨ ਦੀ ਥਾਂ ਏਆਈ ਨਾਲ ਜ਼ਿਆਦਾਤਰ ਵਿਚਰਦਾ ਹੈ, ਕਿਉਂਕਿ ਲੋਕ ਅਪਣੱਤ ਵਿੱਚ ਜ਼ਿਆਦਾ ਰਹਿੰਦੇ ਹਨ ਜੇਕਰ ਏਆਈ ਤੋਂ ਚੰਗਾ ਸੁਣਨ ਲਈ ਆਖੋਗੇ ਤਾਂ ਉਹ ਤੁਹਾਡੀ ਤਾਰੀਫ ਕਰੇਗੀ ਪਰ ਤੁਹਾਡੇ ਮਾਪੇ ਤੁਹਾਡੇ ਦੋਸਤ ਤਰੀਫ ਦੇ ਨਾਲ ਤੁਹਾਡੀਆਂ ਕਮੀਆਂ ਬਾਰੇ ਵੀ ਦੱਸਣਗੇ ਜਾਂ ਉਹ ਚੀਜ਼ਾਂ ਬਾਰੇ ਦੱਸਣਗੇ, ਜਿਸ ਵਿੱਚ ਤੁਸੀਂ ਕਮਜ਼ੋਰ ਹੋ। ਏਆਈ ਨੇ ਮਨੁੱਖ ਨੂੰ ਇਕੱਲਾ ਕਰ ਦਿੱਤਾ ਹੈ, ਜਿੱਥੇ ਮਨੁੱਖ ਇੱਕ ਵਕਤ ਬਾਅਦ ਥੱਕ ਜਾਂਦਾ ਹੈ ਪਰ ਇਹ ਨਹੀਂ ਥੱਕਦੀ ਏ ਪਹਿਲਾਂ ਚਾਰ ਪੰਜ ਸਾਲ ਪਹਿਲਾਂ ਵੀ ਸੀ ਪਰ ਉਹ ਇੱਕ ਖ਼ੇਤਰ ਵਿੱਚ ਹੀ ਮਾਹਰ ਸੀ ਤੁਸੀਂ ਇਹ ਸੋਚ ਰਹੇ ਹੋਵੋਗੇ ਕਿ ਏ ਕੰਮ ਤਾਂ ਗੂਗਲ ਵੀ ਕਰਦਾ ਹੀ ਹੈ ਫਿਰ ਇਹਦੇ ਵਿੱਚ ਕੀ ਨਵੀਂ ਗੱਲ ਹੈ। ਤੁਹਾਨੂੰ ਜਾਣਦੇ ਹੋਏ ਹੈਰਾਨੀ ਹੋਵੇਗੀ ਕਿ ਇਸ ਬਨਾਵਟੀ ਗਿਆਨ ਦਾ ਕੰਮ ਕਰਨ ਦਾ ਘੇਰਾ ਫਿਲਹਾਲ ਬਹੁਤ ਸੀਮਿਤ ਹੈ, ਅੱਗੇ ਜਾ ਕੇ ਜਦੋਂ ਇਸ ਦਾ ਘੇਰਾ ਵੱਡਾ ਹੋਵੇਗਾ ਤਾਂ ਕੁਝ ਲੋਕਾਂ ਨੂੰ ਪਹਿਲਾਂ ਨਾਲੋਂ ਜ਼ਿਆਦਾ ਫਾਇਦਾ ਹੋਵੇਗਾ ਤੇ ਕੁਝ ਨੂੰ ਨਹੀਂ ਬਨਾਵਟੀ ਗਿਆਨ ਨਾਲ ਭਵਿੱਖ ਤੇਜ਼ੀ ਨਾਲ ਬਦਲ ਰਿਹਾ ਹੈ। ਸਵਾਲ ਇਹ ਹੈ ਕਿ ਅਸੀਂ ਇਸ ਤਬਦੀਲੀ ਲਈ ਤਿਆਰ ਹਾਂ ਜਾਂ ਨਹੀਂ, ਇਸ ਦਾ ਜਵਾਬ ਹੈ ਅਸੀਂ ਬਿਲਕੁਲ ਤਿਆਰ ਹਾਂ। ਅੱਜ ਦੇ ਸਮੇਂ ਵਿੱਚ ਵਿਦਿਆਰਥੀਆਂ ਨੂੰ ਇਸ ਦਾ ਉਪਯੋਗ ਕਰਨ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ। ਟੀਚਰਾਂ ਨੂੰ ਇਸ ਸਬੰਧੀ ਟਰੇਨਿੰਗਾਂ ਦਿੱਤੀਆਂ ਜਾਂਦੀਆਂ ਹਨ। ਸਕੂਲਾਂ ਵਿੱਚ ਰਿਕਾਰਡ, ਕਲਰਕੀ ਕੰਮ, ਸਮਾਂ ਸੂਚੀ ਵਿੱਚ ਵਰਤੋਂ ਦੀ ਗੱਲ ਵੀ ਕੀਤੀ ਜਾਂਦੀ ਹੈ, ਸੋਚਣ ਉੱਤੇ ਹੈਰਾਨੀ ਹੋਵੇਗੀ ਕਿ ਇਨਸਾਨ ਗਲਤੀ ਕਰਦਾ ਸੀ ਤਾਂ ਉਹ ਜ਼ਿੰਮੇਦਾਰ ਹੁੰਦਾ ਸੀ ਤੇ ਆਪਣੀ ਗਲਤੀ ਨੂੰ ਸੁਧਾਰਦਾ ਸੀ ਪਰ ਹੁਣ ਜੇ ਗਲਤੀ ਏਆਈ ਕਰ ਦੇਵੇ ਤਾਂ ਜ਼ਿੰਮੇਵਾਰ ਕੌਣ ਹੋਵੇਗਾ। ਜੇ ਗੱਲ ਤੁਸੀਂ ਖੁਦ ਏਆਈ ਨੂੰ ਪੁੱਛੋਗੇ ਤਾਂ ਉਹ ਕਹੇਗੀ ਕਿ ਮੈਂ ਬਿਲਕੁਲ ਕਰ ਸਕਦੀ ਹਾਂ ਗਲਤ ਡਾਟਾ ਦੇ ਕੇ ਪ੍ਰਸ਼ਨ ਦੇ ਗਲਤ ਉਤਰ ਦੇ ਕੇ ਜਦੋਂ ਉਹ ਪ੍ਰਸ਼ਨ ਨੂੰ ਨਹੀਂ ਸਮਝ ਪਾਈ, ਉਦੋਂ ਜਦੋਂ ਇਨਸਾਨ ਗਲਤੀ ਕਰ ਸਕਦਾ ਹੈ ਤਾਂ ਉਸ ਵੱਲੋਂ ਬਣਾਈ ਗਈ ਬੁੱਧਮਤੀ ਤਾਂ ਕਰ ਹੀ ਸਕਦੀ ਹੈ, ਇਸ ਵਿੱਚ ਕੋਈ ਸ਼ੱਕ ਨਹੀਂ ਜਦੋਂ ਵੀ ਇਸ ਕੋਲੋਂ ਪ੍ਰਸ਼ਨ ਪੁੱਛੋ ਤਾਂ ਜਮਾ ਠੇਠ ਭਾਸ਼ਾ ਦਾ ਉਪਯੋਗ ਕਰਨਾ ਪਵੇਗਾ, ਜੇਕਰ ਕਿਸੇ ਗਿਆਨੀ ਕੋਲੋਂ ਪੁੱਛੋਗੇ ਤਾਂ ਇੰਨੀ ਠੇਠ ਦਾ ਨਹੀਂ ਏ ਆਈ ਸਾਨੂੰ ਸੰਦੇਸ਼ ਇਹ ਦਿੰਦਾ ਹੈ ਕਿ ਇਨਸਾਨ ਚਾਹਵੇ ਤਾਂ ਕੁਝ ਵੀ ਕਰ ਸਕਦਾ ਹੈ, ਇਨਸਾਨ ਦਾ ਨਿਰੰਤਰ ਤੇਜ਼ ਗਤੀ ਨਾਲ ਚੱਲਣ ਵਾਲਾ ਦਿਮਾਗ ਨਵੀਂ ਤੋਂ ਨਵੀਂ ਖੋਜ ਕਰਦਾ ਹੈ, ਜੋ ਕਿ ਸਭ ਨੂੰ ਹੈਰਾਨ ਕਰ ਦਿੰਦੀ ਹੈ ਇਹ ਏ ਆਈ ਦੀ ਖੋਜ ਹੋਣੀ ਕਿਸੇ ਨੇ ਵੀ ਨਹੀਂ ਸੀ ਸੋਚਿਆ ਪਰ ਜਿਸ ਨੇ ਸੋਚਿਆ ਸੀ ਉਸਨੇ ਕਰਿਆ, ਜਿਵੇਂ ਜੋਨ ਮੈਕ ਕਾਰਥੀ ਇਸੀ ਆਧਾਰ ਉੱਤੇ ਅੱਜ ਲੱਖਾਂ ਲੋਕ ਉਸਦੇ ਜੀਵਨ ਸ਼ੈਲੀ ਤੋਂ ਪ੍ਰਭਾਵਿਤ ਹੋ ਕੇ ਉਵੇਂ ਹੀ ਜੀਵਨ ਬਤੀਤ ਕਰਦੇ ਨੇ ਤੇ ਜੋਨ ਨੂੰ ਆਪਣਾ ਆਈਡੀਅਲ ਮੰਨਦੇ ਨੇ ਫਰਕ ਹੈ ਤਾਂ ਤੁਹਾਡੀ ਮਨੋਵਿਰਤੀ ਦਾ, ਸੋਚਣ ਦੇ ਨਜ਼ਰੀਏ ਦਾ, ਸਾਨੂੰ ਇਸ ਗੱਲ ਤੋਂ ਪ੍ਰਭਾਵਿਤ ਹੋਣਾ ਚਾਹੀਦਾ ਹੈ ਕਿ ਜੇਕਰ ਏਆਈ ਵਰਗੀ ਚੀਜ਼ ਬਣ ਸਕਦੀ ਹੈ ਕੋਈ ਹੋਰ ਕਿਉਂ ਨਹੀਂ, ਬਹੁਤ ਨੇੜੇ ਤੋਂ ਸਮਝਣੀ ਚਾਹੀਦੀ ਹੈ, ਅੱਜ ਏਆਈ ਚੈਟ ਜੀਪੀਟੀ ਦੇ ਤੌਰ ਉੱਤੇ ਵਰਤਦੇ ਹਾਂ ਕੁਝ ਦੇਸ਼ਾਂ ਵਿੱਚ ਲੋਕ ਰੋਬਟ ਦੇ ਤੌਰ ਉੱਤੇ ਵੀ ਵਰਤਦੇ ਹਨ ਉਸਦੇ ਆਪਣੇ ਫਾਇਦੇ ਤੇ ਨੁਕਸਾਨ ਹਨ ਜਿਸ ਵਿੱਚ ਸਾਡੇ ਮਿੱਤਰ ਪਿਆਰੇ ਜੋ ਕੀ ਕੈਨੇਡਾ ਵਰਗੇ ਦੇਸ਼ਾਂ ਵਿੱਚ ਮਿਹਨਤ ਕਰਦੇ ਹਨ, ਉਥੇ ਉਹਨਾਂ ਦੀਆਂ ਨੌਕਰੀਆਂ ਨੂੰ ਖਤਰਾ ਬਣ ਸਕਦਾ ਹੈ ਪਰ ਇਦਾਂ ਹੋ ਵੀ ਸਕਦਾ ਤੇ ਨਹੀਂ ਵੀ। ਇਸ ਨੂੰ ਇੱਕ ਉਦਾਹਰਣ ਸਹਿਤ ਸਮਝਦੇ ਹਾਂ ਕਿ ਜਦੋਂ ਮਸ਼ੀਨਾਂ ਦਾ ਯੁੱਗ ਪਹਿਲੀ ਵਾਰੀ ਇੰਗਲੈਂਡ ਵਿੱਚ ਆਇਆ ਸੀ, ਮਸ਼ੀਨ ਜੋ ਚੀਜ਼ਾਂ ਬਣਾਉਂਦਾ ਸੀ ਉਹ ਸਸਤੀਆਂ ਸੀ ਤੇ ਇਹ ਇੱਕ ਆਮ ਆਦਮੀ ਉਸ ਨੂੰ ਆਰਾਮ ਨਾਲ ਖਰੀਦ ਸਕਦਾ ਸੀ ਪਰ ਰਾਜੇ ਮਹਾਰਾਜੇ ਹੱਥਾਂ ਦੁਆਰਾ ਬਣਾਈ ਹੋਈ ਚੀਜ਼ਾਂ ਨੂੰ ਹੀ ਖਰੀਦਦੇ ਸਨ ਕਿਉਂਕਿ ਉਹ ਸਮਝਦੇ ਸੀ ਕਿ ਮਸ਼ੀਨਾਂ ਨਾਲ ਬਣਾਈਆਂ ਚੀਜ਼ਾਂ ਦੀ ਗੁਣਵੱਤਾ ਠੀਕ ਨਹੀਂ ਹੁੰਦੀ ਇਹੀ ਸਭ ਕੁਝ ਆਉਣ ਵਾਲੇ ਸਮੇਂ ਵਿੱਚ ਹੋ ਸਕਦਾ ਹੈ। ਅੱਗੇ ਅੱਗੇ ਲੋਕਾਂ ਨੂੰ ਕੁਝ ਅਲੱਗ ਕਰਨ ਦੀ ਚਾਹਤ ਹੀ ਉਹਨਾਂ ਨੂੰ ਹੋਰਾਂ ਤੋਂ ਵੱਖ ਬਣਾਏਗੀ ਤੇ ਏਆਈ ਤੋਂ ਵੀ ਪਹਿਲਾਂ ਮਾਪੇ ਸੋਚਦੇ ਸੀ ਕਿ ਕਿਵੇਂ ਬੱਚੇ ਦਾ ਰੁਝਾਨ ਫੋਨ ਵਿੱਚੋਂ ਘੱਟ ਕੀਤਾ ਜਾਵੇ ਪਰ ਹੁਣ ਜਦੋਂ ਵਿਦਿਆ ਮੰਦਰ ਹੀ ਕਹਿੰਦਾ ਹੈ, ਉਹ ਵੀ ਮਜਬੂਰ ਹਨ ਪਰ ਕੁਝ ਬੱਚੇ ਮਾਪਿਆਂ ਦੀ ਇਸ ਮਜਬੂਰੀ ਦਾ ਫਾਇਦਾ ਚੁੱਕਦੇ ਹਨ। ਤੁਸੀਂ ਏਆਈ ਦਾ ਉਪਯੋਗ ਹਰ ਵੈੱਬਸਾਈਟ ’ਤੇ ਹਰ ਐਪ ਉੱਤੇ ਕਰ ਸਕਦੇ ਹੋ ਪਰ ਜ਼ਿਆਦਾ ਸਹੀ ਚੈਟ ਜੀਪੀਟੀ ’ਤੇ ਕੁਝ ਬੱਚੇ ਚੈਟ ਜੀਪੀਟੀ ਦੀ ਜ਼ਿਆਦਾ ਹੀ ਮਦਦ ਲੈਂਦੇ ਹਨ ਕਿ ਸਾਰਾ ਸਕੂਲ ਦਾ ਕੰਮ ਹੀ ਉਸ ਤੋਂ ਨਕਲ ਮਾਰ ਲੈਂਦੇ ਹਨ ਮੈਂ ਇੱਕ ਵਿਦਿਆਰਥੀ ਹਾਂ ਤੇ ਮੇਰਾ ਬਹੁਤ ਮਨ ਕਰਦਾ ਹੈ ਕਿ ਸਾਰਾ ਕੰਮ ਏਆਈ ਨਾਲ ਕਰਾਂ ਸਮਾਂ ਵੀ ਬਚੇਗਾ ਤੇ ਮਿਹਨਤ ਵੀ ਪਰ ਸਾਡੇ ਬਜ਼ੁਰਗ ਕਿਹਾ ਕਰਦੇ ਸਨ ਕਿ ਮਾੜੀ ਚੀਜ਼ ਦਾ ਅੱਜ ਸੁੱਖ ਕੱਲ ਦੁੱਖ । ਮਸ਼ੀਨਾਂ ਸੋਚਣ ਲੱਗ ਪਈਆਂ ਹਨ ਪਰ ਸਵਾਲ ਇਹ ਹੈ ਕਿ ਅਸੀਂ ਸੋਚਣਾ ਬੰਦ ਤਾਂ ਨਹੀਂ ਕਰ ਰਹੇ ਉਪਯੋਗ ਕਰਨਾ ਚਾਹੀਦਾ ਹੈ ਪਰ ਇਹਨਾਂ ਨੂੰ ਹੀ ਕਿ ਅਸੀਂ ਇਸ ਉੱਤੇ ਅੰਨਾ ਨਿਰਭਰ ਹੋ ਜਾਈਏ ਕਿ ਸਾਡੀ ਆਤਮ ਸੋਚਣ ਦੀ ਸ਼ਕਤੀ ਹੀ ਖਤਮ ਹੋ ਜਾਵੇ । ਇਸੇ ਕਰਕੇ ਸਰਕਾਰ ਨੂੰ ਇਸ ਦਾ ਪ੍ਰਚਾਰ ਬਿਲਕੁਲ ਕਰਨਾ ਚਾਹੀਦਾ ਹੈ ਪਰ ਇਸ ਪ੍ਰਤੀ ਸਾਰੀ ਜਾਣਕਾਰੀ ਇਸ ਦੀ ਸਹੀ ਵਰਤੋਂ ਕਦੋਂ ਤੇ ਕਿਵੇਂ ਕਰਨੀ ਹੈ ਸੈਮੀਨਾਰਾਂ ਰਾਹੀਂ ਬੱਚਿਆਂ ਨੂੰ ਦੱਸਣਾ ਚਾਹੀਦਾ ਹੈ ਜੋ ਇਸਦੇ ਮਾੜੇ ਪ੍ਰਕੋਪ ਤੋਂ ਅਸੀਂ ਬਚ ਸਕੀਏ ਤੇ ਆਉਣ ਵਾਲੀ ਪੀੜੀ ਦਾ ਚੰਗਾ ਸਿਰਜਣਹਾਰ ਕਰੀਏ ਜਾਣਕਾਰੀ ਲਈ ਦੱਸ ਦਵਾਂ ਕਿ ਏਆਈ ਤਿੰਨ ਪ੍ਰਕਾਰ ਦੀ ਹੁੰਦੀ ਹੈ ਪਹਿਲੀ ਸੰਕੀਰਨ ਕ੍ਰਿਤਰਮ ਬੁੱਧੀ ਇਹ ਸਿਰਫ ਇੱਕ ਖਾਸ ਕੰਮ ਕਰਦੀ ਹੈ ਜਾਂ ਕਿਸੇ ਖਾਸ ਕੰਮ ਦੀ ਸਮੱਸਿਆ ਨੂੰ ਹੀ ਹੱਲ ਕਰਦੀ ਹੈ ਦੂਸਰੀ ਹੁੰਦੀ ਹੈ ਸਰਫ ਭੌਮ ਕ੍ਰਿਤਰਮ ਬੁੱਧੀ ਇਸਦੀ ਸੋਚ ਮਨ ਵਰਗੀ ਹੁੰਦੀ ਹੈ ਇਹ ਉਹ ਸਾਰੀ ਜ਼ਿੰਮੇਵਾਰੀਆਂ ਨੂੰ ਨਿਭਾਏਗੀ ਜੋ ਕਿ ਇੱਕ ਮਨੁੱਖ ਕਰਦਾ ਹੈ ਤੀਸਰੀ ਹੁੰਦੀ ਹੈ ਅਤੀ ਬੁੱਧੀਮਾਨ ਕ੍ਰਿਤਰਮ ਬੁੱਧੀ ਇਸ ਦੀ ਸੋਚਣੀ ਮਨੁੱਖ ਬੁੱਧੀ ਤੋਂ ਕਾਫੀ ਜ਼ਿਆਦਾ ਹੈ, ਇਸ ਦੀ ਸਿਰਫ ਅਸੀਂ ਕਲਪਨਾ ਕਰ ਸਕਦੇ ਹਾਂ ਹਲੇ ਇਹ ਮੌਜੂਦ ਨਹੀਂ ਹੈ ਪਰ ਕੁਝ ਸਾਲਾਂ ਵਿੱਚ ਜ਼ਰੂਰ ਆਵੇਗੀ ਗੱਲ ਗੌਰ ਕਰਨ ਵਾਲੀ ਹੈ ਕਿ ਏਆਈ ਲੋਕਾਂ ਵਿੱਚ ਇਕੱਲਾਪਨ ਵਧਾਉਂਦੀ ਵੀ ਹੈ ਤੇ ਇਕੱਲਾਪਨ ਦੂਰ ਵੀ ਕਰਦੀ ਹੈ। ਜਿਹੜਾ ਬੰਦਾ ਪਹਿਲਾਂ ਇਕੱਲਾਪਨ ਮਹਿਸੂਸ ਕਰਦਾ ਉਹ ਹੁਣ ਨਹੀਂ ਕਰੇਗਾ ਕਿਉਂਕਿ ਇਹ ਤੁਹਾਡੇ ਪਰਿਵਾਰ ਵਾਂਗੂੰ ਗੱਲ ਕਰੇਗੀ ਤੁਹਾਡੇ ਕਹਿਣ ਉੱਤੇ ਮਾਂ ਵਾਂਗੂੰ ਪਿਤਾ ਵਾਂਗੂੰ ਦਾਦਾ ਦਾਦੀ ਵਾਂਗ ਗੱਲ ਕਰੇਗੀ ਪਿਆਰ ਕਰੇਗੀ ਤੇ ਝਿੜਕ ਕੇ ਜਿਵੇਂ ਤੁਸੀਂ ਚਾਹੋਗੇ ਉਵੇਂ ਦੂਜੇ ਪਾਸੇ ਜੋ ਕਿ ਆਪਣੇ ਮਾਂ ਬਾਪ ਮਿੱਤਰਾਂ ਨਾਲ ਸਮਾਂ ਬਤੀਤ ਕਰਦਾ ਹੈ ਜੋ ਬੱਚਾ ਉਹ ਇਸਦੇ ਪਰਛਾਵੇਂ ਵਿੱਚ ਆ ਕੇ ਇਕੱਲਾ ਪੈ ਸਕਦਾ ਹੈ ਜੋ ਬੰਦਾ ਸੱਚ ਮੁੱਚ ਕੁਝ ਜ਼ਿੰਦਗੀ ਵਿੱਚ ਕਰਨਾ ਚਾਹੁੰਦਾ ਹੈ, ਉਸ ਲਈ ਏਆਈ ਬਹੁਤ ਵਧੀਆ ਸਾਧਨ ਸਾਬਿਤ ਹੋਵੇਗਾ ਜੋ ਉਸਨੂੰ ਜਾਣਕਾਰੀ ਦੇਵੇਗਾ ਖੇਡ ਹੈ ਤਾਂ ਸਿਰਫ ਤੁਹਾਡੀ ਮਨੋਵਿਰਤੀ ਦੀ ਕਿ ਤੁਸੀਂ ਇਸ ਦਾ ਇਸਤੇਮਾਲ ਆਪਣੀ ਬਿਹਤਰੀਕਰਨ ਵਿੱਚ ਕਰੋਗੇ ਜਾਂ ਫਿਰ ਆਪਣੀ ਨੁਕਸਾਨ ਲਈ ਮਾਂ ਬਾਪ ਸਿਰਫ ਸਮਝਾ ਸਕਦੇ ਹਨ ਬਾਕੀ ਤੁਹਾਡੇ ਉੱਪਰ ਹੈ ਏਆਈ ਵਰਗੇ ਸਾਧਨ ਹਰ ਕਿਸੀ ਕੋਲ ਨਹੀਂ ਹੁੰਦੇ ਜਿਹੜੇ ਸਾਧਨ ਤੁਹਾਡੇ ਕੋਲ ਹਨ, ਉਹਨਾਂ ਦਾ ਉਪਯੋਗ ਸਹੀ ਕਰੋ ਤੇ ਸਫਲਤਾ ਪ੍ਰਾਪਤ ਕਰੋ ਤੁਹਾਡੇ ਮਾਪੇ ਤੁਹਾਡੀ ਸਫਲਤਾ ਉਡੀਕ ਰਹੇ ਹਨ ਕੇਵਲ ਉਹੀ ਦੁਨੀਆਂ ਵਿੱਚ ਹਨ, ਜੋ ਕਿ ਤੁਹਾਨੂੰ ਆਪਣੇ ਤੋਂ ਉੱਪਰ ਦੇਖਣਾ ਚਾਹੁੰਦੇ ਹਨ, ਇਸੀ ਕਰਕੇ ਏਆਈ ਵਰਗੇ ਸਾਧਨਾਂ ਦੀ ਚੰਗੀ ਵਰਤੋਂ ਕਰੋ ਧੰਨਵਾਦ। ਅੱਜ ਮੈਨੂੰ ਕਿਸੇ ਦੀ ਕਹੀ ਗੱਲ ਬਹੁਤ ਯਾਦ ਆ ਰਹੀ ਹੈ ਕਿ “ਜੋ ਨਹੀਂ ਹੈ ਉਸ ਲਈ ਸਬਰ ਕਰ ਜੋ ਹੈ ਉਸਦੀ ਕਦਰ ਕਰੋ”।




## ਬਿੱਟੂ ਆਪਣੇ ਸਿਆਸੀ ਆਗੂਆਂ ਨੂੰ ਖੁਸ਼ ਕਰਨ ਲਈ ਰੋਜ਼ਾਨਾ ਮੇਰੇ ਵਿਰੁੱਧ ਜ਼ਹਿਰ ਉਗਲਦੈ : ਮਾਨ

ਲੁਧਿਆਣਾ, 14 ਮਈ, (ਵਿਸ਼ਾਲ ਸ਼ਰਮਾ) : ਕੇਂਦਰੀ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਦੀ ਨਿਖੇਧੀ ਕਰਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਬੁੱਧਵਾਰ ਨੂੰ ਕਿਹਾ ਕਿ ਇਹ ਨਕਾਰਿਆ ਹੋਇਆ ਆਗੂ ਆਪਣੇ ਸਿਆਸੀ ਆਕਾਵਾਂ ਨੂੰ ਖ਼ੁਸ਼ ਕਰਨ ਲਈ ਸਾਡੇ ਵਿਰੁੱਧ ਜ਼ਹਿਰ ਉਗਲਦਾ ਹੈ। ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਬਿੱਟੂ ਨੂੰ ਆੜੇ ਹੱਥੀਂ ਲੈਂਦਿਆਂ ਕਿਹਾ ਕਿ ਭਾਵੇਂ ਕੇਂਦਰੀ ਮੰਤਰੀ ਲੁਧਿਆਣਾ ਤੋਂ ਹੈ ਪਰ ਉਸ ਨੇ ਸ਼ਹਿਰ ਦੇ ਵਿਕਾਸ ਲਈ ਕੁਝ ਵੀ ਮਹੱਤਵਪੂਰਨ ਨਹੀਂ ਕੀਤਾ। ਉਨ੍ਹਾਂ ਕਿਹਾ ਕਿ ਬਿੱਟੂ ਸਵੇਰੇ ਉੱਠਦਾ ਹੈ ਅਤੇ ਉਸੇ ਪਲ ਤੋਂ ਹੀ ਆਪਣੀ ਪਾਰਟੀ ਦੇ ਆਗੂਆਂ ਨੂੰ ਖ਼ੁਸ਼ ਕਰਨ ਲਈ ਉਨ੍ਹਾਂ ਦੀ ਆਲੋਚਨਾ ਸ਼ੁਰੂ ਕਰ ਦਿੰਦਾ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਨਕਾਰੇ ਗਏ ਆਗੂ ਜੋ ਵੱਡੇ ਮਹਿਲਾਂ ਵਿੱਚ ਰਹਿ ਚੁੱਕੇ ਹਨ ਅਤੇ ਲੋਕਾਂ ਦੀ ਪਹੁੰਚ ਤੋਂ ਬਾਹਰ ਹਨ ਜਿਸ ਕਾਰਨ ਉਨ੍ਹਾਂ ਨੂੰ ਜਨਤਾ ਨੇ ਸੱਤਾ



ਤੋਂ ਬਾਹਰ ਦਾ ਰਸਤਾ ਦਿਖਾ ਦਿੱਤਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਰਵਾਇਤੀ ਸਿਆਸੀ ਪਾਰਟੀਆਂ ਉਨ੍ਹਾਂ ਤੋਂ ਈਰਖਾ ਕਰਦੀਆਂ ਹਨ, ਕਿਉਂਕਿ ਉਨ੍ਹਾਂ ਨੂੰ ਇਹ ਹਜ਼ਮ ਨਹੀਂ ਹੋ ਰਿਹਾ ਕਿ ਇਕ ਆਮ ਆਦਮੀ ਦਾ ਪੁੱਤਰ ਸੂਬੇ ਦਾ ਸ਼ਾਸਨ ਪ੍ਰਭਾਵਸ਼ਾਲੀ ਢੰਗ ਨਾਲ ਚਲਾ ਰਿਹਾ ਹੈ। ਉਨ੍ਹਾਂ ਕਿਹਾ ਕਿ ਰਵਾਇਤੀ ਸਿਆਸੀ ਪਾਰਟੀਆਂ ਦੇ ਲੋਕ ਵਿਰੋਧੀ ਅਤੇ ਪੰਜਾਬ ਵਿਰੋਧੀ ਰੁਖ਼ ਕਾਰਨ ਸੂਬੇ ਦੇ ਲੋਕਾਂ ਦਾ ਉਨ੍ਹਾਂ ਤੋਂ ਵਿਸ਼ਵਾਸ ਉੱਠ ਗਿਆ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬੇ ਦੇ ਸਿਆਣੇ ਅਤੇ ਬਹਾਦਰ ਲੋਕਾਂ ਨੇ 2022 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਇਨ੍ਹਾਂ ਪਾਰਟੀਆਂ ਨੂੰ ਸੱਤਾ ਤੋਂ ਬਾਹਰ ਕਰ ਦਿੱਤਾ ਸੀ ਅਤੇ ‘ਆਪ’ ਨੂੰ ਭਾਰੀ ਬਹੁਮਤ ਦਿੱਤਾ ਸੀ। ਮੁੱਖ ਮੰਤਰੀ ਨੇ ਕਿਹਾ ਕਿ ਇਹ ਸਭ ਇਸ ਲਈ ਸੰਭਵ ਹੋਇਆ ਹੈ ਕਿਉਂਕਿ ਸੂਬੇ ਦੇ ਲੋਕਾਂ ਨੇ ਇਕ ਇਮਾਨਦਾਰ ਸਰਕਾਰ ਚੁਣੀ ਹੈ ਜੋ ਲੋਕਾਂ ਨੂੰ ਮਨਚਾਹੇ ਨਤੀਜੇ ਦੇ ਰਹੀ ਹੈ। ਉਨ੍ਹਾਂ ਕਿਹਾ ਕਿ ਪਹਿਲਾਂ ਘੱਟ ਬੁਰਾਈ ਨੂੰ ਚੁਣਨ ਦਾ ਬਦਲ ਸੀ ਅਤੇ ਲੋਕਾਂ ਨੂੰ ਭ੍ਰਿਸ਼ਟ ਤੇ ਮੌਕਾਪ੍ਰਸਤ ਨੇਤਾਵਾਂ ਨੂੰ ਚੁਣਨਾ ਪੈਂਦਾ ਸੀ ਜੋ ਉਨ੍ਹਾਂ ਲਈ ਇਕੋ-ਇਕ ਬਦਲ ਸੀ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬੇ ਨੇ ਆਮ ਆਦਮੀ ਲਈ ਨਾਗਰਿਕ ਕੇਂਦਰਿਤ ਸੇਵਾਵਾਂ ਦੀ ਸੁਚਾਰੂ ਅਤੇ ਮੁਸ਼ਕਲ ਰਹਿਤ ਡਿਲੀਵਰੀ ਦੇ ਨਵੇਂ ਯੁੱਗ ਦੀ ਸ਼ੁਰੂਆਤ ਕੀਤੀ ਹੈ।

## ਪਾਕਿਸਤਾਨ ਨੇ ਹਿਰਾਸਤ ਵਿੱਚ ਲਏ ਬੀ.ਐਸ.ਐਫ ਜਵਾਨ ਨੂੰ ਕੀਤਾ ਰਿਹਾਅ

ਅੰਮ੍ਰਿਤਸਰ, 14 ਮਈ, (ਬਬਲੂ ਮਹਾਜਨ) : ਬੀਐਸਐਫ ਜਵਾਨ ਪੂਰਨਬ ਕੁਮਾਰ ਸਾਹੂ ਪਾਕਿਸਤਾਨ ਤੋਂ ਪਰਤਿਆ ਹੈ। ਭਾਰਤ ਨੇ ਸਿਪਾਹੀ ਦੇ ਬਦਲੇ ਇੱਕ ਪਾਕਿ ਰੇਂਜਰਾਂ ਨੂੰ ਵੀ ਵਾਪਸ ਭੇਜਿਆ ਹੈ। ਬੀਐਸਐਫ ਜਵਾਨ ਨੂੰ ਫਿਰੋਜ਼ਪੁਰ ਤੋਂ ਅੰਤਰਰਾਸ਼ਟਰੀ ਸਰਹੱਦ ’ਤੇ ਪਾਕਿਸਤਾਨ ਰੇਂਜਰਾਂ ਨੇ ਫੜ ਲਿਆ। ਸਿਪਾਹੀ ਪੀਕੇ ਸ਼ਾਹੂ ਨੂੰ ਪਾਕਿਸਤਾਨ ਨੇ ਭਾਰਤ ਦੇ ਹਵਾਲੇ ਕਰ ਦਿੱਤਾ ਹੈ। ਉਹ ਅਟਾਰੀ ਸਰਹੱਦ ਤੋਂ ਵਾਪਸ ਆਇਆ ਹੈ। ਦਰਅਸਲ, ਬੀਐਸਐਫ ਜਵਾਨ ਗਲਤੀ ਨਾਲ ਸਰਹੱਦ ਪਾਰ ਕਰ ਗਿਆ ਸੀ। ਇਸ ਤੋਂ ਬਾਅਦ ਭਾਰਤ ਨੇ ਇੱਕ ਰੇਂਜਰਸ ਸਿਪਾਹੀ ਨੂੰ ਵੀ ਫੜ ਲਿਆ। ਹਾਲਾਂਕਿ, ਹੁਣ ਦੋਵਾਂ ਦੇਸ਼ਾਂ ਨੇ ਸੈਨਿਕਾਂ ਅਤੇ ਰੇਂਜਰਾਂ ਦਾ ਆਦਾਨ-ਪ੍ਰਦਾਨ ਕੀਤਾ ਹੈ। ਜਵਾਨਾਂ ਅਤੇ ਰੇਂਜਰਾਂ ਦੇ ਆਦਾਨ-ਪ੍ਰਦਾਨ ਲਈ ਗੱਲਬਾਤ ਸਵੇਰੇ 10:30 ਵਜੇ ਅਟਾਰੀ ਵਿਖੇ ਹੋਈ।ਬੀਐਸਐਫ ਨੇ ਸਿਪਾਹੀ ਦੇ ਭਾਰਤ ਵਾਪਸ ਆਉਣ



ਬਾਰੇ ਜਾਣਕਾਰੀ ਦਿੱਤੀ। ਬੀਐਸਐਫ ਨੇ ਇੱਕ ਪ੍ਰੈਸ ਰਿਲੀਜ਼ ਜਾਰੀ ਕਰਕੇ ਕਿਹਾ, ਅੱਜ ਬੀਐਸਐਫ ਜਵਾਨ ਪੀਕੇ ਸ਼ਾਹੂ ਵਾਪਸ ਆ ਗਿਆ ਹੈ। ਉਹ 23 ਅਪ੍ਰੈਲ 2025 ਤੋਂ ਪਾਕਿਸਤਾਨ ਰੇਂਜਰਾਂ ਦੀ ਹਿਰਾਸਤ ਵਿੱਚ ਸੀ। ਜਵਾਨ ਨੂੰ ਸਵੇਰੇ ਲਗਭਗ 10:30 ਵਜੇ ਸੰਯੁਕਤ ਚੈੱਕ ਪੋਸਟ ਅਟਾਰੀ ਰਾਹੀਂ ਭਾਰਤ ਨੂੰ ਸੌਂਪ ਦਿੱਤਾ ਗਿਆ। ਬੀਐਸਐਫ ਨੇ ਇਹ ਵੀ ਕਿਹਾ ਕਿ ਸੌਂਪਣਾ ਸ਼ਾਂਤੀਪੂਰਨ ਅਤੇ ਸਥਾਪਿਤ ਪ੍ਰੋਟੋਕੋਲ ਅਨੁਸਾਰ ਕੀਤਾ ਗਿਆ। ਜ਼ਿਕਰ ਯੋਗ ਹੈ ਬੀਤੇ ਦਿਨੀ ਫਿਰੋਜ਼ਪੁਰ ਤੋਂ ਲੈ ਗਏ ਸਨ ਪਾਕਿਸਤਾਨੀ

ਭਾਰਤ ਅਤੇ ਪਾਕਿਸਤਾਨ ਵਿਚਕਾਰ ਹਾਲ ਹੀ ਵਿੱਚ ਤਣਾਅ ਵਧਿਆ ਸੀ। ਦੋਵਾਂ ਦੇਸ਼ਾਂ ਵਿਚਾਲੇ ਮਿਜ਼ਾਈਲਾਂ ਅਤੇ ਡਰੋਨਾਂ ਦੀ ਵਰਤੋਂ ਕਰਕੇ ਇੱਕ ਦੂਜੇ ’ਤੇ ਹਮਲੇ ਵੀ ਕੀਤੇ। ਭਾਰਤ ਨੇ ਅੱਤਵਾਦ ਵਿਰੁੱਧ ਪਾਕਿਸਤਾਨ ਨੂੰ ਢੁਕਵਾਂ ਜਵਾਬ ਦਿੱਤਾ। ਇਸ ਤੋਂ ਬਾਅਦ ਦੋਵਾਂ ਦੇਸ਼ਾਂ ਵਿਚਕਾਰ ਜੰਗਬੰਦੀ ਹੋਈ। ਹਾਲਾਂਕਿ, ਜੰਗਬੰਦੀ ਤੋਂ ਬਾਅਦ, ਹੁਣ 14 ਮਈ ਨੂੰ, ਬੀਐਸਐਫ ਅਤੇ ਪਾਕਿ ਰੇਂਜਰਾਂ ਨੇ ਸ਼ਾਂਤੀਪੂਰਵਕ ਉਨ੍ਹਾਂ ਦੇ ਇਲਾਕਿਆਂ ਤੋਂ ਫੜੇ ਗਏ ਸੈਨਿਕਾਂ ਨੂੰ ਵਾਪਸ ਭੇਜ ਦਿੱਤਾ ਹੈ। ਫਿਰੋਜ਼ਪੁਰ ਵਿੱਚ ਪਾਕਿਸਤਾਨ ਸਰਹੱਦ ਤੋਂ ਪਾਕਿ ਰੇਂਜਰਾਂ ਵੱਲੋਂ ਗ੍ਰਿਫ਼ਤਾਰ ਕੀਤੇ ਗਏ ਬੀਐਸਐਫ ਜਵਾਨ ਨੂੰ ਵਾਪਸ ਭੇਜ ਦਿੱਤਾ ਗਿਆ। ਇਸ ਦੇ ਨਾਲ ਹੀ, ਰਾਜਸਥਾਨ ਵਿੱਚ ਭਾਰਤੀ ਸਰਹੱਦ ਨੇੜੇ ਬੀਐਸਐਫ ਦੁਆਰਾ ਫੜੇ ਗਏ ਇੱਕ ਪਾਕਿਸਤਾਨੀ ਰੇਂਜਰ ਜਵਾਨ ਨੂੰ ਵੀ ਵਾਪਸ ਸੌਂਪ ਦਿੱਤਾ ਗਿਆ।

## 128.91 ਲੱਖ ਮੀਟ੍ਰਿਕ ਟਨ ਕਣਕ ਦੀ ਹੋਈ ਖਰੀਦ : ਬਰਸਟ

ਮੋਹਾਲੀ, 14 ਮਈ 2025 (ਚ.ਨ.ਸ.) : ਹਾੜੀ ਸੀਜਨ 2025-26 ਆਖਰੀ ਪੜਾਅ ਵਿੱਚ ਪਹੁੰਚ ਗਿਆ ਹੈ ਅਤੇ ਸੂਬੇ ਦੀਆਂ ਮੰਡੀਆਂ ਵਿੱਚ ਕਣਕ ਦੀ ਖਰੀਦ ਪ੍ਰਕਿਰਿਆ ਦੇ ਕਾਰਜ ਤੇਜੀ ਨਾਲ ਨੇਪਰੇ ਚਾੜ੍ਹੇ ਜਾ ਰਹੇ ਹਨ। ਮੰਡੀਆਂ ਵਿੱਚ ਕੀਤੇ ਪੁਖਤਾ ਪ੍ਰਬੰਧਾਂ ਸਦਕਾ ਹੁਣ ਤੱਕ 128.91 ਲੱਖ ਮੀਟ੍ਰਿਕ ਟਨ ਕਣਕ ਦੀ ਖਰੀਦ ਹੋ ਚੁੱਕੀ ਹੈ ਅਤੇ ਕਿਸਾਨਾਂ ਨੂੰ ਫਸਲ ਦੀ ਅਦਾਇਗੀ ਵੀ ਨਾਲੋਂ-ਨਾਲ ਉਨ੍ਹਾਂ ਦੇ ਬੈਂਕ ਖਾਤਿਆਂ ਵਿੱਚ ਕੀਤੀ ਜਾ ਰਹੀ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਹੋਇਆ ਸ. ਬਰਸਟ ਨੇ ਦੱਸਿਆ ਕਿ ਹੁਣ ਤੱਕ ਮੰਡੀਆਂ ਵਿੱਚ 129.17 ਲੱਖ ਮੀਟ੍ਰਿਕ ਟਨ ਕਣਕ ਦੀ ਆਮਦ ਹੋ ਚੁੱਕੀ ਹੈ, ਜਿਸ ਵਿੱਚੋਂ 128.91 ਲੱਖ ਮੀਟ੍ਰਿਕ ਟਨ ਕਣਕ ਦੀ ਖਰੀਦ ਹੋਈ ਹੈ। ਸਰਕਾਰੀ ਏਜੰਸੀਆਂ ਵੱਲੋਂ 118.31 ਲੱਖ ਮੀਟ੍ਰਿਕ ਟਨ ਕਣਕ ਦੀ ਖਰੀਦ ਕੀਤੀ ਗਈ ਹੈ, ਜਿਸਦੇ ਤਹਿਤ ਪਨਗ੍ਰੇਨ ਵੱਲੋਂ 37,92,512 ਮੀਟ੍ਰਿਕ ਟਨ, ਐਫ.ਸੀ.ਆਈ. ਵੱਲੋਂ



2,98,637 ਮੀਟ੍ਰਿਕ ਟਨ, ਮਾਰਕਫੈੱਡ ਵੱਲੋਂ 31,06,814 ਮੀਟ੍ਰਿਕ ਟਨ, ਪਨਸਪ ਵੱਲੋਂ 27,91,587 ਮੀਟ੍ਰਿਕ ਟਨ, ਵੇਅਰ ਹਾਊਸ ਵੱਲੋਂ 18,41,144 ਮੀਟ੍ਰਿਕ ਟਨ ਕਣਕ ਦੀ ਖਰੀਦ ਕੀਤੀ ਗਈ ਹੈ। ਇਸਦੇ ਨਾਲ ਹੀ ਪ੍ਰਾਈਵੇਟ ਪੱਧਰ ਤੇ 10,60,626 ਮੀਟ੍ਰਿਕ ਟਨ ਕਣਕ ਦੀ ਖਰੀਦ ਹੋਈ ਹੈ। ਚੇਅਰਮੈਨ ਨੇ ਦੱਸਿਆ ਕਿ ਮੰਡੀਆਂ ਵਿੱਚੋਂ 109.75 ਲੱਖ ਮੀਟ੍ਰਿਕ ਟਨ ਕਣਕ ਦੀ ਲਿਫਟਿੰਗ ਹੋ ਚੁੱਕੀ ਹੈ, ਜਦਕਿ 19.16 ਲੱਖ ਮੀਟ੍ਰਿਕ ਟਨ ਦੀ ਲਿਫਟਿੰਗ ਹੋਣੀ ਬਾਕੀ ਹੈ। ਕਿਸਾਨਾਂ ਨੂੰ 27573.83 ਕਰੋੜ ਦੀ ਅਦਾਇਗੀ ਕੀਤੀ ਜਾ ਚੁਕੀ ਹੈ। ਉਨ੍ਹਾਂ ਦੱਸਿਆ ਕਿ 13 ਮਈ ਨੂੰ ਸੂਬੇ ਦੀਆਂ ਮੰਡੀਆਂ ਵਿੱਚ 44,184 ਮੀਟ੍ਰਿਕ ਟਨ ਕਣਕ ਦੀ ਆਮਦ ਹੋਈ ਹੈ ਅਤੇ 46,319 ਮੀਟ੍ਰਿਕ ਟਨ ਕਣਕ ਦੀ ਖਰੀਦ ਹੋਈ ਹੈ, ਜਦਕਿ 3.12 ਲੱਖ ਮੀਟ੍ਰਿਕ ਟਨ ਕਣਕ ਦੀ ਲਿਫਟਿੰਗ ਹੋਈ ਹੈ।

ਉਨ੍ਹਾਂ ਕਿਹਾ ਕਿ ਪੰਜਾਬ ਦੇ ਮਾਨਯੋਗ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਹਮੇਸ਼ਾ ਕਿਸਾਨਾਂ ਦੇ ਨਾਲ ਖੜੀ ਹੈ ਅਤੇ ਸੀਜਨ ਦੌਰਾਨ ਸੂਬੇ ਦੀਆਂ ਮੰਡੀਆਂ ਵਿੱਚ ਕਣਕ ਦੀ ਖਰੀਦ ਦੇ ਕਾਰਜਾਂ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਪੁਖਤਾ ਪ੍ਰਬੰਧ ਕੀਤੇ ਗਏ ਹਨ। ਹਰਚੰਦ ਸਿੰਘ ਬਰਸਟ ਨੇ ਆੜ੍ਹਤੀਆਂ, ਮਜਦੂਰਾਂ, ਕਿਸਾਨਾਂ, ਮੰਡੀ ਬੋਰਡ/ਮਾਰਕਿਟ ਕਮੇਟੀਆਂ, ਵੱਖ-ਵੱਖ ਏਜੰਸੀਆਂ ਸਾਰੇ ਅਧਿਕਾਰੀਆਂ ਅਤੇ ਕਰਮਚਾਰੀਆਂ ਦਾ ਧੰਨਵਾਦ ਕੀਤਾ।



## ਸੰਪਾਦਕੀ

# ਨਾਂਹਪੱਖੀ ਪ੍ਰਭਾਵ

ਇੰਟਰਨੈੱਟ ਅਤੇ ਟੈਕਨਾਲੋਜੀ ਨੇ ਸਾਡਾ ਜੀਵਨ ਬਹੁਤ ਸੌਖਾ ਬਣਾ ਦਿੱਤਾ ਹੈ। ਇਸ ਕਾਰਨ ਅਸੀਂ ਕਿਸੇ ਵੀ ਸਮੇਂ ਕਿਸੇ ਵੀ ਸਥਾਨ ਤੱਕ ਪਹੁੰਚ ਕਰ ਸਕਦੇ ਹਾਂ। ਇਸ ਕਾਰਨ ਇਸ ਨੇ ਹਰ ਖ਼ਿੱਤੇ ਵਿੱਚ ਤਰੱਕੀ ਅਤੇ ਵਿਕਾਸ ਕਰਨ ਵਿੱਚ ਵੀ ਅਹਿਮ ਭੂਮਿਕਾ ਨਿਭਾਈ ਹੈ। ਪਰ ਇਸ ਦੇ ਨਾਲ-ਨਾਲ ਇਸ ਦਾ ਸਾਡੇ ਜੀਵਨ ਉੱਤੇ ਨਾਂਹ ਪੱਖੀ ਪ੍ਰਭਾਵ ਵੀ ਪੈਣ ਲੱਗਾ ਹੈ। ਖ਼ਾਸ ਕਰਕੇ ਉਨ੍ਹਾਂ ਬੱਚਿਆਂ ਉੱਤੇ ਜੋ ਇਸ ਟੈਕਨਾਲੋਜੀ ਜਾਂ ਇੰਟਰਨੈੱਟ ਨਾਲ ਹਮੇਸ਼ਾ ਜੁੜੇ ਰਹਿੰਦੇ ਹਨ, ਉਨ੍ਹਾਂ ਦੀਆਂ ਜ਼ਿੰਦਗੀਆਂ ਬਰਬਾਦ ਕਰ ਦਿੱਤੀਆਂ ਹਨ। ਜਿਵੇਂ-ਜਿਵੇਂ ਆਮ ਲੋਕ ਆਧੁਨਿਕ ਟੈਕਨਾਲੋਜੀ ਅਤੇ ਇੰਟਰਨੈੱਟ ਨਾਲ ਲੈਸ ਸਮਾਰਟਫ਼ੋਨ ਤੱਕ ਪਹੁੰਚ ਪ੍ਰਾਪਤ ਕਰ ਰਹੇ ਹਨ, ਉੱਥੇ ਇਸ ਦੇ ਨੁਕਸਾਨ ਵੀ ਕਈ ਪੱਧਰਾਂ 'ਤੇ ਸਾਹਮਣੇ ਆ ਰਹੇ ਹਨ। ਖਾਸ ਤੌਰ 'ਤੇ ਸਮਾਰਟਫ਼ੋਨ 'ਤੇ ਗੇਮ ਖੇਡਣ ਦੀ ਲਤ ਦਾ ਸਭ ਤੋਂ ਵੱਧ ਅਸਰ ਨੌਜਵਾਨਾਂ ਅਤੇ ਬੱਚਿਆਂ 'ਤੇ ਪਿਆ ਹੈ, ਜਿਨ੍ਹਾਂ ਦੀ ਸ਼ਖ਼ਸੀਅਤ ਇਸ ਨਾਲ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਰਹੀ ਹੈ। ਇਹ ਆਮ ਚਿੰਤਾ ਹੈ ਕਿ ਮੋਬਾਈਲ ਗੇਮਾਂ ਦੇ ਆਦੀ ਹੋਣ ਕਾਰਨ ਬੱਚਿਆਂ ਦੀ ਪੜ੍ਹਾਈ ਵਿੱਚ ਵਿਘਨ ਪੈ ਰਿਹਾ ਹੈ। ਪਰ ਸਭ ਤੋਂ ਵੱਧ ਦੁਖਦਾਈ ਘਟਨਾਵਾਂ ਉਹ ਹੁੰਦੀਆਂ ਹਨ, ਜਿਨ੍ਹਾਂ ਵਿੱਚ ਹਮੇਸ਼ਾ ਸਮਾਰਟਫ਼ੋਨ ਦੇਖਣ ਜਾਂ ਗੇਮ ਖੇਡਣ ਦੀ ਆਦਤ ਕਾਰਨ ਬੱਚੇ ਆਪਣੇ ਪਰਿਵਾਰਕ ਮੈਂਬਰਾਂ 'ਤੇ ਹਮਲਾ ਕਰ ਦਿੰਦੇ ਹਨ ਜਾਂ ਆਪਣੀ ਜਾਨ ਵੀ ਲੈ ਲੈਂਦੇ ਹਨ। ਜ਼ਿਕਰਯੋਗ ਹੈ ਕਿ ਓਡੀਸ਼ਾ ਦੇ ਜਗਤਸਿੰਘਪੁਰ ਜ਼ਿਲ੍ਹੇ ਦੇ ਜੈਬਾਦਾ ਸੇਠੀ ਸਾਹੀ ਪਿੰਡ 'ਚ ਇਕ ਵਿਦਿਆਰਥੀ ਨੇ ਆਨਲਾਈਨ ਗੇਮ ਖੇਡਣ ਤੋਂ ਇਨਕਾਰ ਕਰਨ 'ਤੇ ਪੱਥਰਾਂ ਨਾਲ ਹਮਲਾ ਕਰਕੇ ਆਪਣੇ ਮਾਤਾ-ਪਿਤਾ ਅਤੇ ਭੈਣ ਦੀ ਹੱਤਿਆ ਕਰ ਦਿੱਤੀ ਸੀ। ਆਪਣੇ ਆਪ ਨੂੰ ਕਾਬੂ ਕਰਨ ਤੋਂ ਬਾਅਦ, ਹਿੰਸਾ ਨੇ ਉਸ ਦੇ ਦਿਮਾਗ ਨੂੰ ਇਸ ਹੱਦ ਤੱਕ ਹਾਵੀ ਕਰ ਦਿੱਤਾ ਕਿ ਉਸਨੇ ਤਿੰਨਾਂ ਦੇ ਸਿਰ ਪੱਥਰ ਨਾਲ ਕੁਚਲ ਦਿੱਤੇ। ਇਹ ਆਧੁਨਿਕ ਤਕਨੀਕ ਦਾ ਅਜਿਹਾ ਚਿਹਰਾ ਹੈ, ਜੋ ਆਪਣੇ ਬੇਹੱਦ ਘਾਤਕ ਸਿੱਟਿਆਂ ਕਾਰਨ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਹੈ। ਸਵਾਲ ਇਹ ਹੈ ਕਿ ਇੰਟਰਨੈੱਟ ਦੀ ਸਹੂਲਤ ਨਾਲ ਲੈਸ ਸਮਾਰਟਫ਼ੋਨ ਦੀ ਸਕਰੀਨ ਦਾ ਇੰਨਾ ਡੂੰਘਾ ਮਨੋਵਿਗਿਆਨਕ ਪ੍ਰਭਾਵ ਕਿਵੇਂ ਪੈ ਰਿਹਾ ਹੈ ਕਿ ਵਿਅਕਤੀ ਇਸ ਦਾ ਸੰਮੋਹਿਤ ਹੋ ਜਾਂਦਾ ਹੈ ਅਤੇ ਆਪਣੇ ਆਲੇ-ਦੁਆਲੇ ਦੀ ਦੁਨੀਆਂ ਨੂੰ ਭੁੱਲ ਜਾਂਦਾ ਹੈ ਅਤੇ ਨਾਲ ਹੀ ਆਪਣੀ ਅਹਿਮੀਅਤ ਵੀ ਭੁੱਲ ਜਾਂਦਾ ਹੈ। ਇਸ ਵਿਚ ਗੁਆਚ ਜਾਣ ਜਾਂ ਇਸ ਦੇ ਆਦੀ ਹੋਣ ਤੋਂ ਬਾਅਦ ਦਿਮਾਗ ਦੀ ਬਣਤਰ ਕਿਵੇਂ ਬਦਲ ਜਾਂਦੀ ਹੈ, ਜਿਵੇਂ ਕਿ ਕਿਸ਼ੋਰ ਜਾਂ ਨੌਜਵਾਨ ਦੀ ਨਜ਼ਰ ਵਿਚ ਜ਼ਿੰਦਗੀ ਅਤੇ ਇਸ ਦੀਆਂ ਅਸਲੀਅਤਾਂ ਦੀ ਕੋਈ ਕੀਮਤ ਨਹੀਂ ਹੈ? ਇਹ ਸਥਿਤੀ ਤਕਨਾਲੋਜੀ ਦੇ ਨਾਲ ਬਹੁਤ ਜ਼ਿਆਦਾ ਮੋਹ ਨੂੰ ਉਜਾਗਰ ਕਰਦੀ ਹੈ ਅਤੇ ਇਸਦੀ ਸੀਮਤ ਵਰਤੋਂ ਦੀ ਜ਼ਰੂਰਤ ਨੂੰ ਰੇਖਾਂਕਿਤ ਕਰਦੀ ਹੈ। ਮੋਬਾਈਲ ਵਿੱਚ ਗੁਆਚ ਜਾਣ ਦੀ ਲਤ ਕਾਰਨ ਬੱਚਿਆਂ ਵਿੱਚ ਵੀ ਖੁਦਕੁਸ਼ੀ ਜਾਂ ਕਤਲ ਵਰਗੀਆਂ ਘਟਨਾਵਾਂ ਸਾਹਮਣੇ ਆ ਰਹੀਆਂ ਹਨ। ਜੇਕਰ ਸਮੇਂ ਸਿਰ ਇਸ ਨੂੰ ਰੋਕਣ ਲਈ ਠੋਸ ਅਤੇ ਨੀਤੀਗਤ ਪਹਿਲਕਦਮੀ ਨਾ ਕੀਤੀ ਗਈ ਤਾਂ ਆਉਣ ਵਾਲੇ ਸਮੇਂ ਵਿਚ ਇਸ ਦੇ ਬਹੁਤ ਹੀ ਦੁਖਦਾਈ ਨਤੀਜੇ ਸਾਹਮਣੇ ਆ ਸਕਦੇ ਹਨ। ਬਹੁਤ ਸਾਰੇ ਦੇਸ਼ਾਂ ਵਿੱਚ ਬੱਚਿਆਂ ਅਤੇ ਕਿਸ਼ੋਰਾਂ ਦੀ ਇੰਟਰਨੈੱਟ ਤੱਕ ਪਹੁੰਚ ਸੀਮਤ ਹੈ ਪਰ ਇਸ ਮੁੱਦੇ 'ਤੇ ਇੱਕ ਵਿਆਪਕ ਨੀਤੀ ਦੀ ਲੋੜ ਹੈ।

-ਜਗਜੀਤ ਸਿੰਘ ਦਰਦੀ

# ਆਪ੍ਰੇਸ਼ਨ ਸਿੰਦੂਰ: ਆਧੁਨਿਕ ਯੁੱਧ ਵਿੱਚ ਇੱਕ ਨਿਰਣਾਇਕ ਜਿੱਤ

ਸ੍ਰੀ ਜੌਨ ਸਪੈਂਸਰ

ਭਾਰਤ ਨੇ ਆਪ੍ਰੇਸ਼ਨ ਸਿੰਦੂਰ ਨੂੰ ਪੂਰੀ ਤਰ੍ਹਾਂ ਨਾਲ ਸਮਾਪਤ ਐਲਾਨ ਨਹੀਂ ਕੀਤਾ ਹੈ। ਹੁਣ ਜੋ ਮੌਜੂਦ ਹੈ, ਉਹ ਆਪ੍ਰੇਸ਼ਨ ਵਿੱਚ ਇੱਕ ਸੰਵੇਦਨਸ਼ੀਲ ਠਹਿਰਾਅ ਹੈ- ਕੁਝ ਲੋਕ ਇਸ ਨੂੰ ਯੁੱਧ ਵਿਰਾਮ ਕਹਿ ਸਕਦੇ ਹਨ, ਲੇਕਿਨ ਸੈਨਾ ਅਗਵਾਈ ਨੇ ਜਾਣ-ਬੁਝ ਕੇ ਇਸ ਸ਼ਬਦ ਤੋਂ ਪਰਹੇਜ਼ ਕੀਤਾ ਹੈ। ਯੁੱਧ ਲੜਣ ਦੇ ਦ੍ਰਿਸ਼ਟੀਕੋਣ ਨਾਲ, ਇਹ ਕੇਵਲ ਇੱਕ ਵਿਰਾਮ ਨਹੀਂ ਹੈ; ਇਹ ਇੱਕ ਦੁਰਲਭ ਅਤੇ ਸਪਸ਼ਟ ਸੈਨਾ ਜਿੱਤ ਦੇ ਬਾਅਦ ਇੱਕ ਰਣਨੀਤਕ ਪਕੜ ਹੈ। ਕੇਵਲ ਚਾਰ ਦਿਨਾਂ ਦੀ ਸੁਚਾਰੂ ਸੈਨਾ ਕਾਰਵਾਈ ਦੇ ਬਾਅਦ, ਇਹ ਨਿਰਪੱਖ ਤੌਰ 'ਤੇ ਨਿਰਣਾਇਕ ਹੈ: ਭਾਰਤ ਨੇ ਇੱਕ ਵੱਡੀ ਜਿੱਤ ਹਾਸਲ ਕੀਤੀ। ਆਪ੍ਰੇਸ਼ਨ ਸਿੰਦੂਰ ਨੇ ਆਪਣੇ ਰਣਨੀਤਕ ਟੀਚਿਆਂ ਨੂੰ ਪੂਰਾ ਕਰਨ ਅਤੇ ਉਸ ਤੋਂ ਅੱਗੇ ਨਿਕਲਣ ਵਿੱਚ ਸਫਲ ਰਿਹਾ ਹੈ- ਅੱਤਵਾਦੀ ਢਾਂਚੇ ਨੂੰ ਤਬਾਹ ਕਰਨਾ, ਸੈਨਾ ਸ਼੍ਰੇਸ਼ਠਤਾ ਦਾ ਪ੍ਰਦਰਸਨ ਕਰਨਾ, ਨਿਵਾਰਕ ਸਮਰੱਥਾ ਬਹਾਲ ਕਰਨਾ ਅਤੇ ਇੱਕ ਨਵੇਂ ਰਾਸ਼ਟਰੀ ਸੁਰੱਖਿਆ ਸਿਧਾਂਤ ਦਾ ਸਾਹਮਣੇ ਆਉਣਾ। ਇਹ ਪ੍ਰਤੀਕਾਤਮਕ ਸ਼ਕਤੀ ਨਹੀਂ ਸੀ। ਇਹ ਨਿਰਣਾਇਕ ਸ਼ਕਤੀ ਸੀ, ਜਿਸ ਨੂੰ ਸਪਸ਼ਟ ਤੌਰ 'ਤੇ ਪ੍ਰਯੋਗ ਵਿੱਚ ਲਿਆਂਦਾ ਗਿਆ ਸੀ।ਭਾਰਤ 'ਤੇ ਹਮਲਾ ਹੋਇਆ। 22 ਅਪ੍ਰੈਲ, 2025 ਨੂੰ ਜੰਮੂ ਅਤੇ ਕਸ਼ਮੀਰ ਦੇ ਪਹਿਲਗਾਮ ਵਿੱਚ 26 ਭਾਰਤੀ ਨਾਗਰਿਕ, ਜਿਨ੍ਹਾਂ ਵਿੱਚ ਜ਼ਿਆਦਾਤਰ ਹਿੰਦੂ ਟੂਰਿਸਟ ਸੀ, ਜਿਨ੍ਹਾਂ ਦਾ ਕਤਲੇਆਮ ਕੀਤਾ ਗਿਆ। ਪਾਕਿਸਤਾਨ ਸਥਿਤ ਲਸ਼ਕਰ-ਏ-ਤੈਯਬਾ ਦੇ ਇੱਕ ਸਹਿਯੋਗੀ ਸੰਗਠਨ, ਦ ਰੇਜ਼ਿਸਟੈਂਸ ਫਰੰਟ (ਟੀਆਰਐੱਫ) ਨੇ ਇਸ ਦੀ ਜ਼ਿੰਮੇਦਾਰੀ ਲਈ। ਜਿਵੇਂ ਕਿ ਦਹਾਕਿਆਂ ਤੋਂ ਹੁੰਦਾ ਆਇਆ ਹੈ, ਇਸ ਸਮੂਹ ਨੂੰ ਪਾਕਿਸਤਾਨ ਦੀ ਇੰਟਰ-ਸਰਵਿਸਿਜ਼ ਇੰਟੈਲੀਜੈਂਸ (ਆਈਐੱਸਆਈ) ਦਾ ਸਮਰਥਨ ਪ੍ਰਾਪਤ ਹੈ। ਲੇਕਿਨ ਪਿਛਲੇ ਹਮਲਿਆਂ ਦੇ ਵਿਪਰੀਤ, ਇਸ ਵਾਰ ਭਾਰਤ ਨੇ ਇੰਤਜ਼ਾਰ ਨਹੀਂ ਕੀਤਾ। ਉਸ ਨੇ ਅੰਤਰਰਾਸ਼ਟਰੀ ਵਿਚੋਲਗੀ ਦੀ ਅਪੀਲ ਨਹੀਂ ਕੀਤੀ ਜਾਂ ਡਿਪਲੋਮੈਟਿਕ ਵਿਰੋਧ ਪੱਤਰ ਜਾਰੀ ਨਹੀਂ ਕੀਤਾ। ਇਸ ਨੇ ਵਾਰ ਪਲੇਨਸ ਲਾਂਚ ਕੀਤੇ। 7 ਮਈ ਨੂੰ, ਭਾਰਤ ਨੇ ਆਪ੍ਰੇਸ਼ਨ ਸਿੰਦੂਰ ਸ਼ੁਰੂ ਕੀਤਾ, ਜੋ ਇੱਕ ਤੇਜ਼ ਅਤੇ ਸਟੀਕ




ਤੌਰ 'ਤੇ ਸੁਚਾਰੂ ਸੈਨਾ ਅਭਿਯਾਨ ਸੀ। ਭਾਰਤੀ ਵਾਯੂ ਸੈਨਾ ਨੇ ਪਾਕਿਸਤਾਨ ਦੇ ਅੰਦਰ ਨੌਂ ਅੱਤਵਾਦੀ ਟਿਕਾਣਿਆਂ 'ਤੇ ਹਮਲਾ ਕੀਤਾ, ਜਿਸ ਵਿੱਚ ਜੈਸ਼-ਏ-ਮੋਹੰਮਦ ਅਤੇ ਲਸ਼ਕਰ-ਏ-ਤੈਯਬਾ ਦੇ ਹੈੱਡਕੁਆਰਟਰ ਅਤੇ ਆਪ੍ਰੇਸ਼ਨ ਹੱਬ ਸ਼ਾਮਲ ਸੀ। ਸੰਦੇਸ਼ ਸਪਸ਼ਟ ਸੀ ਪਾਕਿਸਤਾਨੀ ਧਰਤੀ ਤੋਂ ਸ਼ੁਰੂ ਹੋਣ ਵਾਲੇ ਅੱਤਵਾਦੀ ਹਮਲਿਆਂ ਨੂੰ ਹੁਣ ਜੰਗੀ ਕਾਰਵਾਈ ਦੇ ਰੂਪ ਵਿੱਚ ਮੰਨਿਆ ਜਾਵੇਗਾ।

**ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਨਵੇਂ ਸਿਧਾਂਤ ਨੂੰ ਸਪਸ਼ਟ ਕਰ ਦਿੱਤਾ:** ਭਾਰਤ ਕਿਸੇ ਵੀ ਨਿਊਕਲੀਅਰ ਬਲੈਕਮੇਲ ਨੂੰ ਬਰਦਾਸ਼ਤ ਨਹੀਂ ਕਰੇਗਾ। ਭਾਰਤ ਨਿਊਕਲੀਅਰ ਬਲੈਕਮੇਲ ਦੀ ਆੜ ਵਿੱਚ ਵਿਕਸਿਤ ਹੋ ਰਹੇ ਅੱਤਵਾਦੀ ਟਿਕਾਣਿਆਂ 'ਤੇ ਸਟੀਕ ਅਤੇ ਨਿਰਣਾਇਕ ਹਮਲਾ ਕਰੇਗਾ। ਇਹ ਕੇਵਲ ਇੱਕ ਜਵਾਬੀ ਕਾਰਵਾਈ ਤੋਂ ਕਿਤੇ ਵੱਧ, ਇੱਕ ਰਣਨੀਤਕ ਸਿਧਾਂਤ ਦਾ ਅਨਾਵਰਣ ਸੀ। ਜਿਵੇਂ ਕਿ ਸ਼੍ਰੀ ਨਰੇਂਦਰ ਮੋਦੀ ਨੇ ਕਿਹਾ, ਅੱਤਵਾਦ ਅਤੇ ਗੱਲਬਾਤ ਨਾਲ-ਨਾਲ ਨਹੀਂ ਚੱਲ ਸਕਦੇ। ਪਾਣੀ ਅਤੇ ਖ਼ੂਨ ਇਕੱਠੇ ਨਹੀਂ ਵਹਿ ਸਕਦੇ।

**ਆਪ੍ਰੇਸ਼ਨ ਸਿੰਦੂਰ ਨੂੰ ਜਾਣ-ਬੁਝ ਕੇ ਨਿਮਨਲਿਖਤ ਪੜਾਵਾਂ ਵਿੱਚ ਲਾਗੂ ਕੀਤਾ ਗਿਆ:**

7 ਮਈ: ਪਾਕਿਸਤਾਨੀ ਖੇਤਰ ਵਿੱਚ ਗਹਿਰੇ ਨੌਂ ਸਟੀਕ ਹਮਲੇ ਕੀਤੇ। ਲਕਸ਼ਾਂ ਵਿੱਚ ਬਹਾਵਲਪੁਰ, ਮੁਰੀਦਕੇ, ਮੁਜ਼ੱਫਰਾਬਾਦ ਅਤੇ ਹੋਰ ਥਾਵਾਂ 'ਤੇ ਸਥਿਤ ਪ੍ਰਮੁੱਖ ਅੱਤਵਾਦੀ ਟ੍ਰੇਨਿੰਗ ਕੈਂਪ ਅਤੇ ਲੌਜਿਸਟਿਕਸ ਨੋਡ ਸ਼ਾਮਲ ਸਨ।

8 ਮਈ: ਪਾਕਿਸਤਾਨ ਨੇ ਭਾਰਤ ਦੇ ਪੱਛਮੀ ਰਾਜਾਂ ਵਿੱਚ ਵੱਡੇ ਪੈਮਾਨੇ 'ਤੇ ਬਹੁਤ ਸਾਰੇ ਡ੍ਰੋਨਾਂ ਨਾਲ ਜਵਾਬੀ ਹਮਲਾ ਕੀਤਾ। ਭਾਰਤ ਦੇ ਬਹੁਪੱਧਰੀ ਵਾਯੂ ਰੱਖਿਆ ਨੈੱਟਵਰਕ- ਸਵਦੇਸ਼ੀ ਤੌਰ 'ਤੇ ਨਿਰਮਿਤ ਅਤੇ ਇਜ਼ਰਾਇਲੀ ਅਤੇ ਰੂਸੀ ਪ੍ਰਣਾਲੀਆਂ ਦੁਆਰਾ ਵਧਾਇਆ ਗਿਆ ਸੀ- ਉਨ੍ਹਾਂ ਵਿੱਚੋਂ ਲਗਭਗ ਸਾਰਿਆਂ ਨੂੰ ਤਬਾਹ ਕਰ ਦਿੱਤਾ।

9 ਮਈ: ਭਾਰਤ ਨੇ ਛੇ ਪਾਕਿਸਤਾਨੀ ਸੈਨਾ ਹਵਾਈ ਅੱਡਿਆਂ ਅਤੇ ਯੂਏਵੀ ਤਾਲਮੇਲ ਕੇਂਦਰਾਂ 'ਤੇ ਵਧੇਰੇ ਹਮਲਿਆਂ ਦੇ ਨਾਲ ਜਵਾਬੀ ਕਾਰਵਾਈ ਕੀਤੀ।

10 ਮਈ: ਗੋਲੀਬਾਰੀ 'ਤੇ ਅਸਥਾਈ ਰੋਕ ਲਗ ਗਈ। ਭਾਰਤ ਨੇ ਇਸ ਨੂੰ ਯੁੱਧ ਵਿਰਾਮ ਨਹੀਂ ਕਿਹਾ। ਭਾਰਤੀ ਸੈਨਾ ਨੇ ਇਸ ਨੂੰ ਗੋਲੀਬਾਰੀ ਦਾ ਠਹਿਰਾਅ ਕਿਹਾ - ਇੱਕ ਅਰਥਪੂਰਣ ਲੇਕਿਨ ਜਾਣ-ਬੁਝ ਕੇ ਕੀਤਾ ਗਿਆ ਵਿਕਲਪ ਜਿਸ ਨੇ ਸਥਿਤੀ 'ਤੇ ਆਪਣੇ ਰਣਨੀਤਕ ਕੰਟਰੋਲ ਨੂੰ ਮਜ਼ਬੂਤ ਕੀਤਾ। ਇਹ ਕੇਵਲ ਸਮਾਰਿਕ ਸਫਲਤਾ ਨਹੀਂ ਸੀ। ਇਹ ਲਾਈਵ ਫਾਇਰ ਦੇ ਤਹਿਤ ਸਿਧਾਂਤਕ ਅਮਲ ਸੀ।

**ਪ੍ਰਾਪਤ ਰਣਨੀਤਕ ਪ੍ਰਭਾਵ**

ਇੱਕ ਨਵੀਂ ਲਕਸ਼ਮਣ ਰੇਖਾ ਖਿੱਚੀ ਗਈ ਅਤੇ ਲਾਗੂ ਕੀਤੀ ਗਈ ਪਾਕਿਸਤਾਨ ਦੀ ਧਰਤੀ ਤੋਂ ਹੋਣ ਵਾਲੇ ਅੱਤਵਾਦੀ ਹਮਲਿਆਂ ਦਾ ਹੁਣ ਮਿਲੀਟਰੀ ਫੋਰਸ ਨਾਲ ਜਵਾਬ ਦਿੱਤਾ ਜਾਵੇਗਾ। ਇਹ ਕੋਈ ਧਮਕੀ ਨਹੀਂ ਹੈ। ਇਹ ਇੱਕ ਮਿਸਾਲ ਹੈ।

**ਸੈਨਾ ਸ਼੍ਰੇਸ਼ਠਤਾ ਦਾ ਪ੍ਰਦਰਸ਼ਨ**

ਭਾਰਤ ਨੇ ਪਾਕਿਸਤਾਨ ਵਿੱਚ ਕਿਸੇ ਵੀ ਟੀਚੇ 'ਤੇ ਇੱਛਾਅਨੁਸਾਰ ਹਮਲਾ ਕਰਨ ਦੀ ਆਪਣੀ ਸਮਰੱਥਾ ਦਾ ਪ੍ਰਦਰਸ਼ਨ ਕੀਤਾ- ਅੱਤਵਾਦੀ ਟਿਕਾਣੇ, ਡ੍ਰੋਨ ਤਾਲਮੇਲ ਕੇਂਦਰ, ਇੱਥੇ ਤੱਕ ਕਿ ਏਅਰਬੇਸ ਵੀ। ਇਸ ਦਰਮਿਆਨ, ਪਾਕਿਸਤਾਨ ਭਾਰਤ ਦੇ ਅੰਦਰ ਇੱਕ ਵੀ ਸੁਰੱਖਿਅਤ ਖੇਤਰ ਵਿੱਚ ਘੁਸਪੈਠ ਕਰਨ ਵਿੱਚ ਅਸਮਰੱਥ ਰਿਹਾ। ਇਹ ਸਮਾਨਤਾ ਨਹੀਂ ਹੈ। ਇਹ ਭਾਰੀ ਸ਼੍ਰੇਸ਼ਠਤਾ ਹੈ। ਅਤੇ ਇਸੇ ਤਰ੍ਹਾਂ ਅਸਲ ਨਿਵਾਰਕ ਸਮਰੱਥਾ ਸਥਾਪਿਤ ਹੁੰਦੀ ਹੈ।

**ਬਹਾਲ ਕੀਤੀ ਗਈ ਨਿਵਾਰਕ ਸਮਰੱਥਾ**

ਭਾਰਤ ਨੇ ਜ਼ੋਰਦਾਰ ਜਵਾਬੀ ਕਾਰਵਾਈ ਕੀਤੀ, ਲੇਕਿਨ ਪੂਰਣ ਯੁੱਧ ਤੋਂ ਪਹਿਲਾਂ ਹੀ ਰੁਕ ਗਿਆ। ਨਿਯੰਤ੍ਰਿਤ ਵਾਧੇ ਨੇ ਇੱਕ ਸਪਸ਼ਟ ਨਿਵਾਰਕ ਸੰਕੇਤ ਭੇਜਿਆ: ਭਾਰਤ ਜਵਾਬ ਦੇਵੇਗਾ, ਅਤੇ ਉਹ ਗਤੀ ਨੂੰ ਨਿਯੰਤ੍ਰਿਤ ਕਰਦਾ ਹੈ। ਰਣਨੀਤਕ ਸੁਤੰਤਰਤਾ ਦਾ ਦਾਅਵਾ ਕੀਤਾ। ਭਾਰਤ ਨੇ ਇਸ ਸੰਕਟ ਨੂੰ ਅੰਤਰਰਾਸ਼ਟਰੀ ਵਿਚੋਲਗੀ ਦੀ ਮੰਗ ਕੀਤੇ ਬਿਨਾ ਇਸ ਸੰਕਟ ਨੂੰ ਸੰਭਾਲਿਆ। ਇਸ ਨੇ ਪ੍ਰਭੂਸੱਤਾ ਸੰਪੰਨ ਸਾਧਨਾਂ ਦੀ ਵਰਤੋਂ ਕਰਦੇ ਹੋਏ ਪ੍ਰਭੂਸੱਤਾ ਸੰਪੰਨ ਸ਼ਰਤਾਂ 'ਤੇ ਸਿਧਾਂਤ ਲਾਗੂ ਕੀਤਾ।

ਆਪ੍ਰੇਸ਼ਨ ਸਿੰਦੂਰ ਕਬਜ਼ੇ ਜਾਂ ਸ਼ਾਸਨ ਪਰਿਵਰਤਨ ਬਾਰੇ ਨਹੀਂ ਸੀ। ਇਹ ਵਿਸ਼ੇਸ਼ ਉਦੇਸ਼ਾਂ ਦੇ ਲਈ ਕੀਤਾ ਗਿਆ ਸੀਮਤ ਯੁੱਧ ਸੀ। ਜੋ ਆਲੋਚਕ ਤਰਕ ਦਿੰਦੇ ਹਨ ਕਿ ਭਾਰਤ ਨੂੰ ਹੋਰ ਅੱਗੇ ਜਾਣਾ ਚਾਹੀਦਾ ਸੀ, ਉਹ ਮੁੱਦੇ ਨੂੰ ਸਮਝ ਨਹੀਂ ਪਾਏ। ਰਣਨੀਤਕ ਸਫਲਤਾ ਵਿਨਾਸ਼ ਦੇ ਪੈਮਾਨੇ ਬਾਰੇ ਨਹੀਂ ਹੈ- ਇਹ ਲੋੜੀਂਦੇ ਰਾਜਨੀਤਕ ਪ੍ਰਭਾਵ ਪ੍ਰਾਪਤ ਕਰਨ ਬਾਰੇ ਹੈ। ਭਾਰਤ ਬਦਲਾ ਲੈਣ ਦੇ ਲਈ ਨਹੀਂ ਲੜ ਰਿਹਾ ਸੀ। ਉਹ ਪ੍ਰਤੀਰੋਧ ਦੇ ਲਈ ਲੜ ਰਿਹਾ ਸੀ। ਅਤੇ ਇਹ ਕੰਮ ਕਰ ਗਿਆ। ਭਾਰਤ ਦੇ ਸੰਜਮ ਕਮਜ਼ੋਰੀ ਨਹੀਂ ਹੈ- ਇਹ ਪਰਿਪੱਕਤਾ ਹੈ। ਇਸ ਨੇ ਲਾਗਤ ਲਗਾਈ, ਸੀਮਾਵਾਂ ਨੂੰ ਫਿਰ ਤੋਂ ਪਰਿਭਾਸ਼ਿਤ ਕੀਤਾ, ਅਤੇ ਵਾਧੇ ਦੇ ਦਬਦਬੇ ਨੂੰ ਬਰਕਰਾਰ ਰੱਖਿਆ। ਭਾਰਤ ਨੇ ਸਿਰਫ ਹਮਲੇ ਦਾ ਜਵਾਬ ਨਹੀਂ ਦਿੱਤਾ। ਇਸ ਨੇ ਰਣਨੀਤਕ ਸਮੀਕਰਨ ਬਦਲ ਦਿੱਤਾ। ਇੱਕ ਅਜਿਹੇ ਯੁਗ ਵਿੱਚ ਜਿੱਥੇ ਕਈ ਆਧੁਨਿਕ ਯੁੱਧ ਖੁਲ੍ਹੇਆਮ ਕਬਜ਼ੇ ਜਾਂ ਰਾਜਨੀਤਕ ਭ੍ਰਮ ਵਿੱਚ ਬਦਲ ਜਾਂਦੇ ਹਨ, ਆਪ੍ਰੇਸ਼ਨ ਸਿੰਦੂਰ ਇਸ ਤੋਂ ਅਲੱਗ ਹੈ। ਇਹ ਅਨੁਸ਼ਾਸਿਤ ਸੈਨਾ ਰਣਨੀਤੀ ਦਾ ਪ੍ਰਦਰਸ਼ਨ ਸੀ: ਸਪਸ਼ਟ ਲਕਸ਼, ਇੱਕਸਾਰ ਤਰੀਕੇ ਅਤੇ ਸਾਧਨ, ਅਤੇ ਅਣਪਛਾਤੇ ਵਾਧੇ ਦੇ ਸਾਹਮਣੇ ਅਨੁਕੂਲ ਐਗਜ਼ੀਕਿਊਸ਼ਨ। ਭਾਰਤ ਨੇ ਇੱਕ ਝਟਕੇ ਨੂੰ ਝੇਲਿਆ, ਆਪਣੇ ਉਦੇਸ਼ ਨੂੰ ਪਰਿਭਾਸ਼ਿਤ ਕੀਤਾ, ਅਤੇ ਉਸ ਨੂੰ ਪ੍ਰਾਪਤ ਕੀਤਾ- ਇਹ ਸਭ ਇੱਕ ਸੀਮਤ ਸਮੇਂ-ਸੀਮਾ ਦੇ ਅੰਦਰ।

ਆਪ੍ਰੇਸ਼ਨ ਸਿੰਦੂਰ ਵਿੱਚ ਬਲ ਦਾ ਪ੍ਰਯੋਗ ਭਾਰੀ, ਲੇਕਿਨ ਨਿਯੰਤ੍ਰਿਤ ਸੀ- ਸਟੀਕ, ਨਿਰਣਾਇਕ ਅਤੇ ਬਿਨਾ ਕਿਸੇ ਹਿਚਕਿਚਾਹਟ ਦੇ ਆਧੁਨਿਕ ਯੁੱਧ ਵਿੱਚ ਇਸ ਤਰ੍ਹਾਂ ਦੀ ਸਪਸ਼ਟਤਾ ਦੁਰਲਭ ਹੈ। ਹਮੇਸ਼ਾ ਦੇ ਲਈ ਯੁੱਧ ਅਤੇ ਰਣਨੀਤਕ ਦਿਸ਼ਾ ਦੇ ਬਿਨਾ ਹਿੰਸਾ ਦੇ ਚੱਕਰਾਂ ਤੋਂ ਪਰਿਭਾਸ਼ਿਤ ਇੱਕ ਯੁਗ ਵਿੱਚ, ਸਿੰਦੂਰ ਅਲੱਗ ਹੈ। ਇਹ ਸਪਸ਼ਟ ਤੌਰ 'ਤੇ ਪਰਿਭਾਸ਼ਿਤ ਲਕਸ਼ਾਂ, ਮੇਲ ਖਾਂਦੇ ਤਰੀਕਿਆਂ ਅਤੇ ਸਾਧਨਾਂ ਅਤੇ ਇੱਕ ਅਜਿਹੇ ਦੇਸ਼ ਦੇ ਨਾਲ ਸੀਮਤ ਯੁੱਧ ਦਾ ਇੱਕ ਮਾਡਲ ਪੇਸ਼ ਕਰਦਾ ਹੈ ਜਿਸ ਨੇ ਕਦੇ ਇਨੀਸ਼ੀਏਟਿਵ ਨਹੀਂ ਤਿਆਗਿਆ।2008 ਦੇ ਭਾਰਤ ਨੇ ਹਮਲਿਆਂ ਨੂੰ ਝੇਲਿਆ ਅਤੇ ਇੰਤਜ਼ਾਰ ਕੀਤਾ। ਇਹ ਭਾਰਤ ਤੁਰੰਤ, ਸਟੀਕ ਅਤੇ ਸਪਸ਼ਟਤਾ ਦੇ ਨਾਲ ਜਵਾਬੀ ਹਮਲਾ ਕਰਦਾ ਹੈ। ਮੋਦੀ ਦਾ ਸਿਧਾਂਤ, ਭਾਰਤ ਦਾ ਵਧਦਾ ਘਰੇਲੂ ਰੱਖਿਆ ਉਦਯੋਗ ਅਤੇ ਉਸ ਦੇ ਹਥਿਆਰਬੰਦ ਬਲਾਂ ਦਾ ਪੇਸ਼ੇਵਰਾਨਾ ਤਰੀਕਾ ਸਾਰੇ ਸੰਕੇਤ ਇਸ ਵੱਲ ਇਸ਼ਾਰਾ ਕਰਦੇ ਹਨ ਕਿ ਦੇਸ਼ ਹੁਣ ਯੁੱਧ ਦੀ ਤਿਆਰੀ ਨਹੀਂ ਕਰ ਰਿਹਾ ਹੈ। ਉਹ ਅਗਲੇ ਯੁੱਧ ਦੀ ਤਿਆਰੀ ਕਰ ਰਿਹਾ ਹੈ। ਆਪ੍ਰੇਸ਼ਨ ਵਿੱਚ ਰੁਕਾਵਟ ਆਪ੍ਰੇਸ਼ਨ ਸਿੰਦੂਰ ਦਾ ਅੰਤ ਨਹੀਂ ਹੈ। ਇਹ ਇੱਕ ਵਿਰਾਮ ਹੈ। ਭਾਰਤ ਇਨੀਸ਼ੀਏਟਿਵ ਰੱਖਦਾ ਹੈ। ਜੇਕਰ ਫਿਰ ਤੋਂ ਉਕਸਾਇਆ ਗਿਆ, ਤਾਂ ਉਹ ਫਿਰ ਤੋਂ ਸਟ੍ਰਾਈਕ ਕਰੇਗਾ।

ਇਹ ਨਿਵਾਰਣ ਦੀ ਬਹਾਲੀ ਹੈ। ਇਹ ਇੱਕ ਨਵਾਂ ਸਿਧਾਂਤ ਸਾਹਮਣੇ ਆਇਆ ਹੈ। ਅਤੇ ਰਾਜ-ਪ੍ਰਾਯੋਜਿਤ ਅੱਤਵਾਦ ਦੇ ਖਤਰੇ ਦਾ ਸਾਹਮਣਾ ਕਰ ਰਹੇ ਸਾਰੇ ਦੇਸ਼ਾਂ ਨੂੰ ਇਸ ਦੀ ਸਟਡੀ ਕਰਨੀ ਚਾਹੀਦੀ ਹੈ।

**ਆਪ੍ਰੇਸ਼ਨ ਸਿੰਦੂਰ ਇੱਕ ਆਧੁਨਿਕ ਯੁੱਧ ਸੀ:** ਜੋ, ਨਿਊਕਲੀਅਰ ਐਸਕਲੇਸ਼ਨ ਦੇ ਪਰਛਾਵੇਂ ਵਿੱਚ, ਪੂਰੀ ਦੁਨੀਆ ਦੀ ਨਜ਼ਰ ਇਸ 'ਤੇ ਸੀ, ਅਤੇ ਇੱਕ ਸੀਮਤ ਉਦੇਸ਼ ਦੇ ਫਰੇਮਵਰਕ ਦੇ ਤਹਿਤ ਲੜਿਆ ਗਿਆ ਸੀ। ਅਤੇ ਹਰ ਮਹੱਤਵਪੂਰਨ ਪੈਮਾਨੇ 'ਤੇ ਇਹ ਇੱਕ ਰਣਨੀਤਕ ਸਫਲਤਾ ਸੀ - ਅਤੇ ਇੱਕ ਨਿਰਣਾਇਕ ਭਾਰਤੀ ਜਿੱਤ ਸੀ।

**ਅਰਬਨ ਵਾਰਫੇਅਰ ਇੰਸਟੀਟਿਊਟ ਦੇ ਕਾਰਜਕਾਰੀ ਨਿਦੇਸ਼ਕ ਹਨ। ਉਹ ਅੰਡਰਟੈਸਟਿੰਗ ਅਰਬ ਵਾਰਫੇਅਰ ਦੇ ਸਹਿ-ਲੇਖਕ ਹਨ।**

# ਭਾਰਤ ਵਿੱਚ ਜ਼ਹਿਰੀਲੀ ਸ਼ਰਾਬ ਕਾਰਨ ਕਦੋਂ ਤੱਕ ਜਾਰੀ ਰਹੇਗਾ ਮੌਤਾਂ ਦਾ ਸਿਲਸਿਲਾ ?

ਕਿਸ਼ਨ ਸੰਮੁਖਦਾਸ ਭਵਨਾਨੀ
(ਗੋਂਡੀਆ, ਮਹਾਰਾਸ਼ਟਰ)
ਮੋ. 92841-41425

ਵਿਸ਼ਵ ਪੱਧਰ 'ਤੇ ਦੁਨੀਆ ਦੇ ਹਰ ਦੇਸ਼ ਦੇ ਮਾਹਰਾਂ ਲਈ ਵਾਈਨ ਦੀ ਤੁਲਨਾ ਇੱਕ ਟੌਨਿਕ ਵਜੋਂ ਕੀਤੀ ਜਾਂਦੀ ਹੈ। ਕਈ ਖੁਸ਼ੀ ਦੇ ਮੌਕਿਆਂ 'ਤੇ ਸ਼ਰਾਬ ਦੀਆਂ ਦਾਅਵਤਾਂ ਵੇਖੀਆਂ ਜਾ ਸਕਦੀਆਂ ਹਨ। ਮੈਂ ਆਪਣੀ ਜ਼ਮੀਨੀ ਰਿਪੋਰਟਿੰਗ ਵਿੱਚ ਦੇਖਿਆ ਹੈ ਕਿ ਨਾਮਾਤਰ ਇਜਾਜ਼ਤ ਹੈ ਪਰ ਨਿਯਮਾਂ ਅਤੇ ਕਾਨੂੰਨਾਂ ਦੀ ਉਲੰਘਣਾ ਉਨ੍ਹਾਂ ਲੋਕਾਂ ਦੇ ਨੱਕ ਹੇਠ ਕੀਤੀ ਜਾਂਦੀ ਹੈ ਜੋ ਜਵਾਬਦੇਹ ਹਨ। ਸੀਲਬੰਦ ਲਿਫਾਫਾ ਬੁੱਲ੍ਹਾਂ 'ਤੇ ਟੇਪ ਅਤੇ ਅੱਖਾਂ 'ਤੇ ਪੱਟੀ ਦਾ ਕੰਮ ਕਰਦਾ ਹੈ। ਇਹ ਇੱਕ ਉੱਚ-ਪ੍ਰੋਫਾਈਲ ਕਮੇਟੀ ਦੀ ਉਦਾਹਰਣ ਹੈ। ਇਸੇ ਤਰ੍ਹਾਂ, ਹੇਠਲੇ ਪੱਧਰ 'ਤੇ ਮੱਧ ਵਰਗ, ਗਰੀਬ ਵਰਗ ਅਤੇ ਮਜ਼ਦੂਰ ਵਰਗ ਸ਼ਰਾਬ ਡਿਸਟਿਲਰੀਆਂ, ਮੁਹੱਲਾ ਚੌਕਾਂ ਵਿੱਚ ਦੂਜੇ ਦਰਜੇ ਦੇ ਅਖੌਤੀ ਨਕਲੀ ਈਥਾਨੌਲ ਦੀ ਵਰਤੋਂ ਕਰਕੇ ਬਣਾਈ ਗਈ ਸ਼ਰਾਬ ਦਾ ਸੇਵਨ ਕਰਦੇ ਹਨ। ਇੱਥੇ ਵੀ, ਇਨ੍ਹਾਂ ਜਵਾਬਦੇਹ ਲੋਕਾਂ ਦੇ ਬੁੱਲ੍ਹ ਲਿਫਾਫੇ ਵਾਲੀ ਟੇਪ ਨਾਲ ਢੱਕੇ ਹੋਏ ਹਨ ਅਤੇ ਉਨ੍ਹਾਂ ਦੀਆਂ ਅੱਖਾਂ 'ਤੇ ਪੱਟੀ ਬੰਨ੍ਹੀ ਹੋਈ ਹੈ। ਨਤੀਜੇ ਵਜੋਂ ਪੰਜਾਬ ਵਿੱਚ ਬਟਾਲਾ, ਤਰਨਤਾਰਨ, ਸੰਗਰੂਰ ਵਰਗੀਆਂ ਘਟਨਾਵਾਂ ਅਤੇ ਭਾਰਤ ਦੇ ਕਈ ਰਾਜਾਂ ਵਿੱਚ ਕਈ ਮਾਮਲੇ ਵਾਪਰਦੇ ਰਹਿੰਦੇ ਹਨ ਜਿਨ੍ਹਾਂ ਬਾਰੇ ਅਸੀਂ ਹੇਠਾਂ ਦਿੱਤੇ ਪੈਰਿਆਂ ਵਿੱਚ ਚਰਚਾ ਕਰਾਂਗੇ। ਅੱਜ ਅਸੀਂ ਇਸ ਵਿਸ਼ੇ 'ਤੇ ਚਰਚਾ ਕਰ ਰਹੇ ਹਾਂ ਕਿਉਂਕਿ 13 ਮਈ 2025 ਨੂੰ, ਮੇਰੀ ਜਾਣਕਾਰੀ ਅਨੁਸਾਰ, ਅੱਧੀ ਰਾਤ 12 ਵਜੇ ਤੱਕ, ਪੰਜਾਬ ਦੇ ਅੰਮ੍ਰਿਤਸਰ ਨੇੜੇ ਮਜੀਠਾ ਪਿੰਡ ਵਿੱਚ ਜ਼ਹਿਰੀਲੀ ਸ਼ਰਾਬ ਪੀਣ ਕਾਰਨ 21 ਲੋਕਾਂ ਦੀ ਮੌਤ ਦੀ ਖ਼ਬਰ ਮੀਡੀਆ ਵਿੱਚ ਆ ਚੁੱਕੀ ਸੀ। ਮੁੱਖ ਮੰਤਰੀ ਸਾਹਿਬ ਨੇ ਮ੍ਰਿਤਕਾਂ ਦੇ ਪਰਿਵਾਰਾਂ ਨੂੰ 10 ਲੱਖ ਰੁਪਏ ਦਾ ਮੁਆਵਜ਼ਾ ਦੇਣ ਦਾ ਐਲਾਨ ਕੀਤਾ ਹੈ ਅਤੇ ਘਟਨਾ ਨਾਲ ਸਬੰਧਤ 10 ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰਕੇ ਜੇਲ੍ਹ ਭੇਜ ਦਿੱਤਾ ਗਿਆ ਹੈ। ਭਾਰਤੀ ਦੰਡਾਵਲੀ ਦੀਆਂ ਧਾਰਾਵਾਂ 103 (ਕਤਲ) ਅਤੇ 105 (ਗੈਰ-ਕਾਨੂੰਨੀ ਕਤਲ ਜੋ ਕਤਲ ਦੇ ਬਰਾਬਰ ਨਹੀਂ ਹੈ) ਦੇ ਨਾਲ-ਨਾਲ ਆਬਕਾਰੀ ਐਕਟ ਅਤੇ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਜਨਜਾਤੀਆਂ (ਅੱਤਿਆਚਾਰ ਰੋਕਥਾਮ) ਐਕਟ ਨਾਲ ਸਬੰਧਤ ਧਾਰਾਵਾਂ ਲਗਾਈਆਂ ਗਈਆਂ ਹਨ। ਪਰ ਇੱਕ ਵਕੀਲ ਹੋਣ ਦੇ ਨਾਤੇ, ਮੈਂ ਦੇਖਿਆ ਹੈ ਕਿ ਜਦੋਂ ਤੱਕ ਨਕਲੀ ਜ਼ਹਿਰੀਲੀ ਸ਼ਰਾਬ ਨਾਲ ਪ੍ਰਭਾਵਿਤ ਲੋਕਾਂ ਦੇ ਪਰਿਵਾਰਕ ਮੈਂਬਰਾਂ ਲਈ ਮੁਆਵਜ਼ਾ ਐਲਾਨਣ, ਮੁਲਜ਼ਮਾਂ ਦੀ ਗ੍ਰਿਫ਼ਤਾਰੀ, ਜ਼ਮਾਨਤ, ਹੇਠਲੀ ਅਦਾਲਤ ਤੋਂ ਲੈ ਕੇ ਉੱਚ ਅਦਾਲਤ ਤੱਕ ਜਾਰੀ ਰਹਿੰਦੀ ਹੈ, ਉਦੋਂ ਤੱਕ ਪੀੜਤ ਪਰਿਵਾਰ ਦੀ ਜ਼ਿੰਦਗੀ ਖਤਮ ਹੋ ਸਕਦੀ ਹੈ? ਕਿਉਂਕਿ ਭਾਰਤ ਨੂੰ ਨਕਲੀ ਸ਼ਰਾਬ ਨੂੰ ਰੋਕਣ ਲਈ ਆਪ੍ਰੇਸ਼ਨ ਸਿੰਦੂਰ-2 ਦੀ ਸਖ਼ਤ ਜ਼ਰੂਰਤ ਹੈ ਅਤੇ ਸਾਰੇ ਰਾਜਾਂ ਵਿੱਚ ਇੱਕ ਸਾਂਝੀ ਗੱਲ ਇਹ ਹੈ ਕਿ ਨਕਲੀ ਸ਼ਰਾਬ ਵਿੱਚ ਸ਼ਾਮਲ ਪਰਿਵਾਰਕ ਮੈਂਬਰਾਂ ਲਈ ਮੁਆਵਜ਼ੇ ਦਾ ਐਲਾਨ, ਮੁਲਜ਼ਮਾਂ ਦੀ ਗ੍ਰਿਫ਼ਤਾਰੀ, ਜ਼ਮਾਨਤ, ਕਾਨੂੰਨੀ ਪ੍ਰਕਿਰਿਆ ਹੇਠਾਂ ਤੋਂ ਲੈ ਕੇ ਉੱਪਰਲੀ ਅਦਾਲਤ ਤੱਕ ਸਾਲਾਂ ਤੱਕ ਚੱਲਦੀ ਹੈ, ਉਦੋਂ ਤੱਕ ਪੀੜਤ ਦੇ ਪਰਿਵਾਰਕ ਮੈਂਬਰਾਂ ਦੀ ਜ਼ਿੰਦਗੀ ਸ਼ਾਇਦ ਖਤਮ ਹੋ ਜਾਂਦੀ ਹੈ? ਇਸ ਲਈ ਅੱਜ ਅਸੀਂ ਮੀਡੀਆ ਵਿੱਚ ਉਪਲਬਧ ਜਾਣਕਾਰੀ ਦੀ ਮਦਦ ਨਾਲ ਇਸ ਲੇਖ ਰਾਹੀਂ ਚਰਚਾ ਕਰਾਂਗੇ ਕਿ ਭਾਰਤ ਵਿੱਚ ਜ਼ਹਿਰੀਲੀ ਸ਼ਰਾਬ ਦਾ ਕਤਲੇਆਮ ਕਦੋਂ ਤੱਕ ਜਾਰੀ ਰਹੇਗਾ? ਮ੍ਰਿਤਕਾਂ ਦੇ ਘਰ ਤਬਾਹ ਹੋਣ ਤੋਂ ਬਾਅਦ ਸੋਗ ਸਥਾਨਾਂ ਵਿੱਚ ਬਦਲ ਰਹੇ ਹਨ, ਸਰਕਾਰ ਕਦੋਂ ਜਾਗੇਗੀ? ਕਿਰਪਾ ਕਰਕੇ ਧਿਆਨ ਦਿਓ ਕਿ ਇਸ ਲੇਖ ਵਿੱਚ ਦਿੱਤੀ ਗਈ ਜਾਣਕਾਰੀ ਦੀ ਸ਼ੁੱਧਤਾ ਦਾ ਕੋਈ ਸਬੂਤ ਨਹੀਂ ਹੈ ਕਿਉਂਕਿ ਇਹ ਇਲੈਕਟ੍ਰਾਨਿਕ ਮੀਡੀਆ ਤੋਂ ਲਈ ਗਈ ਹੈ।

ਦੋਸਤੋ ਜੇਕਰ ਅਸੀਂ 13 ਮਈ 2025 ਨੂੰ ਜ਼ਹਿਰੀਲੀ ਸ਼ਰਾਬ ਪੀਣ ਦੀ ਘਟਨਾ ਦੀ ਗੱਲ ਕਰੀਏ ਤਾਂ ਅੰਮ੍ਰਿਤਸਰ: ਪੰਜਾਬ ਦੇ ਅੰਮ੍ਰਿਤਸਰ ਜ਼ਿਲ੍ਹੇ ਦੇ ਮਜੀਠਾ ਬਲਾਕ ਵਿੱਚ ਜ਼ਹਿਰੀਲੀ ਸ਼ਰਾਬ ਪੀਣ ਕਾਰਨ 21 ਲੋਕਾਂ ਦੀ ਮੌਤ ਹੋ ਗਈ ਹੈ, ਜਿਸ ਕਾਰਨ ਇਲਾਕੇ ਵਿੱਚ ਸੋਗ ਹੈ, ਇਹ ਘਟਨਾ ਬਲਾਕ ਦੇ ਭੰਗਾਲੀ ਕਲਾਂ, ਥਰੀਏਵਾਲ, ਸੰਘਾ ਅਤੇ ਮਰਾੜੀ ਕਲਾਂ ਵਰਗੇ ਪਿੰਡਾਂ ਵਿੱਚ ਵਾਪਰੀ। ਜ਼ਿਲ੍ਹਾ ਪ੍ਰਸ਼ਾਸਨ ਨੇ ਖਦਸ਼ਾ ਪ੍ਰਗਟ ਕੀਤਾ ਹੈ ਕਿ ਮੌਤਾਂ ਦੀ ਗਿਣਤੀ ਵੱਧ ਸਕਦੀ ਹੈ। ਪੰਜਾਬ ਸਰਕਾਰ ਦੇ ਬੁਲਾਰੇ ਨੇ ਦੱਸਿਆ ਕਿ ਇਸ ਮਾਮਲੇ ਵਿੱਚ ਦੋ ਐਫਆਈਆਰ ਦਰਜ ਕੀਤੀਆਂ ਗਈਆਂ ਹਨ ਅਤੇ 10 ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ, ਚਾਰ ਮੁਲਜ਼ਮਾਂ ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ ਹੈ ਜੋ ਸਪਲਾਇਰਾਂ ਤੋਂ ਸ਼ਰਾਬ ਖਰੀਦ ਕੇ ਪਿੰਡਾਂ ਵਿੱਚ ਵੇਚ ਰਹੇ ਸਨ। ਇਸ ਘਟਨਾ ਸਬੰਧੀ ਪੰਜਾਬ ਪੁਲਿਸ ਦੇ ਡਾਇਰੈਕਟਰ ਜਨਰਲ (ਡੀਜੀਪੀ) ਨੇ ਸੋਸ਼ਲ ਮੀਡੀਆ ਪਲੇਟਫਾਰਮ 'ਤੇ ਦੱਸਿਆ ਕਿ, ਇਸ ਮੰਦਭਾਗੀ ਘਟਨਾ ਵਿੱਚ ਨਕਲੀ ਸ਼ਰਾਬ ਕਾਰਨ ਹੋਈਆਂ ਦੁਖਦਾਈ ਮੌਤਾਂ ਤੋਂ ਬਾਅਦ, ਪੰਜਾਬ ਪੁਲਿਸ ਨੇ ਤੁਰੰਤ ਕਾਰਵਾਈ ਕੀਤੀ, ਜਿਸ ਵਿੱਚ ਮੁੱਖ ਸਰਗਨਾ ਅਤੇ ਕਈ ਸਥਾਨਕ ਵਿਕਰੇਤਾ ਸ਼ਾਮਲ ਸਨ, ਆਨਲਾਈਨ ਖਰੀਦੇ ਗਏ ਮੀਥੇਨੌਲ ਦੀ ਵਰਤੋਂ ਨਕਲੀ ਸ਼ਰਾਬ ਬਣਾਉਣ ਲਈ ਕੀਤੀ ਗਈ। ਇਸ ਪੂਰੇ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ ਤਾਂ ਜੋ ਇਸ ਦੇ ਢੰਗ-ਤਰੀਕੇ ਦਾ ਪਤਾ ਲਗਾਇਆ ਜਾ ਸਕੇ ਅਤੇ ਸਾਰੇ ਦੋਸ਼ੀਆਂ ਨੂੰ ਨਿਆਂ ਦੇ ਕਟਹਿਰੇ ਵਿੱਚ ਲਿਆਂਦਾ ਜਾ ਸਕੇ।

ਦੋਸਤੋ, ਜੇਕਰ ਅਸੀਂ ਭਾਰਤ ਵਿੱਚ ਜ਼ਹਿਰੀਲੀ ਸ਼ਰਾਬ ਦੇ ਕਹਿਰ ਦੀ ਗੱਲ ਕਰੀਏ, ਤਾਂ 2014 ਤੋਂ 2022 ਤੱਕ ਕਿਸ ਸਾਲ ਕਿੰਨੀਆਂ ਮੌਤਾਂ ਹੋਈਆਂ? (1) 2014: ਗੈਰ-ਕਾਨੂੰਨੀ ਸ਼ਰਾਬ ਪੀਣ ਕਾਰਨ 1,699 ਮੌਤਾਂ ਹੋਈਆਂ। (2) 2015: 1,624 ਘਟਨਾਵਾਂ ਵਿੱਚ 1,522 ਲੋਕਾਂ ਦੀ ਮੌਤ ਹੋਈ। ਮਹਾਰਾਸ਼ਟਰ (278), ਪੁਡੂਚੇਰੀ (149) ਅਤੇ ਮੱਧ ਪ੍ਰਦੇਸ਼ (246) ਵਿੱਚ ਸਭ ਤੋਂ ਵੱਧ ਮੌਤਾਂ ਹੋਈਆਂ। (3) 2016: 1,073 ਘਟਨਾਵਾਂ ਵਿੱਚ 1,054 ਮੌਤਾਂ ਦਰਜ ਕੀਤੀਆਂ ਗਈਆਂ। ਮੱਧ ਪ੍ਰਦੇਸ਼ (184) ਅਤੇ ਹਰਿਆਣਾ (169) ਵਿੱਚ ਸਭ ਤੋਂ ਵੱਧ ਮੌਤਾਂ ਹੋਈਆਂ। (4) 2017: 1,497 ਘਟਨਾਵਾਂ ਵਿੱਚ 1,510 ਮੌਤਾਂ। ਕਰਨਾਟਕ (256), ਮੱਧ ਪ੍ਰਦੇਸ਼ (216) ਅਤੇ ਆਂਧਰਾ ਪ੍ਰਦੇਸ਼ (183) ਵਿੱਚ ਸਥਿਤੀ ਗੰਭੀਰ ਬਣੀ ਹੋਈ ਹੈ। (5) 2018: 1,346 ਘਟਨਾਵਾਂ ਵਿੱਚ 1,365 ਲੋਕਾਂ ਦੀ ਮੌਤ ਹੋਈ, ਜਿਸ ਵਿੱਚ ਮੱਧ ਪ੍ਰਦੇਸ਼ (410) ਅਤੇ ਕਰਨਾਟਕ (218) ਸਭ ਤੋਂ ਵੱਧ ਮਾਮਲੇ ਦਰਜ ਕੀਤੇ ਗਏ। (6) 2019: 1,141 ਘਟਨਾਵਾਂ ਵਿੱਚ 1,296 ਮੌਤਾਂ। ਮੱਧ ਪ੍ਰਦੇਸ਼ (410) ਅਤੇ ਕਰਨਾਟਕ (268) ਵਿੱਚ ਸਥਿਤੀ ਚਿੰਤਾਜਨਕ ਬਣੀ ਹੋਈ ਹੈ। (7) 2020: 931 ਘਟਨਾਵਾਂ ਵਿੱਚ 947 ਲੋਕਾਂ ਦੀ ਮੌਤ ਹੋਈ। ਮੱਧ ਪ੍ਰਦੇਸ਼ (214) ਅਤੇ ਝਾਰਖੰਡ (139) ਵਿੱਚ ਸਭ ਤੋਂ ਵੱਧ ਮੌਤਾਂ ਦਰਜ ਕੀਤੀਆਂ ਗਈਆਂ। (8) 2021: 708 ਘਟਨਾਵਾਂ ਵਿੱਚ 782 ਮੌਤਾਂ। ਉੱਤਰ ਪ੍ਰਦੇਸ਼ (137) ਅਤੇ ਪੰਜਾਬ (127) ਵਿੱਚ ਸਭ ਤੋਂ ਵੱਧ ਮਾਮਲੇ ਸਾਹਮਣੇ ਆਏ। (9) 2022: 507 ਘਟਨਾਵਾਂ ਵਿੱਚ 617 ਮੌਤਾਂ। ਬਿਹਾਰ (134) ਅਤੇ ਕਰਨਾਟਕ (98) ਵਿੱਚ ਨਾਜਾਇਜ਼ ਸ਼ਰਾਬ ਦਾ ਖ਼ਤਰਾ ਜਾਰੀ ਰਿਹਾ।

ਦੋਸਤੋ, ਜੇਕਰ ਅਸੀਂ ਮਜੀਠਾ ਮਾਮਲੇ ਵਿੱਚ ਲਗਾਈਆਂ ਗਈਆਂ ਭਾਰਤੀ ਦੰਡ ਸੰਹਿਤਾ ਦੀਆਂ ਧਾਰਾਵਾਂ ਨੂੰ ਸਮਝਣ ਦੀ ਗੱਲ ਕਰੀਏ ਤਾਂ ਭਾਰਤੀ ਦੰਡ ਸੰਹਿਤਾ ਦੀ ਧਾਰਾ 103 ਕਤਲ ਲਈ ਸਜ਼ਾ ਦੀ ਵਿਵਸਥਾ ਕਰਦੀ ਹੈ, ਜਦੋਂ ਕਿ ਧਾਰਾ 105 ਕਤਲ ਨਾ ਹੋਣ ਵਾਲੇ ਗੈਰ-ਇਰਾਦਤਨ ਕਤਲ ਲਈ ਸਜ਼ਾ ਦੀ ਵਿਵਸਥਾ ਕਰਦੀ ਹੈ। ਧਾਰਾ 103 ਦੇ ਅਨੁਸਾਰ, ਜੇਕਰ ਕੋਈ ਵਿਅਕਤੀ ਕਤਲ ਕਰਦਾ ਹੈ, ਤਾਂ ਉਸਨੂੰ ਮੌਤ ਦੀ ਸਜ਼ਾ ਜਾਂ ਉਮਰ ਕੈਦ ਅਤੇ ਜੁਰਮਾਨੇ ਦੀ ਸਜ਼ਾ ਦਿੱਤੀ ਜਾ ਸਕਦੀ ਹੈ। ਧਾਰਾ 105 ਦੇ ਅਨੁਸਾਰ, ਜੇਕਰ ਕੋਈ ਵਿਅਕਤੀ ਗੈਰ-ਇਰਾਦਤਨ ਕਤਲ ਕਰਦਾ ਹੈ ਜੋ ਕਤਲ ਦੇ ਬਰਾਬਰ ਨਹੀਂ ਹੈ, ਤਾਂ ਉਸਨੂੰ ਉਮਰ ਕੈਦ ਜਾਂ 5 ਤੋਂ 10 ਸਾਲ ਦੀ ਕੈਦ ਅਤੇ ਜੁਰਮਾਨੇ ਦੀ ਸਜ਼ਾ ਹੋ ਸਕਦੀ ਹੈ। ਧਾਰਾ 103: ਕਤਲ ਦੀ ਸਜ਼ਾ (1) ਜੇਕਰ ਕੋਈ ਵਿਅਕਤੀ ਕਤਲ ਕਰਦਾ ਹੈ, ਤਾਂ ਉਸਨੂੰ ਮੌਤ ਜਾਂ ਉਮਰ ਕੈਦ ਦੀ ਸਜ਼ਾ ਦਿੱਤੀ ਜਾਵੇਗੀ ਅਤੇ ਜੁਰਮਾਨੇ ਦਾ ਵੀ ਭਾਗੀਦਾਰ ਹੋਵੇਗਾ। (2) ਜੇਕਰ ਪੰਜ ਜਾਂ ਵੱਧ ਵਿਅਕਤੀਆਂ ਦਾ ਸਮੂਹ ਨਸਲ, ਜਾਤ ਜਾਂ ਭਾਈਚਾਰੇ, ਲਿੰਗ, ਜਨਮ ਸਥਾਨ, ਭਾਸ਼ਾ, ਨਿੱਜੀ ਵਿਸ਼ਵਾਸ ਜਾਂ ਕਿਸੇ ਹੋਰ ਸਮਾਨ ਆਧਾਰ 'ਤੇ ਕਤਲ ਕਰਦਾ ਹੈ, ਤਾਂ ਅਜਿਹੇ ਸਮੂਹ ਦੇ ਹਰੇਕ ਮੈਂਬਰ ਨੂੰ ਮੌਤ ਜਾਂ ਉਮਰ ਕੈਦ ਦੀ ਸਜ਼ਾ ਦਿੱਤੀ ਜਾਵੇਗੀ ਅਤੇ ਜੁਰਮਾਨੇ ਦਾ ਵੀ ਭਾਗੀਦਾਰ ਹੋਵੇਗਾ।

ਦੋਸਤੋ, ਜੇਕਰ ਅਸੀਂ ਗੈਰ-ਕਾਨੂੰਨੀ ਸ਼ਰਾਬ ਬਣਾਉਣ ਨੂੰ ਸਮਝਣ ਦੀ ਗੱਲ ਕਰੀਏ, ਤਾਂ ਗੈਰ-ਕਾਨੂੰਨੀ ਸ਼ਰਾਬ ਕਿਵੇਂ ਬਣਾਈ ਜਾਂਦੀ ਹੈ? ਗੁੜ, ਪਾਣੀ ਅਤੇ ਯੂਰੀਆ ਮੁੱਖ ਤੌਰ 'ਤੇ ਕੱਚੀ ਸ਼ਰਾਬ ਬਣਾਉਣ ਲਈ ਵਰਤੇ ਜਾਂਦੇ ਹਨ, ਇਸ ਵਿੱਚ ਕਈ ਖਤਰਨਾਕ ਰਸਾਇਣ ਵੀ ਮਿਲਾਏ ਜਾਂਦੇ ਹਨ, ਗੁੜ ਨੂੰ ਸੜਨ ਲਈ ਆਕਸੀਟੋਸਿਨ ਦੀ ਵਰਤੋਂ ਕੀਤੀ ਜਾਂਦੀ ਹੈ, ਹੋਰ ਨਸ਼ਾ ਲਿਆਉਣ ਲਈ ਅਮੋਨੀਅਮ ਕਲੋਰਾਈਡ ਅਤੇ ਯੂਰੀਆ ਵੀ ਮਿਲਾਇਆ ਜਾਂਦਾ ਹੈ, ਇਹ ਸਾਰੀਆਂ ਚੀਜ਼ਾਂ ਮਨੁੱਖੀ ਸਰੀਰ ਲਈ ਬਹੁਤ ਨੁਕਸਾਨਦੇਹ ਹਨ। ਜਦੋਂ ਯੂਰੀਆ, ਆਕਸੀਟੋਸਿਨ, ਗੁੜ ਅਤੇ ਪਾਣੀ ਨੂੰ ਮਿਲਾ ਕੇ ਫਰਮੈਂਟੇਸ਼ਨ ਕੀਤਾ ਜਾਂਦਾ ਹੈ, ਤਾਂ ਈਥਾਈਲ ਅਲਕੋਹਲ ਦੀ ਬਜਾਏ ਮਿਥਾਈਲ ਅਲਕੋਹਲ ਬਣਦਾ ਹੈ, ਮਿਥਾਈਲ ਅਲਕੋਹਲ ਬਣਨ ਦਾ ਇੱਕ ਕਾਰਨ ਸ਼ਰਾਬ ਬਣਾਉਣ ਦੀ ਪ੍ਰਕਿਰਿਆ ਦੌਰਾਨ ਤਾਪਮਾਨ ਦਾ ਸਹੀ ਧਿਆਨ ਨਾ ਰੱਖਣਾ ਵੀ ਹੈ, ਇਸ ਮਿਥਾਈਲ ਅਲਕੋਹਲ ਕਾਰਨ ਸ਼ਰਾਬ ਜ਼ਹਿਰੀਲੀ ਹੋ ਜਾਂਦੀ ਹੈ, ਇਸਨੂੰ ਪੀਣ ਨਾਲ ਮੌਤ ਹੋ ਜਾਂਦੀ ਹੈ - ਮਾਹਿਰਾਂ ਦੇ ਅਨੁਸਾਰ, ਮਿਥਾਈਲ ਅਲਕੋਹਲ ਸਰੀਰ ਵਿੱਚ ਜਾ ਕੇ ਫਾਰਮਾਲਡੀਹਾਈਡ (ਫਾਰਮਿਕ ਐਸਿਡ) ਬਣਾਉਂਦਾ ਹੈ, ਇਹ ਇੱਕ ਅਜਿਹਾ ਜ਼ਹਿਰ ਹੈ ਜੋ ਅੱਖਾਂ ਦੀ ਰੌਸ਼ਨੀ ਖੋਹ ਸਕਦਾ ਹੈ ਜਾਂ ਮੌਤ ਦਾ ਕਾਰਨ ਬਣ ਸਕਦਾ ਹੈ, ਇਹ ਪੀਣ ਵਾਲੇ ਦੇ ਦਿਮਾਗ ਲਈ ਵੀ ਬਹੁਤ ਨੁਕਸਾਨਦੇਹ ਹੈ, ਜੇਕਰ ਸ਼ਰਾਬ ਵਿੱਚ ਮਿਥਾਈਲ ਅਲਕੋਹਲ ਦੀ ਮਾਤਰਾ 90 ਪ੍ਰਤੀਸ਼ਤ ਤੋਂ ਵੱਧ ਹੋ ਜਾਵੇ, ਤਾਂ ਇਹ ਜ਼ਹਿਰੀਲਾ ਹੋ ਜਾਂਦਾ ਹੈ, ਇੰਨੀ ਮਾਤਰਾ ਵਿੱਚ ਮਿਥਾਈਲ ਅਲਕੋਹਲ ਦਾ ਸੇਵਨ ਦਿਮਾਗੀ ਤੌਰ 'ਤੇ ਟੁੱਟਣ ਦਾ ਕਾਰਨ ਬਣਦਾ ਹੈ। 13 ਮਈ ਨੂੰ ਬਟਾਲਾ ਸ਼ਰਾਬ ਘੁਟਾਲੇ ਦੀ ਪੁਲਿਸ ਜਾਂਚ ਵਿੱਚ ਇਹ ਗੱਲ ਸਾਹਮਣੇ ਆਈ ਕਿ ਨਕਲੀ ਸ਼ਰਾਬ ਬਣਾਉਣ ਲਈ ਵਰਤਿਆ ਜਾਣ ਵਾਲਾ ਮੀਥੇਨੌਲ ਥੋਕ ਵਿੱਚ ਔਨਲਾਈਨ ਖਰੀਦਿਆ ਗਿਆ ਸੀ। ਮੀਥੇਨੌਲ ਇੱਕ ਹਲਕਾ, ਰੰਗਹੀਣ ਜੈਵਿਕ ਰਸਾਇਣਕ ਮਿਸ਼ਰਣ ਹੈ ਜੋ ਅਕਸਰ ਈਥੇਨੌਲ ਦੇ ਸਸਤੇ ਵਿਕਲਪ ਵਜੋਂ ਅਲਕੋਹਲ ਵਾਲੇ ਪੀਣ ਵਾਲੇ ਪਦਾਰਥਾਂ ਵਿੱਚ ਗੈਰ-ਕਾਨੂੰਨੀ ਤੌਰ 'ਤੇ ਸ਼ਾਮਲ ਕੀਤਾ ਜਾਂਦਾ ਹੈ।

ਦੋਸਤੋ, ਜੇਕਰ ਅਸੀਂ ਸ਼ਰਾਬ 'ਤੇ ਦੇਸ਼ ਵਿਆਪੀ ਪਾਬੰਦੀ ਨੂੰ ਸਮਝਣ ਦੀ ਗੱਲ ਕਰੀਏ, ਤਾਂ ਸ਼ਰਾਬ 'ਤੇ ਦੇਸ਼ ਵਿਆਪੀ ਪਾਬੰਦੀ ਬਾਰੇ ਕੀ? ਕੀ ਇਹ ਸਿਧਾਂਤਕ ਤੌਰ 'ਤੇ ਸੰਭਵ ਹੈ? ਜੇਕਰ ਅਜਿਹਾ ਹੈ, ਤਾਂ ਕੇਂਦਰ ਸਰਕਾਰ ਪਾਬੰਦੀ ਕਿਵੇਂ ਲਾਗੂ ਕਰ ਸਕਦੀ ਹੈ? ਖੈਰ, ਕਿਉਂਕਿ ਸੰਵਿਧਾਨ ਸੰਘ ਨੂੰ ਸ਼ਰਾਬ ਨੂੰ ਨਿਯਮਤ ਕਰਨ ਦੀ ਆਗਿਆ ਨਹੀਂ ਦਿੰਦਾ, (ਕੇਂਦਰੀ) ਸਰਕਾਰ ਨੂੰ ਦੋ-ਪੜਾਵੀ ਪ੍ਰਕਿਰਿਆ ਦੀ ਪਾਲਣਾ ਕਰਨ ਦੀ ਜ਼ਰੂਰਤ ਹੋਏਗੀ। ਤੁਰੰਤ ਕਦਮ ਸੰਵਿਧਾਨ ਵਿੱਚ ਸੋਧ ਕਰਨਾ ਅਤੇ ਸ਼ਰਾਬ ਨੂੰ ਰਾਜ ਸੂਚੀ ਤੋਂ ਯੂਨੀਅਨ ਸੂਚੀ ਵਿੱਚ ਤਬਦੀਲ ਕਰਨਾ ਹੋਵੇਗਾ। ਅਜਿਹੀ ਸੋਧ ਲਈ ਹਰੇਕ ਸਦਨ ਵਿੱਚ ਇੱਕ ਬਿੱਲ ਪਾਸ ਕਰਨ ਦੀ ਲੋੜ ਹੋਵੇਗੀ, ਜਿਸਨੂੰ ਉਸ ਸਦਨ ਦੇ ਬਹੁਮਤ ਮੈਂਬਰਾਂ ਦੁਆਰਾ ਮਨਜ਼ੂਰ ਕੀਤਾ ਜਾਵੇ, ਜਿਸ ਵਿੱਚ ਘੱਟੋ-ਘੱਟ 2/3 ਮੈਂਬਰ ਮੌਜੂਦ ਅਤੇ ਵੋਟਿੰਗ ਕਰਨ। ਇਹ ਦੇਖਦੇ ਹੋਏ ਕਿ ਇਹ ਸੋਧ ਰਾਜ ਸ਼ਕਤੀਆਂ ਨੂੰ ਪ੍ਰਭਾਵਤ ਕਰਦੀ ਹੈ, ਬਿੱਲ ਨੂੰ ਘੱਟੋ-ਘੱਟ 15 ਰਾਜਾਂ (ਕੁੱਲ 29 ਰਾਜਾਂ ਵਿੱਚੋਂ ਘੱਟੋ-ਘੱਟ ਅੱਧੇ) ਦੀਆਂ ਰਾਜ ਵਿਧਾਨ ਸਭਾਵਾਂ ਦੁਆਰਾ ਵੀ ਪ੍ਰਵਾਨਗੀ ਦੇਣੀ ਚਾਹੀਦੀ ਹੈ। ਕੀ ਇਹ ਅੱਜ ਸੰਭਵ ਹੈ? ਜਵਾਬ ਸਪੱਸ਼ਟ ਤੌਰ 'ਤੇ ਹਾਂ ਹੈ। ਭਾਜਪਾ ਕੋਲ ਲੋਕ ਸਭਾ ਵਿੱਚ ਬਹੁਮਤ ਹੈ ਅਤੇ 15 ਰਾਜਾਂ ਵਿੱਚ ਉਸਦੀ ਸਰਕਾਰ ਹੈ। ਰਾਜ ਸਭਾ ਵਿੱਚ ਇਸ ਕੋਲ ਅਜੇ ਲੋੜੀਂਦੇ ਨੰਬਰ ਨਹੀਂ ਹਨ, ਪਰ ਮਨਾਹੀ ਵਰਗੇ ਮੁੱਦੇ 'ਤੇ ਸਮਰਥਕਾਂ ਦਾ ਇੱਕ ਸਮੂਹ ਬਣਾਇਆ ਜਾ ਸਕਦਾ ਹੈ। ਇਸ ਲਈ ਜੇਕਰ ਉਹ ਇਹ ਕਰਨ ਦਾ ਫੈਸਲਾ ਕਰਦੀ ਹੈ, ਤਾਂ ਮੇਰਾ ਮੰਨਣਾ ਹੈ ਕਿ ਉਹ ਇਹ ਕਰ ਸਕਦੀ ਹੈ। (ਇਹ ਵੱਖਰੀ ਗੱਲ ਹੈ ਕਿ ਉੱਤਰ ਪ੍ਰਦੇਸ਼ ਸਮੇਤ ਕਿਸੇ ਵੀ ਭਾਜਪਾ ਸ਼ਾਸਿਤ ਸੂਬੇ ਨੇ, ਜਿੱਥੇ ਮੁੱਖ ਮੰਤਰੀ ਹੈ, ਸ਼ਰਾਬ ਦੀ ਉਪਲਬਧਤਾ ਘਟਾਉਣ ਦੀ ਕੋਸ਼ਿਸ਼ ਨਹੀਂ ਕੀਤੀ)। ਸ਼ਰਾਬ ਨੂੰ ਯੂਨੀਅਨ ਸੂਚੀ ਵਿੱਚ ਸ਼ਾਮਲ ਕਰਨ ਤੋਂ ਬਾਅਦ, ਸਰਕਾਰ ਰਾਤੋ-ਰਾਤ ਸ਼ਰਾਬ 'ਤੇ ਪਾਬੰਦੀ ਲਗਾਉਣ ਲਈ ਇੱਕ ਕਾਰਜਕਾਰੀ ਆਦੇਸ਼ ਜਾਰੀ ਕਰ ਸਕਦੀ ਹੈ। ਹਾਲਾਂਕਿ, ਸ਼ਰਾਬ ਨੂੰ ਯੂਨੀਅਨ ਸੂਚੀ ਵਿੱਚ ਲਿਜਾਣ ਦੀ ਪ੍ਰਕਿਰਿਆ ਆਸਾਨ ਨਹੀਂ ਹੋਵੇਗੀ; ਦਰਅਸਲ, ਇਹ ਸੰਭਾਵਨਾ ਨਹੀਂ ਹੈ ਕਿ ਉਹ ਇਸਨੂੰ ਕਦੇ ਪੂਰਾ ਕਰਨਗੇ। ਕਿਉਂਕਿ ਰਾਜ ਸ਼ਰਾਬ 'ਤੇ ਟੈਕਸ ਲਗਾਉਣ ਦੇ ਆਪਣੇ ਅਧਿਕਾਰ ਨੂੰ ਛੱਡਣ ਤੋਂ ਝਿਜਕਣਗੇ, ਜਿਵੇਂ ਕਿ ਪੈਟਰੋਲ ਅਤੇ ਡੀਜ਼ਲ 'ਤੇ ਜੀਐਸਟੀ ਲਿਆਉਣਾ, ਕਿਉਂਕਿ ਇਹ ਉਨ੍ਹਾਂ ਦੇ ਆਪਣੇ ਟੈਕਸ ਮਾਲੀਏ ਦਾ 25-30 ਪ੍ਰਤੀਸ਼ਤ ਬਣਦਾ ਹੈ ਅਤੇ ਚੋਣਾਂ ਅਤੇ ਹੋਰ ਪਾਰਟੀ ਗਤੀਵਿਧੀਆਂ ਲਈ ਨਕਦ ਫੰਡਿੰਗ ਦਾ ਇੱਕ ਆਸਾਨ ਸਰੋਤ ਹੈ। ਸ਼ਰਾਬ ਦੇ ਨਿਯਮ ਨੂੰ ਯੂਨੀਅਨ ਸੂਚੀ ਵਿੱਚ ਲਿਆਉਣ ਲਈ ਸੋਧ ਨੂੰ ਲਗਭਗ ਯਕੀਨੀ ਤੌਰ 'ਤੇ ਰਾਜਾਂ ਵੱਲੋਂ ਕਾਨੂੰਨੀ ਚੁਣੌਤੀ ਦਾ ਸਾਹਮਣਾ ਕਰਨਾ ਪਵੇਗਾ, ਜੋ ਕਿ ਬਹੁਤ ਜਲਦੀ ਸੁਪਰੀਮ ਕੋਰਟ ਤੱਕ ਪਹੁੰਚ ਜਾਵੇਗਾ, ਕਿਉਂਕਿ ਇਹ ਇੱਕ ਕਿਸਮ ਦਾ ਸੰਵਿਧਾਨਕ ਵਿਵਾਦ ਬਣ ਜਾਵੇਗਾ। ਜੇਕਰ ਇਹ ਮਾਮਲਾ ਸੁਪਰੀਮ ਕੋਰਟ ਤੱਕ ਪਹੁੰਚਦਾ ਹੈ, ਤਾਂ ਬੈਂਚ ਮਾਮਲੇ ਅਤੇ ਇਸ ਸੋਧ ਦਾ ਮੁਲਾਂਕਣ ਕਿਵੇਂ ਕਰ ਸਕਦੀ ਹੈ?

ਇਸ ਲਈ ਜੇਕਰ ਅਸੀਂ ਉਪਰੋਕਤ ਵੇਰਵਿਆਂ ਦਾ ਅਧਿਐਨ ਅਤੇ ਵਿਸ਼ਲੇਸ਼ਣ ਕਰੀਏ, ਤਾਂ ਸਾਨੂੰ ਪਤਾ ਲੱਗੇਗਾ ਕਿ ਭਾਰਤ ਵਿੱਚ ਜ਼ਹਿਰੀਲੀ ਸ਼ਰਾਬ ਕਾਰਨ ਹੋਣ ਵਾਲੇ ਕਤਲੇਆਮ ਕਦੋਂ ਤੱਕ ਜਾਰੀ ਰਹਿਣਗੇ? - ਮੁਰਦਿਆਂ ਦੇ ਘਰਾਂ ਦੇ ਚੁੱਲ੍ਹੇ ਖੰਡਰ ਹੋ ਰਹੇ ਹਨ ਅਤੇ ਸੋਗ ਸਥਾਨ ਬਣਾਏ ਜਾ ਰਹੇ ਹਨ- ਸਰਕਾਰਾਂ ਕਦੋਂ ਜਾਗਣਗੀਆਂ? ਭਾਰਤ ਵਿੱਚ ਜ਼ਹਿਰੀਲੀ ਸ਼ਰਾਬ ਨੂੰ ਰੋਕਣ ਲਈ ਆਪ੍ਰੇਸ਼ਨ ਸਿੰਦੂਰ-2 ਦੀ ਸਖ਼ਤ ਲੋੜ ਹੈ! ਨਕਲੀ ਜ਼ਹਿਰੀਲੀ ਸ਼ਰਾਬ ਕਾਰਨ ਮਰਨ ਵਾਲਿਆਂ ਦੇ ਪਰਿਵਾਰਾਂ ਲਈ ਮੁਆਵਜ਼ੇ ਦਾ ਐਲਾਨ, ਦੋਸ਼ੀਆਂ ਦੀ ਗ੍ਰਿਫ਼ਤਾਰੀ, ਜ਼ਮਾਨਤ, ਹੇਠਲੀ ਅਦਾਲਤ ਤੋਂ ਉੱਚ ਅਦਾਲਤ ਤੱਕ ਦੀ ਪ੍ਰਕਿਰਿਆ - ਕੀ ਪੀੜਤ ਪਰਿਵਾਰਾਂ ਦੀ ਜ਼ਿੰਦਗੀ ਖਤਮ ਹੋ ਗਈ ਹੈ?

ਸੰਦੀਪ ਕੁਮਾਰ
ਮੋ.70098-07121



# 101 ਤੋਪਾਂ ਦੀ ਸਲਾਮੀ....!

7 ਮਈ ਤੋਂ ਭਾਰਤ ਅਤੇ ਪਾਕਿਸਤਾਨ ਵਿਚਕਾਰ ਸ੍ਰੀ ਜੰਗ ਦੇ ਆਰੰਭ ਨਾਲ ਹੀ ਦੋਹਾਂ ਦੇਸ਼ਾਂ ਵਿੱਚ ਹਲਚਲ ਦਾ ਮਾਹੌਲ ਬਣ ਗਿਆ। ਦੋਵਾਂ ਪਾਸਿਆਂ ਤੋਂ ਮੀਡੀਆ, ਸਰਕਾਰਾਂ, ਜਨਤਾ ਅਤੇ ਆਰਮੀ ਚੌਕਸ ਹੋ ਗਈ। ਲੋਕਾਂ ਨੇ ਆਪਣੇ ਆਪਣੇ ਢੰਗ ਨਾਲ ਇਸ ਮਾਹੌਲ ਨੂੰ ਸਮਝਣ ਅਤੇ ਜਿਊਣ ਦੀ ਕੋਸ਼ਿਸ਼ ਕੀਤੀ। ਪਰ ਜੋ ਸਭ ਤੋਂ ਹੈਰਾਨੀਜਨਕ ਗੱਲ ਸੀ, ਉਹ ਇਹ ਕਿ ਜਿੱਥੇ ਸਰਹੱਦਾਂ 'ਤੇ ਗੋਲੀਆਂ ਚੱਲ ਰਹੀਆਂ ਸਨ, ਉੱਥੇ ਹੀ ਅੰਦਰੋਂ ਅੰਦਰ ਸਮਾਜਿਕ ਮੰਚਾਂ ਤੇ, ਸੋਸ਼ਲ ਮੀਡੀਆ 'ਤੇ ਅਤੇ ਲੋਕਾਂ ਦੀ ਜ਼ੁਬਾਨੀ ਵੀ ਇੱਕ ਹੋਰ ਹੀ ਜੰਗ ਲੜੀ ਜਾ ਰਹੀ ਸੀ— ਜਿਸ ਦਾ ਤੀਰ ਸਿੱਧਾ ਲੋਕਾਂ ਦੇ ਜਜ਼ਬਾਤਾਂ, ਜਾਣਕਾਰੀ ਦੀ ਘਾਟ ਅਤੇ ਦੇਸ਼ ਭਗਤੀ ਦੀ ਪਰਿਭਾਸ਼ਾ 'ਤੇ ਨਿਸ਼ਾਨਾ ਸੀ। ਇਸ ਜੰਗ ਨੇ ਨਾ ਸਿਰਫ਼ ਰਾਜਨੀਤਕ ਹਾਲਾਤਾਂ ਨੂੰ ਹਿਲਾ ਦਿੱਤਾ, ਸਗੋਂ ਲੋਕਾਂ ਦੀ ਸੋਚ, ਮਾਨਸਿਕਤਾ ਅਤੇ ਸਮਾਜਿਕ ਰਵੱਈਏ ਨੂੰ ਵੀ ਸ਼ੀਸ਼ਾ ਵਿਖਾਇਆ। ਇੱਕ ਪਾਸੇ ਜਿੱਥੇ ਸਰਹੱਦਾਂ ਉੱਤੇ ਫੌਜੀ ਆਪਣੀ ਜਾਨ ਦੀ ਬਾਜ਼ੀ ਲਗਾ ਰਹੇ ਸਨ, ਉੱਥੇ ਦੂਜੇ ਪਾਸੇ ਆਮ ਲੋਕਾਂ ਦੀ ਤਿਆਰੀ ਅਤੇ ਰਵੱਈਆ ਕਈ ਵਾਰ ਐਸਾ ਸੀ ਕਿ ਉਨ੍ਹਾਂ ਨੂੰ ਤੋਪਾਂ ਦੀ ਨਹੀਂ, ਕਦੇ ਕਦੇ ਤਕਰੀਬਨ ਵਿਅੰਗਪੂਰਕ ਸਲਾਮੀਆਂ ਦੀ ਲੋੜ ਬਣ ਜਾਂਦੀ ਸੀ।

ਜਿਵੇਂ ਕਿ ਉਨ੍ਹਾਂ ਲੋਕਾਂ ਦੀ ਗੱਲ ਕਰੀਏ ਜਿਨ੍ਹਾਂ ਨੇ ਛੇ-ਛੇ ਮਹੀਨਿਆਂ ਦਾ ਰਾਸ਼ਨ ਇਕੱਠਾ ਕਰ ਲਿਆ। ਇਹ ਸਾਵਧਾਨੀ ਸੀ ਜਾਂ ਡਰ? ਇਹ ਨਿਸ਼ਚਿਤ ਕਰਨਾ ਔਖਾ ਹੈ। ਪਰ ਇਹ ਗੱਲ ਕਹੀ ਜਾ ਸਕਦੀ ਹੈ ਕਿ ਇਹ ਲੋਕ ਜੰਗ ਨੂੰ ਆਪਣੇ ਘਰ ਦੀਆਂ ਕੰਧਾਂ ਵਿੱਚ ਆਉਣ ਤੋਂ ਪਹਿਲਾਂ ਹੀ ਸੁਰੱਖਿਅਤ ਹੋ ਜਾਣ ਦੀ ਕੋਸ਼ਿਸ਼ ਕਰ ਰਹੇ ਸਨ। ਇਹਨਾਂ ਲਈ 11 ਤੋਪਾਂ ਦੀ ਸਲਾਮੀ ਤਾਂ ਬਣਦੀ ਹੀ ਹੈ। ਅਗਲੇ ਸਤਰ 'ਤੇ ਆਉਂਦੇ ਹਾਂ ਉਹਨਾਂ ਲੋਕਾਂ ਵੱਲ ਜਿਨ੍ਹਾਂ ਨੇ ਪੈਟਰੋਲ ਅਤੇ ਡੀਜ਼ਲ ਦਾ ਸਟਾਕ ਇਕੱਠਾ ਕਰ ਲਿਆ। ਇੰਝ ਲੱਗ ਰਿਹਾ ਸੀ ਕਿ ਜੰਗ ਨਾ ਹੋ ਕੇ ਕਿਸੇ ਲੰਬੀ ਯਾਤਰਾ ਦੀ ਤਿਆਰੀ ਹੋ ਰਹੀ ਹੋਵੇ। ਦੇਸ਼ ਨਾਲ ਖੜ੍ਹਨ ਦੀ ਥਾਂ, ਇਨ੍ਹਾਂ ਲਈ ਸੌਖਾ ਰਸਤਾ ਇਹ ਸੀ ਕਿ ਆਪਣੀ ਜੇਬ ਭਰ ਲਵੋ ਤੇ ਖੁਦ ਨੂੰ ਤਿਆਰ ਸਮਝੋ। ਇਸ ਲਈ ਇਹਨਾਂ ਲੋਕਾਂ ਲਈ 21 ਤੋਪਾਂ ਦੀ ਸਲਾਮੀ ਤਾਂ ਦੇਣੀ ਬਣਦੀ ਹੀ ਹੈ।

31 ਤੋਪਾਂ ਦੀ ਸਲਾਮੀ ਮਿਲਦੀ ਹੈ, ਉਹਨਾਂ ਨੂੰ ਜਿਨ੍ਹਾਂ ਨੇ ਜੰਗ ਨੂੰ ਵੀ ਇੱਕ ਵੀਡੀਓ ਕੰਟੈਂਟ ਦਾ ਥੀਮ ਬਣਾ ਲਿਆ। ਆਰਟੀਫੀਸ਼ੀਅਲ ਇੰਟੈਲੀਜੈਂਸ ਨਾਲ ਬਣੀਆਂ ਨਕਲੀ ਵੀਡੀਓਜ਼, ਝੂਠੇ ਦ੍ਰਿਸ਼ ਅਤੇ ਮਨਘੜਤ ਕਥਾਵਾਂ ਸਿਰਫ ਲੋਕਾਂ ਨੂੰ ਭਟਕਾਉਣ ਦੇ ਕੰਮ ਆ ਰਹੀਆਂ ਸਨ। ਜੰਗ ਜਿੱਥੇ ਮਜ਼ਾਕ ਬਣ ਜਾਏ, ਉੱਥੇ ਫਿਰ ਦੇਸ਼ ਭਗਤੀ ਦੀ ਪਰਿਭਾਸ਼ਾ ਵੀ ਨਵੀਂ ਬਣਦੀ ਹੈ। ਫਿਰ 41 ਤੋਪਾਂ ਦੀ ਸਲਾਮੀ ਉਹਨਾਂ ਲਈ ਜਿਹੜੇ ਮੌਕ ਡਰਿੱਲ ਦਾ ਨਾਮ ਸੁਣ ਕੇ ਘਰੋਂ ਹੀ ਨਹੀਂ ਨਿਕਲੇ। ਡਰ ਇੰਨਾ ਹਾਵੀ ਸੀ ਕਿ ਜਿਵੇਂ ਜੰਗ ਉਨ੍ਹਾਂ ਦੇ ਵਿਹੜੇ ਵਿੱਚ ਹੀ ਹੋਣੀ ਹੋਵੇ। ਇਹ ਉਹ ਲੋਕ ਸਨ, ਜਿਨ੍ਹਾਂ ਨੇ ਕਦੇ ਵੀ ਭਰੋਸਾ ਨਹੀਂ ਕੀਤਾ ਕਿ ਫੌਜ ਜਾਂ ਸਰਕਾਰ ਉਨ੍ਹਾਂ ਦੀ ਰੱਖਿਆ ਕਰੇਗੀ। ਫਿਰ 51 ਤੋਪਾਂ ਦੀ ਸਲਾਮੀ ਉਹਨਾਂ ਲਈ ਜਿਨ੍ਹਾਂ ਨੇ ਮਿਜ਼ਾਈਲਾਂ ਦੇ ਮਲਬੇ ਨਾਲ ਫੋਟੋਆਂ ਪਾਈਆਂ। ਜਿੱਥੇ ਜੰਗ ਦੀ ਤਬਾਹੀ ਦੇ ਅਸਰ ਸਨ, ਉੱਥੇ ਇਨ੍ਹਾਂ ਲੋਕਾਂ ਲਈ ਫੋਟੋ ਸ਼ੂਟ ਦਾ ਮੌਕਾ ਸੀ। ਇਹ ਮਾਨਸਿਕਤਾ ਦਰਸਾਉਂਦੀ ਹੈ ਕਿ ਕਿਵੇਂ ਅਸਲ ਘਟਨਾ ਨੂੰ ਵੀ ਝੂਠੇ ਰੰਗਾਂ ਨਾਲ ਭਰ ਦਿੱਤਾ ਜਾਂਦਾ ਹੈ।

61 ਤੋਪਾਂ ਦੀ ਸਲਾਮੀ ਉਸ ਮੀਡੀਆ ਨੂੰ ਮਿਲਦੀ ਹੈ ਜੋ ਜੰਗ ਦੇ ਸਮੇਂ ਵੀ ਆਪਣੀ ਰੋਟੀਆਂ 'ਤੇ ਮੱਖਣ ਲਾਉਣ ਵਿੱਚ ਲੱਗੀ ਰਹੀ। ਜੋ ਮੀਡੀਆ ਦੇਸ਼ ਵਿਰੋਧੀ ਪੱਖ ਲੈ ਕੇ ਸਰਕਾਰ ਦੀਆਂ ਕਾਰਵਾਈਆਂ 'ਚ ਕਮੀਆਂ ਲੱਭਣ ਵਿੱਚ ਲੱਗੀ ਰਹੀ, ਜਿਸ ਨਾਲ ਦੇਸ਼ ਦੀ ਇੰਟਰਨੈਸ਼ਨਲ ਸਾਖ ਨੂੰ ਝਟਕਾ ਲੱਗਿਆ। ਫਿਰ 71 ਤੋਪਾਂ ਦੀ ਸਲਾਮੀ ਉਹਨਾਂ ਯੋਧਿਆਂ ਨੂੰ ਜੋ ਸਿਰਫ ਫੇਸਬੁੱਕ 'ਤੇ ਹੀ ਲੜੇ, ਝੂਠੀਆਂ ਪੋਸਟਾਂ ਪਾ ਕੇ ਰਾਸ਼ਟਰਵਾਦ ਦੀ ਸੱਚੀ-ਝੂਠੀ ਬੀਨ ਵਜਾਉਂਦੇ ਰਹੇ। ਇਹ ਲੋਕ ਹਕੀਕਤ ਵਿੱਚ ਕਦੇ ਵੀ ਜੰਗ ਦੇ ਅਸਲੀ ਅਰਥ ਨੂੰ ਨਹੀਂ ਸਮਝੇ। ਫਿਰ 81 ਤੋਪਾਂ ਦੀ ਸਲਾਮੀ ਉਹਨਾਂ ਪਰਵਾਸੀਆਂ ਨੂੰ ਜੋ ਜੰਗ ਦੇ ਨਾਮ 'ਤੇ ਰਾਤੋ-ਰਾਤ ਟਰੇਨਾਂ 'ਚ ਚੜ੍ਹ ਕੇ ਆਪਣੇ ਪਿੰਡਾਂ ਨੂੰ ਵਾਪਸ ਭੱਜ ਗਏ। ਬਦਕਿਸਮਤੀ ਨਾਲ ਕਈ ਹਾਲੇ ਰੇਲਵੇ ਸਟੇਸ਼ਨਾਂ 'ਤੇ ਹੀ ਸਨ ਜਦੋਂ ਜੰਗ ਬੰਦ ਦਾ ਐਲਾਨ ਹੋ ਗਿਆ। ਉਨ੍ਹਾਂ ਦਾ ਇਹ ਕਦਮ ਸਾਡੇ ਸੂਬੇ ਪ੍ਰਤੀ ਉਹਨਾਂ ਦੀ ਕਿੰਨੀ ਕੁ ਵਫਾਦਾਰੀ ਹੈ, ਉਸ ਨੂੰ ਸਿੱਧ ਕਰਦਾ ਹੈ। 91 ਤੋਪਾਂ ਦੀ ਸਲਾਮੀ ਉਹਨਾਂ ਫਨਕਾਰਾਂ, ਅਦਾਕਾਰਾਂ, ਸੋਸ਼ਲ ਐਕਟੀਵਿਸਟਾਂ ਅਤੇ ਵੱਖਵਾਦੀ ਸੋਚ ਵਾਲਿਆਂ ਨੂੰ ਜਿਹੜੇ ਜੰਗ ਦੀ ਔਖੀ ਘੜੀ ਵਿੱਚ ਵੀ ਆਪਣੇ ਦੇਸ਼ ਨਾਲ ਨਹੀਂ ਖੜ੍ਹ ਸਕੇ। ਖਾਸ ਕਰਕੇ ਉਹ ਪਾਕਿਸਤਾਨੀ ਅਦਾਕਾਰ ਜੋ ਭਾਰਤ ਦੇ ਅੰਦਰੋ ਵੰਡ ਪੈਦਾ ਕਰਨ ਦੀ ਕੋਸ਼ਿਸ਼ ਕਰਦੇ ਰਹੇ। ਜਿਵੇਂ ਕਿ ਪਾਕਿਸਤਾਨੀ ਅਦਾਕਾਰ ਇਫਤੀਕਾਰ ਚੌਧਰੀ, ਜੋ ਖਾਲਸਾ ਰਾਜ ਦੀ ਗੱਲ ਕਰਕੇ ਪੰਜਾਬੀਆਂ ਨੂੰ ਭੜਕਾਉਣ ਵਿੱਚ ਲੱਗਾ ਹੋਇਆ ਸੀ, ਜਦਕਿ ਆਪਣੇ ਦੇਸ਼ ਵਿੱਚ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦਾ ਬੁੱਤ ਵੀ ਨਾਂ ਬਚਾ ਸਕਿਆ ਤੇ ਫਿਰ ਆਉਂਦੀ ਹੈ 101 ਤੋਪਾਂ ਦੀ ਸਲਾਮੀ ਅਮਰੀਕਾ ਦੇ 'ਸਰਪੰਚ' ਡੋਨਲਡ ਟਰੰਪ ਨੂੰ, ਜਿਸ ਨੇ ਦੋਗਲੀ ਨੀਤੀ ਖੇਡਦਿਆਂ ਦੋਵਾਂ ਦੇਸ਼ਾਂ ਵਿਚਕਾਰ ਸੀਜ਼ਫਾਇਰ ਕਰਵਾ ਦਿੱਤਾ ਤੇ ਨਾਲ ਹੀ ਪਾਕਿਸਤਾਨ ਨੂੰ ਇੱਕ ਬਿਲੀਅਨ ਡਾਲਰ ਦਾ ਕਰਜ਼ਾ ਵੀ ਮਨਜ਼ੂਰ ਕਰਵਾ ਦਿੱਤਾ। ਇਹ ਗੱਲ ਵੱਖਰੀ ਹੈ ਕਿ ਸੀਜ਼ਫਾਇਰ ਤੋਂ ਤਿੰਨ ਘੰਟੇ ਬਾਅਦ ਹੀ ਪਾਕਿਸਤਾਨ ਨੇ ਮੁੜ ਹਮਲਾ ਕਰ ਦਿੱਤਾ।

ਉਪਰੋਕਤ ਤੋਪਾਂ ਦੀਆਂ ਸਲਾਮੀਆਂ ਇੱਕ ਵਿਅੰਗ ਹੈ, ਪਰ ਇਹ ਸੱਚਾਈ ਨੂੰ ਦਰਸਾਉਂਦਾ ਹੈ। ਜਦੋਂ ਇੱਕ ਦੇਸ਼ ਔਖੀ ਘੜੀ ਵਿੱਚ ਹੋਵੇ, ਤਾਂ ਦੇਸ਼ਵਾਸੀਆਂ ਨੂੰ ਇਕਜੁੱਟ ਹੋ ਕੇ, ਸੋਚ ਸਮਝ ਕੇ ਤੇ ਠੰਢੇ ਦਿਮਾਗ ਨਾਲ ਦੇਸ਼ ਦੇ ਫੈਸਲਿਆਂ ਦੇ ਨਾਲ ਖੜਨਾ ਚਾਹੀਦਾ ਹੈ। ਜੰਗ ਜਾਂ ਜੰਗ ਵਰਗੀ ਸਥਿਤੀ ਹਾਸੇ-ਮਜ਼ਾਕ, ਵੀਡੀਓ ਗੇਮ ਜਾਂ ਟ੍ਰੋਲਿੰਗ ਦਾ ਵਿਸ਼ਾ ਨਹੀਂ ਹੁੰਦੀ। ਇਹ ਸਮਾਂ ਹੌਂਸਲਾ ਅਤੇ ਸੱਚੀ ਰਾਸ਼ਟਰ ਭਗਤੀ ਵਿਖਾਉਣ ਦਾ ਹੁੰਦਾ ਹੈ। ਸੋ, ਇਹ ਲੇਖ ਸਾਨੂੰ ਸਿੱਖ ਦਿੰਦਾ ਹੈ ਕਿ ਭਵਿੱਖ ਵਿੱਚ ਜਦ ਵੀ ਕਿਸੇ ਔਖੀ ਘੜੀ ਦਾ ਸਾਹਮਣਾ ਹੋਵੇ, ਤਾਂ ਤੋਪਾਂ ਦੀ ਸਲਾਮੀ ਦੀ ਲੋੜ ਨਾ ਪਵੇ, ਸਗੋਂ ਹਰ ਨਾਗਰਿਕ ਆਪਣੇ ਕੰਮ, ਸੱਚਾਈ, ਜ਼ਿੰਮੇਵਾਰੀ ਅਤੇ ਰਾਸ਼ਟਰ ਪ੍ਰਤੀ ਨਿਭਾਈ ਭੂਮਿਕਾ ਰਾਹੀਂ ਦੇਸ਼ ਨੂੰ ਮਜ਼ਬੂਤ ਕਰੇ। ਜੀਵਨ ਵਿੱਚ ਅਸਲ ਤੋਪਾਂ ਦੀ ਸਲਾਮੀ ਉਹਨਾਂ ਨੂੰ ਮਿਲਣੀ ਚਾਹੀਦੀ ਹੈ ਜੋ ਨਿੱਭ ਕੇ ਸਮਾਜ ਲਈ ਕੁੱਝ ਕਰਕੇ ਵਿਖਾਉਂਦੇ ਹਨ, ਨਾ ਕਿ ਉਹ ਜੋ ਸਿਰਫ਼ ਸ਼ੋਰ ਕਰਦੇ ਹਨ।

## ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਮੀਡੀਆ ਸਲਾਹਕਾਰ ਬਣੇ ਜਸਕਰਨ ਸਿੰਘ



ਅੰਮ੍ਰਿਤਸਰ, 14 ਮਈ, (ਬਬਲੂ ਮਹਾਜਨ) : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸੂਚਨਾ ਤਕਨਾਲੋਜੀ ਵਿਭਾਗ ਵਿੱਚ ਪਿਛਲੇ ਚਾਰ ਸਾਲਾਂ ਤੋਂ ਵੱਧ ਸਮੇਂ ਤੋਂ ਲੇਖਕ ਵਜੋਂ ਸੇਵਾਵਾਂ ਨਿਭਾਅ ਰਹੇ ਸ. ਜਸਕਰਨ ਸਿੰਘ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਮੀਡੀਆ ਸਲਾਹਕਾਰ ਨਿਯੁਕਤ ਕੀਤਾ ਹੈ। ਬੀਤੇ ਦਿਨੀਂ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਸ. ਜਸਕਰਨ ਸਿੰਘ ਨੂੰ ਗੁਰੂ ਬਖ਼ਸ਼ਿਸ਼ ਸਿਰੋਪਾਓ ਦੇ ਕੇ ਮੀਡੀਆ ਸਲਾਹਕਾਰ ਦੇ ਅਹੁਦੇ ਉੱਤੇ ਸੇਵਾ ਸੌਂਪ ਦਿੱਤੀ ਹੈ ਅਤੇ ਉਹ ਹੁਣ ਆਪਣੀਆਂ ਸੇਵਾਵਾਂ ਨਿਭਾਅ ਰਹੇ ਹਨ।ਇਸ ਸਬੰਧੀ ਜਾਣਕਾਰੀ ਦਿੰਦਿਆਂ ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਇੰਚਾਰਜ ਸ. ਬਗੀਚਾ ਸਿੰਘ ਨੇ ਦੱਸਿਆ ਕਿ ਸ. ਜਸਕਰਨ ਸਿੰਘ ਚੰਡੀਗੜ੍ਹ ਦੇ ਰਹਿਣ ਵਾਲੇ ਹਨ ਤੇ ਉਨ੍ਹਾਂ ਦਾ ਪਿਛੋਕੜ ਮੀਡੀਆ ਨਾਲ ਸਬੰਧਤ ਹੈ। ਉਨ੍ਹਾਂ ਨੇ ਪੱਤਰਕਾਰੀ, ਜਨ ਸੰਚਾਰ ਅਤੇ ਮੀਡੀਆ ਤਕਨਾਲੋਜੀ ਵਿੱਚ ਗ੍ਰੈਜੂਏਸ਼ਨ ਅਤੇ ਮਾਸਟਰ ਡਿਗਰੀ ਹਾਸਲ ਕੀਤੀ ਹੋਈ ਹੈ। ਸਿੱਖ ਸੰਸਥਾ ਸ਼੍ਰੋਮਣੀ ਕਮੇਟੀ ਵਿਖੇ ਸੇਵਾਵਾਂ ਸ਼ੁਰੂ ਕਰਨ ਤੋਂ ਪਹਿਲਾਂ ਸ. ਜਸਕਰਨ ਸਿੰਘ ਸਾਲ 2014 ਤੋਂ ਇੱਕ ਅੰਗ੍ਰੇਜ਼ੀ ਅਖ਼ਬਾਰ ਵਿੱਚ ਬਤੌਰ ਪੱਤਰਕਾਰ ਕਾਰਜ ਕਰ ਰਹੇ ਸਨ।ਇਸ ਮੌਕੇ ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਇੰਚਾਰਜ ਸ. ਬਗੀਚਾ ਸਿੰਘ ਤੇ ਸਹਾਇਕ ਇੰਚਾਰਜ ਸ. ਜਸਵੀਰ ਸਿੰਘ ਲੌਂਗੋਵਾਲ ਹਾਜ਼ਰ ਸਨ।

## ਕੇਂਦਰ ਤੇ ਹਰਿਆਣਾ ਸਰਕਾਰ ਵੱਲੋਂ ਪੰਜਾਬ ਦੇ ਪਾਣੀਆਂ ਤੇ ਮਾਰੇ ਜਾ ਰਹੇ ਡਾਕੇ ਨੂੰ ਕੁਰਬਾਨੀਆਂ ਦੇ ਕੇ ਰੋਕਾਂਗੇ : ਧਾਲੀਵਾਲ

ਅਜਨਾਲਾ, 14 ਮਈ, (ਸੁਖਦੇਵ ਸਿੰਘ ਖਾਲਸਾ): : ਅੱਜ ਹਲਕਾ ਆਜਨਾਲਾ ਤੋਂ ਸੱਤਾਧਾਰੀ ਆਮ ਆਦਮੀ ਪਾਰਟੀ ਦੇ ਵਿਧਾਇਕ ਤੇ ਕੈਬਨਿਟ ਮੰਤਰੀ ਪੰਜਾਬ ਸ: ਕੁਲਦੀਪ ਸਿੰਘ ਧਾਲੀਵਾਲ ਵੱਲੋਂ ਹਲਕੇ ਦੇ ਸਰਗਰਮ ਵਲੰਟੀਅਰਾਂ, ਆਗੂਆਂ , ਪੰਚਾਂ ਸਰਪੰਚਾਂ ਦੇ ਵਿਸ਼ਾਲ ਕਾਫਲੇ ਨਾਲ ਨੰਗਲ ਡੈਮ ਵਿਖੇ ਪਾਰਟੀ ਵਲੋਂ ਦਿਨ ਰਾਤ ਪਾਣੀ ਤੇ ਪਹਿਰੇਦਾਰੀ ਲਈ ਜਾਰੀ ਰੋਸ ਧਰਨੇ 'ਚ ਕੇਂਦਰੀ ਮੋਦੀ ਸਰਕਾਰ , ਭਾਜਪਾ ਹਰਿਆਣਾ ਸਰਕਾਰ ਦੇ ਵਿਰੁੱਧ ਅਤੇ ਪਾਣੀਆਂ ਦੀ ਰਾਖੀ ਦੇ ਹੱਕ 'ਚ ਜ਼ੋਰਦਾਰ ਨਾਰੇਬਾਜ਼ੀ ਕਰਦਿਆਂ ਸ਼ਮੂਲੀਅਤ ਕੀਤੀ। ਇਸ ਤੋਂ ਪਹਿਲਾਂ ਨੰਗਲ ਡੈਮ ਰੋਸ ਧਰਨੇ 'ਚ ਸ਼ਾਮਲ ਹੋਣ ਲਈ ਰਵਾਨਾ ਹੋਣ ਮੌਕੇ ਗੱਲਬਾਤ ਦੌਰਾਨ ਕੈਬਨਿਟ ਮੰਤਰੀ ਪੰਜਾਬ ਸ: ਕੁਲਦੀਪ ਸਿੰਘ ਧਾਲੀਵਾਲ ਨੇ ਕੇਂਦਰ ਦੀ ਭਾਜਪਾ ਮੋਦੀ ਸਰਕਾਰ ਨੂੰ ਆੜੇ ਹੱਥੀ ਲੈਂਦਿਆਂ ਕਿਹਾ ਕਿ ਬੀਬੀਐਮਬੀ ਜਰੀਏ ਧੱਕੇ ਨਾਲ ਪੰਜਾਬ ਦੇ ਪਾਣੀਆਂ ਤੇ ਡਾਕਾ ਮਾਰਕੇ ਆਪਣੇ ਭਾਜਪਾ ਸ਼ਾਸ਼ਿਤ ਸੂਬੇ ਹਰਿਆਣਾ ਨੂੰ ਪਾਣੀ ਦੇਣ ਲਈ ਬਜ਼ਿੱਦ ਹੈ , ਜਦੋਂਕਿ ਅਦਾਲਤੀ ਪ੍ਰਕਿਰਿਆ ਤੇ ਸੜਕਾਂ ਤੇ ਮੁਜਾਹਰੇ ਤੇ ਰੋਸ ਧਰਨੇ ਕਰਕੇ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਵਾਲੀ ਸਰਕਾਰ ਕਿਸੇ ਵੀ ਕੀਮਤ 'ਤੇ ਭਾਜਪਾ ਸ਼ਾਸ਼ਿਤ ਕੇਂਦਰ ਸਰਕਾਰ ਨੂੰ ਪੰਜਾਬ ਦੇ ਹੱਕ ਦਾ ਪਾਣੀ ਖੋਹਣ ਦੀ ਕਦਾਚਿਤ ਇਜਾਜਤ ਨਹੀਂ ਦੇਵੇਗੀ । ਭਾਵੇਂ ਕਿ ਪਾਣੀਆਂ ਦੀ ਰਾਖੀ ਲਈ ਕੁਰਬਾਨੀਆਂ ਕਿਉਂ ਨਾਂ ਕਰਨੀਆਂ ਪੈਣ। ਉਨ੍ਹਾਂ ਨੇ ਪੰਜਾਬ ਦੇ ਦਰਿਆਈ ਪਾਣੀਆਂ ਤੇ ਪੰਜਾਬ ਦਾ ਇਖਲਾਕੀ ਹੱਕ ਜਤਾਉਂਦਿਆਂ ਕਿਹਾ ਕਿ ਵਹਿੰਦੇ ਦਰਿਆਵਾਂ ਤੇ ਵੱਡੇ ਨਾਲ਼ਿਆਂ ਹੇਠ ਪੰਜਾਬ ਦੇ ਕਿਸਾਨਾਂ ਵਲੋਂ ਉਪਜਾਊ ਜਮੀਨਾਂ ਦਿੱਤੀਆਂ ਹੋਈਆਂ ਹਨ, ਜਦੋਂਕਿ ਹਰ ਸਾਲ ਇਨ੍ਹਾਂ 'ਚ ਹੜ੍ਹ ਆਉਣ ਕਾਰਣ ਮਨੁੱਖੀ



ਮੌਤਾਂ, ਪਸ਼ੂ ਧਨ, ਤੇ ਅਰਥਚਾਰੇ ਤੇ ਦਰਿਆਬੁਰਦ ਹੁੰਦੀਆਂ ਉਪਜਾਊ ਜਮੀਨਾਂ ਦੀ ਬਰਬਾਦੀ ਦਾ ਸੰਤਾਪ ਅਤੇ ਸੂਬੇ ਦੇ 153 ਬਲਾਕਾਂ ਚੋਂ 115 ਦੇ ਕਰੀਬ ਬਲਾਕਾਂ ਦਾ ਪਾਣੀ ਖਤਰਨਾਕ ਡਾਰਕ ਜ਼ੋਨ ਚ ਜਾਣ ਦੇ ਨਤੀਜੇ ਵਜੋਂ ਪੀਣ ਵਾਲੇ ਦਾ ਪਾਣੀ ਸੰਕਟ, ਕੈਂਸਰ ਤੇ ਕਾਲਾ ਪੀਲੀਆ ਵਰਗੀਆਂ ਨਾਮੁਰਾਦ ਬਿਮਾਰੀਆਂ ਦੀ ਮਨੁੱਖੀ ਮਾਰ ਵੀ ਪੰਜਾਬ ਵਾਸੀ ਆਪਣੇ ਪਿੰਡੇ ਤੇ ਝੱਲ ਰਹੇ ਹਨ, ਉਥੇ ਪੰਜਾਬ ਸਰਕਾਰ ਵਲੋਂ ਭੇਜੇ ਗਏ ਵਾਰ ਵਾਰ ਚੇਤਾਵਨੀਆਂ ਪੱਤਰਾਂ ਦੇ ਬਾਵਜੂਦ ਹਰਿਆਣਾ ਨੇ ਪਾਣੀ ਦੀ ਸਮਝਦਾਰੀ ਨਾਲ ਵਰਤੋਂ ਕਰਨ ਵੱਲ ਕਥਿਤ ਤੌਰ ਤੇ ਉਜੱਡ ਰਵੱਈਆ ਅਪਣਾ ਕੇ ਚੇਤਾਵਨੀ ਪੱਤਰਾਂ ਵੱਲ ਧਿਆਨ ਹੀ ਨਹੀਂ ਦਿੱਤਾ। ਉਨ੍ਹਾਂ ਕਿਹਾ ਕਿ ਪੰਜਾਬ ਪਹਿਲਾਂ ਹੀ ਮਨੁੱਖੀ ਹਮਦਰਦੀ ਵੱਜੋਂ ਹਰਿਆਣਾ ਨੂੰ ਲੋੜੀਂਦੇ 1750 ਕਿਉਸਿਕ ਪਾਣੀ ਤੋਂ ਵਧੇਰੇ 4000 ਕਿਉਸਿਕ ਪਾਣੀ ਆਪਣੇ ਕੋਟੇ ਚੋਂ ਪ੍ਰਦਾਨ ਕਰ ਰਿਹਾ ਹੈ। ਪੰਜਾਬ ਕੋਲ ਹਰਿਆਣਾ ਨੂੰ ਵਾਧੂ ਪਾਣੀ ਦੇਣ ਲਈ ਪਾਣੀ ਦੀ ਇਕ ਬੂੰਦ ਵੀ ਫਾਲਤੂ ਨਹੀਂ ਹੈ। ਉਨ੍ਹਾਂ ਨੇ ਪੰਜਾਬ, ਪੰਜਾਬੀ, ਪੰਜਾਬੀਅਤ ਦੀ ਅਮੀਰ ਸਭਿਆਚਾਰਕ ਵਿਰਾਸਤ ਦਾ ਹਵਾਲਾ ਦਿੰਦਿਆਂ ਦੱਸਿਆ ਕਿ ਸੂਬਾ ਮਾਨ ਸਰਕਾਰ ਨੇ ਭਾਈ ਕਨਹੱਈਆ ਜੀ ਵਲੋਂ ਵਿਖਾਏ ਮਾਰਗ ਦਰਸ਼ਨ ਤੇ ਚੱਲਦਿਆਂ ਰਾਜਸਥਾਨ ਵਿੱਚ ਤਾਇਨਾਤ ਸੁਰੱਖਿਆ ਬਲਾਂ ਲਈ ਪਾਣੀ ਦੀ ਮੰਗ ਨੂੰ ਤੁਰੰਤ ਸਵੀਕਾਰ ਕਰਦੇ ਹੋਏ ਲੋੜੀਂਦਾ ਪਾਣੀ ਜਾਰੀ ਕਰ ਦਿੱਤਾ ਹੈ। ਉਨ੍ਹਾਂ ਨੇ ਬੀਬੀਐਮਬੀ ਦੇ ਚੇਅਰਮੈਨ ਦੇ ਪੰਜਾਬ ਪ੍ਰਤੀ ਮਾਰੂ ਰਵੱਈਏ ਦੀ ਅਲੋਚਣਾ ਕੀਤੀ ਅਤੇ ਕਿਹਾ ਕਿ ਬੀਬੀਐਮਬੀ ਦਾ ਲੱਗਭਗ ਸਾਰਾ ਖਰਚਾ ਪੰਜਾਬ ਸਰਕਾਰ ਵਲੋਂ ਚੁੱਕਿਆ ਜਾਂਦਾ ਹੈ। ਪਰ ਬਦਲੇ ਵਿੱਚ ਬੀਬੀਐਮਬੀ ਦੇ ਚੇਅਰਮੈਨ ਵਲੋਂ ਪੰਜਾਬ ਦੇ ਪਾਣੀ ਨੂੰ ਜਬਰੀ ਖੋਹ ਕੇ ਹਰਿਆਣਾ ਨੂੰ ਦੇਣ ਲਈ ਕਥਿਤ ਤੌਰ ਤੇ ਚੋਰੀ ਛਿੱਪੇ ਡਾਕੇ ਵਾਂਗੂ ਕਦਮ ਪੁੱਟੇ ਜਾਂਦੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਦੇ ਦਰਿਆਈ ਪਾਣੀਆਂ ਉਪਰ ਕੇਂਦਰ ਭਾਜਪਾ ਸ਼ਾਸ਼ਿਤ ਸਰਕਾਰ , ਭਜਾਪਾ ਸ਼ਾਸ਼ਿਤ ਹਰਿਆਣਾ ਸਰਕਾਰ ਤੇ ਬੀਬੀਐਮਬੀ ਚੇਅਰਮੈਨ ਵਲੋਂ ਸਾਂਝੇ ਹੱਲੇ ਨਾਲ ਪੰਜਾਬ ਦੇ ਪਾਣੀਆਂ ਦ ਲੁੱਟ ਹੀ ਨਹੀਂ ਕੀਤੀ ਜਾ ਰਹੀ ਸਗੋਂ ਪੰਜਾਬ ਦੀ ਹੋਂਦ ਤੇ ਸਿੱਧਾ ਹਮਲਾ ਕੀਤਾ ਜਾ ਰਿਹਾ ਹੈ, ਜਿਸਨੂੰ ਪੰਜਾਬੀ ਤੇ ਸੂਬਾ ਮਾਨ ਸਰਕਤਾਰ ਕਦਾਚਿਤ ਬਰਦਾਤਸ਼ਤ ਨਹੀਂ ਕਰਨਗੇ। ਇਸ ਮੌਕੇ ਤੇ ਜ਼ਿਲਾ ਦਿਹਾਤੀ ਪ੍ਰਧਾਨ ਬਲਜਿੰਦਰ ਸਿੰਘ ਥਾਂਦੇ, ਓਐਸਡੀ ਗੁਰਜੰਟ ਸਿੰਘ ਸੋਹੀ,ਬਲਦੇਵ ਸਿੰਘ ਬੱਬੂ ਚੇਅਰਮੈਨ, ਸਰਪੰਚ ਪ੍ਰਿਥੀਪਾਲ ਸਿੰਘ ਘੋਹਨੇਵਾਲਾ, ਗੁਰਨਾਮ ਸਿੰਘ ਸਰਪੰਚ ਕਮੀਰਪੁਰਾ, ਸਰਪੰਚ ਮਨਜਿੰਦਰ ਸਿੰਘ ਸੈਦੋਗਾਜੀ, ਧਨਵੰਤ ਸਿੰਘ ਧੰਨਾ ਸਰਪੰਚ ਸੈਂਸਰਾ, ਲੱਖਾ ਸਿੰਘ ਮੋਹਨ ਭੰਡਾਰੀਆ , ਜੱਗਾ ਪੰਨੂ ਮੋਹਨ ਭੰਡਾਰੀਆ ਆਦਿ ਮੌਜੂਦ ਸਨ।

## ਬਾਬਾ ਜੱਸਾ ਸਿੰਘ ਆਹਲੂਵਾਲੀਆ ਦੇ ਜਨਮ ਦਿਹਾੜੇ ਨੂੰ ਸਮਰਪਿਤ ਗੁਰਮਤਿ ਸਮਾਗਮ 18 ਨੂੰ



ਅੰਮ੍ਰਿਤਸਰ, 14 ਮਈ, (ਗੁਰਦਿਆਲ ਸਿੰਘ) : ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੀ ਅਗਵਾਈ ਵਿੱਚ ਸਾਰੀਆਂ ਆਹਲੂਵਾਲੀਆ ਸਭਾਵਾਂ ਖਾਲਸਾ ਪੰਥ ਦੇ ਮਹਾਨ ਸੂਰਬੀਰ ਜਰਨੈਲ ਸਿੰਘ ਸਾਹਿਬ ਬਾਬਾ ਜੱਸਾ ਸਿੰਘ ਆਹਲੂਵਾਲੀਆ ਸੁਲਤਾਨ-ਉਲ-ਕੌਮ ਬੁੱਢਾ ਦਲ ਦੇ ਚੌਥੇ ਜਥੇਦਾਰ ਦਾ 307ਵਾਂ ਜਨਮ ਦਿਹਾੜਾ ਨਾਨਕਸਾਹੀ ਕੈਲੰਡਰ ਅਨੁਸਾਰ 18 ਮਈ ਨੂੰ ਸਮਰਪਿਤ ਗੁਰਮਤਿ ਸਮਾਗਮ ਗੁ: ਬੁਰਜ ਅਕਾਲੀ ਬਾਬਾ ਫੂਲਾ ਸਿੰਘ ਵਿਖੇ ਪੂਰਨ ਸਰਧਾ ਸਤਿਕਾਰ ਨਾਲ ਮਨਾਇਆ ਜਾਵੇਗਾ।

ਬੁੱਢਾ ਦਲ ਦੇ ਸਕੱਤਰ ਸ. ਦਿਲਜੀਤ ਸਿੰਘ ਬੇਦੀ ਨੇ ਦਸਿਆ ਕਿ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਗੁਰਦੁਆਰਾ ਮੱਲ ਅਖਾੜਾ ਸਾਹਿਬ ਪਾਤਸ਼ਾਹੀ ਛੇਵੀਂ ਵਿਖੇ ਸਲਾਨਾ ਗੁਰਮਤਿ ਸਮਾਗਮ ਹੋਵੇਗਾ। ਜਿਸ ਵਿੱਚ ਰਾਗੀ, ਢਾਡੀ, ਪ੍ਰਚਾਰਕ, ਵਿਦਵਾਨ, ਸੱਜਨ ਬਾਬਾ ਜੀ ਦੇ ਜੀਵਨ ਤੇ ਸੰਗਤਾਂ ਨਾਲ ਸਾਂਝ ਪਾਉਣਗੇ। ਉਨ੍ਹਾਂ ਸਾਰੀਆਂ ਸਮੂਹ ਜਥੇਬੰਦੀਆਂ ਸਭਾਵਾਂ ਨੂੰ ਅਪੀਲ ਕੀਤੀ ਹੈ ਗੁਰਮਤਿ ਸਮਾਗਮ ਵਿੱਚ ਹਾਜ਼ਰੀ ਭਰਨ ਦੀ ਕ੍ਰਿਪਾਲਤਾ ਕਰਨ। ਉਪਰੰਤ ਸਿੰਘ ਸਾਹਿਬ ਬਾਬਾ ਜੱਸਾ ਸਿੰਘ ਆਹਲੂਵਾਲੀਆ ਯਾਦਗਾਰੀ ਚੌਂਕ ਵਿਖੇ ਆਹਲੂਵਾਲੀਆ ਬਰਾਦਰੀ ਅਤੇ ਹੋਰ ਸੰਗਤਾਂ ਬਾਬਾ ਜੀ ਦੇ ਬੁੱਤ ਸਰੂਪ ਤੇ 18 ਮਈ ਸਵੇਰੇ 11 ਵਜੇ ਫੁੱਲਾਂ ਦੇ ਹਾਰ ਪਾ ਕੇ ਸਤਿਕਾਰ ਭੇਟ ਕਰਨਗੀਆਂ।

## ਬਾਬਾ ਭਜਨ ਸਿੰਘ ਤੇ ਪਿੰਡ ਭੂਸੇ ਦੀ ਸੰਗਤ ਵੱਲੋਂ ਲੰਗਰ ਸ੍ਰੀ ਗੁਰੂ ਰਾਮਦਾਸ ਜੀ ਵਿਖੇ ਰਸਦਾਂ ਭੇਟ



ਅੰਮ੍ਰਿਤਸਰ, 14 ਮਈ, (ਗੁਰਦਿਆਲ ਸਿੰਘ) : ਲੰਗਰ ਸ੍ਰੀ ਗੁਰੂ ਰਾਮਦਾਸ ਵਿਖੇ ਹਰ ਦਿਨ ਸੰਗਤ ਆਪਣੀ ਕਿਰਤ ਕਮਾਈ ਵਿੱਚੋਂ ਵੱਡੀ ਮਾਤਰਾ 'ਚ ਰਸਦਾਂ ਭੇਟ ਕਰਕੇ ਸ਼ਰਧਾ ਪ੍ਰਗਟਾਉਂਦੀ ਹੈ। ਇਸੇ ਤਹਿਤ ਹੀ ਬੀਤੇ ਕੱਲ੍ਹ ਜ਼ਿਲ੍ਹਾ ਅੰਮ੍ਰਿਤਸਰ ਦੇ ਪਿੰਡ ਭੂਸੇ ਦੀ ਸੰਗਤ ਨੇ ਬਾਬਾ ਭਜਨ ਸਿੰਘ ਦੀ ਪ੍ਰੇਰਣਾ ਸਦਕਾ ਲੰਗਰ ਸ੍ਰੀ ਗੁਰੂ ਰਾਮਦਾਸ ਜੀ ਵਿਖੇ ਕਣਕ ਤੇ ਹੋਰ ਰਸਦਾਂ ਭੇਟ ਕੀਤੀਆਂ। ਇਸ ਮੌਕੇ ਬਾਬਾ ਭਜਨ ਸਿੰਘ ਤੇ ਸੰਗਤ ਨੂੰ ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਸ. ਰਾਜਿੰਦਰ ਸਿੰਘ ਰੂਬੀ ਤੇ ਮੀਤ ਮੈਨੇਜਰ ਸ. ਬਲਵਿੰਦਰ ਸਿੰਘ ਨੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਤਸਵੀਰ ਤੇ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ।

ਇਸ ਮੌਕੇ ਬਾਬਾ ਭਜਨ ਸਿੰਘ ਨੇ ਕਿਹਾ ਕਿ ਪਿੰਡ ਭੂਸੇ ਦੀਆਂ ਸੰਗਤਾਂ ਵੱਲੋਂ ਲੰਗਰ ਸ੍ਰੀ ਗੁਰੂ ਰਾਮਦਾਸ ਜੀ ਵਾਸਤੇ ਆਟਾ, ਦਾਲ, ਚਾਵਲ, ਤੇਲ, ਘਿਓ ਤੇ ਮਸਾਲੇ ਦੀ ਸੇਵਾ ਕੀਤੀ ਗਈ ਹੈ। ਉਨ੍ਹਾਂ ਗੁਰੂ ਸਾਹਿਬ ਅੱਗੇ ਅਰਦਾਸ ਕੀਤੀ ਕਿ ਗੁਰੂ ਸਾਹਿਬ ਆਪ ਅੰਗ ਸੰਗ ਸਹਾਈ ਹੋ ਕੇ ਹਰ ਸਾਲ ਇਸੇ ਤਰ੍ਹਾਂ ਸੇਵਾ ਕਰਨ ਦਾ ਬਲ ਬਖ਼ਸ਼ਣ।

## ਖ਼ਾਲਸਾ ਕਾਲਜ ਵੂਮੈਨ ਅਤੇ ਟਾਈਮਲੇਸ ਐਸਥੇਟਿਕਸ ਕਲੀਨਿਕ ਦਰਮਿਆਨ ਹੋਇਆ ਸਮਝੌਤਾ



ਅੰਮ੍ਰਿਤਸਰ, 14 ਮਈ, (ਬਬਲੂ ਮਹਾਜਨ) : ਖ਼ਾਲਸਾ ਕਾਲਜ ਫ਼ਾਰ ਵੂਮੈਨ ਅਤੇ ਟਾਈਮਲੇਸ ਐਸਥੇਟਿਕਸ ਕਲੀਨਿਕ ਦਰਮਿਆਨ ਅਹਿਮ ਸਮਝੌਤਾ ਖ਼ਾਲਸਾ ਕਾਲਜ ਗਵਰਨਿੰਗ ਕੌਂਸਲ ਦੇ ਆਨਰੇਰੀ ਸਕੱਤਰ ਸ: ਰਜਿੰਦਰ ਮੋਹਨ ਸਿੰਘ ਛੀਨਾ ਅਤੇ ਫ਼ਾਇਨਾਂਸ ਸਕੱਤਰ ਸ: ਗੁਨਬੀਰ ਸਿੰਘ ਦੀ ਮੌਜ਼ੂਦਗੀ 'ਚ ਹੋਇਆ। ਇਸ ਸਮਝੌਤੇ ਦਾ ਉਦੇਸ਼ ਐਮ. ਏ. (ਕਾਸਮੈਟੋਲੋਜੀ) ਅਤੇ ਬੀ. ਐੱਸ. ਸੀ. (ਬਿਊਟੀ ਕਲਚਰ ਐਂਡ ਕਾਸਮੈਟੋਲੋਜੀ) ਪ੍ਰੋਗਰਾਮਾਂ ਦੀ ਪੜ੍ਹਾਈ ਕਰ ਰਹੇ ਵਿਦਿਆਰਥੀਆਂ ਨੂੰ ਵਿਆਪਕ ਵਿਹਾਰਕ ਅਤੇ ਸਿਧਾਂਤਕ ਸਿਖਲਾਈ ਪ੍ਰਦਾਨ ਕਰਨ ਲਈ ਕਾਲਜ ਅਤੇ ਕਲੀਨਿਕ ਵਿਚਕਾਰ ਆਪਸੀ ਤਾਲਮੇਲ ਸਥਾਪਿਤ ਕਰਨਾ ਹੈ।

ਉਕਤ ਸਮਝੌਤੇ ਦੇ ਦਸਤਾਵੇਜ਼ਾਂ 'ਤੇ ਗਵਰਨਿੰਗ ਕੌਂਸਲ ਦੇ ਦਫ਼ਤਰ ਵਿਖੇ ਸ: ਛੀਨਾ, ਸ: ਗੁਨਬੀਰ ਸਿੰਘ ਦੀ ਮੌਜ਼ੂਦਗੀ 'ਚ ਕਾਲਜ ਪ੍ਰਿੰਸੀਪਲ ਡਾ. ਸੁਰਿੰਦਰ ਕੌਰ ਅਤੇ ਕਲੀਨਿਕ ਦੇ ਫਾਊਂਡਰ ਐਂਡ ਮੈਨੇਜਿੰਗ ਡਾਇਰੈਕਟਰ ਡਾ. ਸ਼ਿਖ਼ਾ ਬਾਗੀ ਨੇ ਦਸਤਖ਼ਤ ਕਰਕੇ ਵਿਦਿਆਰਥੀਆਂ ਦੇ ਸੁਨਿਹਰੇ ਭਵਿੱਖ ਨੂੰ ਧਿਆਨ 'ਚ ਰੱਖਦਿਆਂ ਰੋਜਗਾਰ ਸਾਧਨ ਮੁਹੱਈਆ ਕਰਵਾਉਣ ਦੀ ਵਚਨਬੱਧਤਾ ਨੂੰ ਦੁਹਰਾਇਆ।

ਇਸ ਸਬੰਧੀ ਪ੍ਰਿੰ: ਡਾ. ਸੁਰਿੰਦਰ ਕੌਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਉਕਤ ਕਲੀਨਿਕ ਜਿਸਨੂੰ 'ਟੀ. ਏ.' ਵਜੋਂ ਜਾਣਿਆ ਜਾਂਦਾ ਹੈ, ਭਾਰਤ 'ਚ ਇਸ ਦੇ ਸੰਚਾਲਨ 'ਚ ਡਾ. ਸ਼ਿਖ਼ਾ ਬਾਗੀ ਵੱਲੋਂ ਅਗਵਾਈ ਕੀਤੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਡਾ. ਬਾਗੀ ਬੀ. ਡੀ. ਐੱਸ., ਐੱਮ. ਡੀ. ਐੱਸ. (ਐਂਡੋਡੌਂਟਿਸਟ), ਸਥਾਈ ਮੇਕਅਪ, ਕਾਸਮੈਟੋਲੋਜੀ ਅਤੇ ਫੇਸ਼ੀਅਲ ਐਸਥੇਟਿਕਸ ਦੀ ਮਾਸਟਰ ਟ੍ਰੇਨਰ ਵਜੋਂ ਅਕਾਦਮਿਕ ਉੱਤਮਤਾ ਦਾ ਖਾਸਾ ਗਿਆਨ ਹਾਸਲ ਹੈ ਅਤੇ ਉਹ ਅਮੈਰੀਕਨ ਅਕੈਡਮੀ ਆਫ ਮਾਈਕ੍ਰੋ ਪਿਗਮੈਂਟੇਸ਼ਨ (ਏ. ਏ. ਐੱਮ.) ਦੀ ਪਹਿਲੀ ਡਾਇਮੰਡ ਟ੍ਰੇਨਰ ਹੈ। ਉਨ੍ਹਾਂ ਕਿਹਾ ਕਿ ਇਹ ਸਮਝੌਤਾ 5 ਸਾਲਾਂ ਲਈ ਪੰਜਾਬ 'ਚ ਸਿਰਫ਼ ਤੇ ਸਿਰਫ਼ ਕਾਲਜ ਨਾਲ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਸ ਸਮਝੌਤੇ ਦਾ ਉਦੇਸ਼ ਵਿਦਿਆਰਥੀਆਂ 'ਚ ਉੱਦਮੀ ਮਾਨਸਿਕਤਾ ਨੂੰ ਵਧਾਉਣਾ, ਉੱਦਮੀ ਵਿਕਾਸ 'ਤੇ ਵੱਖ-ਵੱਖ ਵਰਕਸ਼ਾਪਾਂ ਦਾ ਆਯੋਜਨ, ਵਿਹਾਰਕ ਸਿਖਲਾਈਆਂ ਦਾ ਆਯੋਜਨ, ਸਵੈ-ਰੁਜ਼ਗਾਰ ਦੇ ਮੌਕੇ, ਵੱਖ-ਵੱਖ ਸਟਾਰਟ-ਅੱਪ ਸਥਾਪਿਤ ਕਰਨ 'ਚ ਵਿਦਿਆਰਥੀਆਂ ਦੀ ਸਹਾਇਤਾ, ਸਿਖਲਾਈ ਪ੍ਰਾਪਤ ਵਿਦਿਆਰਥੀਆਂ ਦੀ ਪਲੇਸਮੈਂਟ ਦਾ ਪ੍ਰਬੰਧ ਕਰਨ ਤੋਂ ਇਲਾਵਾ ਅਮੈਰੀਕਨ ਅਕੈਡਮੀ ਆਫ਼ ਮਾਈਕ੍ਰੋਪਿਗਮੈਂਟੇਸ਼ਨ ਤੋਂ ਮਾਨਤਾ ਪ੍ਰਾਪਤ ਸਰਟੀਫਿਕੇਟ ਵਿਦਿਆਰਥੀਆਂ ਨੂੰ ਪ੍ਰਦਾਨ ਕੀਤਾ ਜਾਵੇਗਾ। ਫੈਸ਼ਨ ਅਤੇ ਕਾਸਮੋਟੋਲੋਜੀ ਵਿਭਾਗ ਮੁੱਖੀ ਸ੍ਰੀਮਤੀ ਸ਼ਰੀਨਾ ਮਹਾਜਨ ਵੀ ਹਾਜ਼ਰ ਸਨ।

## ਅੰਮ੍ਰਿਤਸਰ ਸ਼ਹਿਰ ਦੀਆਂ ਮੁੱਖ ਸੜਕਾਂ ਦੇ ਰੱਖ-ਰਖਾਓ ਅਤੇ ਪ੍ਰਬੰਧਨ ਸਬੰਧੀ ਨਿਗਮ ਕਮਿਸ਼ਨਰ ਤੇ ਅਧਿਕਾਰੀਆਂ ਦੀ ਮੀਟਿੰਗ




ਅੰਮ੍ਰਿਤਸਰ, 14 ਮਈ, (ਗੁਰਦਿਆਲ ਸਿੰਘ) : ਅੰਮ੍ਰਿਤਸਰ ਸ਼ਹਿਰ ਦੀ ਦਿੱਖ ਨੂੰ ਹੋਰ ਬਿਹਤਰ ਕਰਨ ਲਈ ਸ਼ਹਿਰ ਦੀਆਂ ਮੁੱਖ ਸੜਕਾਂ ਦੇ ਰੱਖ ਰਖਾਓ ਅਤੇ ਪ੍ਰਬੰਧਨ ਲਈ ਪਿਛਲੇ ਦਿਨੇ ਨਿਗਮ ਅਧਿਕਾਰੀਆਂ ਨੂੰ ਆਪਣੇ ਮੌਜੂਦਾ ਕੰਮ ਦੇ ਨਾਲ ਨਾਲ, ਸਬੰਧਤ ਵਿਭਾਗ ਦੇ ਅਧਿਕਾਰੀਆਂ ਨਾਲ ਤਾਲਮੇਲ ਕਰਕੇ ਕੰਮ ਕਰਵਾਉਣ ਲਈ ਇਨ੍ਹਾਂ ਸੜਕਾ ਦਾ ਨੋਡਲ ਅਫਸਰ ਨਿਯੁਕਤ ਕੀਤਾ ਗਿਆ ਅਤੇ ਨਿਰਧਾਰਿਤ ਪ੍ਰੋਫਾਰਮੇ ਵਿੱਚ ਨਿਗਮ, ਵਲੋਂ ਰੋਜਾਨਾ ਕੀਤੇ ਜਾਣ ਵਾਲੇ ਕੰਮਾਂ ਦੀ ਰਿਪੋਰਟ ਦੇਣ ਲਈ ਕਿਹਾ ਗਿਆ ਸੀ। ਅੱਜ ਮਿਤੀ 14.05.2025 ਨੂੰ ਕਮਿਸ਼ਨਰ, ਗੁਲਪ੍ਰੀਤ ਸਿੰਘ ਔਲਖ ਵਲੋਂ ਇਨ੍ਹਾਂ ਨਿਯੁਕਤ ਕੀਤੇ ਨੋਡਲ ਅਫਸਰਾ ਵਲੋਂ ਕੀਤੀ ਗਈ ਕਾਰਗੁਜਾਰੀ ਦੀ ਸਮੱਖਿਆਂ ਕਰਨ ਲਈ ਮੀਟਿੰਗ ਲਈ ਗਈ। ਜਿਸ ਵਿੱਚ ਹਰ ਇੱਕ ਨੋਡਲ ਅਫਸਰ ਨੇ ਉਸ ਨੂੰ ਅਲਾਟ ਕੀਤੀ ਗਈ ਸੜਕ ਤੇ ਉਸ ਵਲੋਂ ਕੀਤੀ ਗਈ ਕਾਰਵਾਈ ਦੀ ਜਾਣਕਾਰੀ ਹਾਸਲ ਕੀਤੀ ਗਈ ਅਤੇ ਪੇਸ਼ ਆ ਰਹੀਆਂ ਮੁਸ਼ਕਲਾ ਦੇ ਹਲ ਲਈ ਵਿਚਾਰ ਵਟਾਂਦਰਾ ਕੀਤਾ ਗਿਆ। ਅੱਜ ਦੀ ਇਸ ਮੀਟਿੰਗ ਵਿੱਚ ਵਧੀਕ ਕਮਿਸ਼ਨਰ, ਸੁਰਿੰਦਰ ਸਿੰਘ, ਨਿਗਰਾਨ ਇੰਜੀਨੀਅਰ ਸੰਦੀਪ ਸਿੰਘ, ਕਾਰਜਕਾਰੀ ਇੰਜੀਨੀਅਰ ਗੁਰਜਿੰਦਰ ਸਿੰਘ, ਐਸ.ਪੀ ਸਿੰਘ, ਭਲਿੰਦਰ ਸਿੰਘ, ਮੰਜੀਤ ਸਿੰਘ, ਸਵਰਾਜਇੰਦਰ ਸਿੰਘ, ਸੁਨੀਲ ਮਹਾਜਨ, ਸਿਹਤ ਅਫਸਰ, ਡਾਂ ਕਿਰਨ , ਡਾਂ ਯੋਗੇਸ਼ ਅਰੋੜਾ, ਏ.ਐਮ.ਓ.ਐੱਚ ਡਾਂ ਰਮਾ, ਅਤੇ ਅਸਟੇਟ ਅਫਸਰ ਧਰਮਿੰਦਰਜੀਤ ਸਿੰਘ ਹਾਜਰ ਸਨ।

ਕਮਿਸ਼ਨਰ, ਗੁਲਪ੍ਰੀਤ ਸਿੰਘ ਔਲਖ ਨੇ ਦੱਸਿਆਂ ਸ਼ਹਿਰ ਦੀਆਂ ਮੁੱਖ ਸੜਕਾ ਦੇ ਰੱਖ ਰਖਾਓ ਲਈ ਉਨ੍ਹਾਂ ਵਲੋਂ ਨਿਗਮ ਦੇ 12 ਅਧਿਕਾਰੀਆਂ ਨੂੰ ਬਤੌਰ ਨੋਡਲ ਅਫਸਰ ਨਿਯੁਕਤ ਕੀਤਾ ਗਿਆ ਹੈ ਜੋ ਕਿ ਆਪਣੀ ਡਿਊਟੀ ਦੇ ਨਾਲ ਨਾਲ ਬਾਕੀ ਵਿਭਾਗਾ ਨਾਲ ਤਾਲਮੇਲ ਕਰਕੇ ਇਨ੍ਹਾਂ ਸੜਕਾ ਤੇ ਸਿਵਲ ਦੇ ਕੰਮ ਜਿਵੇ ਕਿ ਪੈਚ ਵਰਕ, ਫੁੱਟਪਾਥ ਰਿਪੇਅਰ, ਸੈਂਟਰਲ ਵਰਜ ਦੀ ਰਿਪੇਅਰ, ਬਾਗਬਾਨੀ ਨਾਲ ਸਬੰਧਤ ਕੰਮ, ਸੀਵਰੇਜ ਅਤੇ ਮੈਨਹੋਲ ਕਵਰ ਰਿਪੇਅਰ, ਪੀਣ ਵਾਲੇ ਸਾਫ ਪਾਣੀ, ਸਟਰੀਟ ਲਾਈਟ, ਸੜਕਾ ਦੀ ਸਫਾਈ, ਕੂੜੇ / ਗਾਰਬੇਜ/ ਮਲਬੇ ਦੀ ਲਿਫਟਿੰਗ ਅਤੇ ਸੜਕਾ ਤੇ ਹੋਏ ਨਜਾਇਜ ਕਬਜਿਆਂ ਨੂੰ ਹਟਾਉਣ ਸਬੰਧੀ ਕਾਰਵਾਈਆਂ ਕਰਵਾਉਣਗੇ ਅਤੇ ਉਸ ਦੀ ਰੋਜਾਨਾ ਰਿਪੋਰਟ ਦੇਣਗੇ। ਇਸ ਸਬੰਧ ਵਿੱਚ ਅੱਜ ਇਨ੍ਹਾਂ ਨੋਡਲ ਅਧਿਕਾਰੀਆਂ ਦੀ ਮੀਟਿੰਗ ਲਈ ਗਈ ਜਿਸ ਵਿੱਚ ਉਨ੍ਹਾਂ ਵਲੋਂ ਕੀਤੀ ਗਈ ਕਾਰਗੁਜਾਰੀ ਸਬੰਧੀ ਜਾਣਕਾਰੀ ਦੇ ਨਾਲ ਨਾਲ ਉਨ੍ਹਾਂ ਨੂੰ ਪੇਸ ਆ ਰਹੀਆਂ ਮੁਸ਼ਕਲਾ ਤੇ ਵੀ ਵਿਚਾਰ ਵਟਾਂਦਰਾ ਕੀਤਾ ਗਿਆ ਅਤੇ ਇਸ ਦੇ ਹਲ ਲਈ ਯੋਗ ਵਿਉਤ ਬੰਦੀ ਕੀਤੀ ਗਈ । ਕਮਿਸ਼ਨਰ ਨੇ ਨਿਗਮ ਦੇ ਸਾਰੇ ਵਿਭਾਗਾ ਦੇ ਮੁੱਖੀਆਂ ਨੂੰ ਵੀ ਹਦਾਇਤਾਂ ਕੀਤੀਆ ਕਿ ਉਹ ਇਨ੍ਹਾਂ ਨੋਡਲ ਅਫਸਰਾਂ ਵਲੋਂ ਕੀਤੀ ਜਾ ਰਹੀ ਕਾਰਵਾਈਆਂ ਵਿੱਚ ਉਨ੍ਹਾਂ ਦਾ ਪੂਰਨ ਸਹਿਯੋਗ ਦੇਣ ਅਤੇ ਕਿਸੇ ਤਰ੍ਹਾਂ ਦੀ ਲਾਪਰਵਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਨਿਗਮ ਵਲੋਂ ਪਹਿਲਾ ਹੀ ਸ਼ਹਿਰ ਦੇ ਵਾਰਡਾ ਵਿੱਚ ਸਫਾਈ ਅਭਿਆਨ ਚਲਾਇਆ ਜਾ ਰਹੀਆਂ ਹੈ। ਉਨ੍ਹਾਂ ਇਹ ਵੀ ਕਿਹਾ ਕਿ ਨਗਰ ਨਿਗਮ, ਸ਼ਹਿਰ ਨੂੰ ਸਾਫ ਸੁਧਰਾ ਬਣਾਉਣ ਲਈ ਪੂਰੀ ਤਨਦੇਹੀ ਅਤੇ ਮਿਹਨਤ ਨਾਲ ਕੰਮ ਕਰ ਰਿਹਾ ਹੈ ਅਤੇ ਉਨ੍ਹਾਂ ਨੂੰ ਵਿਸ਼ਵਾਸ ਹੈ ਕਿ ਆਉਣ ਵਾਲੇ ਦਿਨਾਂ ਵਿੱਚ ਸ਼ਹਿਰ ਦੀ ਦਿੱਖ ਵਿੱਚ ਸੁਧਾਰ ਹੋਵੇਗਾ।

## ਛੀਨਾ ਵੱਲੋਂ ਨਕਲੀ ਸ਼ਰਾਬ ਪੀਣ ਕਾਰਨ ਹੋਈਆਂ ਮੌਤ 'ਤੇ ਦੁਖ ਪ੍ਰਗਟ



ਅੰਮ੍ਰਿਤਸਰ, 14 ਮਈ, (ਬਬਲੂ ਮਹਾਜਨ) : ਭਾਜਪਾ ਦੇ ਸੀਨੀਅਰ ਆਗੂ ਸ: ਰਜਿੰਦਰ ਮੋਹਨ ਸਿੰਘ ਛੀਨਾ ਨੇ ਅੱਜ ਅੰਮ੍ਰਿਤਸਰ ਹਲਕਾ ਮਜੀਠਾ ਨਜ਼ਦੀਕ ਬੀਤੀ ਰਾਤ ਪਿੰਡ ਭੰਗਾਲੀ, ਥਰੀਏਵਾਲ ਅਤੇ ਮਰੜੀ ਕਲਾਂ ਨਾਲ ਸਬੰਧਿਤ 20 ਤੋਂ ਵਧੇਰੇ ਵਿਅਕਤੀਆਂ ਦੀ ਜਹਿਰੀਲੀ ਸ਼ਰਾਬ ਪੀਣ ਨਾਲ ਮੌਤ ਹੋਣ 'ਤੇ ਦੁਖ ਦਾ ਇਜ਼ਹਾਰ ਕੀਤਾ ਹੈ।

ਇਸ ਮੌਕੇ ਸ: ਛੀਨਾ ਨੇ ਸੂਬੇ ਵਿਚਲੀ ਆਮ ਆਦਮੀ ਪਾਰਟੀ ਦੀ ਭਗਵੰਤ ਮਾਨ ਸਰਕਾਰ ਨੂੰ ਆੜੇ ਹੱਥੀਂ ਲੈਂਦਿਆਂ ਕਿਹਾ ਕਿ ਇਕ ਪਾਸੇ ਪੰਜਾਬ ਦੇ ਨੌਜਵਾਨਾਂ ਨੂੰ ਨਸ਼ਾ ਮੁਕਤ ਕਰਵਾਉਣ ਲਈ ਮੁੱਖ ਮੰਤਰੀ ਵੱਲੋਂ 'ਯੁੱਧ ਨਸ਼ਿਆਂ ਖਿਲਾਫ਼' ਮੁਹਿੰਮ ਵਿੱਢੀ ਗਈ, ਉਥੇ ਦੂਜੇ ਪਾਸੇ ਨਕਲੀ ਸ਼ਰਾਬ ਬਣਾਉਣ ਦਾ ਧੰਦਾ ਪੂਰੇ ਜ਼ੋਰਾਂ 'ਤੇ ਹੈ, ਜਿਸ ਨੂੰ ਪੀਣ ਨਾਲ ਕਈ ਮਾਸੂਮ ਲੋਕਾਂ ਆਪਣੀ ਜਾਨ ਗਵਾ ਰਹੇ ਹਨ।ਉਨ੍ਹਾਂ ਕਿਹਾ ਕਿ ਬੀਤੀ ਰਾਤ ਵਾਪਰੀ ਘਟਨਾ ਅਤਿ ਮੰਦਭਾਗੀ ਹੈ, ਜਿਸ ਨੇ ਨਸ਼ਿਆਂ ਤੋਂ ਮੁਕਤ ਪੰਜਾਬ ਦੇ ਦਾਅਵਿਆਂ ਦੀ ਪੋਲ੍ਹ ਖੋਲਦਿਆਂ ਸੂਬਾ ਸਰਕਾਰ ਦੀ ਨਲਾਇਕੀ ਨੂੰ ਜਗ—ਜਾਹਿਰ ਕੀਤਾ ਹੈ।ਉਨ੍ਹਾਂ ਕਿਹਾ ਕਿ ਨਸ਼ਿਆਂ ਨੂੰ ਠੱਲ੍ਹ ਪਾਉਣ ਦਾ ਮਾਨ ਸਰਕਾਰ ਵੱਲੋਂ ਕੀਤਾ ਪ੍ਰਚਾਰ ਸਿਰਫ ਤੇ ਸਿਰਫ ਇਕ ਡਰਾਮਾ ਹੈ।

## ਸ੍ਰੀ ਗੁਰੂ ਹਰਗੋਬਿੰਦ ਪਬਲਿਕ ਸਕੂਲ ਮੱਲੀਆਂ ਦਾ ਦਸਵੀਂ ਤੇ ਬਾਰਵੀਂ ਜਮਾਤ ਦਾ ਨਤੀਜਾ ਸ਼ਾਨਦਾਰ ਰਿਹਾ



ਜੰਡਿਆਲਾ ਗੁਰੂ, 14 ਮਈ, (ਰਾਮ ਸ਼ਰਨਜੀਤ ਸਿੰਘ) : ਮਿਸਲ ਸ਼ਹੀਦਾਂ ਤਰਨਾ ਦਲ ਦੇ 16ਵੇਂ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਜੋਗਾ ਸਿੰਘ ਜੀ ਦੀ ਰਹਿਨੁਮਾਈ ਹੇਠ ਚੱਲ ਰਹੀ ਸੰਸਥਾ ਸ੍ਰੀ ਗੁਰੂ ਹਰਗੋਬਿੰਦ ਪਬਲਿਕ ਸਕੂਲ ਮੱਲੀਆਂ ਦੇ ਵਿਦਿਆਰਥੀਆਂ ਦਾ ਦਸਵੀਂ ਅਤੇ ਬਾਰਵੀਂ ਜਮਾਤ ਦਾ ਨਤੀਜਾ ਸ਼ਾਨਦਾਰ ਰਿਹਾ, ਜਿਸ ਵਿੱਚ ਦਸਵੀਂ ਜਮਾਤ ਦੇ ਵਿਦਿਆਰਥੀ ਰਮਨੀਤ ਕੌਰ , ਗੁਰਤੇਜ ਸਿੰਘ ਅਤੇ ਗੁਰਬੀਰ ਸਿੰਘ ਨੇ 95% ,93%,ਅਤੇ 90% ਨੰਬਰ ਲੈ ਕੇ ਪਹਿਲਾ, ਦੂਜਾ ਅਤੇ ਤੀਜਾ ਸਥਾਨ ਹਾਸਲ ਕੀਤਾ। ਇਸੇ ਤਰ੍ਹਾਂ ਹੀ ਬਾਰਵੀਂ ਦੇ ਵਿਦਿਆਰਥੀ ਪਵਨਪ੍ਰੀਤ ਕੌਰ , ਅੰਸ਼ਿਕਾ ,ਦੀਆ ਅਰੋੜਾ, ਮਨਸੀਰਤ ਕੌਰ ਹਰਮਨਪ੍ਰੀਤ ਸਿੰਘ ,ਅਤੇ ਕਰਨਬੀਰ ਸਿੰਘ ਨੇ 91%, 90%, 89% ਅਤੇ 88% ਨੰਬਰ ਲੈ ਕੇ ਕ੍ਰਮਵਾਰ ਪਹਿਲਾ ਦੂਜਾ ਅਤੇ ਤੀਜਾ ਸਥਾਨ ਹਾਸਲ ਕੀਤਾ। ਇਸ ਮੌਕੇ 'ਤੇ ਸਕੂਲ ਦੇ ਪ੍ਰਿੰਸੀਪਲ ਡਾ: ਪਲਵਿੰਦਰ ਸਿੰਘ ਜੀ ਨੇ ਵਿਦਿਆਰਥੀਆਂ ਅਤੇ ਅਧਿਆਪਕ ਸਾਹਿਬਾਨਾਂ ਨੂੰ ਵਧਾਈ ਦਿੱਤੀ ਅਤੇ ਖੁਸ਼ੀ ਜ਼ਾਹਰ ਕਰਦੇ ਹੋਏ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਸਾਡੇ ਸਕੂਲ ਦੇ ਵਿਦਿਆਰਥੀਆਂ ਨੇ ਪੜ੍ਹਾਈ ਵਿਚ ਮੱਲਾਂ ਮਾਰੀਆਂ ਹਨ ਉਹਨਾਂ ਦੱਸਿਆ ਕਿ ਦਸਵੀਂ ਜਮਾਤ ਵਿਚ 90% ਤੋਂ ਉਪਰ 8 , 85% ਤੋਂ ਉਪਰ 13 , 80% ਤੋਂ ਉਪਰ 8 , 70% ਤੋਂ ਉਪਰ 6 ਅਤੇ 60% ਤੋਂ ਉਪਰ 7 ਵਿਦਿਆਰਥੀਆਂ ਨੇ ਅੰਕ ਪ੍ਰਾਪਤ ਕਰਕੇ ਆਪਣਾ, ਆਪਣੇ ਮਾਤਾ- ਪਿਤਾ ਅਤੇ ਸਕੂਲ ਦਾ ਨਾਂ ਰੋਸ਼ਨ ਕੀਤਾ। ਇਸੇ ਤਰ੍ਹਾਂ ਉਹਨਾਂ ਨੇ ਬਾਰਵੀਂ ਜਮਾਤ ਦੇ ਵਿਦਿਆਰਥੀਆਂ ਦੀ ਵੀ ਪ੍ਰਸ਼ੰਸਾ ਕਰਦੇ ਹੋਏ ਕਿਹਾ ਕਿ ਬਾਰਵੀਂ ਜਮਾਤ ਦੇ ਵਿਦਿਆਰਥੀਆਂ ਨੇ ਵੀ ਚੰਗੇ ਅੰਕ ਪ੍ਰਾਪਤ ਕੀਤੇ ਹਨ। ਉਹਨਾਂ ਦੱਸਿਆ ਕਿ ਇਹ ਸਭ ਅਧਿਆਪਕ ਸਾਹਿਬਾਨਾਂ ਦੀ ਮਿਹਨਤ ਦਾ ਨਤੀਜਾ ਹੈ।ਉਹਨਾਂ ਨੇ ਵਿਦਿਆਰਥੀਆਂ ਨੂੰ ਪ੍ਰੇਰਿਤ ਕਰਦੇ ਹੋਏ ਕਿਹਾ ਕਿ ਇਸੇ ਤਰ੍ਹਾਂ ਹਰੇਕ ਪ੍ਰੀਖਿਆ ਵਿੱਚੋਂ ਮਿਹਨਤ ਕਰਕੇ ਚੰਗੇ ਨੰਬਰ ਪ੍ਰਾਪਤ ਕਰੋ ਅਤੇ ਸਕੂਲ ਅਤੇ ਮਾਤਾ -ਪਿਤਾ ਦਾ ਨਾਂ ਰੋਸ਼ਨ ਕਰੋ।ਇਸ ਮੌਕੇ ਤੇ ਸਕੂਲ ਦੇ ਵਿਦਿਆਰਥੀ ਅਤੇ ਸਮੂਹ ਸਟਾਫ ਹਾਜ਼ਰ ਸਨ।

## ਪੰਜਾਬ ਯੂਨਾਈਟਿਡ ਕਬੱਡੀ ਫ਼ੈਡਰੇਸ਼ਨ ਦੇ ਪ੍ਰਧਾਨ ਯਾਦਵਿੰਦਰ ਸਿੰਘ ਦਾ ਸ਼੍ਰੋਮਣੀ ਕਮੇਟੀ ਦਫ਼ਤਰ ਪੁੱਜਣ 'ਤੇ ਸਨਮਾਨ



ਅੰਮ੍ਰਿਤਸਰ, 14 ਮਈ, (ਗੁਰਦਿਆਲ ਸਿੰਘ) : ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਣ ਪੁੱਜੇ ਪੰਜਾਬ ਯੂਨਾਈਟਿਡ ਕਬੱਡੀ ਫੈਡਰੇਸ਼ਨ ਦੇ ਪ੍ਰਧਾਨ ਯਾਦਵਿੰਦਰ ਸਿੰਘ ਯਾਦਾ ਸੁਰਖਪੁਰ ਅਤੇ ਕਬੱਡੀ ਖਿਡਾਰੀ ਗੋਲੀ ਸੁਰਖਪੁਰੀਆਂ ਨੂੰ ਬੀਤੇ ਕੱਲ੍ਹ ਸ਼੍ਰੋਮਣੀ ਕਮੇਟੀ ਦਫ਼ਤਰ ਵਿਖੇ ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਰਘੂਜੀਤ ਸਿੰਘ ਵਿਰਕ, ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ, ਮੈਂਬਰ ਮੋਹਨ ਸਿੰਘ ਬੰਗੀ ਤੇ ਵਧੀਕ ਸਕੱਤਰ ਤੇਜਿੰਦਰ ਸਿੰਘ ਪੱਡਾ ਨੇ ਸ੍ਰੀ ਦਰਬਾਰ ਸਾਹਿਬ ਦੀ ਤਸਵੀਰ ਦੇ ਕੇ ਸਨਮਾਨਿਤ ਕੀਤਾ।

ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਸਿੱਖ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਲਈ ਲਗਾਤਾਰ ਉਪਰਾਲੇ ਕਰ ਰਹੀ ਹੈ। ਸ਼੍ਰੋਮਣੀ ਕਮੇਟੀ ਵੱਲੋਂ ਤਿਆਰ ਕੀਤੀ ਕਬੱਡੀ ਦੀ ਟੀਮ ਦੇਸ਼ ਵਿਦੇਸ਼ ਅੰਦਰ ਸੰਸਥਾ ਦਾ ਨਾਂ ਉੱਚਾ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਯਾਦਵਿੰਦਰ ਸਿੰਘ ਯਾਦਾ ਦਾ ਕਬੱਡੀ ਦੇ ਖੇਤਰ ਵਿਚ ਵੱਡਾ ਨਾਂ ਹੈ, ਜਿਨ੍ਹਾਂ ਨੂੰ ਦਫ਼ਤਰ ਆਉਣ 'ਤੇ ਸਨਮਾਨ ਦਿੱਤਾ ਗਿਆ ਹੈ। ਉਨ੍ਹਾਂ ਯਾਦਵਿੰਦਰ ਸਿੰਘ ਯਾਦਾ ਨੂੰ ਸ਼੍ਰੋਮਣੀ ਕਮੇਟੀ ਦੇ ਕਬੱਡੀ ਖਿਡਾਰੀਆਂ ਨਾਲ ਆਪਣੇ ਤਜ਼ਰਬੇ ਨੂੰ ਸਾਂਝਾ ਕਰਕੇ ਸਹਿਯੋਗ ਦੇਣ ਲਈ ਵੀ ਕਿਹਾ। ਉਨ੍ਹਾਂ ਸਿੱਖ ਨੌਜੁਆਨੀ ਨੂੰ ਇਹ ਵੀ ਅਪੀਲ ਕੀਤੀ ਕਿ ਉਹ ਨਸ਼ਿਆਂ ਤੋਂ ਦੂਰ ਹੋ ਕੇ ਖੇਡਾਂ ਵੱਲ ਧਿਆਨ ਦੇਣ।

## ਕਿੱਡਜ਼ ਕੇਅਰ ਇੰਟਰਨੈਸ਼ਨਲ ਸਕੂਲ ਦਾ 10ਵੀਂ ਜਮਾਤ ਦਾ ਨਤੀਜਾ ਰਿਹਾ ਸ਼ਾਨਦਾਰ

ਦੀਨਾਨਗਰ, 14 ਮਈ, (ਡਾ.ਰਮੇਸ਼ ਸਰੰਗਲ) : ਸੀ. ਬੀ. ਐੱਸ. ਈ. ਦੀ ਦੱਸਵੀਂ ਜਮਾਤ ਦੇ ਘੋਸ਼ਿਤ ਨਤੀਜੇ ਵਿੱਚੋਂ ਕਿਡਜ਼ ਕੇਅਰ ਇੰਟਰਨੈਸ਼ਨਲ ਸਕੂਲ ਅਵਾਂਖਾ, ਦੀਨਾਨਗਰ ਦਾ ਸਾਲਾਨਾ ਨਤੀਜਾ ਸ਼ਤ ਪ੍ਰਤੀਸ਼ਤ ਰਿਹਾ। ਪ੍ਰਿੰਸੀਪਲ ਪ੍ਰੋਮਿਲਾ ਮਨਹਾਸ ਨੇ ਦੱਸਿਆ ਕਿ ਇਸ ਪ੍ਰੀਖਿਆ ਵਿੱਚ 55 ਵਿਦਿਆਰਥੀਆਂ ਨੇ ਭਾਗ ਲਿਆ, ਜਿਸ ਵਿੱਚ ਆਯੂਸ਼ ਸ਼ਰਮਾ ਨੇ 94% ਅੰਕ , ਹਰਦਿਆਂਸ਼ ਨੇ 93% ਅੰਕ, ਸੀਰਤ ਨੇ 91% ਅੰਕ, ਨਿਧਿਕਾ ਠਾਕੁਰ ਨੇ 90% ਅੰਕ, ਅਵਨਿਕਾ ਠਾਕੁਰ ਨੇ 89% ਅੰਕ, ਸਿਮਰਤਦੀਪ ਨੇ 88.2% ਅੰਕ, ਪਰਗੁਣ ਗੁਪਤਾ ਨੇ ਨੇ 87% ਅੰਕ, ਕਨਿਕਾ ਸ਼ਰਮਾ ਨੇ 86% ਅੰਕ, ਆਯੂਸ਼ ਸੈਣੀ ਨੇ 85% ਅੰਕ, ਕਰਤੱਵਯ ਨੇ 85% ਅੰਕ ਹਾਸਲ ਕੀਤੇ। ਪ੍ਰਿੰਸੀਪਲ ਪ੍ਰੋਮਿਲਾ ਮਨਹਾਸ ਨੇ ਬੱਚਿਆ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਸ ਪ੍ਰੀਖਿਆ ਵਿੱਚ 5 ਬੱਚਿਆਂ ਨੇ 90% ਤੋ ਜਿਆਦਾ, 11 ਬੱਚਿਆਂ ਨੇ 85% ਤੋ ਜਿਆਦਾ ਅੰਕ, 19 ਬੱਚਿਆਂ ਨੇ 80% ਤੋ ਜਿਆਦਾ ਅੰਕ, 12 ਬੱਚਿਆਂ ਨੇ 75% ਤੋ ਜਿਆਦਾ ਅੰਕ ਅਤੇ ਬਾਕੀ ਸਾਰਿਆਂ ਨੇ 70% ਤੋ ਜਿਆਦਾ ਅੰਕ ਹਾਸਲ ਕੀਤੇ।

ਸਕੂਲ ਪ੍ਰਧਾਨ ਅਰਵਿੰਦ ਮਹਿਤਾ, ਸਚਿਵ ਮਧੁਰ ਭਾਸ਼ਿਣੀ, ਮੈਨੇਜਰ ਰਾਜਨ ਮਹਿਤਾ, ਪ੍ਰਿੰਸੀਪਲ ਪ੍ਰੋਮਿਲਾ ਮਨਹਾਸ, ਪੀ. ਆਰ. ਓ. ਸੰਦੀਪ ਠਾਕੁਰ, ਵਿੰਗ ਇਨਚਾਰਜ ਪਾਇਲ ਸ਼ਰਮਾ, ਭਾਰਤੀ ਸ਼ਰਮਾ, ਨਵਜੀਤ ਕੌਰ ਅਤੇ ਸਮੂਹ ਸਟਾਫ ਨੇ ਵਿਦਿਆਰਥੀਆਂ ਦੀ ਇਸ ਉਪਲੱਬਧੀ ਅਤੇ ਵਧੀਆ ਪ੍ਰਦਰਸ਼ਨ ਤੇ ਬੱਚਿਆਂ ਅਤੇ ਉਹਨਾਂ ਦੇ ਮਾਪਿਆਂ ਨੂੰ ਵਧਾਈ ਦਿੰਦਿਆਂ ਉਨ੍ਹਾਂ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ।

## ਮਲਹੋਤਰਾ ਪਰਿਵਾਰ ਨੂੰ ਗਹਿਰਾ ਸਦਮਾ, ਐੱਮ.ਡੀ. ਸੋਨੀਆ ਮਲਹੋਤਰਾ ਦਾ ਦੇਹਾਂਤ



ਭਿੱਖੀਵਿੰਡ, 14 ਮਈ, (ਸਵਿੰਦਰ ਬਲੇਹਰ) : ਮਲਹੋਤਰਾ ਪਰਿਵਾਰ ਨੂੰ ਉਸ ਵਕਤ ਗਹਿਰਾ ਸਦਮਾ ਲੱਗਾ, ਜਦੋਂ ਗੁਰੂਕੁਲ ਸੀਨੀਅਰ ਸੈਕੰਡਰੀ ਸਕੂਲ ਭਿੱਖੀਵਿੰਡ ਦੇ ਐੱਮ.ਡੀ ਮੈਡਮ ਸੋਨੀਆ ਮਲਹੋਤਰਾ ਦਾ ਅਚਾਨਕ ਦੇਹਾਂਤ ਹੋ ਗਿਆ। ਉਨ੍ਹਾਂ ਦੇ ਦੇਹਾਂਤ ਦੀ ਖ਼ਬਰ ਸੁਣਦਿਆਂ ਪੂਰੇ ਇਲਾਕੇ ਅਤੇ ਸਮੂਹ ਅਧਿਆਪਕ ਵਰਗ ਵਿੱਚ ਸੋਗ ਦੀ ਲਹਿਰ ਦੌੜ ਗਈ। ਇਸ ਮੌਕੇ ਮੈਡਮ ਸੋਨੀਆ ਮਲਹੋਤਰਾ ਪਰਿਵਾਰ ਨਾਲ ਵੱਖ-ਵੱਖ ਧਾਰਮਿਕ ਅਤੇ ਸਿਆਸੀ ਆਗੂਆਂ ਅਤੇ ਚੰਡੀਗੜ੍ਹ ਪੰਜਾਬ ਜਰਨਲਿਸਟ ਐਸੋਸੀਏਸ਼ਨ ਦੇ ਸੂਬਾ ਪ੍ਰਧਾਨ ਜਸਬੀਰ ਸਿੰਘ ਪੱਟੀ ਵਾਈਸ ਪੰਜਾਬ ਪ੍ਰਧਾਨ ਸਵਿੰਦਰ ਸਿੰਘ ਬਲੇਹਰ ਅਜ਼ਾਦ ਪ੍ਰੈੱਸ ਕਲੱਬ ਭਿੱਖੀਵਿੰਡ ਦੇ ਸਮੂਹ ਪੱਤਰਕਾਰ ਭਾਈਚਾਰੇ ਨੇ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਪ੍ਰਮਾਤਮਾ ਅੱਗੇ ਅਰਦਾਸ ਕੀਤੀ ਕਿ ਮੈਡਮ ਸੋਨੀਆ ਮਲਹੋਤਰਾ ਦੀ ਆਤਮਾ ਨੂੰ ਆਪਣੇ ਚਰਨਾ ਵਿੱਚ ਨਿਵਾਸ ਬਖਸ਼ਣ ਅਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ।

## ਤ੍ਰੈ-ਸ਼ਤਾਬਦੀ ਗੁਰੂ ਗੋਬਿੰਦ ਸਿੰਘ ਖ਼ਾਲਸਾ ਕਾਲਜ ਵਿਖੇ ਧਾਰਮਿਕ ਪ੍ਰੀਖਿਆ ਕਰਵਾਈ



ਅੰਮ੍ਰਿਤਸਰ, 14 ਮਈ, (ਬਬਲੂ ਮਹਾਜਨ) : ਸਿੱਖਾਂ ਦੀ ਸਿਰਮੌਰ ਅਤੇ ਸਰਵ ਉੱਚ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਧਰਮ ਪ੍ਰਚਾਰ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ ਸਿੱਖ ਪੰਥ ਦੀ ਪ੍ਰਫੁੱਲਤਾ ਅਤੇ ਪ੍ਰਸਾਰਤਾ ਲਈ ਸਦੈਵ ਹੀ ਯਤਨਸ਼ੀਲ ਹੈ। ਸਿੱਖ ਇਤਿਹਾਸ, ਗੁਰ ਇਤਿਹਾਸ , ਗੁਰਬਾਣੀ ਅਤੇ ਸਿੱਖੀ ਸਿਧਾਂਤਾਂ ਨਾਲ ਸਿੱਖ ਨੌਜਵਾਨ ਫੁਲਵਾੜੀ ਅਤੇ ਸਮੁੱਚੀ ਮਨੁੱਖਤਾ ਨੂੰ ਜੋੜਨ ਲਈ ਵਿਸ਼ਵ ਪੱਧਰ ਉੱਪਰ ਹਰ ਸਾਲ ਧਾਰਮਿਕ ਪ੍ਰੀਖਿਆ ਦਾ ਆਯੋਜਨ ਕੀਤਾ ਜਾਂਦਾ ਹੈ। ਇਸ ਪ੍ਰੀਖਿਆ ਵਿੱਚੋਂ ਅਵਲ ਰਹਿਣ ਵਾਲੇ ਵਿਦਿਆਰਥੀਆਂ ਦਾ ਨਗਦ ਰਾਸ਼ੀ, ਪ੍ਰਮਾਣ ਪੱਤਰ ਆਦਿ ਨਾਲ ਵਿਸ਼ੇਸ਼ ਸਨਮਾਨ ਵੀ ਕੀਤਾ ਜਾਂਦਾ ਹੈ। ਇਸੇ ਲਗਾਤਾਰਤਾ ਵਿੱਚ ਸਾਲ 2024 ਵਿੱਚ ਧਰਮ ਪ੍ਰਚਾਰ ਕਮੇਟੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਲਈ ਗਈ ਧਾਰਮਿਕ ਪ੍ਰੀਖਿਆ ਵਿੱਚ ਸਥਾਨਕ ਤ੍ਰੈ ਸ਼ਤਾਬਦੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਦਰਜਾ ਦੂਜਾ ਦੇ ਵਿਦਿਆਰਥੀਆਂ ਨੇ ਧਾਰਮਿਕ ਪ੍ਰੀਖਿਆ ਉੱਚ ਪ੍ਰਾਪਤੀਆਂ/ਸਨਮਾਨ ਪ੍ਰਾਪਤ ਕਰਕੇ ਕਾਲਜ ਦਾ ਨਾਮ ਰੌਸ਼ਨ ਕੀਤਾ। ਕਾਲਜ ਦੇ ਪ੍ਰਿੰਸੀਪਲ ਡਾਕਟਰ ਕੁਲਵਿੰਦਰ ਸਿੰਘ ਜੀ ਨੇ ਵਿਦਿਆਰਥੀਆਂ ਨੂੰ ਉੱਚ ਪ੍ਰਾਪਤੀਆਂ ਲਈ ਵਧਾਈ ਦਿੱਤੀ ਅਤੇ ਇਸ ਪ੍ਰਾਪਤੀ ਦਾ ਸਿਹਰਾ ਹਰਪ੍ਰੀਤ ਸਿੰਘ ਧਾਰਮਿਕ ਅਧਿਆਪਕ ਨੂੰ ਦਿੱਤਾ । ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਧਰਮ ਪ੍ਰਚਾਰ ਕਮੇਟੀ ਦੀ ਸਿੱਖੀ ਸਿਧਾਂਤਾਂ, ਸਿੱਖ ਇਤਿਹਾਸ ਦੇ ਪ੍ਰਸਾਰਤਾ ਤੇ ਪ੍ਰਫੁੱਲਤਾ ਲਈ ਅਜਿਹੇ ਵਿਸ਼ੇਸ਼ ਕਾਰਜਾਂ ਲਈ ਸ਼ਲਾਘਾ ਕੀਤੀ।

## ਦਾਤਾ ਬੰਦੀ ਛੋੜ ਪਬਲਿਕ ਸਕੂਲ ਦੀ ਦਸਵੀਂ ਜਮਾਤ ਦਾ ਨਤੀਜਾ ਰਿਹਾ ਸ਼ਫਲਤਾਪੂਰਵਕ




ਅੰਮ੍ਰਿਤਸਰ, 14 ਮਈ, (ਬਬਲੂ ਮਹਾਜਨ) : ਭਾਈ ਗੁਰਇਕਬਾਲ ਸਿੰਘ ਅਤੇ ਭਾਈ ਅਮਨਦੀਪ ਸਿੰਘ ਜੀ ਦੀ ਰਹਿਨੁਮਾਈ ਹੇਠ ਚੱਲ ਰਹੇ ਦਾਤਾ ਬੰਦੀ ਛੋੜ ਪਬਲਿਕ ਸਕੂਲ (ਅੰਮ੍ਰਿਤਸਰ) ਦੀ ਦਸਵੀਂ ਜਮਾਤ ਦੇ ਵਿਦਿਆਰਥੀਆਂ ਦਾ ਨਤੀਜਾ ਸੋ ਫ਼ੀਸਦੀ ਰਿਹਾ। ਸਕੂਲ ਦੇ ਪ੍ਰਿੰਸੀਪਲ ਆਰਤੀ ਸੂਦ ਨੇ ਦੱਸਿਆ ਵਿਦਿਆਰਥਣ ਅਕਾਸ਼ਲੀਨ ਕੌਰ ਨੇ ਦਸਵੀਂ ਜਮਾਤ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ। ਹਮਰੀਤ ਕੌਰ ਤੇ ਅਰਸ਼ਦੀਪ ਕੌਰ ਨੇ ਦੂਜਾ ਸਥਾਨ ਹਾਸਿਲ ਕੀਤਾ ਅਤੇ ਵਿਦਿਆਰਥਣ ਅੰਸ਼ਲੀਨ ਕੌਰ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਅੰਸ਼ਵੀਰ ਸਿੰਘ ਅਤੇ ਗੁਰਨੂਰ ਸਿੰਘ ਨੇ ਚੌਥਾ ਸਥਾਨ ਹਾਸਿਲ ਕੀਤਾ।ਹਰਨੀਤ ਕੌਰ ਨੇ ਪੰਜਵਾ ਸਥਾਨ ਹਾਸਿਲ ਕੀਤਾ। ਇਸ ਖੁਸ਼ੀ ਦੇ ਮੌਕੇ ਤੇ ਸਕੂਲ ਦੇ ਪ੍ਰਿੰਸੀਪਲ ਮੈਡਮ ਆਰਤੀ ਸੂਦ ਜੀ ਨੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਵੱਧ ਤੋਂ ਵੱਧ ਮਿਹਨਤ ਕਰਨ ਲਈ ਉਤਸ਼ਾਹਿਤ ਕੀਤਾ। ਪ੍ਰਿੰਸੀਪਲ ਮੈਡਮ ਜੀ ਨੇ ਵਿਦਿਆਰਥੀਆਂ ਦੇ ਮਾਤਾ-ਪਿਤਾ ਅਤੇ ਅਧਿਆਪਕਾਂ ਨੂੰ ਵੀ ਵਧਾਈ ਦਿੱਤੀ। ਸਕੂਲ ਦਾ ਸ਼ਾਨਦਾਰ ਨਤੀਜਾ ਵੇਖਦੇ ਹੋਏ ਮੈਨੇਜਿੰਗ ਡਾਇਰੈਕਟਰ ਭਾਈ ਅਮਨਦੀਪ ਸਿੰਘ ਜੀ ਨੇ ਗੁਰੂ ਸਾਹਿਬ ਦਾ ਸ਼ੁਕਰਾਨਾ ਕੀਤਾ।ਉਹਨਾਂ ਸਕੂਲ ਦੇ ਪ੍ਰਿੰਸੀਪਲ ਆਰਤੀ ਸੂਦ ,ਸਮੂਹ ਸਟਾਫ਼ ਅਤੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ।

## ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਨੇ ਬਾਰ੍ਹਵੀਂ ਦੇ ਨਤੀਜਿਆ 'ਚ ਮੱਲਾਂ ਮਾਰੀਆਂ



ਅੰਮ੍ਰਿਤਸਰ, 14 ਮਈ, (ਬਬਲੂ ਮਹਾਜਨ) : ਸੀ.ਬੀ.ਐਸ.ਈ. ਵੱਲੋਂ ਐਲਾਨੇ ਗਏ 12ਵੀਂ ਜਮਾਤ ਦੇ ਨਤੀਜਿਆ ਵਿੱਚ ਚੀਫ਼ ਖ਼ਾਲਸਾ ਦੀਵਾਨ ਦੇ ਅਧੀਨ ਚਲ ਰਹੇ ਅਦਾਰੇ ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ, ਸੁਲਤਾਨਵਿੰਡ ਲਿੰਕ ਰੋਡ ਦਾ ਬਾਰਵੀਂ ਜਮਾਤ 2025 ਦਾ ਨਤੀਜਾ 100 ਪ੍ਰਤੀਸ਼ਤ ਰਿਹਾ। ਇਸ ਸਾਲ 12ਵੀਂ ਦੀ ਪ੍ਰੀਖਿਆ ਵਿੱਚ ਕੁਲ 125 ਵਿਦਿਆਰਥੀ ਬੈਠੇ ਜਿੰਨ੍ਹਾਂ ਵਿੱਚੋਂ ਸਾਇੰਸ ਗਰੁੱਪ ਦੇ ਕੁੱਲ 51 ਵਿਦਿਆਰਥੀ, ਕਾਮਰਸ ਗਰੁੱਪ 53 ਵਿਦਿਆਰਥੀ ਤੇ ਆਰਟਸ ਗਰੁੱਪ ਦੇ 21 ਵਿਦਿਆਰਥੀ ਸਨ। ਸਾਇੰਸ ਗਰੁੱਪ ਵਿੱਚੋਂ 23 ਵਿਦਿਆਰਥੀ ਮੈਰਿਟ ਸੂਚੀ ਵਿੱਚ ਆਏ। ਕਾਮਰਸ ਗਰੁੱਪ ਵਿੱਚੋਂ 20 ਅਤੇ ਆਰਟਸ ਗਰੁੱਪ ਦੇ 05 ਵਿਦਿਆਰਥੀ ਮੈਰਿਟ ਸੂਚੀ ਵਿੱਚ ਆਏ। ਸਾਇੰਸ ਗਰੁੱਪ ਦੀ ਹਰਨੂਰ ਸਿੰਘ ਨੇ 95.2 ਪ੍ਰਤੀਸ਼ਤ ਅਤੇ ਕਾਮਰਸ ਗਰੁੱਪ ਵਿੱਚੋਂ ਮਨਵੀਨ ਸਿੰਘ ਨੇ 96.2 ਪ੍ਰਤੀਸ਼ਤ ਅੰਕ ਅਤੇ ਆਰਟਸ ਗਰੁੱਪ ਦੀ ਮਨਰੀਤ ਕੌਰ ਨੇ 95.6 ਪ੍ਰਤੀਸ਼ਤ ਪ੍ਰਾਪਤ ਕੀਤੇ। ਸਕੂਲ ਦੇ ਮੈਂਬਰ ਇੰਚਾਰਜ ਇਕਬਾਲ ਸਿੰਘ ਸੇ‹ਰੀ, ਸਵਰਾਜ ਸਿੰਘ ਸ਼ਾਮ, ਅਮਰਦੀਪ ਸਿੰਘ ਰਾਜੇਵਾਲ ਅਤੇ ਮਨਮੀਤ ਸਿੰਘ ਨਰੂਲਾ ਮੈਡਮ ਪ੍ਰਿੰਸੀਪਲ ਸ੍ਰੀਮਤੀ ਗੁਰਪ੍ਰੀਤ ਕੌਰ ਨੇ ਅਵੱਲ ਆਏ ਹੋਏ ਵਿਦਿਆਰਥੀਆਂ ਦਾ ਮੂੰਹ ਮਿੱਠਾ ਕਰਵਾਇਆ ਤੇ ਉਨ੍ਹਾਂ ਨੂੰ ਸ਼ਾਬਾਸ਼ੀ ਦਿੰਦਿਆਂ ਹੋਇਆ ਜਿੰਦਗੀ ਦੇ ਅਗਲੇਰੇ ਪੰਧ ਦੌਰਾਨ ਪੜਾਈ ਵਿੱਚ ਹੋਰ ਵੀ ਉੱਚੀਆਂ ਉਡਾਰੀਆਂ ਮਾਰਨ ਲਈ ਪ੍ਰੇਰਿਆ।ਇਸ ਮੌਕੇ ਬੱਚਿਆਂ ਦੇ ਮਾਪਿਆਂ ਨੇ ਵੀ ਆਪਣੇ ਬੱਚਿਆਂ ਦੀ ਹੌਸਲਾ ਅਫ਼ਜਾਈ ਲਈ ਉਨ੍ਹਾਂ ਦੀ ਖੁਸ਼ੀ ਵਿੱਚ ਸ਼ਾਮਲ ਹੋ ਕੇ ਬੱਚਿਆਂ ਅਤੇ ਸਟਾਫ਼ ਨਾਲ ਰਲ ਕੇ ਖੁਸ਼ੀ ਮਨਾਈ।

## ਸੰਯੁਕਤ ਕਿਸਾਨ ਮੋਰਚੇ ਨੇ ਭਾਰਤ-ਪਾਕਿਸਤਾਨ ਜੰਗ ਵਿਰੁੱਧ ਕੀਤਾ ਅਮਨ ਮਾਰਚ




ਲੁਧਿਆਣਾ, 14 ਮਈ (ਰਵਿੰਦਰ ਸਿੰਘ ਨਿੱਝਰ) : ਭਾਰਤ ਅਤੇ ਪਾਕਿਸਤਾਨ ਦੇ ਹਾਕਮਾਂ ਵੱਲੋਂ ਅਮਨ ਪਸੰਦ ਲੋਕਾਂ ਉੱਤੇ ਬੇਲੋੜੀ ਥੋਪੀ ਜਾ ਰਹੀ ਜੰਗ ਦੇ ਵਿਰੋਧ ਵਿੱਚ ਅੱਜ ਲੁਧਿਆਣਾ ਸਹਿਰ ਦੇ ਵਿੱਚ ਸੰਯੁਕਤ ਕਿਸਾਨ ਮੋਰਚੇ ਵਿੱਚ ਸ਼ਾਮਿਲ ਜਥੇਬੰਦੀਆਂ ਵੱਲੋਂ ਅਮਨ ਮਾਰਚ ਕੱਢਿਆ ਗਿਆ। ਡਿਪਟੀ ਕਮਿਸਨਰ ਲੁਧਿਆਣਾ ਦੇ ਦਫਤਰ ਦੇ ਸਾਹਮਣੇ ਰੈਲੀ ਨੂੰ ਸੰਬੋਧਨ ਕਰਦਿਆਂ ਵੱਖ-ਵੱਖ ਜਥੇਬੰਦੀਆ ਜਮਹੂਰੀ ਕਿਸਾਨ ਸਭਾ ਪੰਜਾਬ ਦੇ ਰਘਵੀਰ ਸਿੰਘ ਬੈਨੀਪਾਲ, ਭਾਰਤੀ ਕਿਸਾਨ ਯੂਨੀਅਨ ਏਕਤਾ (ਉਗਰਾਹਾਂ) ਦੇ ਸੁਦਾਗਰ ਸਿੰਘ ਘੁਡਾਣੀ, ਆਲ ਇੰਡੀਆ ਕਿਸਾਨ ਸਭਾ (ਹੱਨਨ ਮੁੱਲਾ) ਦੇ ਬਲਦੇਵ ਸਿੰਘ ਲਤਾਲਾ, ਆਲ ਇੰਡੀਆ ਕਿਸਾਨ ਸਭਾ (1936) ਦੇ ਜਸਵੀਰ ਸਿੰਘ ਝੱਜ, ਭਾਰਤੀ ਕਿਸਾਨ ਯੂਨੀਅਨ ਡਕੌਂਦਾ (ਧਨੇਰ) ਦੇ ਜਗਰੂਪ ਸਿੰਘ ਹਸਨਪੁਰ, ਪੰਜਾਬ ਕਿਸਾਨ ਯੂਨੀਅਨ ਦੇ ਭਾਈ ਸਮਸੇਰ ਸਿੰਘ ਆਸੀ ਕਲਾਂ, ਭਾਰਤੀ ਕਿਸਾਨ ਯੂਨੀਅਨ (ਲੱਖੋਵਾਲ) ਦੇ ਮਨਜੀਤ ਸਿੰਘ ਢੀਂਡਸਾ, ਆਲ ਇੰਡੀਆ ਕਿਸਾਨ ਫੈਡਰੇਸਨ ਦੇ ਕੁਲਦੀਪ ਸਿੰਘ ਗਰੇਵਾਲ, ਕਿਰਤੀ ਕਿਸਾਨ ਯੂਨੀਅਨ ਦੇ ਸਾਧੂ ਸਿੰਘ ਅੱਚਰਵਾਲ, ਨੌਜਵਾਨ ਆਗੂ ਯੁਵਰਾਜ ਸਿੰਘ ਘੁਡਾਣੀ, ਸੀ ਟੀ ਯੂ ਪੰਜਾਬ ਦੇ ਜਗਜੀਤ ਚੰਦ, ਆਲ ਇੰਡੀਆ ਟਰੇਡ ਯੂਨੀਅਨ ਕਾਂਗਰਸ (ਏਟਕ) ਦੇ ਐਮ ਐਸ ਭਾਟੀਆ, ਬਾਇਓ ਗੈਸ ਫੈਕਟਰੀ ਵਿਰੋਧੀ ਤਾਲਮੇਲ ਐਕਸ਼ਨ ਕਮੇਟੀ ਦੇ ਡਾ. ਸੁਖਦੇਵ ਸਿੰਘ ਭੂੰਦੜੀ, ਮੋਲਡਰ ਐਂਡ ਸਟੀਲ ਵਰਕਰਜ ਦੇ ਹਰਜਿੰਦਰ ਸਿੰਘ, ਜਮਹੂਰੀ ਅਧਿਕਾਰ ਸਭਾ ਦੇ ਜਸਵੰਤ ਸਿੰਘ ਜੀਰਖ, ਮਹਿਲਾ ਆਗੂ ਹਰਜਿੰਦਰ ਕੌਰ ਨੇ ਆਖਿਆ ਕਿ ਭਾਰਤ ਤੇ ਪਾਕਿਸਤਾਨ ਦੇ ਹਾਕਮ ਕਾਰਪੋਰੇਟ ਪੱਖੀ ਨੀਤੀਆਂ ਲਾਗੂ ਕਰਨ ਲਈ ਕਾਹਲੇ ਪਏ ਹੋਏ ਹਨ।

ਆਗੂਆਂ ਨੇ ਆਖਿਆ ਕਿ ਜੰਗ ਹਮੇਸ਼ਾਂ ਹੀ ਬਰਬਾਦੀ ਲੈ ਕੇ ਆਉਂਦੀ ਹੈ ਜਿਸ ਨਾਲ ਕਿਸੇ ਵੀ ਮਸਲੇ ਦਾ ਹੱਲ ਨਹੀਂ ਕੱਢਿਆ ਜਾ ਸਕਦਾ। ਆਗੂਆਂ ਨੇ ਇੱਕ ਸੁਰ ਹੁੰਦਿਆਂ ਭਾਰਤ ਤੇ ਪਾਕਿਸਤਾਨ ਦੇ ਹਾਕਮਾਂ ਨੂੰ ਤਾੜਨਾ ਕੀਤੀ ਕਿ ਜੇ ਉਨਾਂ ਆਮ ਲੋਕਾਂ ਉੱਤੇ ਜਬਰੀ ਜੰਗ ਥੋਪੀ ਤਾਂ ਉਹ ਜੰਗ ਵਿੱਚ ਇਹਨਾਂ ਹਾਕਮਾਂ ਦਾ ਵਿਰੋਧ ਕਰਨਗੇ। ਉਹਨਾਂ ਸਮੂਹ ਲੋਕਾਂ ਅਪੀਲ ਕਰਦਿਆਂ ਆਖਿਆ ਕਿ ਜੰਗ ਦੇ ਵਿਰੋਧ ਦੇ ਵਿੱਚ ਉਹ ਸੜਕਾਂ ਉੱਪਰ ਨਿਤਰਨ। ਉਨਾਂ ਅੱਤਵਾਦ ਦੇ ਖਾਤਮੇ ਲਈ ਦੇਸ ਵਿੱਚ ਲੋਕ ਪੱਖੀ ਨੀਤੀਆਂ ਲਾਗੂ ਕਰਨ ਦੀ ਮੰਗ ਕੀਤੀ ਤਾਂ ਕਿ ਲੋਕ ਆਪਣਾ ਜੀਵਨ ਸੁਖੀ ਬਸਰ ਕਰ ਸਕਣ। ਰੈਲੀ ਕਰਨ ਉਪਰੰਤ ਹਾਜਰ ਇਕੱਠ ਵੱਲੋ ਜੰਗ ਵਿਰੋਧ ਨਾਹਰਿਆਂ ਦੀ ਗੂੰਜ ਵਿੱਚ ਅਮਨ ਮਾਰਚ ਕੀਤਾ ਗਿਆ।

ਇਸ ਮੌਕੇ ਤੇ ਹੋਰਨਾ ਤੋ ਇਲਾਵਾ ਬਾਪੂ ਬਲਕੌਰ ਸਿੰਘ, ਡਾ. ਬਲਵਿੰਦਰ ਸਿੰਘ ਔਲਖ, ਜੁਗਿੰਦਰ ਅਜਾਦ ਸਾਬਕਾ ਅਧਿਆਪਕ ਆਗੂ, ਵਿਜੇ ਕੁਮਾਰ, ਤਹਿਸੀਲਦਾਰ ਯਾਦਵ , ਬਲਰਾਮ ਸਿੰਘ, ਜਗਤਾਰ ਸਿੰਘ ਦੇਹੜਕਾ, ਇੰਦਰਜੀਤ ਸਿੰਘ ਧਾਲੀਵਾਲ, ਰਾਜਵੀਰ ਸਿੰਘ ਕਿਲ੍ਹਾ ਰਾਏਪੁਰ, ਸੁਰਜੀਤ ਸਿੰਘ ਸੀਲੋ,ਸਰਪੰਚ ਹਰਜੀਤ ਸਿੰਘ ਆਸੀ ਕਲਾਂ, ਸਵਰਨ ਸਿੰਘ ਆਸੀ ਕਲਾਂ ਆਦਿ ਹਾਜਰ ਸਨ।

## ਮਜੀਠਾ 'ਚ ਜ਼ਹਿਰੀਲੀ ਸ਼ਰਾਬ ਪੀਣ ਨਾਲ ਹੋਈਆਂ ਮੌਤਾਂ ਲਈ ਜ਼ਿੰਮੇਵਾਰ ਅਫ਼ਸਰਾਂ 'ਤੇ ਹੋਵੇ 302 ਦਾ ਪਰਚਾ : ਐਡਵੋਕੇਟ ਘੁੰਮਣ



ਲੁਧਿਆਣਾ, 14 ਮਈ (ਰਵਿੰਦਰ ਸਿੰਘ ਨਿੱਝਰ/ਕਰਨੈਲ ਸਿੰਘ ਐੱਮ.ਏ.) : ਇਹ ਕਤਲ ਹੈ, ਇਹ ਮੌਤ ਨਹੀਂ ਜ਼ਹਿਰ ਵੰਡਿਆ ਗਿਆ, ਇਨ੍ਹਾਂ 'ਤੇ ਪਹਿਲਾ 302 ਦਾ ਪਰਚਾ ਹੋਣਾ ਚਾਹੀਦਾ ਹੈ। ਇਹ ਸ਼ਬਦ ਸੂਬੇ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਮੂੰਹੋਂ 2020 'ਚ ਇੱਕ ਵੀਡੀਓ ਵਿੱਚ ਬੋਲੇ ਗਏ ਬੋਲ ਹਨ। ਉਨ੍ਹਾਂ ਤਰਨਤਾਰਨ ਗੁਰਦਾਸਪੁਰ ਜ਼ਿਲ੍ਹੇ 'ਚ ਮੌਤਾਂ ਹੋਈਆ ਸਨ। ਵਿਧਾਨ ਸਭਾ ਹਲਕਾ ਪੱਛਮੀ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਐਡਵੋਕੇਟ ਘੁੰਮਣ ਨੇ ਕਿਹਾ ਕਿ ਹੁਣ ਫਿਰ ਤੋਂ ਇੱਕ ਸਾਲ ਵਿੱਚ ਹੀ ਅੰਮ੍ਰਿਤਸਰ ਦੇ ਮਜੀਠਾ ਉੱਪਮੰਡਲ ਵਿੱਚ ਐਸੀ ਤ੍ਰਾਸਦੀ ਵਾਪਰੀ, ਜਿਸ ਵਿੱਚ 16 ਤੋਂ ਵੱਧ ਬੇਗੁਨਾਹ ਲੋਕਾਂ ਦੀ ਮੌਤ ਨਕਲੀ ਸ਼ਰਾਬ ਪੀਣ ਨਾਲ ਹੋਈ ਹੈ। ਉਨ੍ਹਾਂ ਦੱਸਿਆ ਕਿ ਇਸ ਇਲਾਕੇ ਵਿੱਚ ਪਹਿਲਾਂ ਜਿਹੜੇ ਸ਼ਰਾਬ ਵੇਚਣ ਵਾਲੇ ਠੇਕੇਦਾਰ ਕੰਮ ਕਰਦੇ ਸਨ ਉਨ੍ਹਾ ਨੂੰ 'ਆਪ' ਸਰਕਾਰ ਦੇ ਨੁਮਾਇੰਦਿਆਂ ਵੱਲੋਂ ਹਟਾਕੇ ਅਪਣੇ ਨਜਦੀਕੀ ਸ਼ਰਾਬ ਦੇ ਠੇਕੇਦਾਰ ਨੂੰ ਸ਼ਰਾਬ ਵੇਚਣ ਦਾ ਕੰਮ ਸੌਂਪਿਆ ਹੋਇਆ ਹੈ। ਹੁਣ ਇਸ ਘਟਨਾ ਵਾਪਰਨ ਤੋਂ ਬਾਅਦ ਮੌਜੂਦਾ ਸਰਕਾਰ ਦੇ ਅਫਸਰ ਉਨ੍ਹਾਂ ਨੂੰ ਬਚਾਉਣ ਦਾ ਹੀਲਾ-ਬਸੀਲਾ ਕਰ ਰਹੇ ਹਨ। ਐਡਵੋਕੇਟ ਘੁੰਮਣ ਨੇ ਸੂਬਾ ਸਰਕਾਰ 'ਤੇ ਤੰਜ ਕਸਦਿਆਂ ਕਿਹਾ ਕਿ ਹੁਣ ਦੇਖਦੇ ਹਾਂ ਕਿ ਭਗਵੰਤ ਮਾਨ ਕਿਹੜੇ-ਕਿਹੜੇ ਅਫਸਰਾਂ 'ਤੇ 302 ਦਾ ਪਰਚਾ ਦਰਜ ਕਰਦੇ ਹਨ ਤੇ ਕਿਹੜੇ ਕਿਹੜੇ ਲੋਕਾਂ ਨੂੰ ਬਚਾਉਂਦੇ ਹਨ। ਉਨ੍ਹਾਂ ਮੌਜੂਦਾ ਸਰਕਾਰ ਤੋਂ ਮੰਗ ਕਰਦੇ ਕਿਹਾ ਕਿ ਹੁਣ ਗਰੀਬ ਪ੍ਰੀਵਾਰਾਂ ਦੇ ਬੱਚਿਆਂ ਦੀ ਪੜ੍ਹਾਈ ਤੇ ਰੋਜੀ ਰੋਟੀ ਦਾ ਕੀ ਬਣੂ। ਉਨ੍ਹਾਂ ਪੀੜਤ ਪ੍ਰੀਵਾਰਾਂ ਨੂੰ 10-10 ਲੱਖ ਰੁ: ਮਾਲੀ ਸਹਾਇਤਾ ਦੇ ਨਾਲ-ਨਾਲ ਪ੍ਰੀਵਾਰ ਦੇ ਇੱਕ-ਇੱਕ ਮੈਂਬਰ ਨੂੰ ਸਰਕਾਰੀ ਨੌਕਰੀ ਦਿੱਤੀ ਜਾਵੇ।

## ਗੁਰਮਤਿ ਗਿਆਨ ਧਾਰਮਿਕ ਪ੍ਰੀਖਿਆ 'ਚ ਭਾਗ ਲੈ ਕੇ ਸਪਰਿੰਗ ਡੇਲੀਅਨਜ਼ ਨੇ ਛੋਹਿਆ ਅਸਮਾਨ ਦੀਆਂ ਬੁਲੰਦੀਆਂ ਨੂੰ



ਲੁਧਿਆਣਾ, 14 ਮਈ (ਰਵਿੰਦਰ ਸਿੰਘ ਨਿੱਝਰ) : ਸਪਰਿੰਗ ਡੇਲ ਪਬਲਿਕ ਸਕੂਲ ਦੇ ਬੱਚਿਆਂ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਵੱਲੋਂ ਹੋਈ "ਗੁਰਮਤਿ ਗਿਆਨ ਧਾਰਮਿਕ ਪ੍ਰੀਖਿਆ ਨਵੰਬਰ 2024" ਵਿੱਚ ਭਾਗ ਲੈ ਕੇ ਉੱਚ ਦਰਜੇ ਦੀਆਂ ਜਿੱਤਾਂ ਪ੍ਰਾਪਤ ਕਰਦੇ ਹੋਏ ਅਸਮਾਨ ਦੀਆਂ ਬੁਲੰਦੀਆਂ ਨੂੰ ਛੋਹਿਆ। ਇਸ ਪ੍ਰੀਖਿਆ ਵਿੱਚ ਪੰਜਾਬ ਦੇ ਇੱਕ ਲੱਖ ਤੀਹ ਹਜਾਰ ਵਿਦਿਆਰਥੀਆਂ ਨੇ ਭਾਗ ਲਿਆ ਜਿਨ੍ਹਾਂ ਵਿੱਚੋਂ ਸਾਡੇ ਸਪਰਿੰਗ ਡੇਲ ਪਬਲਿਕ ਸਕੂਲ ਲੁਧਿਆਣਾ ਦੇ 10 ਬੱਚਿਆਂ ਨੇ ਸਕਾਲਰਸ਼ਿਪ ਪ੍ਰਾਪਤ ਕੀਤੀਆਂ। ਜਿਨ੍ਹਾਂ ਵਿੱਚੋਂ ਚਾਰ ਬੱਚਿਆਂ ਨੇ 2100 ਅਤੇ ਛੇ ਬੱਚਿਆਂ ਨੇ 1100 ਰੁਪਏ ਦੀ ਸਕਾਲਰਸ਼ਿਪ ਹਾਸਿਲ ਕੀਤੀ।2100 ਰੁਪਏ ਦੀ ਸਕਾਲਰਸ਼ਿਪ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਦੇ ਨਾਂ "ਖੁਸ਼ਮੀਤ ਕੌਰ- ਬਾਰ੍ਹਵੀਂ, ਸੀਰਤ ਕੌਰ- ਨੌਵੀਂ, ਨਵਲੀਨ ਕੌਰ- ਨੌਵੀਂ,. ਗੁਰਲੀਨ ਕੌਰ- ਨੌਵੀਂ 1100 ਰੁਪਏ ਦੀ ਸਕਾਲਰਸ਼ਿਪ ਪ੍ਰਾਪਤ ਕਰਨ ਵਾਲੇ ਬੱਚਿਆਂ ਦੇ ਨਾਂ ਕਨਿਸਕਾ ਜਿੰਦਲ- ਅੱਠਵੀਂ, ਪਰਨੀਤ ਕੌਰ- ਛੇਵੀਂ, ਜਿਵਤੇਸ ਭੱਲਾ- ਸੱਤਵੀਂ, ਅਨਮੋਲਦੀਪ ਸਿੰਘ- ਅੱਠਵੀਂ, ਜਯੰਤ ਚੋਪੜਾ- ਅੱਠਵੀਂ, ਮਹਿਕਪ੍ਰੀਤ ਕੌਰ- ਅੱਠਵੀਂ ਸਕੂਲ ਦੇ ਚੇਅਰਪਰਸਨ ਮੈਡਮ ਸ੍ਰੀਮਤੀ ਅਵਿਨਾਸ਼ ਕੌਰ ਵਾਲੀਆ ਜੀ ਨੇ ਸਾਰੇ ਵਿਦਿਆਰਥੀਆਂ, ਜਿਨ੍ਹਾਂ ਨੇ ਕਿ ਇਹ ਸਕਾਲਰਸ਼ਿਪ ਹਾਸਲ ਕੀਤੀਆਂ ਉਹਨਾਂ ਨੂੰ ਉਹਨਾਂ ਦੀ ਇਸ ਅਨਿੱਖੜਵੀ ਜਿੱਤ ਲਈ ਬਹੁਤ- ਬਹੁਤ ਵਧਾਈ ਦਿੱਤੀ ਅਤੇ ਭਵਿੱਖ ਵਿੱਚ ਵੀ ਇੰਝ ਹੀ ਖ਼ੂਬ ਨਾਮਣਾ ਖੱਟਣ ਦੇ ਲਈ ਵੀ ਪ੍ਰੇਰਿਆ।

## ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ 350 ਸਾਲਾਂ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਕੀਰਤਨ ਸਮਾਗਮ



ਲੁਧਿਆਣਾ, 14 ਮਈ (ਰਵਿੰਦਰ ਸਿੰਘ ਨਿੱਝਰ) : ਗੁਰਦੁਆਰਾ ਸ਼੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ ਐਕਸਟੈਨਸ਼ਨ ਵਿਖੇ ਗੁਰ ਦਸਮੇਸ਼ ਸੇਵਾ ਸੁਸਾਇਟੀ ਵੱਲੋਂ ਸ਼੍ਰੀ ਗੁਰੂ ਤੇਗ ਬਹਾਦਰ ਜੀ ਦੀ 350 ਸਾਲਾਂ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਹਫਤਾਵਾਰੀ ਕੀਰਤਨ ਸਮਾਗਮ ਕਰਵਾਇਆ ਗਿਆ, ਜਿਸ ਵਿੱਚ ਪੰਥ ਦੇ ਪ੍ਰਸਿੱਧ ਕੀਰਤਨੀਏ ਭਾਈ ਸੁਖਬੀਰ ਸਿੰਘ ਹਜ਼ੂਰੀ ਰਾਗੀ ਸ਼੍ਰੀ ਦਰਬਾਰ ਸਾਹਿਬ ਸ਼੍ਰੀ ਅੰਮ੍ਰਿਤਸਰ ਵਾਲਿਆਂ ਦੇ ਕੀਰਤਨੀ ਜੱਥੇ ਨੇ ਗੁਰਬਾਣੀ ਦਾ ਇਲਾਹੀ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਪ੍ਰਬੰਧਕਾਂ ਵੱਲੋ ਭਾਈ ਸੁਖਬੀਰ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਨੂੰ ਸਿਰਪਾਉ ਭੇਟ ਕਰਕੇ ਸਨਮਾਨਿਤ ਵੀ ਕੀਤਾ ਗਿਆ। ਕੀਰਤਨ ਸਮਾਗਮ ਅੰਦਰ ਦਸ਼ਮੇਸ਼ ਸੇਵਾ ਸੁਸਾਇਟੀ ਦੇ ਪ੍ਰਮੁੱਖ ਮੈਂਬਰ ਇੰਦਰਬੀਰ ਸਿੰਘ ਬੱਤਰਾ, ਹਰਪਾਲ ਸਿੰਘ ਬੱਤਰਾ, ਰਵਿੰਦਰਦਰਪਾਲ ਸਿੰਘ ਡੰਗ, ਗੁਰਦੀਪ ਸਿੰਘ ਡੀਮਾਰਟੇ, ਨਰਿੰਦਰਪਾਲ ਸਿੰਘ ਕਥੂਰੀਆ, ਰਜਿੰਦਰ ਸਿੰਘ ਡੰਗ, ਭੁਪਿੰਦਰ ਸਿੰਘ ਜੁਨੇਜਾ, ਆਦਿ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

## ਸੇਂਟ ਮਾਰਥਾ ਬੈਥਨੀ ਵਿਦਿਆਲਯ ਦਾ ਦਸਵੀਂ ਅਤੇ ਬਾਹਰਵੀਂ ਦਾ ਨਤੀਜਾ 100 ਫ਼ੀਸਦੀ ਰਿਹਾ




ਮੁੱਲਾਂਪੁਰ ਦਾਖਾ, 14 ਮਈ (ਦਵਿੰਦਰ ਸਿੰਘ ਲੰਮੇਂ) : ਸੀ. ਬੀ. ਐਸ. ਈ. ਬੋਰਡ ਵੱਲੋਂ ਐਲਾਨੇ ਗਏ ਦਸਵੀਂ ਅਤੇ ਬਾਰ੍ਹਵੀਂ ਜਮਾਤ ਦੇ ਨਤੀਜੇ ਵਿੱਚੋਂ ਸੇਂਟ ਮਾਰਥਾ ਬੈਥਨੀ ਵਿਦਿਆਲਯ ਰੁੜਕਾ ਕਲਾਂ ਦਾ ਨਤੀਜਾ 100 ਫੀਸਦੀ ਰਿਹਾ । ਸਾਰੇ ਵਿਦਿਆਰਥੀ ਚੰਗੇ ਨੰਬਰ ਲੈ ਕੇ ਦਸਵੀਂ ਅਤੇ ਬਾਰ੍ਹਵੀਂ ਜਮਾਤ ਵਿੱਚੋਂ ਪਾਸ ਹੋਏ । ਦਸਵੀਂ ਜਮਾਤ ਵਿੱਚੋਂ ਤਰਨਪ੍ਰੀਤ ਕੌਰ ਨੇ 93 ਫੀਸਦੀ ਅੰਕ, ਜਸਮੀਤ ਕੌਰ ਨੇ 87.5 ਫੀਸਦੀ, ਅੰਕਿਤਾ ਮਲਰਾ ਨੇ 81.6 ਫੀਸਦੀ ਅੰਕਾਂ ਨਾਲ ਕ੍ਰਮਵਾਰ ਪਹਿਲਾ, ਦੂਜਾ ਅਤੇ ਤੀਜਾ ਸਥਾਨ ਹਾਸਲ ਕੀਤਾ। ਇਸੇ ਤਰ੍ਹਾਂ ਬਾਰ੍ਹਵੀਂ ਜਮਾਤ ਦੇ ਕਾਮਰਸ ਗਰੁੱਪ ਵਿੱਚੋਂ ਗੁਰਜੋਤ ਸਿੰਘ ਨੇ 85 ਫੀਸਦੀ , ਗੁਰਜਾਪ ਸਿੰਘ ਗਰੇਵਾਲ ਨੇ 84.4 ਫੀਸਦੀ, ਰਵਨੀਤ ਕੌਰ ਨੇ 83.8 ਫੀਸਦੀ ਅੰਕ ਪ੍ਰਾਪਤ ਕਰਕੇ ਕ੍ਰਮਵਾਰ ਪਹਿਲਾ, ਦੂਸਰਾ ਅਤੇ ਤੀਸਰਾ ਸਥਾਨ ਪ੍ਰਾਪਤ ਕੀਤਾ। ਆਰਟਸ ਵਿੱਚੋਂ ਕਿਰਨਦੀਪ ਕੌਰ ਨੇ 83.2 ਫੀਸਦੀ , ਜਸ਼ਨਪ੍ਰੀਤ ਸਿੰਘ 79.6 ਫੀਸਦੀ ਅਤੇ ਹਰਸਿਮਰਨਜੀਤ ਕੌਰ (73.2 ਫੀਸਦੀ ਅੰਕ ਪ੍ਰਾਪਤ ਕਰਕੇ ਪਹਿਲਾ, ਦੂਜਾ ਅਤੇ ਤੀਜਾ ਸਥਾਨ ਹਾਸਲ ਕੀਤਾ। ਨਾਨ ਮੈਡੀਕਲ ਵਿੱਚੋਂ ਗਗਨਪ੍ਰੀਤ ਕੌਰ ਨੇ 83.8 ਫੀਸਦੀ ਅੰਕ ਲੈਕੇ ਪਹਿਲਾ ਸਥਾਨ ਅਤੇ ਮੈਡੀਕਲ ਵਿੱਚੋਂ ਜਸਪ੍ਰੀਤ ਕੌਰ ਨੇ 68.6 ਫੀਸਦੀ ਅੰਕ ਲੈਕੇ ਦੂਜਾ ਸਥਾਨ ਹਾਸਲ ਕੀਤਾ।

ਇਸ ਮੌਕੇ ਸਕੂਲ ਪ੍ਰਿੰਸੀਪਲ ਫਾਦਰ ਪਾਲ ਜਾਰਜ, ਸਕੂਲ ਮੈਨੇਜਰ ਫਾਦਰ ਜਸਟਿਨ ਥੋਮਸ, ਕੋਆਰਡੀਨੇਟਰਸ ਅਤੇ ਸਕੂਲ ਅਧਿਆਪਕਾਂ ਵੱਲੋਂ ਚੰਗੇ ਅੰਕ ਹਾਸਲ ਕਰਨ ਵਾਲੇ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਦਾ ਮੂੰਹ ਮਿੱਠਾ ਕਰਵਾਉਂਦਿਆਂ ਕਿਹਾ ਕਿ ਇਹ ਅਧਿਆਪਕਾਂ ਅਤੇ ਵਿਦਿਆਰਥੀਆਂ ਵੱਲੋਂ ਕੀਤੀ ਗਈ ਮਿਹਨਤ ਦਾ ਨਤੀਜਾ ਹੈ ਅਤੇ ਮਾਪਿਆਂ ਦੇ ਯੋਗਦਾਨ ਨੂੰ ਵੀ ਭੁਲਾਇਆ ਨਹੀਂ ਜਾ ਸਕਦਾ।

## ਲਗਾਤਾਰ ਬਿਜਲੀ ਕੱਟਾਂ ਤੋਂ ਗਾਂਧੀ ਕਾਲੋਨੀ ਵਾਸੀ ਪ੍ਰੇਸ਼ਾਨ



ਲੁਧਿਆਣਾ, 14 ਮਈ (ਵਿਸ਼ਾਲ ਸ਼ਰਮਾ) : ਲੁਧਿਆਣਾ ਸ਼ਹਿਰ ਦੇ ਪੱਛਮੀ ਵਿਧਾਨ ਸਭਾ ਖੇਤਰ ਦੇ ਇਲਾਕੇ ਮਾਡਲ ਗ੍ਰਾਮ,ਸਾਊਥ ਮਾਡਲ ਗ੍ਰਾਮ,ਨਿਊ ਮਾਡਲ ਟਾਊਨ,ਗਾਂਧੀ ਕਲੋਨੀ, ਗੁਰਚਰਨ ਪਾਰਕ,ਵੀਰ ਪਰਿਵਾਰ,ਆਦਿ ਇਲਾਕਿਆਂ ਦੇ ਵਿੱਚ ਬਿਜਲੀ ਦੀ ਬਹੁਤ ਭਾਰੀ ਸਮੱਸਿਆ ਹੈ, ਜਿਸ ਦੇ ਲਈ ਕਈ ਵਾਰ ਇਲਾਕੇ ਦੇ ਐਕਸੀਅਨ ਬੈਂਸ ਸਾਹਿਬ ਨੂੰ ਵੀ ਅਵਗਤ ਕਰਾਇਆ ਗਿਆ ਹੈ। ਪਰ ਸਮੱਸਿਆ ਜਿਉਂ ਦੀ ਤਿਉਂ ਹੀ ਬਣੀ ਹੋਈ ਹੈ ਇਹਨਾਂ ਇਲਾਕਿਆਂ ਵਿੱਚ ਹਰ ਰੋਜ ਚਾਰ ਤੋਂ ਪੰਜ ਘੰਟੇ ਦਾ ਕੱਟ ਲੱਗਣਾ ਆਮ ਗੱਲ ਹੋ ਗਈ ਹੈ ।ਇਸ ਇਲਾਕੇ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਸੰਜੀਵ ਅਰੋੜਾ ਨੇ ਇਲਾਕਾ ਨਿਵਾਸੀਆਂ ਨੂੰ ਇਹ ਭਰੋਸਾ ਦਿੱਤਾ ਸੀ ਕਿ ਇਸ ਇਲਾਕੇ ਦੇ ਵਿੱਚ ਨਿਰਵਿਘਨ ਬਿਜਲੀ ਆਵੇਗੀ ਉਨ੍ਹਾਂ ਨੇ ਇਸ ਇਲਾਕੇ ਦੇ ਲਈ ਕਈ ਨਵੇਂ ਟਰਾਂਸਫਾਰਮਰ ਅਤੇ ਕਈ ਨਵੀਆਂ ਤਾਰਾਂ ਵੀ ਬਦਲੀ ਕਰਵਾਈਆਂ ਸਨ, ਤਾਂ ਜੋ ਇਹਨਾਂ ਇਲਾਕਿਆਂ ਵਿੱਚ ਨਿਰਵਿਘਨ ਬਿਜਲੀ ਆ ਸਕੇ ਪਰ ਇਸ ਤੋਂ ਉਲਟ ਪੀ.ਐਸ.ਪੀ.ਐਲ ਦੀ ਨਲਾਇਕੀ ਦਾ ਭੁਗਤਾਨ ਇੱਥੇ ਦੀ ਆਮ ਜਨਤਾ ਨੂੰ ਕਰਨਾ ਪੈ ਰਿਹਾ ਹੈ।ਜਦੋਂ ਵੀ ਐਕਸੀਅਨ ਬੈਂਸ ਨਾਲ ਇਸ ਸਮੱਸਿਆ ਉੱਪਰ ਗੱਲ ਕੀਤੀ ਜਾਂਦੀ ਹੈ ਤਾਂ ਉਨਾਂ ਦਾ ਕਹਿਣਾ ਹੁੰਦਾ ਹੈ ਕਿ ਮੈਂ ਹੁਣੇ ਇਸ ਨੂੰ ਠੀਕ ਕਰਵਾਉਣਾ ਹੈ ਅਤੇ ਅੱਗੇ ਤੋਂ ਇਸ ਇਲਾਕਾ ਨਿਵਾਸੀਆਂ ਨੂੰ ਬਿਜਲੀ ਕੱਟਾਂ ਦੀ ਦਿੱਕਤ ਨਹੀਂ ਆਵੇਗੀ ਪਰ ਇਹ ਸਮੱਸਿਆ ਰੋਜ ਦੀ ਹੋ ਚੁੱਕੀ ਹੈ। ਜੇਕਰ ਜੇ.ਈ. ਫੋਨ ਕੀਤਾ ਜਾਵੇ ਤਾਂ ਕੁਝ ਫੋਨ ਚੁੱਕਣਾ ਹੀ ਨਹੀਂ ਪਸੰਦ ਕਰਦੇ ਅਤੇ ਜੇਕਰ ਗਲਤੀ ਨਾਲ ਫੋਨ ਚੁੱਕ ਹੀ ਲੈਣ ਤਾਂ ਉਹ ਆਪਣੀਆਂ ਸਮੱਸਿਆਵਾਂ ਦੱਸਣ ਲੱਗ ਜਾਉਂਦੇ ਹਨ।ਪੀ.ਐਸ.ਪੀ.ਸੀ.ਐਲ ਦੇ ਕੰਪਲੇਂਟ ਨਿਵਾਰਨ ਕੇਂਦਰ 1912 ਉੱਪਰ ਫੋਨ ਕਰਨ ਤੇ ਵੀ ਬਿਜਲੀ ਠੀਕ ਹੋਣ ਦਾ ਲੰਬਾ ਸਮਾਂ ਦਿੱਤਾ ਜਾਂਦਾ ਹੈ।

## ਸੀਵਰਮੈਨ ਤੇ ਸਫ਼ਾਈ ਕਰਮਚਾਰੀਆਂ ਦੀਆਂ ਜੱਥੇਬੰਦੀਆਂ ਲੋਕਲ ਬਾਡੀ ਸਕੱਤਰ ਨੂੰ ਮਿਲੀਆਂ



ਲੁਧਿਆਣਾ, 14 ਮਈ (ਰਵਿੰਦਰ ਸਿੰਘ ਨਿੱਝਰ) : ਪੰਜਾਬ ਨਗਰ ਨਿਗਮ ਸੀਵਰਮੈਨ ਇੰਪਲਾਈਜ ਯੂਨੀਅਨ ਅਤੇ **ਪੰਜਾਬ ਸਫਾਈ ਕਰਮਚਾਰੀ ਯੂਨੀਅਨ ਪੰਜਾਬ (ਸਬੰਧਤ ਏਟਕ) ਦੀ ਇੱਕ ਸਾਂਝਾ ਵਫਦ ਜਿਸ ਦੀ ਪ੍ਰਧਾਨਗੀ ਕਾਮਰੇਡ ਵਿਜੇ** ਕੁਮਾਰ ਕਾਮਰੇਡ, ਗੁਰਜੀਤ ਸਿੰਘ ਜੱਗਪਾਲ, ਰਜੇਸ ਬੰਟੀ, ਜੋਗਿੰਦਰ ਪਾਲ ,ਦੀਪਕ ਗਿੱਲ, ਗੋਲਡੀ ,ਕਰਨ ਮੱਟੂ, ਤੋਂ ਸਾਥੀ ਆਦਿ ਸਾਮਿਲ ਸਨ ਲੋਕਲ ਬਾਡੀ ਸੈਕਟਰੀ ਤੇਜਵੀਰ ਸਿੰਘ ਅਤੇ ਦਿਪਤੀ ਉੱਪਲ ਚੀਫ ਐਗਜੀਕਟਿਵ ਅਫਸਰ ਨੂੰ ਮਿਲਿਆ ਅਤੇ ਪੰਜਾਬ ਦੀਆਂ ਵੱਖ ਵੱਖ ਨਗਰ ਨਿਗਮਾਂ ਅਤੇ ਨਗਰ ਕੌਂਸਲਾਂ, ਅਤੇ ਨਗਰ ਪਾਲਿਕਾ, ਵਿੱਚ ਪੇਸ ਆ ਰਹੀਆਂ ਮੁਸ਼ਕਿਲਾਂ ਬਾਰੇ ਜਾਣੂੰ ਕਰਵਾਇਆ, ਜਿਸ ਵਿੱਚ. ਪੈਕਸੋ ਕੰਪਨੀ ਨਾਲ ਟਾਈਅਪ ਕੀਤਾ ਗਿਆ ਜਿਸ ਜਰੀਏ 140 ਸੁਪਰਵਾਈਜ਼ਰ ਜੋ ਕਿ ਸਾਬਕਾ ਫੌਜੀ ਕਰਕੇ ਲਗਾਏ ਜਾ ਰਹੇ ਹਨ, ਉਸ ਦਾ ਤਿੱਖਾ ਵਿਰੋਧ ਕੀਤਾ ਗਿਆ, ਪੰਜਾਬ ਦੀਆਂ ਵੱਖ-ਵੱਖ ਨਗਰ ਨਿਗਮਾਂ ਨਗਰ ਪਾਲਿਕਾਵਾਂ ਅਤੇ ਨਗਰ ਕੌਂਸਲਰਾਂ ਦੇ ਵਿੱਚ ਲੰਬੇ ਸਮੇਂ ਤੋਂ ਆਪਣੀ ਸੇਵਾ ਨਿਭਾ ਰਹੇ ਦਰਜਾ ਚਾਰ ਕਰਮਚਾਰੀਆਂ ਨੂੰ ਜਿਹੜੇ ਕਿ ਸਰਕਾਰ ਵੱਲੋਂ ਓਵਰਏਜ ਕੀਤੇ ਗਏ ਸਨ, ਉਹਨਾਂ ਮੁਲਾਜਮਾਂ ਨੂੰ ਜਲਦ ਤੋਂ ਜਲਦ ਰੈਗੂਲਰ ਕਰਨ ਦੀ ਮੰਗ ਕੀਤੀ ਗਈ, ਕਰਮਚਾਰੀ ਦੀ ਮੌਤ ਹੋਣ ਤੇ ਉਨ੍ਹਾਂ ਦੇ ਵਾਰਸਾਂ ਨੂੰ ਬਿਨਾਂ ਕਿਸੇ ਸਰਤਾਂ ਤੋਂ ਨੌਕਰੀ ਤੇ ਲਾਉਣ ਉਨਾਂ ਨੂੰ ਬਣਦੀ ਬਕਾਇਆ ਜਾਤ ਨੂੰ ਜਲਦ ਤੋਂ ਜਲਦ ਇੱਕ ਵਾਰੀ ਚ ਪੇਮੈਂਟ ਦੇਣ, ਆਊਟ ਸੋਰਸ ਭਰਤੀ ਬੰਦ ਕਰਨ ਦੀ ਮੰਗ ਕੀਤੀ ਗਈ। ਆਗੂਆਂ ਨੇ ਕਿਹਾ ਕਿ ਜੇਕਰ ਇਹ ਸਰਕਾਰ ਵੱਲੋਂ ਠੇਕੇਦਾਰੀ ਸਿਸਟਮ ਨੂੰ ਬੰਦ ਨਾ ਕੀਤਾ ਗਿਆ, ਅਤੇ ਪੰਜਾਬ ਦੀ ਜਥੇਬੰਦੀ ਵੱਲੋਂ ਇਹ ਮੰਗ ਕੀਤੀ ਗਈ,ਇਸ ਦਾ ਆਉਣ ਵਾਲੇ ਸਮੇਂ ਵਿੱਚ ਪੰਜਾਬ ਦੀਆਂ ਵੱਖ ਵੱਖ ਜਥੇਬੰਦੀਆਂ ਵੱਲੋਂ ਵਿਰੋਧ ਕੀਤਾ ਜਾਵੇਗਾ।

## ਆਪ ਸਰਕਾਰ ਦੇ ਯਤਨਾਂ ਸਦਕਾ ਲੁਧਿਆਣਾ 'ਚ ਵਿਕਾਸ ਨੇ ਫੜੀ ਰਫ਼ਤਾਰ : ਮੁੱਖ ਮੰਤਰੀ



ਲੁਧਿਆਣਾ, 14 ਮਈ (ਵਿਸ਼ਾਲ ਸ਼ਰਮਾ) : ਲੁਧਿਆਣਾ ਦੇ ਸਰਬਪੱਖੀ ਵਿਕਾਸ ਨੂੰ ਵੱਡਾ ਹੁਲਾਰਾ ਦੇਣ ਦੇ ਉਦੇਸ਼ ਨਾਲ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਵੱਖ-ਵੱਖ ਵਿਕਾਸ ਪ੍ਰਾਜੈਕਟ ਲੋਕਾਂ ਨੂੰ ਸਮਰਪਿਤ ਕਰਕੇ ਲੁਧਿਆਣਾ ਵਾਸੀਆਂ ਨੂੰ 13 ਕਰੋੜ ਰੁਪਏ ਦਾ ਤੋਹਫਾ ਦਿੱਤਾ। ਇਸ ਮੌਕੇ ਉਨ੍ਹਾਂ ਨਾਲ ਵਿਧਾਇਕ ਮਦਨ ਲਾਲ ਬੱਗਾ, ਅਸ਼ੋਕ ਪਰਾਸ਼ਰ ਪੱਪੀ, ਦਲਜੀਤ ਸਿੰਘ ਗਰੇਵਾਲ, ਕੁਲਵੰਤ ਸਿੰਘ ਸਿੱਧੂ, ਰਾਜ ਸਭਾ ਮੈਂਬਰ ਸੰਜੀਵ ਅਰੋੜਾ, ਮੇਅਰ ਡਾ: ਇੰਦਰਜੀਤ ਕੌਰ, ਸੀਨੀਅਰ ਡਿਪਟੀ ਮੇਅਰ ਰਾਕੇਸ਼ ਪਰਾਸ਼ਰ, ਡਿਪਟੀ ਮੇਅਰ ਪ੍ਰਿੰਸ ਜੌਹਰ, ਚੇਅਰਮੈਨ ਗੁਰਜੀਤ ਸਿੰਘ ਗਿੱਲ, ਕੌਂਸਲਰ ਅਮਨ ਬੱਗਾ ਆਦਿ ਵੀ ਹਾਜ਼ਰ ਸਨ।

ਇਹ ਪ੍ਰਾਜੈਕਟ ਪੰਜਾਬ ਦੀ ਨੁਹਾਰ ਬਦਲਣ ਲਈ ਸੂਬਾ ਸਰਕਾਰ ਦੀ ਦ੍ਰਿੜ੍ਹ ਵਚਨਬੱਧਤਾ ਨੂੰ ਦਰਸਾਉਂਦੇ ਹਨ ਅਤੇ ਇਨ੍ਹਾਂ ਵਿਕਾਸ ਕਾਰਜਾਂ ਲਈ ਫੰਡਾਂ ਦੀ ਕੋਈ ਕਮੀ ਨਹੀਂ ਹੈ। ਮੁੱਖ ਮੰਤਰੀ ਵੱਲੋਂ ਖੁਦ ਕੀਤੀ ਜਾ ਰਹੀ ਨਿਰੰਤਰ ਨਿਗਰਾਨੀ ਕਾਰਨ ਆਮ ਆਦਮੀ ਦੀ ਸਹੂਲਤ ਅਤੇ ਸ਼ਹਿਰ ਵਿੱਚ ਵਿਕਾਸ ਦੀ ਗਤੀ ਨੂੰ ਤੇਜ਼ ਕਰਨ ਦੇ ਉਦੇਸ਼ ਨਾਲ ਇਹ ਪ੍ਰਾਜੈਕਟ ਸਮੇਂ ਸਿਰ ਪੂਰੇ ਹੋ ਗਏ ਹਨ। ਇਨ੍ਹਾਂ ਪ੍ਰਾਜੈਕਟਾਂ ਨੂੰ ਬਹੁਤ ਹੀ ਸੁਚੱਜੇ ਢੰਗ ਨਾਲ ਯੋਜਨਾਬੱਧ ਅਤੇ ਨਿਰਵਿਘਨ ਢੰਗ ਨਾਲ ਲਾਗੂ ਕੀਤਾ ਗਿਆ ਹੈ। ਖੇਡਾਂ ਦੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਬਣਾ ਕੇ ਸੂਬੇ ਵਿੱਚ ਖੇਡਾਂ ਨੂੰ ਉਤਸ਼ਾਹਿਤ ਕਰਨ ਲਈ ਮੁੱਖ ਮੰਤਰੀ ਨੇ ਸਲੇਮ ਟਾਬਰੀ ਇਲਾਕੇ ਵਿੱਚ 5187.50 ਵਰਗ ਫੁੱਟ ਦੇ ਕੁੱਲ ਕਵਰਡ ਏਰੀਆ ਵਾਲਾ ਇੱਕ ਅਤਿ-ਆਧੁਨਿਕ ਖੇਡ ਮੈਦਾਨ ਲੋਕਾਂ ਨੂੰ ਸਮਰਪਿਤ ਕੀਤਾ।

ਖੇਡ ਮੈਦਾਨ ਨੂੰ ਅਤਿ-ਆਧੁਨਿਕ ਖੇਡ ਬੁਨਿਆਦੀ ਢਾਂਚੇ ਨਾਲ ਲੈਸ ਕੀਤਾ ਗਿਆ ਹੈ ਅਤੇ ਇਸ ਦੀ ਵਰਤੋਂ ਕ੍ਰਿਕਟ, ਬਾਸਕਟਬਾਲ ਹੈਂਡਬਾਲ, ਬੈਡਮਿੰਟਨ ਵਰਗੀਆਂ ਖੇਡਾਂ ਖੇਡਣ ਲਈ ਕੀਤੀ ਜਾ ਸਕਦੀ ਹੈ। ਇਹ ਸਟੇਡੀਅਮ ਕੈਮਰਾ ਰਿਕਾਰਡਿੰਗ ਅਤੇ ਫਲੱਡ ਲਾਈਟਾਂ ਦੀਆਂ ਸਹੂਲਤਾਂ ਨਾਲ ਲੈਸ ਹੈ। ਇਹ ਮੈਦਾਨ 26 ਲੱਖ ਰੁਪਏ ਦੀ ਲਾਗਤ ਨਾਲ ਬਣਾਇਆ ਗਿਆ ਹੈ ਜੋ ਨੌਜਵਾਨਾਂ ਦੀ ਊਰਜਾ ਨੂੰ ਸਕਾਰਾਤਮਕ ਦਿਸ਼ਾ ਵਿੱਚ ਬਦਲਣ ਵਿੱਚ ਸਹਾਈ ਹੋਵੇਗਾ। ਇਸੇ ਤਰ੍ਹਾਂ ਮੁੱਖ ਮੰਤਰੀ ਨੇ ਜਲੰਧਰ ਬਾਈਪਾਸ ਚੌਂਕ ਨੇੜੇ ਡਾ. ਅੰਬੇਡਕਰ ਭਵਨ-ਕਮ-ਸਿਖਲਾਈ ਅਤੇ ਖੋਜ ਕੇਂਦਰ ਵਿਖੇ ਨਵਾਂ ਬਣਿਆ ਆਡੀਟੋਰੀਅਮ ਵੀ ਸਮਰਪਿਤ ਕੀਤਾ। ਇਹ ਅਤਿ-ਆਧੁਨਿਕ ਆਡੀਟੋਰੀਅਮ 4.30 ਕਰੋੜ ਰੁਪਏ ਦੀ ਲਾਗਤ ਨਾਲ ਬਣਾਇਆ ਗਿਆ ਹੈ ਜੋ ਸ਼ਹਿਰ ਵਾਸੀਆਂ ਨੂੰ ਆਪਣੇ ਸਮਾਗਮ ਕਰਵਾਉਣ ਲਈ ਵੱਡੀ ਸਹੂਲਤ ਪ੍ਰਦਾਨ ਕਰੇਗਾ।

## ਫ਼ਤਹਿ ਮਾਰਚ ਦਾ ਲੁਧਿਆਣਾ ਪਹੁੰਚਣ 'ਤੇ ਸੰਗਤਾਂ ਨੇ ਕੀਤਾ ਭਰਵਾਂ ਸਵਾਗਤ



ਲੁਧਿਆਣਾ, 14 ਮਈ (ਰਵਿੰਦਰ ਸਿੰਘ ਨਿੱਝਰ) : 315ਵੇਂ ਸਰਹਿੰਦ ਫ਼ਤਿਹ ਦਿਵਸ ਦੇ ਇਤਿਹਾਸਿਕ ਦਿਹਾੜੇ 'ਤੇ ਬਾਬਾ ਬੰਦਾ ਸਿੰਘ ਬਹਾਦਰ ਅੰਤਰਰਾਸ਼ਟਰੀ ਫਾਊਂਡੇਸ਼ਨ ਵੱਲੋਂ ਰਕਬਾ ਭਵਨ ਤੋਂ ਫਾਊਂਡੇਸ਼ਨ ਦੇ ਅੰਤਰਰਾਸ਼ਟਰੀ ਪ੍ਰਧਾਨ ਕ੍ਰਿਸ਼ਨ ਕੁਮਾਰ ਬਾਵਾ ਦੀ ਸਰਪ੍ਰਸਤੀ ਹੇਠ ਆਰੰਭ ਹੋਏ ਫ਼ਤਿਹ ਮਾਰਚ ਦਾ ਬਰੇਵਾਲ, ਰਾਜਗੁਰੂ ਨਗਰ, ਬੱਤਰਾ ਹੋਟਲ, ਸਾਬਕਾ ਵਿਧਾਇਕ ਸੁਰਿੰਦਰ ਡਾਬਰ, ਜਗਰਾਉਂ ਪੁਲ, ਦੁੱਖ ਨਿਵਾਰਨ ਗੁਰਦੁਆਰਾ ਸਾਹਿਬ, ਗੁਰਦੁਆਰਾ ਸਾਹਿਬ ਸ਼ਹੀਦਾਂ, ਰਾਜਪੂਤ ਫਾਊਂਡੇਸ਼ਨ, ਪ੍ਰਸ਼ੂ ਨੇਤਾ ਹੱਡੀ ਚੌੜਾ, ਸਕਲ ਦੇਵ (ਪ੍ਰਵਾਸੀ ਨੇਤਾ), ਭਾਜਪਾ ਨੇਤਾ ਸਾਨੀਆ ਸ਼ਰਮਾ, ਡੇਰਾ ਮੋਹਣ ਦਾਸ, ਰਾਜਾ ਢਾਬਾ, ਮਨਜਿੰਦਰ ਗਰੇਵਾਲ ਨੇ ਮਿਠਾਈਆਂ ਵੰਡ ਕੇ, ਛਬੀਲਾਂ ਲਗਾਕੇ, ਫੁੱਲਾਂ ਦੀ ਵਰਖਾ ਕਰਦਿਆਂ ਸਿਰੋਪਾਉ ਪਾ ਕੇ ਸਵਾਗਤ ਕੀਤਾ। ਇਸ ਸਮੇਂ ਬਾਵਾ ਨੇ ਸਭ ਸੰਸਥਾਵਾਂ ਅਤੇ ਨੇਤਾਵਾਂ ਦਾ ਸਵਾਗਤ ਕਰਨ ਲਈ ਧੰਨਵਾਦ ਕੀਤਾ। ਉਹਨਾਂ ਕਿਹਾ ਕਿ ਬਾਬਾ ਬੰਦਾ ਸਿੰਘ ਬਹਾਦਰ ਜੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਦਰਸਾਏ ਰਸਤੇ 'ਤੇ ਚੱਲ ਕੇ ਸਮਾਜਿਕ ਬਰਾਬਰਤਾ ਅਤੇ ਜ਼ੁਲਮ ਖਿਲਾਫ ਟੱਕਰ ਲਈ। ਗੁਰੂ ਸਾਹਿਬ ਦੇ ਛੋਟੇ ਸਾਹਿਬਜਾਦਿਆਂ ਬਾਬਾ ਜੋਰਾਵਰ ਸਿੰਘ ਅਤੇ ਬਾਬਾ ਫਤਿਹ ਸਿੰਘ ਜੀ ਦੀ ਵਡਮੁੱਲੀ ਸਹਾਦਤ ਦਾ ਬਦਲਾ ਸਰਹਿੰਦ ਦੀ ਇੱਟ ਨਾਲ ਇੱਟ ਖੜਕਾ ਕੇ ਲਿਆ। ਇਸ ਸਮੇਂ ਸਵਾਗਤ ਕਰਨ ਵਾਲਿਆਂ ਵਿੱਚ ਸਰਬਜੀਤ ਮੰਨੂ ਪ੍ਰਧਾਨ ਰਾਜਪੂਤ ਫਾਉਂਡੇਸਨ ਪੰਜਾਬ, ਤਜਿੰਦਰ ਡੰਗ, ਪ੍ਰੇਮ ਕੁਮਾਰ ਗਰਗ ਰਿਟਾ. ਐੱਸ.ਪੀ. ਬਠਿੰਡਾ, ਰਿਟਾ. ਐੱਸ.ਪੀ. ਧਰਮਜੀਤ ਸਿੰਘ ਆਦਿ ਹਾਜਰ ਸਨ।

## ਅੱਜ ਜਗਰਾਓਂ ਵਿਖੇ ਹੋਣ ਵਾਲੀ ਰੈਲੀ ਤੇ ਰੋਸ ਮਾਰਚ ਮੁਲਤਵੀ

ਮੁੱਲਾਂਪੁਰ ਦਾਖਾ, 14 ਮਈ (ਦਵਿੰਦਰ ਸਿੰਘ ਲੰਮੇਂ) : ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵਿਖੇ ਕੌਮੀ ਇਨਸਾਫ਼ ਮੋਰਚਾ ਦੇ ਸੂਬਾਈ ਫੈਸਲੇ ਅਨੁਸਾਰ ਅੱਜ 15 ਮਈ ਦਿਨ ਵੀਰਵਾਰ ਨੂੰ ਹੋਣ ਵਾਲੀ ਜਗਰਾਉਂ ਰੈਲੀ ਤੇ ਰੋਸ ਮਾਰਚ ਅਗਲੇ ਆਦੇਸ਼ਾਂ ਤੱਕ ਮੁਲਤਵੀ ਕਰ ਦਿੱਤਾ ਗਿਆ ਅਤੇ ਮੀਟਿੰਗ ਉਪਰੰਤ ਅਗਲੇ ਪ੍ਰੋਗਰਾਮ ਬਾਰੇ ਜਲਦੀ ਹੀ ਜਾਣਕਾਰੀ ਦਿੱਤੀ ਜਾਵੇਗੀ। ਉੱਕਤ ਜਾਣਕਾਰੀ ਪ੍ਰੈਸ ਨੂੰ ਬਲਦੇਵ ਸਿੰਘ ਸਰਾਭਾ, ਗੁਰਦਿਆਲ ਸਿੰਘ ਤਲਵੰਡੀ ਅਤੇ ਸਦੇਵ ਸਿੰਘ ਲਲਤੋਂ ਨੇ ਸਾਂਝੇ ਤੌਰ ਦਿੱਤੀ ।

## ਈਸਟਵੁੱਡ ਸਕੂਲ ਵਿਖੇ ਦੰਦਾਂ ਦਾ ਜਾਂਚ ਕੈਂਪ ਲਗਾਇਆ



ਮੁੱਲਾਂਪੁਰ ਦਾਖਾ, 14 ਮਈ (ਦਵਿੰਦਰ ਸਿੰਘ ਲੰਮੇਂ) : ਸਥਾਨਕ ਈਸਟਵੁੱਡ ਇੰਟਰਨੈਸ਼ਨਲ ਸਕੂਲ ਵਿਖੇ ਪ੍ਰਧਾਨ ਦਮਨਜੀਤ ਸਿੰਘ ਮੋਹੀ ਦੀ ਪ੍ਰਧਾਨਗੀ ਅਤੇ ਪ੍ਰਿੰਸੀਪਲ ਡਾ. ਅਮਨਦੀਪ ਕੌਰ ਬਖਸ਼ੀ ਦੀ ਅਗੁਵਾਈ ਹੇਠ ਸਕੂਲ ਵਿਦਿਆਰਥੀਆਂ ਅਤੇ ਅਧਿਆਪਕਾਂ ਲਈ ਦੰਦਾਂ ਦੀ ਜਾਂਚ ਦਾ ਤਿੰਨ ਰੋਜ਼ਾ ਮੁਫਤ ਚੈਕਅੱਪ ਕੈਂਪ ਲਗਾਇਆ ਗਿਆ । ਇਸ ਕੈਂਪ ਵਿੱਚ ਸ਼ਹੀਦ ਕਰਤਾਰ ਸਿੰਘ ਸਰਾਭਾ ਡੈਂਟਲ ਕਾਲਜ਼ ਅਤੇ ਹਸਪਤਾਲ ਸਰਾਭਾ ਦੇ ਤਜਰਬੇਕਾਰ ਡਾ. ਖੁਸ਼ਬੂ ਸਿੰਘ , ਡਾ. ਅਨੀਸ਼ਾ ਕੁੰਡਲ , ਡਾ. ਤਰੁਨ , ਡਾ. ਮਨੀਸ਼ਾ ਅਤੇ ਡਾ. ਸੌਭਾਗਿਆ ਨੇ ਵਿਦਿਆਰਥੀਆਂ ਅਤੇ ਅਧਿਆਪਕਾਂ ਦੇ ਦੰਦਾਂ ਦਾ ਚੈਕਅਪ ਕੀਤਾ।

ਇਸ ਮੌਕੇ ਡਾ. ਖੁਸ਼ਬੂ ਸਿੰਘ ਨੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਦੰਦਾਂ ਅਤੇ ਮਸੂੜਿਆਂ ਦੀਆਂ ਫੈਲਣ ਵਾਲੀਆਂ ਬੀਮਾਰੀਆਂ, ਉਹਨਾਂ ਦੀ ਰੋਕਥਾਮ ਅਤੇ ਇਲਾਜ ਬਾਰੇ ਜਾਣਕਾਰੀ ਦਿੱਤੀ । ਸਕੂਲ ਪ੍ਰਿੰਸੀਪਲ ਡਾ. ਅਮਨਦੀਪ ਬਖਸ਼ੀ ਨੇ ਕਿਹਾ ਕਿ ਇਹ ਕੈਂਪ ਦਾ ਮਕਸਦ ਬੱਚਿਆਂ ਦੇ ਦੰਦਾਂ ਨੂੰ ਤੰਦਰੁਸਤ ਅਤੇ ਉਹਨਾਂ ਨੂੰ ਸਮੇਂ ਤੋਂ ਪਹਿਲਾਂ ਖਰਾਬ ਹੋਣਾ ਤੋਂ ਬਚਾਅ ਲਈ ਲਗਾਇਆ ਗਿਆ ਹੈ। ਉਹਨਾਂ ਕਿਹਾ ਕਿ ਇਸ ਕੈਂਪ ਰਾਹੀਂ ਵਿਦਿਆਰਥੀਆਂ ਦੇ ਮੂੰਹ ਅਤੇ ਸਿਹਤ ਦਾ ਮੁਲਾਂਕਣ ਕਰਕੇ ਆਈਆਂ ਸਮੱਸਿਆਵਾਂ ਤੋਂ ਬੱਚਿਆਂ ਨੂੰ ਜਾਗਰੂਕ ਕਰਵਾਉਣਾ ਅਤੇ ਉਹਨਾਂ ਦੇ ਇਲਾਜ ਸਬੰਧੀ ਜਾਣਕਾਰੀ ਦੇਣਾ ਹੈ। ਸਕੂਲ ਪ੍ਰਧਾਨ ਦਮਨਜੀਤ ਸਿੰਘ ਮੋਹੀ ਨੇ ਸਕੂਲ ਆਈ ਡਾਕਟਰਾਂ ਦੀ ਟੀਮ ਦਾ ਧੰਨਵਾਦ ਕੀਤਾ ਅਤੇ ਇਸੇ ਤਰ੍ਹਾਂ ਆਉਣ ਵਾਲੇ ਸਮੇਂ ਵਿੱਚ ਬੱਚਿਆਂ ਨੂੰ ਜਾਗਰੂਕ ਕਰਨ ਦੀ ਅਪੀਲ ਕੀਤੀ।

## ਹਰ ਸ਼ੁੱਕਰਵਾਰ ਡੇਂਗੂ 'ਤੇ ਵਾਰਥੀਮ ਅਧੀਨ ਜਾਗਰੂਕਤਾ ਕੈਂਪ ਲਗਾਇਆ



ਡੇਹਲੋਂ, 14 ਮਈ (ਅਮਰਜੀਤ ਸਿੰਘ ਸੰਧੂ/ਰਣਬੀਰ ਸਿੰਘ ਮਹਿਮੀ) : ਪੰਜਾਬ ਦੇ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਮਾਨਯੋਗ ਡਾ.ਜਸਵੀਰ ਸਿੰਘ ਅਤੇ ਸਿਵਲ ਹਸਪਤਾਲ ਲੁਧਿਆਣਾ ਡਾ.ਰਮਨਦੀਪ ਆਹਲੂਵਾਲੀਆ ਜੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਅਤੇ ਐਸ ਐਮ ਓ ਡਾ.ਰਾਜੇਸ਼ ਗਰਗ ਜੀ ਦੀ ਯੋਗ ਅਗਵਾਈ ਹੇਠ ਡੇਹਲੋਂ ਵਿਖੇ ਹਰ ਸ਼ੁੱਕਰਵਾਰ ਡੇਂਗੂ ਤੇ ਵਾਰ ਥੀਮ ਅਧੀਨ ਘਰ ਘਰ ਜਾ ਕੇ ਡੇਂਗੂ ਦੇ ਵਿਰੋਧ ਵਿਚ ਜਾਗਰੂਕਤਾ ਫੈਲਾਉਣ ਲਈ ਗਤੀਵਿਧੀਆਂ ਕੀਤੀਆਂ ਗਈਆਂ ਹਨ। ਇਸ ਸਮੇਂ ਡਾ.ਰਾਜੇਸ਼ ਗਰਗ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਤੇਜ਼ ਬੁਖ਼ਾਰ, ਸਿਰ ਦਰਦ,ਮਾਸ਼ ਪੇਸ਼ੀਆਂ ਵਿਚ ਦਰਦ, ਅੱਖਾਂ ਦੇ ਪਿਛਲੇ ਹਿੱਸੇ ਵਿੱਚ ਦਰਦ, ਚਮੜੀ ਤੇ ਦਾਣੇ ਹੋ ਜਾਣਾ ਅਤੇ ਮਸੂੜਿਆਂ ਵਿੱਚੋਂ ਖ਼ੂਨ ਦਾ ਵਗਣਾ ਡੇਂਗੂ ਦੇ ਲੱਛਣ ਹਨ। ਇਸ ਲਈ ਫਰਿੱਜ ਦੀਆਂ ਪਿਛਲੀਆਂ ਪਾਣੀ ਵਾਲੀਆਂ ਟਰੇਆਂ, ਕੂਲਰਾਂ ਦਾ ਪਾਣੀ, ਗਮਲਿਆਂ ਅਤੇ ਛੱਤਾਂ ਤੇ ਪਏ ਟਾਇਰ ਅਤੇ ਹੋਰ ਫੁੱਟਕਲ ਸਮਾਨ ਵਿੱਚ ਪਾਣੀ ਨਾ ਇਕੱਠਾ ਹੋਣ ਦਿੱਤਾ ਜਾਵੇ। ਇਸ ਨੂੰ ਹਫਤੇ ਵਿੱਚ ਇੱਕ ਵਾਰੀ ਚੰਗੀ ਤਰ੍ਹਾਂ ਸਾਫ਼ ਕਰਕੇ ਧੁੱਪ ਲਗਾ ਕੇ ਦੁਬਾਰਾ ਵਰਤੋਂ ਕੀਤੀ ਜਾਵੇ।ਕੱਪੜੇ ਅਜਿਹੇ ਪਹਿਨੋ ਜਿਸ ਨਾਲ ਸਰੀਰ ਚੰਗੀ ਤਰ੍ਹਾਂ ਢੱਕਿਆ ਜਾ ਸਕੇ। ਮੱਛਰ ਤੋਂ ਬਚਾਓ ਲਈ ਕ੍ਰੀਮਾਂ,ਤੇਲ ਅਤੇ ਮੱਛਰਦਾਨੀ ਦੀ ਵਰਤੋਂ ਕਰੋ ਤਾਂ ਜੋਂ ਕਿ ਡੇਂਗੂ ਮੱਛਰ ਦੇ ਵਾਰ ਤੋਂ ਬਚਿਆ ਜਾ ਸਕੇ। ਡਾ.ਰਾਜੇਸ਼ ਗਰਗ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਡੇਂਗੂ ਦਾ ਟੈਸਟ ਅਤੇ ਸੁਪੋਰਟਿਵ ਇਲਾਜ਼ ਰਾਜ ਦੇ ਸਰਕਾਰੀ ਹਸਪਤਾਲਾਂ ਵਿਚ ਮੁਫ਼ਤ ਕੀਤਾ ਜਾਂਦਾ ਹੈ। ਇਸ ਮੌਕੇ ਤੇ ਐਮ.ਪੀ.ਐਚ.ਡਬਲਯੂ (ਮੇਲ) ਮੁਹੰਮਦ ਸ਼ਬੀਰ (ਡੇਹਲੋਂ) ਅਤੇ ਨਰਸਿੰਗ ਕਾਲਜ ਦੇ ਵਿਦਿਆਰਥੀ ਮੌਜੂਦ ਸਨ।

## ਐੱਮ.ਪੀ. ਅਰੋੜਾ ਨੇ 8.34 ਕਰੋੜ ਦੇ 9 ਸੜਕੀ ਪ੍ਰੋਜੈਕਟਾਂ ਦਾ ਰੱਖਿਆ ਨੀਂਹ ਪੱਥਰ



ਲੁਧਿਆਣਾ, 14 ਮਈ (ਵਿਸ਼ਾਲ ਸ਼ਰਮਾ) : ਲੁਧਿਆਣਾ ਵਿੱਚ ਨਾਗਰਿਕ ਬੁਨਿਆਦੀ ਢਾਂਚੇ ਨੂੰ ਬਿਹਤਰ ਬਣਾਉਣ ਲਈ ਇੱਕ ਵੱਡੇ ਕਦਮ ਵਿੱਚ ਰਾਜ ਸਭਾ ਮੈਂਬਰ ਸੰਜੀਵ ਅਰੋੜਾ ਨੇ ਬੁੱਧਵਾਰ ਨੂੰ ਲਗਭਗ 8.34 ਕਰੋੜ ਰੁਪਏ ਦੀ ਲਾਗਤ ਵਾਲੇ ਨੌਂ ਵਿਕਾਸ ਪ੍ਰੋਜੈਕਟਾਂ ਦਾ ਨੀਂਹ ਪੱਥਰ ਰੱਖਿਆ। ਇਹ ਸਮਾਗਮ ਕਈ ਵਾਰਡਾਂ ਵਿੱਚ ਕੀਤੇ ਗਏ, ਜੋ ਕਿ ਸ਼ਹਿਰੀ ਵਿਕਾਸ ਅਤੇ ਸ਼ਹਿਰ ਵਿੱਚ ਬਿਹਤਰ ਸੜਕੀ ਸੰਪਰਕ ਵੱਲ ਇੱਕ ਮਹੱਤਵਪੂਰਨ ਕਦਮ ਹੈ। ਇਹ ਪ੍ਰੋਜੈਕਟ ਲੁਧਿਆਣਾ ਦੇ ਵੱਖ-ਵੱਖ ਹਿੱਸਿਆਂ ਵਿੱਚ ਫੈਲੇ ਹੋਏ ਹਨ ਅਤੇ ਇਨ੍ਹਾਂ ਵਿੱਚ ਰਿਹਾਇਸ਼ੀ ਕਲੋਨੀਆਂ ਅਤੇ ਸ਼ਹਿਰੀ ਖੇਤਰਾਂ ਵਿੱਚ ਸੜਕਾਂ ਦੀ ਉਸਾਰੀ ਰੀਸਰਫੇਸਿੰਗ ਅਤੇ ਇੰਟਰਲਾਕਿੰਗ ਟਾਈਲਾਂ ਵਿਛਾਉਣਾ ਸ਼ਾਮਲ ਹੈ। ਸ਼ੁਰੂ ਕੀਤੇ ਗਏ ਪ੍ਰੋਜੈਕਟ ਹਨ: ਵਾਰਡ ਨੰ. 65 ਵਿੱਚ ਜੋਸ਼ੀ ਨਗਰ ਭਾਗ-1 ਵਿੱਚ ਪੱਕੀ ਸੜਕ ਦਾ ਨਿਰਮਾਣ ਵਾਰਡ ਨੰ. 63 ਵਿੱਚ ਕਿਚਲੂ ਨਗਰ (ਬਲਾਕ ਈ, ਐਫ ਅਤੇ ਜੀ) ਦੇ ਵੱਖ-ਵੱਖ ਖੇਤਰਾਂ ਦੇ ਸਾਈਡ ਬਰਮਾਂ 'ਤੇ 60 ਮਿਲੀਮੀਟਰ ਮੋਟੀਆਂ ਇੰਟਰਲਾਕਿੰਗ ਟਾਈਲਾਂ ਦੀ ਵਿਵਸਥਾ ਅਤੇ ਫਿਕਸਿੰਗ ਵਾਰਡ ਨੰ. 61 ਵਿੱਚ ਯੈੱਸ ਬੈਂਕ ਤੋਂ ਸੱਗੂ ਚੌਕ ਤੱਕ ਸੜਕ 'ਤੇ ਐਸਡੀਬੀਸੀ ਵਿਛਾਉਣਾ ਵਾਰਡ ਨੰ. 59 ਵਿੱਚ ਪ੍ਰਕਾਸ਼ ਕਲੋਨੀ ਰੋਡ ਆਸ਼ਾ ਪੁਰੀ ਮੇਨ ਰੋਡ ਅਤੇ ਸ਼ੇਰ-ਏ-ਪੰਜਾਬ ਕਲੋਨੀ ਦੀਆਂ ਗਲੀਆਂ ਵਿੱਚ ਓਜੀਪੀਸੀ ਪ੍ਰਦਾਨ ਕਰਨਾ ਅਤੇ ਵਿਛਾਉਣਾ ਵਾਰਡ ਨੰ. 58 ਵਿੱਚ ਸ਼ਮਸ਼ੇਰ ਐਵੇਨਿਊ ਦੀਆਂ ਵੱਖ-ਵੱਖ ਲੇਨਾਂ ਵਿੱਚ ਓਜੀਪੀਸੀ ਪ੍ਰਦਾਨ ਕਰਨਾ ਅਤੇ ਵਿਛਾਉਣਾ ਵਾਰਡ ਨੰ. 55 ਵਿੱਚ ਸਰਾਭਾ ਨਗਰ ਦੇ ਬਲਾਕ ਜੇ ਵਿੱਚ ਬੀਐਮ ਅਤੇ ਓਜੀਪੀਸੀ ਉਪਲਬਧ ਕਰਾਉਣਾ ਅਤੇ ਵਿਛਾਉਣਾ ਵਾਰਡ ਨੰ. 57 ਵਿੱਚ ਬੀ.ਆਰ.ਐਸ. ਨਗਰ ਦੇ ਬਲਾਕ ਡੀ ਵਿੱਚ ਸਾਈਡ ਬਰਮ 'ਤੇ ਇੰਟਰਲਾਕਿੰਗ ਟਾਈਲਾਂ ਪ੍ਰਦਾਨ ਕਰਨਾ ਅਤੇ ਵਿਛਾਉਣਾ ਵਾਰਡ ਨੰ. 57 ਦੇ ਸੁਨੇਤ ਪਿੰਡ ਵਿਖੇ 80 ਮਿਲੀਮੀਟਰ ਮੋਟੀਆਂ ਇੰਟਰਲਾਕਿੰਗ ਟਾਈਲਾਂ ਪ੍ਰਦਾਨ ਕਰਨਾ ਅਤੇ ਵਿਛਾਉਣਾ ਅਤੇ ਵਾਰਡ ਨੰ. 54 ਵਿੱਚ ਕਰਨੈਲ ਸਿੰਘ ਨਗਰ ਫੇਜ਼-2 ਦੀਆਂ ਵੱਖ-ਵੱਖ ਗਲੀਆਂ ਵਿੱਚ ਬੀ.ਐਮ. ਅਤੇ ਓ.ਜੀ.ਪੀ.ਸੀ. ਵਿਛਾਉਣਾ। ਇਕੱਠਾਂ ਨੂੰ ਸੰਬੋਧਨ ਕਰਦਿਆਂ ਅਰੋੜਾ ਨੇ ਜ਼ਮੀਨੀ ਪੱਧਰ ਦੇ ਵਿਕਾਸ ਦੀ ਮਹੱਤਤਾ ਅਤੇ ਲੋਕ ਭਲਾਈ ਪ੍ਰਤੀ ਆਪਣੀ ਵਚਨਬੱਧਤਾ 'ਤੇ ਜ਼ੋਰ ਦਿੱਤਾ। ਇਹ ਪ੍ਰੋਜੈਕਟ ਬਿਹਤਰ ਸੜਕਾਂ ਸਾਫ਼-ਸੁਥਰੇ ਆਲੇ-ਦੁਆਲੇ ਅਤੇ ਬਿਹਤਰ ਜਨਤਕ ਸਹੂਲਤਾਂ ਨੂੰ ਯਕੀਨੀ ਬਣਾਉਣ ਦੇ ਸਾਡੇ ਵਿਸ਼ਾਲ ਮਿਸ਼ਨ ਦਾ ਹਿੱਸਾ ਹਨ। ਸਾਡਾ ਧਿਆਨ ਟਿਕਾਊ ਸ਼ਹਿਰੀ ਵਿਕਾਸ ਅਤੇ ਲੰਬੇ ਸਮੇਂ ਦੇ ਬੁਨਿਆਦੀ ਢਾਂਚੇ ਦੇ ਸੁਧਾਰਾਂ 'ਤੇ ਰਹਿੰਦਾ ਹੈ ਉਨ੍ਹਾਂ ਕਿਹਾ।

## ਗੁਰਦੁਆਰਾ ਗੁਰੂ ਰਵਿਦਾਸ ਦੀ ਕਮੇਟੀ ਵੱਲੋਂ ਮੁੱਖ ਮੰਤਰੀ ਤੋਂ ਇਨਸਾਫ਼ ਦੀ ਮੰਗ



ਲੁਧਿਆਣਾ, 14 ਮਈ (ਰਵਿੰਦਰ ਸਿੰਘ ਨਿੱਝਰ) : ਚੰਡੀਗੜ੍ਹ ਰੋਡ ਜਮਾਲਪੁਰ ਅਵਾਣਾ ਵਿਖੇ ਸਥਿਤ ਗੁਰਦੁਆਰਾ ਗੁਰੂ ਰਵਿਦਾਸ ਜੀ ਦੇ ਕਮੇਟੀ ਪ੍ਰਧਾਨ ਮਨਜੀਤ ਸਿੰਘ ਜੀ ਵੱਲੋਂ ਆਪਣੇ ਹੋਰਨਾਂ ਕਮੇਟੀ ਆਗੂਆਂ ਸਮੇਤ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਇੱਕ ਮੰਗ ਪੱਤਰ ਸੌਂਪਦੇ ਹੋਏ ਗੁਰਦੁਆਰਾ ਸਾਹਿਬ ਦੀ ਜਮੀਨ ਦੀ ਮਾਲਕੀ ਗੁਰਦੁਆਰਾ ਸਾਹਿਬ ਦੇ ਨਾਮ 'ਤੇ ਅਲਾਟ ਕਰਦਿਆਂ ਇਨਸਾਫ ਦੀ ਮੰਗ ਕੀਤੀ। ਪ੍ਰਧਾਨ ਮਨਜੀਤ ਸਿੰਘ ਨੇ ਦੱਸਿਆ ਕਿ ਇਹ ਗੁਰਦੁਆਰਾ ਸਾਹਿਬ ਲਗਭਗ 50 ਸਾਲਾਂ ਤੋਂ ਵੀ ਵਧੇਰੇ ਸਮੇਂ ਤੋਂ ਪੰਚਾਇਤ ਵੱਲੋਂ ਦਿੱਤੀ ਗਈ ਜਮੀਨ ਦੇ ਉੱਪਰ ਬਣਿਆ ਹੋਇਆ ਹੈ,ਜਦਕਿ ਪਿਛਲੇ ਕੁਝ ਸਾਲਾਂ ਤੋਂ ਹੀ ਗਲਾਡਾ ਵਿਭਾਗ ਦੇ ਵੱਲੋਂ ਉਹਨਾਂ ਨੂੰ ਪਹਿਲਾਂ ਵੀ ਕਈ ਵਾਰ ਨਜਾਇਜ਼ ਕਬਜ਼ਾ 'ਤੇ ਗੁਰਦੁਆਰਾ ਸਾਹਿਬ ਦੀ ਦੀਵਾਰ ਢਾਹੁਣ ਸਬੰਧੀ ਨੋਟਿਸ ਭੇਜੇ ਗਏ ਹਨ। ਕੁਝ ਦਿਨ ਪਹਿਲਾਂ ਨਜਾਇਜ਼ ਉਸਾਰੀ ਦਾ ਨੋਟਿਸ ਫਿਰ ਤੋਂ ਗੁਰਦੁਆਰਾ ਸਾਹਿਬ ਦੀ ਦੀਵਾਰ ਦੇ ਉੱਪਰ ਚਿਪਕਾ ਦਿੱਤਾ ਗਿਆ। ਕਮੇਟੀ ਦੇ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੋਂ ਮੰਗ ਕੀਤੀ ਗਈ ਹੈ ਕਿ ਵੱਡੀ ਗਿਣਤੀ ਵਿੱਚ ਸੰਗਤ ਦੀ ਸ਼ਰਧਾ ਅਤੇ ਸਤਿਕਾਰ ਨੂੰ ਦੇਖਦੇ ਹੋਏ ਇਸ ਜਮੀਨ ਨੂੰ ਪੂਰੀ ਤਰ੍ਹਾਂ ਦੇ ਨਾਲ ਗੁਰਦੁਆਰਾ ਸਾਹਿਬ ਦੇ ਨਾਮ 'ਤੇ ਅਲਾਟ ਕਰ ਦੇਣਾ ਚਾਹੀਦਾ ਹੈ। ਇਸ ਮੌਕੇ ਉਹਨਾਂ ਦੇ ਨਾਲ ਹੋਰਨਾਂ ਤੋਂ ਇਲਾਵਾ ਅਰਜਨ ਸਿੰਘ, ਅਮਰੀਕ ਸਿੰਘ, ਅਸ਼ੋਕ ਕੁਮਾਰ, ਹਰਮੇਸ਼ ਸਿੰਘ, ਗੁਰਦੇਵ ਸਿੰਘ ਬਾਵਾ, ਸਿਵ ਪ੍ਰੇਮ ਸਿੰਘ, ਪੱਪਾ ਸਿੰਘ, ਜਗਪਾਲ ਸਿੰਘ ਜੱਗਾ, ਗੁਰਦੀਪ ਸਿੰਘ ਕੌਲ ਰਿਟਾਇਰਡ ਈਟੀਓ, ਗੁਰਮੀਤ ਸਿੰਘ, ਲਾਭ ਸਿੰਘ ਆਦਿ ਹਾਜ਼ਰ ਸਨ।

## ਸ੍ਰੀ ਨੈਣਾ ਦੇਵੀ ਲੰਗਰ ਕਮੇਟੀ ਦੀ ਜਨਰਲ ਮੀਟਿੰਗ 18 ਨੂੰ



ਲੁਧਿਆਣਾ, 14 ਮਈ (ਰਵਿੰਦਰ ਸਿੰਘ ਨਿੱਝਰ)- ਸ੍ਰੀ ਮਾਤਾ ਨੈਣਾ ਦੇਵੀ ਲੰਗਰ ਕਮੇਟੀ ਪੰਜਾਬ, ਹਰਿਆਣਾ ਅਤੇ ਹਿਮਾਚਲ (ਰਜਿ:) ਦੀ ਜਨਰਲ ਮੀਟਿੰਗ ਨੌਜਵਾਨ ਸੇਵਾ ਦਲ ਲੁਧਿਆਣਾ ਵੱਲੋਂ 18 ਮਈ ਨੂੰ ਸ੍ਰੀ ਨਵ ਦੁਰਗਾ ਮਾਤਾ ਮੰਦਿਰ, ਸਰਾਭਾ ਨਗਰ ਵਿਖੇ ਸਵੇਰੇ 10:30 ਵਜੇ ਹੋਵੇਗੀ। ਮੀਟਿੰਗ ਵਿੱਚ ਚਾਲੇ (ਮੇਲਾ) ਮਾਤਾ ਸ੍ਰੀ ਨੈਣਾ ਦੇਵੀ ਜੀ ਅਗਸਤ 2024 ਦਾ ਹਿਸਾਬ ਪੇਸ਼ ਕੀਤਾ ਜਾਵੇਗਾ। ਮੀਟਿੰਗ ਵਿਚ ਸੰਸਥਾ ਦੀ ਚੋਣ ਕੀਤੀ ਜਾਵੇਗੀ ਜੋ ਕਿ ਹਰ ਤਿੰਨ ਸਾਲਾਂ ਬਾਅਦ ਹੁੰਦੀ ਹੈ । ਸਾਰੇ ਲੰਗਰ ਕਮੇਟੀਆਂ ਨੂੰ ਇਸ ਚਾਲੇ (ਮੇਲੇ) ਵਿੱਚ ਲੰਗਰ ਲਗਾਉਣ ਦੀ ਆਗਿਆ ਦੇ ਲਈ ਆਪਣੀ ਆਪਣੀ ਲੰਗਰ ਕਮੇਟੀਆਂ ਦੇ ਲੈਟਰ ਪੈਡ ਉੱਤੇ ਅਰਜੀ ਦੇ ਰੂਪ ਵਿੱਚ ਲਿਖ ਕੇ ਦੇ ਦਿਓ। ਅਰਜੀ ਵਿੱਚ ਜਿਹੜੇ ਨਾਮ ਤੇ ਲੰਗਰ ਲਗਾਉਣਾ ਕਿਸ ਜਗ੍ਹਾ ਤੇ ਅਤੇ ਉਸ ਜਗਾ ਦੇ ਮਾਲਕ ਦਾ ਨਾਮ ਅਤੇ ਲੰਗਰ ਕਮੇਟੀ ਦਾ ਨਾਮ ਅਤੇ ਪੂਰਾ ਪਤਾ ਲਿਖ ਦਿੱਤਾ ਜਾਵੇ ਅਤੇ ਹਰ ਲੰਗਰ ਕਮੇਟੀ ਵੱਲੋਂ 10 ਹਜਾਰ ਦਾ ਸਕਿਊਰਿਟੀ ਦੇ ਰੂਪ ਵਿੱਚ ਚੈੱਕ ਮਾਤਾ ਟਰੱਸਟ ਸ੍ਰੀ ਨੈਣਾ ਦੇਵੀ ਜੀ ਦੇ ਨਾਂ ਤੇ ਜੋ ਕਿ ਆਣ ਤਾਂ ਜੋ ਕਿ ਆਉਣ ਵਾਲੇ ਸਮੇਂ ਵਿੱਚ ਅਰਜੀਆਂ ਦੇਣ ਵਿੱਚ ਤੇ ਲੰਗਰ ਲਗਾਉਣ ਦੀ ਪਰਮਿਸ਼ਨ ਲੈਣ ਵਿੱਚ ਕੋਈ ਮੁਸ਼ਕਿਲ ਨਾ ਆਵੇ। ਮੀਟਿੰਗ ਵਿਚ ਸਾਰੇ ਲੰਗਰ ਕਮੇਟੀਆਂ ਦੇ ਮੈਂਬਰ ਟਾਈਮ ਤੇ ਪਹੁੰਚਣ ਦੀ ਕਿਰਪਾਲਤਾ ਕਰਨ। ਹਰ ਲੰਗਰ ਕਮੇਟੀ ਦੇ ਮੈਂਬਰਾਂ ਨੂੰ ਸੁਝਾਅ ਦੇਣ ਦਾ ਹੱਕ ਹੋਵੇਗਾ।

## ਵਿਧਾਇਕਾ ਮਾਣੂੰਕੇ ਵੱਲੋਂ ਵਿਕਾਸ ਕਾਰਜਾਂ 'ਚ ਤੇਜ਼ੀ ਲਿਆਉਣ ਦੀਆਂ ਹਦਾਇਤਾਂ



ਜਗਰਾਓਂ, 14 ਮਈ (ਵਿਸ਼ਾਲ ਅੱਤਰੇ/ਆਰੀਅਨ ਅੱਤਰੇ) : ਜਗਰਾਓਂ ਦੇ ਵਿਧਾਇਕਾ ਬੀਬੀ ਸਰਵਜੀਤ ਕੌਰ ਮਾਣੂੰਕੇ ਵੱਲੋਂ ਜਗਰਾਓਂ ਹਲਕੇ ਦੇ ਚੱਲ ਰਹੇ ਵਿਕਾਸ ਕਾਰਜਾਂ ਦੀ ਸਮੀਖਿਆ ਕੀਤੀ ਗਈ ਅਤੇ ਅਧਿਕਾਰੀਆਂ ਨੂੰ ਕੰਮਾਂ ਵਿੱਚ ਤੇਜ਼ੀ ਲਿਆਉਣ ਲਈ ਹਦਾਇਤਾਂ ਜਾਰੀ ਕੀਤੀਆਂ ਗਈਆਂ। ਮੀਟਿੰਗ ਦੌਰਾਨ ਐਸ.ਡੀ.ਐਮ.ਜਗਰਾਓਂ ਕਰਨਜੀਤ ਸਿੰਘ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਇਸ ਮੌਕੇ ਵਿਧਾਇਕਾ ਮਾਣੂੰਕੇ ਨੇ ਹਲਕੇ ਦੇ ਕਈ ਸਕੂਲਾਂ ਦੇ ਮੁਖੀਆਂ ਵੱਲੋਂ ਵਿਕਾਸ ਕਾਰਜਾਂ ਲਈ ਆਈਆਂ ਗਰਾਂਟਾਂ ਨਾ ਖਰਚਣ ਦੇ ਮਾਮਲੇ ਨੂੰ ਬਹੁਤ ਹੀ ਗੰਭੀਰਤਾ ਨਾਲ ਲੈਂਦਿਆਂ ਆਖਿਆ ਕਿ ਜਿਹੜੇ ਵੀ ਸਰਕਾਰੀ ਵਿਭਾਗ ਨੇ ਲੋਕਾਂ ਦੀ ਸਹੂਲਤ ਲਈ ਆਈਆਂ ਗਰਾਂਟਾਂ ਨੂੰ ਖਰਚਣ ਵਿੱਚ ਕੋਈ ਆਨਾਕਾਨੀ ਕੀਤੀ, ਤਾਂ ਸਬੰਧਿਤ ਅਧਿਕਾਰੀ ਵਿਰੁੱਧ ਸਖਤ ਕਾਰਵਾਈ ਕੀਤੀ ਜਾਵੇਗੀ। ਉਹਨਾਂ ਮੌਕੇ ਤੇ ਹੀ ਐਸ.ਡੀ.ਐਮ.ਜਗਰਾਓਂ ਨੂੰ ਜਿੰਮੇਵਾਰ ਅਧਿਕਾਰੀਆਂ ਵਿਰੁੱਧ ਨੋਟਿਸ ਜਾਰੀ ਕਰਕੇ ਕਾਰਵਾਈ ਕਰਨ ਲਈ ਆਖਿਆ ਅਤੇ ਜਿੰਨਾਂ ਸਕੂਲਾਂ ਦੇ ਮੁਖੀਆਂ ਵੱਲੋਂ ਗੂਗਲ ਸ਼ੀਟਾਂ ਨਹੀਂ ਭਰੀਆਂ ਉਹਨਾਂ ਵਿਰੁੱਧ ਵੀ ਕਾਰਵਾਈ ਆਰੰਭੀ ਜਾਵੇ।

ਵਿਧਾਇਕਾ ਮਾਣੂੰਕੇ ਨੇ ਨਗਰ ਕੌਂਸਲ ਜਗਰਾਓਂ ਦੇ ਕਾਰਜ ਸਾਧਕ ਅਫਸਰ ਨੂੰ ਹਦਾਇਤਾਂ ਜਾਰੀ ਕਰਦੇ ਹੋਏ ਆਖਿਆ ਕਿ ਸ਼ਹਿਰ ਵਿੱਚ ਟਰੈਫਿਕ ਦੀ ਸਮੱਸਿਆ ਦੇ ਹੱਲ ਲਈ ਟਰੈਫਿਕ ਲਾਈਟਾਂ ਦੇ ਕੰਮ ਵਿੱਚ ਤੇਜ਼ੀ ਲਿਆਂਦੀ ਜਾਵੇ ਅਤੇ ਸ਼ਹਿਰ ਵਿੱਚ ਪੀਲੇ ਰੰਗ ਦੀ ਪੱਟੀ ਲਗਾਉਣ ਲਈ ਜਲਦੀ ਤੋਂ ਜਲਦੀ ਕਾਰਵਾਈ ਕੀਤੀ ਜਾਵੇ। ਇਸ ਤੋਂ ਇਲਾਵਾ ਸ਼ਹਿਰ ਦੇ ਪੁੱਲ ਉਪਰ ਲਾਈਟਾਂ ਠੀਕ ਕਰਵਾਈਆਂ ਜਾਣ ਅਤੇ ਪੁੱਲ ਦੇ ਦੋਵੇਂ ਪਾਸੇ ਰੇਲਿੰਗ ਲਗਵਾਈ ਜਾਵੇ, ਤਾਂ ਜੋ ਵਾਪਰਨ ਵਾਲੇ ਹਾਦਸਿਆਂ ਨੂੰ ਰੋਕਿਆ ਜਾ ਸਕੇ। ਉਹਨਾਂ ਵਾਟਰ ਸਪਲਾਈ ਵਿਭਾਗ ਦੇ ਅਧਿਕਾਰੀਆਂ ਨੂੰ ਕਿਹਾ ਕਿ ਹਲਕੇ ਦੇ ਸਾਰੇ ਪਿੰਡਾਂ ਦੀਆਂ ਪਾਣੀ ਵਾਲੀਆਂ ਟੈਂਕੀਆਂ ਦੀ ਤੁਰੰਤ ਪੜਤਾਲ ਕੀਤੀ ਜਾਵੇ ਅਤੇ ਲੋੜ ਅਨੁਸਾਰ ਟੈਂਕੀਆਂ ਦੀ ਮੁਰੰਮਤ ਤੁਰੰਤ ਕਰਵਾਈ ਜਾਵੇ।

ਉਹਨਾਂ ਨਹਿਰੀ ਵਿਭਾਗ ਨੂੰ ਹਦਾਇਤਾਂ ਕਰਦੇ ਹੋਏ ਆਖਿਆ ਕਿ ਨਹਿਰੀ ਕੋਠੀ ਦੀ ਪੁਰਾਤਨ ਦਿੱਖ ਸੁੰਦਰ ਬਣਾਈ ਜਾਵੇ ਅਤੇ ਟੂਰਿਸਟ ਪੁਆਇੰਟ ਵਜੋਂ ਵਿਕਸਤ ਕੀਤਾ ਜਾਵੇ। ਐਕਸੀਅਨ ਬਿਜਲੀ ਬੋਰਡ ਇੰਜ:ਗੁਰਪ੍ਰੀਤਮਹਿੰਦਰ ਸਿੰਘ ਸਿੱਧੂ ਨੇ ਦੱਸਿਆ ਕਿ ਗਿੱਦੜਵਿੰਡੀ ਵਿਖੇ ਬਣਨ ਵਾਲੇ ਨਵੇਂ 66 ਕੇਵੀ ਗਰਿੱਡ ਦਾ ਕੰਮ ਸ਼ੁਰੂ ਹੋ ਚੁੱਕਾ ਹੈ ਅਤੇ ਪਿੰਡ ਬਜੁਰਗ ਵਿਖੇ ਮੰਨਜੂਰ ਹੋਏ 66 ਕੇਵੀ ਗਰਿੱਡ ਨੂੰ ਬਨਾਉਣ ਲਈ ਕਾਰਵਾਈ ਆਰੰਭ ਦਿੱਤੀ ਗਈ ਹੈ ਅਤੇ ਪਿੰਡ ਕਾਉਂਕੇ ਕਲਾਂ ਵਿਖੇ 66 ਕੇਵੀ ਗਰਿੱਡ ਬਨਾਉਣ ਲਈ ਕਾਰਵਾਈ ਚੱਲ ਰਹੀ ਹੈ। ਰੋਡਵੇਜ਼ ਅਧਿਕਾਰੀਆਂ ਨੇ ਦੱਸਿਆ ਕਿ ਵਿਧਾਇਕਾ ਮਾਣੂੰਕੇ ਦੀਆਂ ਹਦਾਇਤਾਂ ਅਨੁਸਾਰ ਬੱਸ ਸਟੈਂਡ ਵਿੱਚ ਨਵੀਂਆਂ 44 ਦੁਕਾਨਾਂ ਬਨਾਉਣ ਲਈ ਤਖਮੀਨਾਂ ਤਿਆਰ ਕਰਵਾਕੇ ਉਚ ਅਧਿਕਾਰੀਆਂ ਨੂੰ ਭੇਜ ਦਿੱਤਾ ਗਿਆ ਹੈ।

## ਥਾਣਾ ਸਿੱਧਵਾਂ ਬੇਟ ਪੁਲਿਸ ਨੂੰ ਯੁੱਧ ਨਸ਼ਿਆਂ ਵਿਰੁੱਧ 'ਚ ਮਿਲੀਆਂ ਅਨੇਕਾਂ ਸਫ਼ਲਤਾਵਾਂ



ਜਗਰਾਓਂ, 14 ਮਈ (ਵਿਸ਼ਾਲ ਅੱਤਰੇ/ਆਰੀਅਨ ਅੱਤਰੇ) : ਪੁਲਿਸ ਜ਼ਿਲ੍ਹਾ ਲੁਧਿਆਣਾ ਦਿਹਾਤੀ ਦੇ ਐਸਐਸਪੀ ਡਾਕਟਰ ਅੰਕੁਰ ਗੁਪਤਾ ਵੱਲੋਂ ਨਸ਼ਾ ਸਮਗਲਰਾਂ ਖਿਲਾਫ ਚਲਾਈ ਗਈ ਮੁਹਿੰਮ ਦੇ ਤਹਿਤ ਡੀਐਸਪੀ ਜਸਯੋਤ ਸਿੰਘ ਜੀ ਦੀ ਦਿਸ਼ਾ ਨਿਰਦੇਸ਼ ਹੇਠ ਥਾਣਾ ਸਿੱਧਵਾਂ ਬੇਟ ਦੇ ਇਨਚਾਰਜ ਇੰਸਪੈਕਟਰ ਹੀਰਾ ਸਿੰਘ ਦੀ ਅਗਵਾਈ ਹੇਠ ਚੌਂਕੀ ਭੂੰਦੜੀ ਦੇ ਐਸ ਆਈ ਮਨਜੀਤ ਸਿੰਘ ਅਤੇ ਉਹਨਾਂ ਦੇ ਸਾਥੀ ਕਰਮਚਾਰੀ ਸ਼ੱਕੀ ਪੁਰਸ਼ਾਂ ਦੀ ਚੈਕਿੰਗ ਦੇ ਸਬੰਧ ਵਿੱਚ ਭੂੰਦੜੀ ਹੰਬੜਾ ਰੋਡ ਪਰ ਦਾਨਾ ਮੰਡੀ ਕੋਲ ਬਣੀ ਪਾਣੀ ਵਾਲੀ ਟੈਂਕੀ ਪਿੰਡ ਭੂੰਦੜੀ ਮੌਜੂਦ ਸੀ ਤਾਂ ਏਐਸਆਈ ਮਨਜੀਤ ਸਿੰਘ ਅਤੇ ਉਨਾਂ ਦੀ ਪੁਲਿਸ ਪਾਰਟੀ ਵੱਲੋਂ ਮਨਜਿੰਦਰ ਸਿੰਘ ਨੂੰ ਕਾਬੂ ਕਰਕੇ ਉਸ ਦੀ ਤਲਾਸ਼ੀ ਲਈ ਤਾਂ ਉਸ ਪਾਸੋਂ 4 ਗ੍ਰਾਮ ਹੈਰੋਇਨ ਬਰਾਮਦ ਕੀਤੀ ਗਈ। ਪੁਲਿਸ ਵੱਲੋਂ ਦੋਸ਼ੀ ਨੂੰ ਗ੍ਰਿਫਤਾਰ ਕਰਕੇ ਮੁਕੱਦਮਾ ਦਰਜ ਕੀਤਾ ਗਿਆ। ਇਸੇ ਤਰ੍ਹਾਂ ਥਾਣਾ ਸਿੱਧਵਾਂ ਬੇਟ ਦੇ ਐਸ ਆਈ ਗੁਰਸੇਵਕ ਸਿੰਘ ਅਤੇ ਉਸਦੇ ਸਾਥੀ ਕਰਮਚਾਰੀ ਇਲਾਕਾ ਗਸਤ ਦੌਰਾਨ ਡਰੇਨ ਪੁੱਲ ਖੁਰੈਦਪੁਰਾ ਮੌਜੂਦ ਸੀ ਤਾਂ ਚੈਕਿੰਗ ਦੌਰਾਨ ਲੱਛਮਨ ਸਿੰਘ ਨੂੰ ਰੋਕ ਕੇ ਉਸ ਦੀ ਚੈਕਿੰਗ ਕੀਤੀ ਗਈ ਤਾਂ ਉਸ ਪਾਸੋਂ 2 ਕਿਲੋ 500 ਗ੍ਰਾਮ ਭੁੱਕੀ ਚੂਰਾ ਪੋਸਤ ਬਰਾਮਦ ਕੀਤੀ ਗਈ। ਪੁਲਿਸ ਵੱਲੋਂ ਦੋਸ਼ੀ ਨੂੰ ਗ੍ਰਫਤਾਰ ਕਰਕੇ ਮੁਕੱਦਮਾ ਦਰਜ ਕੀਤਾ ਗਿਆ।

## ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਅਰਬਨ ਅਸਟੇਟ ਫੇਸ-1, ਦੁੱਗਰੀ ਵਿਖੇ ਜੇਠ ਮਹੀਨੇ ਦੀ ਸੰਗਰਾਂਦ ਅਤੇ ਜਪ-ਤਪ ਸਮਾਗਮ ਕਰਵਾਇਆ : ਬੈਨੀਪਾਲ



ਲੁਧਿਆਣਾ, 14 ਮਈ (ਕਰਨੈਲ ਸਿੰਘ ਐੱਮ.ਏ.) : ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਅਰਬਨ ਅਸਟੇਟ, ਫੇਸ-1, ਦੁੱਗਰੀ ਵਿਖੇ ਜੇਠ ਮਹੀਨੇ ਦੀ ਆਰੰਭਤਾ ਅਤੇ ਜਪ-ਤਪ ਸਮਾਗਮ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਅਤੇ ਸੰਗਤਾਂ ਦੇ ਨਿੱਘੇ ਸਹਿਯੋਗ ਸਦਕਾ ਕਰਵਾਇਆ ਗਿਆ। ਸਵੇਰੇ ਨਿੱਤਨੇਮ ਅਤੇ ਸੁਖਮਨੀ ਸਾਹਿਬ ਜੀ ਦੇ ਪਾਠ ਸੰਗਤੀ ਰੂਪ ਵਿੱਚ, ਆਸਾ ਜੀ ਦੀ ਵਾਰ ਦਾ ਕੀਰਤਨ ਹਜ਼ੂਰੀ ਰਾਗੀ ਭਾਈ ਜਸਵੰਤ ਸਿੰਘ ਗਗਨਦੀਪ ਸਿੰਘ ਅਤੇ ਅਮਨਦੀਪ ਸਿੰਘ ਦੇ ਕੀਰਤਨੀ ਜੱਥੇ ਨੇ ਸੰਗਤਾਂ ਨੂੰ ਸਰਵਣ ਕਰਵਾਏ। ਮੀਤ ਗ੍ਰੰਥੀ ਭਾਈ ਹਰਪ੍ਰੀਤ ਸਿੰਘ ਲੁਧਿਆਣੇ ਵਾਲਿਆਂ ਨੇ ਗੁਰਮਤਿ ਵਿਚਾਰਾਂ ਦੀ ਸਾਂਝ ਪਾਉਂਦਿਆਂ ਸੰਗਤਾਂ ਨੂੰ ਜੇਠ ਮਹੀਨੇ ਦੀ ਸੰਗਰਾਂਦ ਦੀ ਮਹੱਤਤਾ ਬਾਰੇ ਚਾਨਣਾ ਪਾਇਆ ਅਤੇ ਬਾਬਾ ਦੀਪ ਸਿੰਘ ਜੀ ਦੀਆਂ ਕੁਰਬਾਨੀਆਂ ਬਾਰੇ ਜਾਣੂ ਕਰਵਾਇਆ। ਜਪ-ਤਪ ਸਮਾਗਮ ਦੁਪਹਿਰ 12 ਵਜੇ ਆਰੰਭ ਕੀਤਾ ਗਿਆ ਜਿਸ ਵਿੱਚ ਜਪੁਜੀ ਸਾਹਿਬ, ਚੌਪਈ ਸਾਹਿਬ ਤੇ ਸੁਖਮਨੀ ਸਾਹਿਬ ਜੀ ਦੇ ਪਾਠ ਕੀਤੇ ਗਏ, ਉਪਰੰਤ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਅਰਬਨ ਅਸਟੇਟ ਵਾਲੀ ਇਸਤ੍ਰੀ ਸਤਿਸੰਗ ਸਭਾ ਦੀਆਂ ਬੀਬੀਆਂ ਨੇ ਇਲਾਹੀ ਬਾਣੀ ਦੇ ਕੀਰਤਨ ਕਰਕੇ ਸੰਗਤਾਂ ਨੂੰ ਗੁਰੂ ਜਸ ਨਾਲ ਜੋੜਿਆ। ਸੰਗਤਾਂ ਨੇ ਭਾਰੀ ਗਿਣਤੀ ਵਿੱਚ ਸ਼ਮੂਲੀਅਤ ਕਰਕੇ ਇਲਾਹੀ ਬਾਣੀ ਦੇ ਕੀਰਤਨ ਸ੍ਰਵਣ ਕਰਕੇ ਆਪਣਾ ਜੀਵਨ ਸਫਲਾ ਕੀਤਾ। ਗੁਰੂ ਘਰ ਦੇ ਮੁੱਖ ਸੇਵਾਦਾਰ ਕੁਲਵਿੰਦਰ ਸਿੰਘ ਬੈਨੀਪਾਲ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ ਅਤੇ ਸੰਗਤਾਂ ਨੂੰ ਬੇਨਤੀ ਕੀਤੀ ਕਿ ਗੁਰੂ ਘਰ ਸਮੇਂ ਸਿਰ ਪਹੁੰਚ ਕੇ ਕੀਰਤਨ ਅਤੇ ਕਥਾ ਦਾ ਆਨੰਦ ਮਾਣਿਆ ਕਰਨ ਅਤੇ ਆਪਣਾ ਜੀਵਨ ਸਫਲ ਕਰਨ।

## ਡਾਇਰੈਕਟਰ ਪਨਬੱਸ ਪੰਜਾਬ ਜੀਤ ਲਾਲ ਭੱਟੀ ਨੇ ਮੁਸ਼ਕਿਲਾਂ ਸੁਣੀਆਂ



ਭੋਗਪੁਰ, 14 ਮਈ (ਜੰਡੀਰ ਸੈਣੀ): ਹਲਕਾ ਆਦਮਪੁਰ ਦੇ ਪਿੰਡ ਰਾਸਰਗੋ ਤੇ ਕਾਲਾ ਬੱਕਰਾ ਦੀ ਪੰਚਾਇਤ ਨੇ ਪਿੰਡ ਵਿੱਚ ਹੋਣ ਵਾਲੇ ਵਿਕਾਸ ਦੇ ਕੰਮਾਂ ਸਬੰਧੀ ਜੀਤ ਲਾਲ ਭੱਟੀ ਹਲਕਾ ਇੰਚਾਰਜ/ਡਾਇਰੈਕਟਰ ਪਨਬੱਸ ਪੰਜਾਬ ਨਾਲ ਖਾਸ ਮੁਲਾਕਾਤ ਕੀਤੀ। ਅਧੂਰੇ ਪਏ ਕੰਮਾਂ ਤੋਂ ਹਲਕਾ ਇੰਚਾਰਜ ਜੀਤ ਲਾਲ ਭੱਟੀ ਨੂੰ ਜਾਣੂੰ ਕਰਵਾਇਆ, ਲੋਕਾਂ ਦੀ ਮੰਗ ਹੈ ਕਿ ਪਿੰਡ ਦੀ ਸੜਕ ਦਾ ਕੰਮ ਸ਼ੁਰੂ ਕੀਤਾ ਜਾਵੇ। ਪਿੰਡਾਂ ਦੇ ਵਿਕਾਸ ਵੱਲ ਧਿਆਨ ਦਿੱਤਾ ਜਾਵੇ। ਹਲਕਾ ਇੰਚਾਰਜ ਜੀਤ ਲਾਲ ਭੱਟੀ ਨੇ ਦੋਨਾਂ ਹੀ ਪੰਚਾਇਤਾਂ ਨੂੰ ਵਿਸ਼ਵਾਸ ਦਿਵਾਇਆ ਕਿ ਉਹ ਪਿੰਡ ਵਿੱਚ ਜੋ ਵਿਕਾਸ ਦੇ ਕੰਮ ਰਹਿੰਦੇ ਹਨ ਜਲਦ ਹੀ ਸ਼ੁਰੂ ਕਰਵਾਉਣਗੇ। ਜੀਤ ਲਾਲ ਭੱਟੀ ਨੇ ਕਿਹਾ ਕਿ ਹਲਕਾ ਆਦਮਪੁਰ ਵਿੱਚ ਕਾਫੀ ਵਿਕਾਸ ਕੀਤਾ ਗਿਆ ਹੈ ਤੇ ਜੋ ਕੰਮ ਅਧੂਰੇ ਰਹਿ ਗਏ ਹਨ, ਉਨ੍ਹਾਂ ਨੂੰ ਵੀ ਜਲਦ ਪੂਰਾ ਕਰ ਦਿੱਤਾ ਜਾਵੇਗਾ। ਇਸ ਮੌਕੇ 'ਤੇ ਦੇਵ ਮਨੀ ਬਲਾਕ ਪ੍ਰਧਾਨ, ਮਦਨ ਸਿੰਘ ਬਲਾਕ ਪ੍ਰਧਾਨ, ਸਤਨਾਮ ਸਿੰਘ ਮਨਕੋਟੀਆ ਬਲਾਕ ਪ੍ਰਧਾਨ, ਬੂਟਾ ਸਿੰਘ ਟੀਟੂ ਕੋਆਰਡੀਨੇਟਰ, ਪਿੰਡਾਂ ਦੇ ਪੰਚ ਸਰਪੰਚ ਤੇ ਹੋਰ ਲੋਕ ਵੀ ਹਾਜ਼ਰ ਸਨ।

## ਸ਼੍ਰੋਮਣੀ ਕਮੇਟੀ ਵੱਲੋਂ ਸਿੱਖ ਮਾਰਸ਼ਲ ਆਰਟ 'ਗੱਤਕਾ' ਨੂੰ ਹੋਰ ਪ੍ਰਫੁੱਲਤ ਕਰਨ ਲਈ ਪਿੰਡ ਪੱਧਰ ਤੱਕ ਲਿਜਾ ਕੇ ਮੁਕਾਬਲੇ ਕਰਵਾਏ ਜਾਣਗੇ : ਜਥੇ. ਗੜਗੱਜ

### ☛ ਅੰਤਰਰਾਸ਼ਟਰੀ ਗੱਤਕਾ ਕੱਪ 'ਚ 14 ਨਾਮਵਰ ਗੱਤਕਾ ਟੀਮਾਂ ਨੇ ਲਿਆ ਭਾਗ

ਫਤਹਿਗੜ੍ਹ ਸਾਹਿਬ, 14 ਮਈ (ਹਰਪ੍ਰੀਤ ਕੌਰ ਟਿਵਾਣਾ): ਸਿੱਖ ਕੌਮ ਦੇ ਮਹਾਨ ਜਰਨੈਲ ਬਾਬਾ ਬੰਦਾ ਸਿੰਘ ਬਹਾਦਰ ਵੱਲੋਂ ਕੀਤੀ ਸਰਹਿੰਦ ਫ਼ਤਿਹ ਨੂੰ ਸਮਰਪਿਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਫਤਹਿਗੜ੍ਹ ਸਾਹਿਬ ਵਿਖੇ ਕਰਵਾਏ ਜਾ ਰਹੇ ਤਿੰਨ ਰੋਜ਼ਾ ਧਾਰਮਿਕ ਸਮਾਗਮਾਂ ਦੀ ਕੜੀ ਤਹਿਤ ਸਿੱਖ ਮਾਰਸ਼ਲ ਆਰਟ ਦੇ ਅੰਤਰਰਾਸ਼ਟਰੀ ਗੱਤਕਾ ਮੁਕਾਬਲੇ ਆਰੰਭ ਹੋਏ। ਇਸ ਮੌਕੇ 'ਤੇ ਗਤਕਾ ਮੁਕਾਬਲਿਆਂ ਦੀ ਆਰੰਭਤਾ ਗੁਰਦੁਆਰਾ ਸ੍ਰੀ ਫਤਹਿਗੜ੍ਹ ਸਾਹਿਬ ਦੇ ਹੈਡ ਗ੍ਰੰਥੀ ਭਾਈ ਹਰਪਾਲ ਸਿੰਘ ਵੱਲੋਂ ਕੀਤੀ ਗਈ। ਇਸ ਮੌਕੇ ਮੁੱਖ ਮਹਿਮਾਨ ਵਜੋਂ ਪਹੁੰਚੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਸ਼੍ਰੋਮਣੀ ਕਮੇਟੀ ਵੱਲੋਂ ਆਰੰਭੇ ਇਸ ਕਾਰਜ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਨੌਜਵਾਨਾਂ ਖਾਸ ਕਰ ਲੜਕੀਆਂ ਨੂੰ ਆਪਣੇ ਸੈਲਫ ਡਿਫੈਂਸ ਨੂੰ ਮੁੱਖ ਰੱਖਦਿਆਂ ਹੋਇਆਂ ਸ਼੍ਰੋਮਣੀ



ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਿੱਖ ਮਾਰਸ਼ਲ ਆਰਟ ਗਤਕਾ ਦੇ ਪਿੰਡ ਪਿੰਡ ਪੱਧਰ 'ਤੇ ਜਾ ਕੇ ਮੁਕਾਬਲੇ ਕਰਵਾਏ ਜਾਣਗੇ ਤਾਂ ਜੋ ਨੌਜਵਾਨਾਂ ਵਿੱਚ ਹੋਰ ਇਸ ਖੇਡ ਪ੍ਰਤੀ ਉਤਸ਼ਾਹ ਭਰਿਆ ਜਾ ਸਕੇ। ਇਸ ਮੌਕੇ ਬੋਲਦਿਆਂ ਗੁਰਦੁਆਰਾ ਸ੍ਰੀ ਫਤਹਿਗੜ੍ਹ ਸਾਹਿਬ ਦੇ ਹੈਡ ਗ੍ਰੰਥੀ ਭਾਈ ਹਰਪਾਲ ਸਿੰਘ, ਹਲਕਾ ਫਤਹਿਗੜ੍ਹ ਸਾਹਿਬ ਦੇ ਇੰਚਾਰਜ ਜਗਦੀਪ ਸਿੰਘ ਚੀਮਾ, ਸ਼੍ਰੋਮਣੀ ਕਮੇਟੀ ਮੈਂਬਰ ਅਵਤਾਰ ਸਿੰਘ ਰਿਆ, ਮੈਨੇਜਰ ਗੁਰਦੀਪ ਸਿੰਘ ਕੰਗ ਨੇ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਹਰ ਸਾਲ ਸਰਹੰਦ ਫਤਿਹ ਦਿਵਸ ਮੌਕੇ ਗੱਤਕਾ ਮੁਕਾਬਲੇ ਕਰਵਾਏ ਜਾਂਦੇ ਹਨ ਅਤੇ ਇਸ ਗੱਤਕਾ ਕੱਪ ਵਿੱਚ 14 ਨਾਮਵਰ ਟੀਮਾਂ ਨੇ ਭਾਗ ਲਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਮੈਨੇਜਰ ਗੁਰਦੀਪ ਸਿੰਘ ਕੰਗ, ਸਾਬਕਾ ਚੇਅਰਮੈਨ ਬਰਿੰਦਰ ਸਿੰਘ ਸੋਢੀ, ਬਲਜੀਤ ਸਿੰਘ ਭੁੱਟਾ, ਨਰਿੰਦਰ ਸਿੰਘ ਰਸੀਦਪੁਰ, ਜੈਲਦਾਰ ਸੁਖਮਿੰਦਰ ਸਿੰਘ, ਮੈਨੇਜਰ ਕਰਮਜੀਤ ਸਿੰਘ, ਮੀਤ ਮੈਨੇਜਰ ਜਗਮੀਤ ਸਿੰਘ ਜੱਗਾ, ਸੁਪਰਵਾਈਜ਼ਰ ਜੋਗਾ ਸਿੰਘ, ਸੁਪਰਵਾਈਜ਼ਰ ਕਰਨੈਲ ਸਿੰਘ, ਪ੍ਰਚਾਰਕ ਅਵਤਾਰ ਸਿੰਘ ਹੱਲੋਤਾਲੀ ਅਤੇ ਵੱਡੀ ਗਿਣਤੀ ਵਿੱਚ ਇਲਾਕੇ ਦੀ ਸੰਗਤ ਨੇ ਸ਼ਮੂਲੀਅਤ ਕੀਤੀ।

## ਮਨਿਸਟਰੀਅਲ ਸਟਾਫ਼ ਯੂਨੀਅਨ ਸਿੱਖਿਆ ਵਿਭਾਗ ਦੀ ਡਾਇਰੈਕਟਰ ਆਫ਼ ਸਕੂਲ ਐਜੂਕੇਸ਼ਨ ਨਾਲ ਮੀਟਿੰਗ ਅੱਜ

ਫ਼ਿਰੋਜ਼ਪੁਰ, 14 ਮਈ (ਤਿਵਾੜੀ): ਮਨਿਸਟਰੀਅਲ ਸਟਾਫ਼ ਯੂਨੀਅਨ ਸਿੱਖਿਆ ਵਿਭਾਗ ਪੰਜਾਬ ਦੇ ਸੂਬਾ ਪ੍ਰਧਾਨ ਸਰਬਜੀਤ ਸਿੰਘ ਢੀਂਗਰਾ ਅਤੇ ਸੂਬਾ ਜਨਰਲ ਸਕੱਤਰ ਗੁਰਪ੍ਰੀਤ ਸਿੰਘ ਖੱਟੜਾ ਦੀ ਅਗਵਾਈ ਹੇਠ ਪੰਜਾਬ ਦੇ ਖੇਤਰੀ ਦਫ਼ਤਰਾਂ ਅਤੇ ਸਕੂਲਾਂ ਵਿੱਚ ਕੰਮ ਕਰਦੇ ਮਨਿਸਟਰੀਅਲ ਕਾਮਿਆਂ ਦੀ ਮੀਟਿੰਗ ਮਿਤੀ 15 ਮਈ ਨੂੰ ਦਫ਼ਤਰ ਡਾਇਰੈਕਟਰ ਆਫ਼ ਸਕੂਲ ਐਜੂਕੇਸ਼ਨ (ਸੈਕੰਡਰੀ) ਪੰਜਾਬ ਵਿਖੇ ਡੀਪੀਆਈ (ਸੈ) ਪੰਜਾਬ ਸ੍ਰੀ ਗੁਰਿੰਦਰ ਸਿੰਘ ਸੋਢੀ ਪੀਸੀਐਸ ਨਾਲ ਕੀਤੀ ਜਾ ਰਹੀ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸੂਬਾ ਜਨਰਲ ਸਕੱਤਰ ਗੁਰਪ੍ਰੀਤ ਸਿੰਘ ਖੱਟੜਾ ਨੇ ਦੱਸਿਆ ਕਿ ਦਫ਼ਤਰ ਡਾਇਰੈਕਟਰ ਆਫ਼ ਸਕੂਲ ਐਜੂਕੇਸ਼ਨ (ਸੈਕੰਡਰੀ) ਪੰਜਾਬ ਦੇ ਸਹਾਇਕ ਡਾਇਰੈਕਟਰ (ਦਫ਼ਤਰੀ ਅਮਲਾ) ਵੱਲੋਂ ਯੂਨੀਅਨ ਨੂੰ ਪੱਤਰ ਜਾਰੀ ਕਰਦੇ ਹੋਏ ਯੂਨੀਅਨ ਦੀਆਂ ਮੰਗਾਂ 'ਤੇ ਵਿਚਾਰ-ਵਟਾਂਦਰਾ ਕਰਨ ਲਈ ਮੀਟਿੰਗ ਕਰਨ ਲਈ ਸਮਾਂ ਦਿੱਤਾ ਗਿਆ ਹੈ। ਉਹਨਾਂ ਦੱਸਿਆ ਕਿ ਜਿਨ੍ਹਾਂ ਵਿੱਚ ਮੁੱਖ ਤੌਰ 'ਤੇ ਸੀਨੀਅਰ ਸਹਾਇਕ, ਸੁਪਰਡੈਂਟ ਦੀਆਂ ਤਰੱਕੀਆਂ ਕਰਨਾ, 1 ਫ਼ੀਸਦੀ ਕੋਟਾ ਬਿਨਾਂ ਟੈਟ ਤੋਂ ਲਾਗੂ ਕਰਵਾਉਣਾ, ਦੋ-ਦੋ ਸਕੂਲਾਂ ਦਾ ਵਾਧੂ ਚਾਰਜ ਨਾ ਦੇਣਾ, ਕਲਰਕ ਦੀਆਂ ਬਦਲੀਆਂ ਲਈ ਸਮੇਂ ਵਿੱਚ ਛੋਟ, ਪ੍ਰਬੰਧ ਅਫ਼ਸਰ ਦੀਆਂ ਪੋਸਟਾਂ ਬਹਾਲ ਕਰਵਾਉਣਾ, ਸੁਪਰਡੈਂਟ ਦੀ ਤਰੱਕੀ ਲਈ ਸਮੇਂ ਨੂੰ ਘੱਟ ਕਰਨਾ, ਮਿਤੀ 1 ਜਨਵਰੀ 2014 ਤੋਂ ਪਹਿਲਾਂ ਜਿਨ੍ਹਾਂ ਕਰਮਚਾਰੀਆਂ ਦੇ ਕੇਸ ਨੌਕਰੀ ਲਈ ਵਿਚਾਰ ਅਧੀਨ ਸਨ, ਉਹਨਾਂ ਲਈ ਪੁਰਾਣੀ ਪੈਨਸ਼ਨ ਬਹਾਲ ਕਰਨੀ, ਟਾਈਪ ਟੈਸਟ ਦੀ ਥਾਂ 'ਤੇ ਕੰਪਿਊਟਰ ਟ੍ਰੇਨਿੰਗ ਬਹਾਲ ਕਰਨਾ, ਵਿਧਵਾ ਕਰਮਚਾਰੀਆਂ ਦੇ ਜਾਰੀ ਪੱਤਰ ਵਿੱਚ ਸੋਧ ਕਰਨੀ ਤੇ ਟਾਈਪ ਟੈਸਟ ਤੋਂ ਪੂਰਨ ਛੋਟ, ਪਹਿਲਾਂ ਤੋਂ ਹੀ ਦਫ਼ਤਰ ਜ਼ਿਲ੍ਹਾ ਸਿੱਖਿਆ ਅਫ਼ਸਰ ਵਿੱਚ ਖ਼ਾਲੀ ਪੋਸਟਾਂ ਭਰਨ ਬਾਰੇ, ਫ਼ੀਲਡ ਵਿੱਚ ਨਵੀਆਂ ਪੋਸਟਾਂ ਲੈਣ ਸਬੰਧੀ ਆਦਿ ਮੰਗਾਂ 'ਤੇ ਗੱਲਬਾਤ ਕੀਤੀ ਜਾਵੇਗੀ।

## ਜਥੇ. ਰਣਧੀਰ ਸਿੰਘ ਚੀਮਾ ਦੀ ਤਸਵੀਰ ਸਿੱਖ ਅਜਾਇਬ ਘਰ ਲਗਾਉਣ ਤੇ ਫਤਹਿਗੜ੍ਹ ਸਾਹਿਬ 'ਚ ਆਡੀਟੋਰੀਅਮ ਸਥਾਪਤ ਕੀਤੇ ਜਾਣ ਦਾ ਭਰਵਾਂ ਸਵਾਗਤ



ਫਤਹਿਗੜ੍ਹ ਸਾਹਿਬ, 14 ਮਈ (ਹਰਪ੍ਰੀਤ ਕੌਰ ਟਿਵਾਣਾ): ਹਲਕਾ ਫਤਹਿਗੜ੍ਹ ਸਾਹਿਬ ਦੀ ਸਮੁੱਚੀ ਸੰਗਤ ਨੇ ਅਕਾਲੀ ਸਿਆਸਤ ਦੇ ਬਾਬਾ ਬੋਹੜ ਵਜੋਂ ਜਾਣੇ ਜਾਂਦੇ ਸਾਬਕਾ ਵਜ਼ੀਰ ਅਤੇ ਲੰਮੇ ਸਮੇਂ ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਚਲੇ ਆ ਰਹੇ ਜਥੇਦਾਰ ਰਣਧੀਰ ਸਿੰਘ ਚੀਮਾ ਦੀਆਂ ਪੰਥਕ ਸੇਵਾਵਾਂ, ਧਾਰਮਿਕ ਬਿਰਤੀ, ਸਮਾਜਿਕ ਸੇਵਾ, ਕੌਮ ਪ੍ਰਸਤੀ ਬਿਖੜੇ ਪੈਂਡਿਆਂ ਸਮੇਂ ਹਰ ਮੁਸੀਬਤ ਵਿੱਚ ਆਪਣੇ ਵਰਕਰਾਂ ਨਾਲ ਡੱਟ ਕੇ ਖੜ੍ਹਨਾ, ਪਾਰਟੀ ਲਈ ਵਰਕਰ ਨੂੰ ਹਮੇਸ਼ਾ ਉਤਸ਼ਾਹਿਤ ਕਰਕੇ ਰੱਖਣਾ, ਸਿੱਖ ਨੌਜਵਾਨੀ 'ਤੇ ਹੁੰਦੇ ਘਾਣ ਸਮੇਂ ਨਿਰਦੋਸ਼ਾਂ ਲਈ ਢਾਲ ਬਣ ਕੇ ਖੜ੍ਹਨਾ, ਵਕਤ ਦੀਆਂ ਹਕੂਮਤਾਂ ਦੀ ਹਰ ਵਧੀਕੀ ਸਮੇਂ ਸੀਨਾ ਤਾਣ ਕੇ ਲੜਨਾ, ਸਿੱਖਾਂ ਪ੍ਰਤੀ ਕਾਨੂੰਨ ਵਿਵਸਥਾ ਦੀ ਹਰ ਪ੍ਰਸ਼ਾਸਨਿਕ ਢੀਗੋਚੋਰੀ ਦਾ ਹਿੱਕ ਤਾਣ ਕੇ ਵਿਰੋਧ ਕਰਨਾ, ਦੂਜਿਆਂ ਦੇ ਦਰਦ ਨੂੰ ਆਪਣੀ ਪੀੜਾ ਸਮਝਣਾ, ਅੰਮ੍ਰਿਤ ਵੇਲੇ ਦੇ ਧਾਰਨੀ, ਬਾਣੀ ਦੇ ਨਿਤਨੇਮੀ ਵਰਗੀ ਸ਼ਖਸੀਅਤ ਦੀਆਂ ਅਜਿਹੀਆਂ ਸੇਵਾਵਾਂ ਮੁੱਖ ਰੱਖਦਿਆਂ ਹੋਇਆਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਅਤੇ ਸਮੁੱਚੀ ਅੰਤ੍ਰਿੰਗ ਕਮੇਟੀ ਵੱਲੋਂ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਸਿੱਖ ਅਜਾਇਬ ਘਰ ਵਿੱਚ ਤਸਵੀਰ ਲਗਾਏ ਜਾਣ ਅਤੇ ਫਤਹਿਗੜ੍ਹ ਸਾਹਿਬ ਵਿੱਚ ਜਥੇਦਾਰ ਰਣਧੀਰ ਸਿੰਘ ਚੀਮਾ ਦੇ ਨਾਮ 'ਤੇ ਆਡੀਟੋਰੀਅਮ ਸਥਾਪਤ ਕੀਤੇ ਜਾਣ ਦੇ ਐਲਾਨ ਦਾ ਭਰਵਾਂ ਸਵਾਗਤ ਕੀਤਾ ਹੈ। ਇਸ ਮੌਕੇ ਜੱਥੇਦਾਰ ਅਵਤਾਰ ਸਿੰਘ ਰਿਆ ਮੈਂਬਰ ਸ਼੍ਰੋਮਣੀ ਕਮੇਟੀ, ਬਰਿੰਦਰ ਸਿੰਘ ਸੋਢੀ ਸਾਬਕਾ ਚੇਅਰਮੈਨ, ਸਾਬਕਾ ਪ੍ਰਧਾਨ ਰਮਨ ਗੁਪਤਾ, ਜ਼ੈਲਦਾਰ ਸੁਖਵਿੰਦਰ ਸਿੰਘ ਘੁਮੰਡਗੜ੍ਹ, ਡਾਇਰੈਕਟਰ ਮਨਿੰਦਰਪਾਲ ਸਿੰਘ ਬਾਜਵਾ ਨਰਿੰਦਰ ਸਿੰਘ ਰਸੀਦਪੁਰਾ, ਜਥੇਦਾਰ ਕੁਲਦੀਪ ਸਿੰਘ ਪੋਲਾ ਚੇਅਰਮੈਨ ਡੀ.ਸੀ.ਯੂ., ਤਰਨਜੀਤ ਸਿੰਘ ਤਰਨੀ, ਮਨਤਾਰ ਅਜੀਤ ਸਿੰਘ, ਜਸਵੀਰ ਸਿੰਘ ਵਾਲੀਆ, ਕਾਉਂਸਲਰ ਕਮਲਜੀਤ ਸਿੰਘ ਢੀਡਸਾ, ਸਰਪੰਚ ਕੰਵਲਜੀਤ ਸਿੰਘ ਚੀਮਾ, ਪਰਮਜੀਤ ਸਿੰਘ ਠੇਕੇਦਾਰ, ਜਤਿੰਦਰਪਾਲ ਸਿੰਘ ਕਾਹਲੋਂ, ਬਲਬੀਰ ਸਿੰਘ ਬਾਜਵਾ ਆਦਿ ਹਾਜ਼ਰ ਸਨ। ਆਗੂਆਂ ਨੇ ਦੱਸਿਆ ਕਿ ਜਥੇਦਾਰ ਰਣਧੀਰ ਸਿੰਘ ਚੀਮਾ ਦੇ ਪਦਚਿੰਨ੍ਹਾਂ 'ਤੇ ਚੱਲਦਿਆਂ ਹੋਇਆਂ ਉਹਨਾਂ ਦੇ ਸਪੁੱਤਰ ਜਥੇਦਾਰ ਜਗਦੀਪ ਸਿੰਘ ਚੀਮਾ ਜਨਰਲ ਸਕੱਤਰ ਸ਼੍ਰੋਮਣੀ ਅਕਾਲੀ ਦਲ ਤੇ ਬਤੌਰ ਹਲਕਾ ਫਤਹਿਗੜ੍ਹ ਸਾਹਿਬ ਦੇ ਇੰਚਾਰਜ ਵਜੋਂ ਹਲਕਾ ਨਿਵਾਸੀਆਂ ਦੀ ਸੇਵਾ ਕਰ ਰਹੇ ਹਨ।

## ਸੰਤ ਜਗਦੀਸ਼ ਮੁਨੀ ਨੇ ਜ਼ਿਲ੍ਹਾ ਪ੍ਰਸ਼ਾਸਨ ਤੇ ਪੱਤਰਕਾਰਾਂ ਦੀ ਸੰਕਟ ਸਮੇਂ ਸਾਂਝੀ ਮਿਸਾਲੀ ਕਾਰਗੁਜ਼ਾਰੀ ਦੀ ਕੀਤੀ ਸ਼ਲਾਘਾ

ਫ਼ਾਜ਼ਿਲਕਾ, 14 ਮਈ (ਬਖ਼ਸ਼ੀਸ਼ ਸਿੰਘ/ਜਸਪ੍ਰੀਤ ਸਿੰਘ): ਦੇਸ਼ ਭਰ ਵਿੱਚ ਸਿਹਤ ਸੇਵਾਵਾਂ ਦੇ ਖੇਤਰ ਵਿੱਚ ਨਿਸ਼ਕਾਮ ਸੇਵਾ ਕਰ ਰਹੇ ਨਿਊਰੋ 108 ਹੀਲਿੰਗ ਸਿਸਟਮ ਦੇ ਸੰਸਥਾਪਕ ਅਤੇ ਚਮਤਕਾਰੀ ਸੰਤ ਵਜੋਂ ਪ੍ਰਸਿੱਧ ਸੰਤ ਜਗਦੀਸ਼ ਮੁਨੀ ਜੀ ਮਹਾਰਾਜ ਨੇ ਭਾਰਤ-ਪਾਕਿਸਤਾਨ ਸਰਹੱਦ 'ਤੇ ਪੈਦਾ ਹੋਏ ਯੁੱਧ ਵਰਗੇ ਹਾਲਾਤਾਂ ਦੌਰਾਨ ਫ਼ਾਜ਼ਿਲਕਾ ਜ਼ਿਲ੍ਹਾ ਪ੍ਰਸ਼ਾਸਨ ਤੇ ਸਮੂਹ ਪੱਤਰਕਾਰ ਭਾਈਚਾਰੇ ਦੀ ਸ਼ਲਾਘਾ ਕੀਤੀ ਹੈ। ਸੰਤ ਜਗਦੀਸ਼ ਮੁਨੀ ਜੀ ਮਹਾਰਾਜ ਨੇ ਡਿਪਟੀ ਕਮਿਸ਼ਨਰ ਅਮਰਪ੍ਰੀਤ ਕੌਰ ਸੰਧੂ ਅਤੇ ਐਸ.ਐਸ.ਪੀ ਵਰਿੰਦਰ ਸਿੰਘ ਬਰਾੜ ਦੀ ਅਗਵਾਈ ਹੇਠ ਜ਼ਿਲ੍ਹਾ ਪ੍ਰਸ਼ਾਸਨ ਦੇ ਕੰਮਕਾਜ ਅਤੇ ਪੱਤਰਕਾਰਾਂ ਦੀ ਸਮਾਜ ਪ੍ਰਤੀ ਜ਼ਿੰਮੇਵਾਰੀ ਦੀ ਸਰਾਹਨਾ ਕਰਦਿਆਂ ਉਨ੍ਹਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਸੰਤ ਜਗਦੀਸ਼ ਮੁਨੀ ਜੀ ਮਹਾਰਾਜ ਨੇ ਕਿਹਾ ਕਿ ਸੰਕਟ ਦੀ ਇਸ ਘੜੀ ਵਿੱਚ ਡਿਪਟੀ ਕਮਿਸ਼ਨਰ ਅਮਰਪ੍ਰੀਤ ਕੌਰ ਸੰਧੂ ਅਤੇ ਐਸ.ਐਸ.ਪੀ ਵਰਿੰਦਰ ਸਿੰਘ ਬਰਾੜ ਨੇ ਸੂਝਬੂਝ ਅਤੇ ਦ੍ਰਿੜਤਾ ਨਾਲ ਸਥਿਤੀ ਨੂੰ ਕਾਬੂ ਵਿੱਚ ਰੱਖਿਆ। ਉਨ੍ਹਾਂ ਨੇ ਡਿਪਟੀ ਕਮਿਸ਼ਨਰ ਅਤੇ ਐਸ.ਐਸ.ਪੀ ਦੀ ਟੀਮ ਦੀ ਮਿਹਨਤ ਅਤੇ ਸਮਰਪਣ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਉਨ੍ਹਾਂ ਦੀਆਂ ਕੋਸ਼ਿਸ਼ਾਂ ਨੇ ਲੋਕਾਂ ਵਿੱਚ ਵਿਸ਼ਵਾਸ ਕਾਇਮ ਰੱਖਿਆ। ਸੰਤ ਜਗਦੀਸ਼ ਮੁਨੀ ਜੀ ਮਹਾਰਾਜ ਨੇ ਵਿਸ਼ੇਸ਼ ਤੌਰ 'ਤੇ ਐਸ.ਐਸ.ਪੀ ਵਰਿੰਦਰ ਸਿੰਘ ਬਰਾੜ ਦੀ ਸਰਾਹਨਾ ਕੀਤੀ, ਜਿਨ੍ਹਾਂ ਨੇ ਖੁਦ ਮੈਦਾਨ ਵਿੱਚ ਉੱਤਰ ਕੇ ਕਾਨੂੰਨ ਵਿਵਸਥਾ ਦੀ ਨਿਗਰਾਨੀ ਕੀਤੀ, ਸੰਵੇਦਨਸ਼ੀਲ ਖੇਤਰਾਂ ਵਿੱਚ ਰਾਤ-ਦਿਨ ਚੌਕਸੀ ਵਰਤੀ ਅਤੇ ਸੋਸ਼ਲ ਮੀਡੀਆ ਰਾਹੀਂ ਝੂਠੀਆਂ ਅਫ਼ਵਾਹਾਂ ਦਾ ਖੰਡਨ ਕਰਦੇ ਹੋਏ ਸਹੀ ਜਾਣਕਾਰੀ ਦਿੱਤੀ।




## ਜ਼ਹਿਰੀਲੀ ਸ਼ਰਾਬ ਨਾਲ ਵੱਡੀ ਪੱਧਰ 'ਤੇ ਮੌਤਾਂ ਨੇ ਸਰਕਾਰ ਦੀ ਕਾਰਗੁਜ਼ਾਰੀ 'ਤੇ ਲਗਾਇਆ ਪ੍ਰਸ਼ਨ ਚਿੰਨ੍ਹ : ਰਾਜੂ ਖੰਨਾ



ਅਮਲੋਹ, 14 ਮਈ (ਜਸਵੰਤ ਸਿੰਘ): ਪੰਜਾਬ ਅੰਦਰ ਨਿੱਤ ਦਿਨ ਜ਼ਹਿਰੀਲੀ ਸ਼ਰਾਬ ਪੀਣ ਨਾਲ ਹੋ ਰਹੀਆਂ ਵੱਡੇ ਪੱਧਰ 'ਤੇ ਮੌਤਾਂ ਪੰਜਾਬ ਤੇ ਪੰਜਾਬੀਆਂ ਲਈ ਚਿੰਤਾ ਦਾ ਵਿਸ਼ਾ ਹੀ ਨਹੀਂ ਸਗੋਂ ਆਪ ਦੀ ਸੂਬਾ ਸਰਕਾਰ ਦੀ ਰਹਿਨੁਮਾਈ ਹੇਠ ਜਾਅਲੀ ਸ਼ਰਾਬ ਦਾ ਧੰਦਾ ਵੀ ਜ਼ੋਰਾਂ ਸ਼ੋਰਾਂ ਨਾਲ ਪਣਪ ਚੁੱਕਾ ਹੈ। ਇਸ ਗੱਲ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਤੇ ਹਲਕਾ ਅਮਲੋਹ ਦੇ ਮੁੱਖ ਸੇਵਾਦਾਰ ਗੁਰਪ੍ਰੀਤ ਸਿੰਘ ਰਾਜੂ ਖੰਨਾ ਨੇ ਪਾਰਟੀ ਦਫ਼ਤਰ ਅਮਲੋਹ ਵਿਖੇ ਹਲਕੇ ਦੇ ਲੋਕਾਂ ਦੀਆਂ ਸਮੱਸਿਆਵਾਂ ਸੁਣਨ ਸਮੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਜ਼ਹਿਰੀਲੀ ਸ਼ਰਾਬ ਨਾਲ ਸੂਬੇ ਅੰਦਰ ਪਹਿਲਾਂ ਵੀ 4 ਥਾਵਾਂ 'ਤੇ ਵੱਡੇ ਪੱਧਰ 'ਤੇ ਮੌਤਾਂ ਹੋ ਚੁੱਕੀਆਂ ਹਨ, ਜਿਹਨਾਂ ਵਿੱਚ ਹਲਕਾ ਦਿੜ੍ਹਬਾ ਵੀ ਹੈ, ਜਿਸ ਦੀ ਨੁਮਾਇੰਦਗੀ ਪੰਜਾਬ ਦੇ ਖ਼ਜ਼ਾਨਾ ਮੰਤਰੀ ਹਰਪਾਲ ਸਿੰਘ ਚੀਮਾ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਹੁਣ ਸਮਾਂ ਹੈ ਜ਼ਹਿਰੀਲੀ ਸ਼ਰਾਬ ਦਾ ਧੰਦਾ ਵੱਡੇ ਪੱਧਰ 'ਤੇ ਆਪ ਸਰਕਾਰ ਦੇ ਨੁਮਾਇੰਦਿਆਂ ਵੱਲੋਂ ਚਲਾਇਆ ਜਾ ਰਿਹਾ ਹੈ, ਜਿਸ ਕਾਰਨ ਭਗਵੰਤ ਮਾਨ ਦੀ ਸਰਕਾਰ ਦੀ ਕਾਰਗੁਜ਼ਾਰੀ 'ਤੇ ਪ੍ਰਸ਼ਨ ਚਿੰਨ੍ਹ ਲੱਗ ਰਿਹਾ ਹੈ। ਉਹਨਾਂ ਮਜੀਠੇ ਹਲਕੇ ਜ਼ਹਿਰੀਲੀ ਸ਼ਰਾਬ ਨਾਲ ਹੋਈਆਂ ਮੌਤਾਂ 'ਤੇ ਜਿਥੇ ਗਹਿਰੀ ਚਿੰਤਾ ਪ੍ਰਗਟ ਕੀਤੀ ਉਥੇ ਸ਼ਰਾਬ ਦੇ ਤਸਕਰਾਂ ਤੇ ਜ਼ਹਿਰੀਲੀ ਸ਼ਰਾਬ ਘਰ ਘਰ ਤੱਕ ਪਹੁੰਚਾਉਣ ਵਾਲੇ ਨਸ਼ਾ ਤਸਕਰਾਂ ਖਿਲਾਫ ਸਖ਼ਤ ਤੋਂ ਸਖ਼ਤ ਕਾਰਵਾਈ ਕਰਨ ਦੀ ਜਿਥੇ ਮੰਗ ਕੀਤੀ ਉਥੇ ਪੀੜਤ ਪ੍ਰੀਵਾਰਾਂ ਦੀ ਵੀ ਮਦਦ ਦੀ ਮੰਗ ਕੀਤੀ। ਉਨ੍ਹਾਂ ਮਜੀਠੇ ਹਲਕੇ ਵਿੱਚ ਹੋਈਆਂ ਮੌਤਾਂ 'ਤੇ ਦੁੱਖ ਪ੍ਰਗਟ ਕਰਦਿਆਂ ਪ੍ਰੀਵਾਰਾਂ ਨਾਲ ਹਮਦਰਦੀ ਪ੍ਰਗਟ ਕੀਤੀ। ਇਸ ਮੌਕੇ ਸੀਨੀਅਰ ਆਗੂ ਕੈਪਟਨ ਜਸਵੰਤ ਸਿੰਘ ਬਾਜਵਾ, ਜਥੇ. ਕੁਲਦੀਪ ਸਿੰਘ ਮੁੱਢੜੀਆਂ, ਜਥੇ. ਕੁਲਦੀਪ ਸਿੰਘ ਮਛਰਾਈ, ਜਥੇ. ਹਰਬੰਸ ਸਿੰਘ ਬਡਾਲੀ, ਜਥੇ. ਜਰਨੈਲ ਸਿੰਘ ਮਾਜਰੀ, ਸ਼ਹਿਰੀ ਪ੍ਰਧਾਨ ਰਾਕੇਸ਼ ਕੁਮਾਰ ਸ਼ਾਹੀ, ਜਥੇ. ਸੁਰਜੀਤ ਸਿੰਘ ਬਰੌਂਗਾ, ਹਰਵਿੰਦਰ ਸਿੰਘ ਬਿੰਦਾ ਮਾਜਰੀ, ਸਾਬਕਾ ਕੌਂਸਲਰ ਬਲਤੇਜ ਸਿੰਘ ਅਮਲੋਹ, ਗੁਰਪ੍ਰੀਤ ਸਿੰਘ ਭੱਦਲਥੂਹਾ ਤੇ ਜਥੇ. ਗੁਰਬਖਸ਼ ਸਿੰਘ ਬੈਣਾ ਆਦਿ ਮੌਜੂਦ ਸਨ।

## ਟਰੱਕ ਦੀ ਲਪੇਟ 'ਚ ਆਉਣ ਕਾਰਨ ਔਰਤ ਦੀ ਮੌਤ

ਅਮਲੋਹ, 14 ਮਈ (ਜਸਵੰਤ ਸਿੰਘ): ਖੰਨਾ ਰੋਡ ਅਮਲੋਹ ਚੁੰਗੀ ਨਜ਼ਦੀਕ ਇਕ ਸੜਕ ਹਾਦਸੇ ਵਿੱਚ 37 ਸਾਲਾ ਔਰਤ ਕਿਰਨਜੀਤ ਕੌਰ ਪਤਨੀ ਜਸਵਿੰਦਰ ਸਿੰਘ ਵਾਸੀ ਵਾਰਡ ਨੰਬਰ 4 ਅਮਲੋਹ ਦੀ ਮੌਤ ਹੋ ਗਈ। ਪ੍ਰਾਪਤ ਸੂਚਨਾ ਅਨੁਸਾਰ ਉਹ ਕਿਸੇ ਕੰਮ ਲਈ ਬਜ਼ਾਰ ਜਾ ਰਹੀ ਸੀ ਕਿ ਟਰੱਕ ਨੰਬਰ ਪੀਬੀ11ਸੀਟੀ-6069 ਨੇ ਉਸ ਨੂੰ ਆਪਣੀ ਲਪੇਟ ਵਿਚ ਲੈ ਲਿਆ, ਜਿਸ ਕਾਰਣ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ। ਮ੍ਰਿਤਕ ਦੀ ਲਾਸ਼ ਨੂੰ ਪੁਲਿਸ ਨੇ ਕਬਜ਼ੇ ਵਿਚ ਲੈ ਕੇ ਸਿਵਲ ਹਸਪਤਾਲ ਅਮਲੋਹ ਵਿਚ ਪੋਸਟ ਮਾਰਟਮ ਲਈ ਭੇਜ ਦਿੱਤਾ।



ਪ੍ਰਾਪਤ ਸੂਚਨਾ ਅਨੁਸਾਰ ਚੁੰਗੀ ਨਜ਼ਦੀਕ ਜੇਸੀਬੀ ਮਸ਼ੀਨ ਵਾਟਰ ਸਪਲਾਈ ਦੀ ਪਾਈਪ ਪਾ ਰਹੀ ਸੀ ਅਤੇ ਇਹ ਔਰਤ ਸੜਕ ਪਾਰ ਕਰਨ ਦੀ ਕੋਸ਼ਿਸ਼ ਕਰ ਰਹੀ ਸੀ ਕਿ ਤੇਜ਼ ਰਫ਼ਤਾਰ ਟਰੱਕ ਨੇ ਇਸ ਨੂੰ ਆਪਣੀ ਲਪੇਟ ਵਿਚ ਲੈ ਲਿਆ। ਹਾਦਸੇ ਤੋਂ ਬਾਅਦ ਦੋਵੇਂ ਸਾਈਡ ਵਾਹਨਾਂ ਦੀਆਂ ਕਤਾਰਾਂ ਲੱਗ ਗਈਆਂ ਅਤੇ ਪੁਲਿਸ ਨੇ ਟਰੱਕ ਨੂੰ ਪਾਸੇ ਕਰਵਾ ਕੇ ਰਸਤਾ ਸਾਫ਼ ਕਰਵਾਇਆ। ਪ੍ਰਾਪਤ ਸੂਚਨਾ ਅਨੁਸਾਰ ਮ੍ਰਿਤਕਾ ਦੇ ਦੋ ਬੱਚੇ ਹਨ। ਪੁਲਿਸ ਨੇ ਦੱਸਿਆ ਕਿ ਮਾਮਲੇ ਦੀ ਜਾਂਚ ਜਾਰੀ ਹੈ ਅਤੇ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

## ਪੰਜਾਬੀ ਲਿਖਾਰੀ ਸਭਾ ਮੰਡੀ ਗੋਬਿੰਦਗੜ੍ਹ ਦੀ ਮੀਟਿੰਗ



ਮੰਡੀ ਗੋਬਿੰਦਗੜ੍ਹ, 14 ਮਈ (ਸੂਦ): ਪੰਜਾਬੀ ਲਿਖਾਰੀ ਸਭਾ ਮੰਡੀ ਗੋਬਿੰਦਗੜ੍ਹ ਦੀ ਮਈ ਮਹੀਨੇ ਦੀ ਮੀਟਿੰਗ ਉਪਕਾਰ ਸਿੰਘ ਦਿਆਲਪੁਰੀ ਦੀ ਪ੍ਰਧਾਨਗੀ ਹੇਠ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੜਕੀਆਂ ਮੰਡੀ ਗੋਬਿੰਦਗੜ੍ਹ ਵਿਖੇ ਹੋਈ। ਇਸ ਦੀ ਸ਼ੁਰੂਆਤ ਸ਼੍ਰੀ ਗੁਰੂ ਅਰਜੁਨ ਦੇਵ ਜੀ ਦੇ ਸ਼ਬਦ 'ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ' ਨਾਲ ਹੋਈ। ਇਸ ਮੌਕੇ ਗੁਰਪ੍ਰੀਤ ਸਿੰਘ ਢਿੱਲੋਂ, ਅਵਤਾਰ ਸਿੰਘ ਖੰਨਾ, ਪਰਮਜੀਤ ਸਿੰਘ, ਅਵਤਾਰ ਸਿੰਘ ਚਾਨੇ, ਜਸਬੀਰ ਝੱਜ ਅਤੇ ਉਪਕਾਰ ਸਿੰਘ ਦਿਆਲਪੁਰੀ ਨੇ ਗੀਤ ਗਾਏ, ਹਰਚਰਨ ਸਿੰਘ, ਗੁਰਪ੍ਰੀਤ ਸਿੰਘ ਬੀੜਕਿਸ਼ਨ, ਸੁਰਿੰਦਰਪਾਲ ਕੌਰ ਪਰਮਾਰ ਅਤੇ ਜਗਜੀਤ ਸਿੰਘ ਗੁਰਮ ਨੇ ਕਵਿਤਾਵਾਂ ਸੁਣਾਈਆਂ। ਸ੍ਰੀ ਅਮਰ ਸਿੰਘ ਸੈਂਪਲਾ ਅਤੇ ਰਾਜ ਸਿੰਘ ਬਦੋਛੀ ਨੇ ਕਹਾਣੀ, ਸਨੇਹਇੰਦਰ ਸਿੰਘ ਮੀਲੂ ਨੇ 'ਹੱਡ ਬੀਤੀ' ਆਪਣੇ ਵਿਆਹ ਦੀ ਮੂਵੀ ਸੁਣਾਈ ਜਦੋਂ ਕਿ ਲੋਕ ਨਾਥ ਸ਼ਰਮਾ ਨੇ ਲੇਖ 'ਕੁਝ ਗੱਲਾਂ ਬੱਚਿਆਂ ਸੰਗ' ਸੁਣਾਇਆ। ਅੰਤ ਵਿੱਚ ਪੜ੍ਹੀਆਂ ਰਚਨਾਵਾਂ 'ਤੇ ਚਰਚਾ ਕੀਤੀ ਗਈ ਅਤੇ ਰਚਨਾਤਮਕ ਢੰਗ ਨਾਲ ਵਿਚਾਰ-ਵਟਾਂਦਰਾ ਕੀਤਾ ਗਿਆ। ਮੀਟਿੰਗ ਵਿੱਚ ਮੀਡੀਆ ਸਲਾਹਕਾਰ ਨਰਿੰਦਰ ਭਾਟੀਆ, ਪਰਮਜੀਤ ਸਿੰਘ ਧੀਮਾਨ, ਮਹੇਸ਼ ਕੁਮਾਰ, ਤੇਜਪਾਲ ਸਿੰਘ ਮਰਜਾਰਾ ਨੇ ਵਿਚਾਰ ਸਾਂਝੇ ਕੀਤੇ। ਮੀਟਿੰਗ ਦੀ ਕਾਰਵਾਈ ਜਗਜੀਤ ਸਿੰਘ ਗੁਰਮ ਅਤੇ ਸਨੇਹਇੰਦਰ ਸਿੰਘ ਮੀਲੂ ਨੇ ਬਾਖੂਬੀ ਚਲਾਈ। ਅੰਤ ਵਿੱਚ ਸਭਾ ਦੇ ਪ੍ਰਧਾਨ ਉਪਕਾਰ ਸਿੰਘ ਦਿਆਲਪੁਰੀ ਨੇ ਆਏ ਲੇਖਕਾਂ ਦਾ ਧੰਨਵਾਦ ਕੀਤਾ।

## ਨਸ਼ਿਆਂ ਦੇ ਖਾਤਮੇ ਲਈ ਘਰ-ਘਰ ਸੁਨੇਹਾ ਪਹੁੰਚਾਉਣ 'ਚ ਸਾਰਥਕ ਸਾਬਤ ਹੋਵੇਗੀ ਜ਼ਿਲ੍ਹਾ ਪੱਧਰੀ ਮੈਰਾਥਨ : ਡਾ. ਥਿੰਦ

ਫ਼ਤਹਿਗੜ੍ਹ ਸਾਹਿਬ, 14 ਮਈ (ਹਰਪ੍ਰੀਤ ਕੌਰ ਟਿਵਾਣਾ): ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸੂਬੇ ਵਿੱਚੋਂ ਨਸ਼ਿਆਂ ਦਾ ਖਾਤਮਾ ਕਰਨ ਲਈ ਸ਼ੁਰੂ ਕੀਤੀ ਗਈ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ 18 ਮਈ ਨੂੰ ਕੀਤੀ ਜਾਣ ਵਾਲੀ ਜ਼ਿਲ੍ਹਾ ਪੱਧਰੀ ਮੈਰਾਥਨ ਦੀਆਂ ਤਿਆਰੀਆਂ ਦਾ ਜਾਇਜ਼ਾ ਲੈਣ ਲਈ ਡਿਪਟੀ ਕਮਿਸ਼ਨਰ ਡਾ: ਸੋਨਾ ਥਿੰਦ ਨੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ। ਬੱਚਤ ਭਵਨ ਵਿਖੇ ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਡਾ: ਸੋਨਾ ਥਿੰਦ ਨੇ ਸਮੂਹ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਦੇ ਖਾਤਮੇ ਲਈ ਗੰਭੀਰਤਾ ਨਾਲ ਚੁੱਕੇ ਜਾ ਰਹੇ ਕਦਮਾਂ ਨੂੰ ਸਫਲ ਬਣਾਉਣ ਲਈ ਹਰੇਕ ਅਧਿਕਾਰੀ ਤੇ ਕਰਮਚਾਰੀ ਦਾ ਸਹਿਯੋਗ ਜ਼ਰੂਰੀ ਹੈ। ਡਾ: ਸੋਨਾ ਥਿੰਦ ਨੇ



ਦੱਸਿਆ ਕਿ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੇ ਤਹਿਤ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ 18 ਮਈ ਨੂੰ ਰੋਟਰੀ ਕਲੱਬ ਅਤੇ ਹੋਰ ਵੱਖ-ਵੱਖ ਸਮਾਜ ਸੇਵੀ ਸੰਸਥਾਵਾਂ ਦੇ ਸਹਿਯੋਗ ਨਾਲ ਵਿਸ਼ੇਸ ਮੈਰਾਥਨ ਕਰਵਾਈ ਜਾ ਰਹੀ ਹੈ ਜੋ ਕਿ 18 ਮਈ ਨੂੰ ਸਵੇਰੇ 7 ਵਜੇ ਰੋਟਰੀ ਕਲੱਬ, ਸਰਹਿੰਦ, ਨੇੜੇ ਆਮ ਖਾਸ ਬਾਗ ਤੋਂ ਸ਼ੁਰੂ ਹੋ ਕੇ ਸਰਹਿੰਦ ਸ਼ਹਿਰ ਦੇ 5 ਕਿਲੋਮੀਟਰ ਏਰੀਏ ਤੱਕ ਦਾ ਸਫ਼ਰ ਤੈਅ ਕਰੇਗੀ। ਡੀਸੀ ਨੇ ਦੱਸਿਆ ਕਿ ਇਸ ਰੈਲੀ ਵਿੱਚ ਸਮੂਹ ਵਿਭਾਗਾਂ ਦੇ ਅਧਿਕਾਰੀਆਂ ਤੇ ਕਰਮਚਾਰੀਆਂ ਤੋਂ ਇਲਾਵਾ ਸਕੂਲਾਂ, ਕਾਲਜਾਂ ਤੇ ਯੂਨੀਵਰਸਿਟੀ ਦੇ ਵਿਦਿਆਰਥੀ, ਖਿਡਾਰੀ ਤੇ ਵੱਖ-ਵੱਖ ਸਮਾਜ ਸੇਵੀ ਸੰਸਥਾਵਾਂ ਦੇ ਨੁਮਾਇੰਦੇ ਭਾਗ ਲੈਣਗੇ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਹਰਪ੍ਰੀਤ ਸਿੰਘ, ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਸੁਰਿੰਦਰ ਸਿੰਘ ਧਾਲੀਵਾਲ, ਉਪ ਮੰਡਲ ਮੈਜਿਸਟਰੇਟ ਫ਼ਤਹਿਗੜ੍ਹ ਸਾਹਿਬ ਅਰਵਿੰਦ ਕੁਮਾਰ, ਉਪ ਮੰਡਲ ਮੈਜਿਸਟਰੇਟ ਖਮਾਣੋਂ ਮਨਰੀਤ ਰਾਣਾ, ਉਪ ਮੰਡਲ ਮੈਜਿਸਟਰੇਟ ਅਮਲੋਹ ਚੇਤਨ ਬੰਗੜ, ਉਪ ਮੰਡਲ ਮੈਜਿਸਟਰੇਟ ਬਸੀ ਪਠਾਣਾ ਹਰਬੀਰ ਕੌਰ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।

## ਰੁੱਖ ਧੁੱਪ 'ਚ ਤੇ ਧੀ ਦੁੱਖ 'ਚ ਹਮੇਸ਼ਾ ਸਾਥ ਦਿੰਦੀ ਹੈ : ਡਾ. ਜੰਗਜੀਤ ਸਿੰਘ



ਸ੍ਰੀ ਅਨੰਦਪੁਰ ਸਾਹਿਬ, 14 ਮਈ (ਤਰਲੋਚਨ ਸਿੰਘ): ਡਾ. ਸਵਪਨਦੀਪ ਕੌਰ ਸਿਵਲ ਸਰਜਨ ਰੂਪਨਗਰ ਦੇ ਨਿਰਦੇਸ਼ਾਂ ਤਹਿਤ ਡਾ. ਜੰਗਜੀਤ ਸਿੰਘ ਸੀਨੀਅਰ ਮੈਡੀਕਲ ਅਫਸਰ ਕੀਰਤਪੁਰ ਸਾਹਿਬ ਦੀ ਅਗਵਾਈ ਹੇਠ ਮੁੱਢਲਾ ਸਿਹਤ ਕੇਂਦਰ ਕੀਰਤਪੁਰ ਸਾਹਿਬ ਅਧੀਨ ਪਿੰਡ ਖਮੇੜ੍ਹਾ ਤੇ ਮਥੁਰਾ ਵਿਖੇ ਅੱਜ ਮਮਤਾ ਦਿਵਸ 'ਤੇ ਪੀ.ਐਨ.ਡੀ.ਟੀ. ਐਕਟ ਬਾਰੇ ਇੱਕ ਵਿਸ਼ੇਸ਼ ਸੈਮੀਨਾਰ ਕਰਵਾਇਆ ਗਿਆ। ਇਸ ਵਿੱਚ ਕੰਨਿਆ ਭਰੂਣ ਹੱਤਿਆ ਦੇ ਮੁੱਦੇ ਨੂੰ ਬੜੀ ਗੰਭੀਰਤਾ ਨਾਲ ਵਿਚਾਰਿਆ ਗਿਆ ਤੇ ਇਸ ਵਿਸ਼ੇ 'ਤੇ ਖੁੱਲ੍ਹ ਕੇ ਚਰਚਾ ਕੀਤੀ ਗਈ। ਡਾ. ਜੰਗਜੀਤ ਸਿੰਘ ਨੇ ਕਿਹਾ ਕਿ ਜਿਸ ਤਰ੍ਹਾਂ ਰੁੱਖ ਹਮੇਸ਼ਾ ਸਾਨੂੰ ਧੁੱਪ ਤੋਂ ਬਚਾਉਣ ਲਈ ਛਾਂ ਦਿੰਦੇ ਹਨ ਉਸੇ ਤਰਾਂ ਇੱਕ ਧੀ ਮਾਂ ਬਾਪ ਦੇ ਦੁੱਖ ਵਿੱਚ ਸਹਾਈ ਹੁੰਦੀ ਹੈ। ਉਹਨਾਂ ਵਿਸਥਾਰ ਸਹਿਤ ਚਾਨਣਾ ਪਾਉਂਦਿਆਂ ਕਿਹਾ ਕਿ ਬੇਟੀ ਬਚਾਓ, ਬੇਟੀ ਪੜ੍ਹਾਓ ਦੇ ਮਿਸ਼ਨ ਨੂੰ ਅਸੀਂ ਤਾਂ ਹੀ ਪੂਰਾ ਕਰ ਸਕਦੇ ਹਾਂ ਜੇ ਬੇਟੀ ਮਾਂ ਦੀ ਕੁੱਖ ਵਿੱਚ ਸੁਰੱਖਿਅਤ ਹੋਵੇਗੀ, ਇਸ ਦੁਨੀਆਂ ਵਿੱਚ ਜਨਮ ਲਵੇਗੀ ਅਤੇ ਉਸ ਦੀ ਵਧੀਆ ਪਰਵਰਿਸ਼ ਹੋਵੇਗੀ। ਉਨ੍ਹਾਂ ਕਿਹਾ ਕਿ ਹੁਣ ਸਮਾਂ ਬਦਲ ਗਿਆ ਹੈ ਅਤੇ ਲੜਕੀਆਂ ਹਰ ਖੇਤਰ ਵਿੱਚ ਲੜਕਿਆਂ ਤੋਂ ਅੱਗੇ ਹਨ। ਉਨ੍ਹਾਂ ਦੱਸਿਆ ਕਿ ਪੀ. ਐਨ. ਡੀ. ਟੀ ਐਕਟ ਬਾਰੇ ਦੱਸਦਿਆਂ ਉਹਨਾਂ ਕਿਹਾ ਕਿ ਇਸ ਐਕਟ ਤਹਿਤ ਮਾਂ ਦੇ ਕੁੱਖ ਵਿੱਚ ਪੱਲਦੇ ਬੱਚੇ ਦੇ ਲਿੰਗ ਦਾ ਪਤਾ ਲਗਾਉਣਾ ਕਨੂੰਨੀ ਅਪਰਾਧ ਹੈ। ਉਹਨਾਂ ਦੱਸਿਆ ਕਿ ਪੰਜਾਬ ਸਰਕਾਰ ਵਲੋਂ ਲਿੰਗ ਨਿਰਧਾਰਣ ਟੈਸਟ ਕਰਨ ਵਾਲੇ ਕੇਂਦਰਾਂ ਵਿਰੁੱਧ ਕਾਰਵਾਈ ਕਰਨ ਲਈ ਪੀ.ਸੀ. ਐਂਡ ਪੀ.ਐਨ.ਡੀ. ਟੀ ਐਕਟ ਦਰਜ ਹੋਣ 'ਤੇ ਫਰਜ਼ੀ ਮਰੀਜ਼ ਨੂੰ ਇੱਕ ਲੱਖ ਰੁਪਏ ਅਤੇ ਸੂਚਨਾ ਦੇਣ ਵਾਲੇ ਨੂੰ ਪੰਜਾਹ ਹਜ਼ਾਰ ਰੁਪਏ ਦੀ ਇਨਾਮੀ ਰਾਸ਼ੀ ਦੇਣ ਦਾ ਐਲਾਨ ਕੀਤਾ ਹੋਇਆ ਹੈ। ਉਹਨਾਂ ਕਿਹਾ ਕਿ ਇਸ ਐਕਟ ਨੂੰ ਅਮਲੀ ਰੂਪ ਦੇਣ ਲਈ ਨਵੀਂ ਐਮ. ਟੀ. ਪੀ ਰਜਿਸਟ੍ਰੇਸ਼ਨ ਕਰਨ, ਜੇ. ਐਸ. ਐਸ. ਕੇ ਸਕੀਮ ਅਧੀਨ ਨਿੱਜੀ ਹਸਪਤਾਲਾਂ ਨੂੰ ਸੂਚੀਬੱਧ ਕਰਨਾ ਵੀ ਸ਼ਾਮਿਲ ਹੈ। ਜੋ ਵੀ ਇਸ ਐਕਟ ਦੀ ਉਲੰਘਣਾ ਕਰੇਗਾ ਉਸ ਖਿਲਾਫ ਸਖਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਹੈਲਥ ਇੰਸਪੈਕਟਰ ਬਲਵੰਤ ਰਾਏ ਨੇ ਕਿਹਾ ਕਿ ਸ਼੍ਰੀ ਗੁਰੂ ਨਾਨਕ ਦੇਵ ਜੀ ਨੇ ਔਰਤ ਨੂੰ ਇਸ ਸਮਾਜ ਵਿੱਚ ਉੱਤਮ ਦਰਜਾ ਦਿੱਤਾ ਹੈ। ਇਸ ਮੌਕੇ ਰਾਣੋ ਸੀ.ਐਚ.ਓ, ਰਜਨੀ ਦੇਵੀ, ਜਸਵੀਰ ਕੌਰ ਏ.ਐਮ.ਐਮ, ਨਰੇਸ਼ ਕੁਮਾਰ ਮਲਟੀਪਰਪਜ਼ ਹੈਲਥ ਵਰਕਰ, ਆਂਗਨਵਾੜੀ ਵਰਕਰ ਨਰੇਸ਼ ਕੁਮਾਰੀ, ਰਾਜ ਰਾਣੀ, ਅਮਨਦੀਪ ਕੌਰ ਸੀ. ਐਚ. ਓ, ਬਲਜੀਤ ਕੌਰ ਏ.ਐਨ.ਐਮ, ਬਲਜੀਤ ਸਿੰਘ ਮਲਟੀਪਰਪਜ਼ ਹੈਲਥ ਵਰਕਰ, ਆਸ਼ਾ ਵਰਕਰ ਆਸ਼ਾ ਦੇਵੀ, ਆਂਗਨਵਾੜੀ ਵਰਕਰ ਰੇਨੂੰ ਬਾਲਾ, ਆਂਗਨਵਾੜੀ ਵਰਕਰ ਅਨੂਪ ਕੌਰ ਆਦਿ ਹਾਜ਼ਰ ਸਨ।

## ਹੁਣ ਜ਼ਿਲ੍ਹਾ ਨਿਵਾਸੀ ਟਰਾਂਸਪੋਰਟ ਵਿਭਾਗ ਨਾਲ ਸਬੰਧਤ 29 ਤਰ੍ਹਾਂ ਦੀਆਂ ਸੇਵਾਵਾਂ ਸੇਵਾ ਕੇਂਦਰਾਂ ਰਾਹੀਂ ਲੈ ਸਕਣਗੇ : ਆਰ.ਟੀ.ਓ.



ਫ਼ਾਜ਼ਿਲਕਾ, 14 ਮਈ (ਬਖ਼ਸ਼ੀਸ਼ ਸਿੰਘ/ਜਸਪ੍ਰੀਤ ਸਿੰਘ) : ਪੰਜਾਬ ਸਰਕਾਰ ਵੱਲੋਂ ਲੋਕਾਂ ਦੀ ਸੁਵਿਧਾ ਲਈ ਇਕ ਹੋਰ ਵੱਡਾ ਕਦਮ ਚੁੱਕਦਿਆਂ ਹੁਣ ਜ਼ਿਲ੍ਹੇ ਦੇ ਨਾਗਰਿਕ ਟਰਾਂਸਪੋਰਟ ਵਿਭਾਗ ਨਾਲ ਸਬੰਧਤ 29 ਤਰ੍ਹਾਂ ਦੀਆਂ ਸੇਵਾਵਾਂ ਸਿੱਧੇ ਤੌਰ 'ਤੇ ਆਪਣੇ ਨੇੜਲੇ ਸੇਵਾ ਕੇਂਦਰਾਂ ਤੋਂ ਹਾਸਲ ਕਰ ਸਕਣਗੇ। ਇਸ ਸਬੰਧੀ ਜਾਣਕਾਰੀ ਦਿੰਦਿਆਂ ਰੀਜ਼ਨਲ ਟਰਾਂਸਪੋਰਟ ਅਫਸਰ (ਆਰ.ਟੀ.ਓ) ਮੈਡਮ ਵੀਰਪਾਲ ਕੌਰ ਨੇ ਦੱਸਿਆ ਕਿ ਇਹ ਕਦਮ ਪੰਜਾਬ ਸਰਕਾਰ ਵੱਲੋਂ ਪ੍ਰਸ਼ਾਸਨਿਕ ਪ੍ਰਕਿਰਿਆਵਾਂ ਨੂੰ ਹੋਰ ਵਧੀਆ ਬਣਾਉਣ ਅਤੇ ਆਮ ਲੋਕਾਂ ਨੂੰ ਘਰ ਦੇ ਨੇੜੇ ਹੀ ਸਰਲ ਢੰਗ ਨਾਲ ਸਰਕਾਰੀ ਸੇਵਾਵਾਂ ਉਪਲਬਧ ਕਰਵਾਉਣ ਦੇ ਉਦੇਸ਼ ਹੇਠ ਚੁੱਕਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਦੇ ਸਮੂਹ ਸੇਵਾ ਕੇਂਦਰਾਂ ਦੇ ਮੁਲਾਜ਼ਮਾਂ ਅਤੇ ਸੇਵਾ ਸਹਾਇਕਾਂ ਨੂੰ ਟਰਾਂਸਪੋਰਟ ਵਿਭਾਗ ਨਾਲ ਸਬੰਧਤ 29 ਸੇਵਾਵਾਂ ਬਾਰੇ ਵਿਸਥਾਰਪੂਰਕ ਟਰੇਨਿੰਗ ਦਿੱਤੀ ਗਈ ਹੈ, ਤਾਂ ਜੋ ਉਹ ਨਾਗਰਿਕਾਂ ਨੂੰ ਬਿਨਾਂ ਕਿਸੇ ਰੁਕਾਵਟ ਦੇ ਇਹ ਸੇਵਾਵਾਂ ਦੇ ਸਕਣ। ਉਨ੍ਹਾਂ ਕਿਹਾ ਕਿ ਹੁਣ ਕੋਈ ਵੀ ਨਾਗਰਿਕ ਆਪਣੇ ਡਰਾਇਵਿੰਗ ਲਾਇਸੰਸ ਜਾਂ ਵਹੀਕਲ ਦੀ ਰਜਿਸਟਰੇਸ਼ਨ ਸਬੰਧੀ ਸੇਵਾਵਾਂ ਲਈ ਜ਼ਰੂਰੀ ਦਸਤਾਵੇਜ਼ ਲੈ ਕੇ ਆਪਣੇ ਨੇੜਲੇ ਸੇਵਾ ਕੇਂਦਰ ਰਾਹੀਂ ਅਸਾਨੀ ਨਾਲ ਅਰਜ਼ੀ ਦੇ ਸਕੇਗਾ। ਇਨ੍ਹਾਂ 29 ਸੇਵਾਵਾਂ ਵਿੱਚ ਡਰਾਇਵਿੰਗ ਲਾਇਸੰਸ ਜਾਰੀ ਕਰਵਾਉਣਾ, ਨਵੀਨੀਕਰਨ, ਡੁਪਲੀਕੇਟ ਲਾਇਸੰਸ, ਲਾਇਸੰਸ ਵਿੱਚ ਸ਼੍ਰੇਣੀ ਜੁੜਵਾਉਣੀ, ਵਹੀਕਲ ਦੀ ਰਜਿਸਟਰੇਸ਼ਨ, ਰਜਿਸਟਰੇਸ਼ਨ ਸਰਟੀਫਿਕੇਟ ਵਿੱਚ ਪਤਾ ਬਦਲ, ਡੁਪਲੀਕੇਟ, ਫਾਈਨੈਂਸ ਹਟਾਉਣਾ ਜਾਂ ਜੁੜਵਾਉਣਾ, ਨਾਂ ਤਬਦੀਲੀ ਅਤੇ ਹੋਰ ਕਈ ਜ਼ਰੂਰੀ ਸੇਵਾਵਾਂ ਸ਼ਾਮਲ ਹਨ।

## ਮੈਥਿਲੀ ਚਲਾਣਾ ਨੇ 12ਵੀਂ 'ਚ 91.2% ਅੰਕ ਹਾਸਲ ਕਰਕੇ ਜ਼ਿਲ੍ਹੇ ਦਾ ਨਾਂ ਕੀਤਾ ਰੌਸ਼ਨ

ਫ਼ਾਜ਼ਿਲਕਾ, 14 ਮਈ (ਬਖ਼ਸ਼ੀਸ਼ ਸਿੰਘ/ਜਸਪ੍ਰੀਤ ਸਿੰਘ) : ਹੋਲੀ ਹਾਰਟ ਡੇ ਬੋਰਡਿੰਗ ਸਕੂਲ ਦੀ ਵਿਦਿਆਰਥਣ ਮੈਥਿਲੀ ਚਲਾਣਾ ਨੇ ਸੀ.ਬੀ.ਐਸ.ਈ. ਬੋਰਡ ਦੀ 12ਵੀਂ ਜਮਾਤ (ਆਰਟਸ ਸਟਰੀਮ) ਦੀ ਪ੍ਰੀਖਿਆ ਵਿੱਚ 91.2 ਪ੍ਰਤੀਸ਼ਤ ਅੰਕ ਹਾਸਲ ਕਰਕੇ ਨਾ ਸਿਰਫ਼ ਆਪਣੇ ਮਾਤਾ-ਪਿਤਾ, ਸਗੋਂ ਸਕੂਲ ਤੇ ਪੂਰੇ ਜ਼ਿਲ੍ਹੇ ਦਾ ਨਾਂ ਰੌਸ਼ਨ ਕੀਤਾ ਹੈ। ਮੈਥਿਲੀ, ਜ਼ਿਲ੍ਹਾ ਪ੍ਰੈਸ ਕਲੱਬ ਦੇ ਪ੍ਰਧਾਨ ਤੇ ਐਡ. ਸੰਦੀਪ ਚਲਾਣਾ ਦੀ ਧੀ ਹੈ। ਉਸ ਦੀ ਇਸ ਸ਼ਾਨਦਾਰ ਪ੍ਰਾਪਤੀ 'ਤੇ ਪਰਿਵਾਰਕ ਮੈਂਬਰਾਂ, ਅਧਿਆਪਕਾਂ, ਸਕੂਲ ਪ੍ਰਬੰਧਕਾਂ ਤੇ ਸ਼ੁੱਭਚਿੰਤਕਾਂ ਨੇ ਉਸ ਨੂੰ ਦਿਲੋਂ ਵਧਾਈਆਂ ਦਿੱਤੀਆਂ ਜਾ ਰਹੀਆਂ ਹਨ। ਮੈਥਿਲੀ ਦੀ ਇਸ ਪ੍ਰਾਪਤੀ ਨੇ ਸਾਬਤ ਕਰ ਦਿੱਤਾ ਹੈ ਕਿ ਮਿਹਨਤ, ਲਗਨ ਤੇ ਸਹੀ ਮਾਰਗ ਦਰਸ਼ਨ ਨਾਲ ਵੱਡੇ ਮੁਕਾਮ ਹਾਸਲ ਕੀਤੇ ਜਾ ਸਕਦਾ ਹੈ।

## ਭਾਈ ਨੰਦ ਲਾਲ ਪਬਲਿਕ ਸਕੂਲ ਦਾ ਦਸਵੀਂ ਜਮਾਤ ਦਾ ਨਤੀਜਾ ਰਿਹਾ ਸ਼ਾਨਦਾਰ




ਸ੍ਰੀ ਅਨੰਦਪੁਰ ਸਾਹਿਬ, 14 ਮਈ (ਤਰਲੋਚਨ ਸਿੰਘ): ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ਼੍ਰੀ ਅਨੰਦਪੁਰ ਸਾਹਿਬ ਦੀ ਸਿਰਮੌਰ ਅਤੇ ਸੀ.ਬੀ.ਐਸ.ਈ ਤੋਂ ਮਾਨਤਾ ਪ੍ਰਾਪਤ ਇਲਾਕੇ ਦੀ ਮੋਹਰੀ ਵਿੱਦਿਅਕ ਸੰਸਥਾ ਭਾਈ ਨੰਦ ਲਾਲ ਪਬਲਿਕ ਸਕੂਲ ਸ਼੍ਰੀ ਅਨੰਦਪੁਰ ਸਾਹਿਬ ਦਾ ਸੀ.ਬੀ.ਐਸ.ਈ ਦਿੱਲੀ ਵੱਲੋਂ ਦਸਵੀਂ ਜਮਾਤ ਦਾ ਨਤੀਜਾ 13 ਮਈ ਨੂੰ ਐਲਾਨਿਆ ਗਿਆ। ਇਸ ਮੌਕੇ ਸਕੂਲ ਪ੍ਰਬੰਧਕਾਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸ਼ੈਸ਼ਨ 2024-25 ਦਾ ਨਤੀਜਾ 100% ਰਿਹਾ। ਜਿਸ ਵਿੱਚ ਤਸ਼ਨੀਤ ਕੌਰ ਵਾਲੀਆ ਨੇ 91.8% ਅੰਕ ਲੈ ਕੇ ਪਹਿਲਾ ਸਥਾਨ, ਰਸ਼ਨਪ੍ਰੀਤ ਕੌਰ ਨੇ 88% ਅੰਕ ਲੈ ਕੇ ਦੂਜਾ ਸਥਾਨ, ਹੁਨਰਦੀਪ ਸਿੰਘ ਤੇ ਤਮੰਨਾ ਨੇ 86.2% ਅੰਕ ਲੈ ਕੇ ਤੀਜਾ ਸਥਾਨ ਪ੍ਰਾਪਤ ਕੀਤਾ। ਇਸ ਮੌਕੇ ਸਕੂਲ ਦੇ ਮੁਖੀ ਸਤਨਾਮ ਸਿੰਘ ਨੇ ਦੱਸਿਆ ਕਿ ਬਾਰਵੀਂ ਜਮਾਤ ਦੇ ਨਤੀਜਿਆਂ ਉਪਰੰਤ ਦਸਵੀਂ ਦੇ ਸ਼ਾਨਦਾਰ ਨਤੀਜਿਆਂ ਲਈ ਡਾਇਰੈਕਟਰ ਆਫ ਐਜੂਕੇਸ਼ਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵਿਦਿਅਕ ਨੀਤੀ ਘਾੜੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਸੁਖਮਿੰਦਰ ਸਿੰਘ ਵਿੱਦਿਆ ਸਕੱਤਰ, ਬੀਬੀ ਸਤਵੰਤ ਕੌਰ ਸਹਾਇਕ ਡਾਇਰੈਕਟਰ (ਸਕੂਲ) ਦਾ ਵਿਸ਼ੇਸ਼ ਯੋਗਦਾਨ ਹੈ। ਉਨ੍ਹਾਂ ਸਮੁੱਚੇ ਅਧਿਆਪਕਾਂ ਤੇ ਵਿਦਿਆਰਥੀਆਂ ਨੂੰ ਵਧਾਈਆਂ ਦਿੱਤੀਆਂ।

## ਸੈਕਰਡ ਹਾਰਟ ਸੀਨੀ. ਸੈਕੰ. ਸਕੂਲ ਜਲਾਲਪੁਰ ਦਾ ਦਸਵੀਂ ਤੇ ਬਾਰ੍ਹਵੀਂ ਦਾ ਨਤੀਜਾ ਸ਼ਾਨਦਾਰ ਰਿਹਾ




ਮੰਡੀ ਗੋਬਿੰਦਗੜ੍ਹ, 14 ਮਈ (ਸੂਦ): ਸੈਕਰਡ ਹਾਰਟ ਸੀਨੀਅਰ ਸੈਕੰਡਰੀ ਸਕੂਲ ਜਲਾਲਪੁਰ ਨੇ ਦਸਵੀਂ ਅਤੇ ਬਾਰ੍ਹਵੀਂ ਜਮਾਤ ਦੇ ਸੀਬੀਐਸਈ ਬੋਰਡ ਪ੍ਰੀਖਿਆਵਾਂ ਵਿੱਚ 100 ਪ੍ਰਤੀਸ਼ਤ ਨਤੀਜਾ ਹਾਸਲ ਕੀਤਾ ਅਤੇ ਵਿਦਿਆਰਥੀਆਂ ਨੇ ਅਕਾਦਮਿਕ ਤੌਰ 'ਤੇ ਸ਼ਾਨਦਾਰ ਪ੍ਰਦਰਸ਼ਨ ਕੀਤਾ। ਸਭ ਤੋਂ ਵਧੀਆ ਪ੍ਰਦਰਸ਼ਨ ਕਰਨ ਵਾਲੀਆਂ ਵਿਦਿਆਰਥਣਾਂ ਇਬਨਿਤ ਕੌਰ ਨੇ 95.2%, ਤ੍ਰਿਸ਼ਨਾ ਨੇ 93%, ਐਸ਼ਵੀਰ ਕੌਰ ਨੇ 92.8%, ਤਾਨੀਆ ਮਿੱਤਲ ਨੇ 91.6% ਅਤੇ ਰਮਨੀਤ ਕੌਰ ਨੇ 85.4% ਅੰਕ ਹਾਸਲ ਕੀਤੇ। ਦਸਵੀਂ ਜਮਾਤ ਵਿੱਚੋਂ ਜਸਮਨਵੀਰ ਕੌਰ, ਅਰਸ਼ਦੀਪ ਸਿੰਘ ਅਤੇ ਰਾਸ਼ੀ ਨੇ ਕ੍ਰਮਵਾਰ ਪਹਿਲੇ ਤਿੰਨ ਸਥਾਨ ਪ੍ਰਾਪਤ ਕੀਤੇ। ਤਿੰਨ ਵਿਦਿਆਰਥੀਆਂ ਨੇ ਆਈਪੀ ਵਿੱਚ 100 ਵਿੱਚੋਂ 100 ਅੰਕ ਪ੍ਰਾਪਤ ਕਰਕੇ ਬੇਮਿਸਾਲ ਹੁਨਰ ਦਾ ਪ੍ਰਦਰਸ਼ਨ ਕੀਤਾ ਅਤੇ ਦੋ ਵਿਦਿਆਰਥੀਆਂ ਨੇ ਪੰਜਾਬੀ ਵਿੱਚ 100 ਵਿੱਚੋਂ 100 ਅੰਕ ਪ੍ਰਾਪਤ ਕੀਤੇ। ਸਕੂਲ ਦੀ ਪ੍ਰਬੰਧਨ ਟੀਮ ਜਿਸ ਵਿੱਚ ਮੈਨੇਜਿੰਗ ਡਾਇਰੈਕਟਰ ਜੇਪੀਐਸ ਜੌਲੀ, ਡਿਪਟੀ ਮੈਨੇਜਿੰਗ ਡਾਇਰੈਕਟਰ ਸਤਿੰਦਰਜੀਤ ਜੌਲੀ ਅਤੇ ਪ੍ਰਧਾਨ ਨਵੇਰਾ ਜੌਲੀ ਸ਼ਾਮਲ ਹਨ, ਨੇ ਇਸ ਸ਼ਾਨਦਾਰ ਸਫਲਤਾ 'ਤੇ ਵਧਾਈ ਦਿੱਤੀ। ਪ੍ਰਿੰਸੀਪਲ ਦਿਵਿਆ ਮਹਿਤਾ ਨੇ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਉਨ੍ਹਾਂ ਦੀ ਸਖ਼ਤ ਮਿਹਨਤ ਅਤੇ ਸਮਰਪਣ ਨੂੰ ਮਾਨਤਾ ਦਿੰਦੇ ਹੋਏ ਇਸ ਸ਼ਾਨਦਾਰ ਪ੍ਰਾਪਤੀ 'ਤੇ ਵਧਾਈ ਦਿੱਤੀ।

## ਨਸ਼ਾ ਤਸਕਰ ਦਾ ਗੈਰ-ਕਾਨੂੰਨੀ ਘਰ ਤੋੜਿਆ

ਫਿਰੋਜ਼ਪੁਰ, 14 ਮਈ (ਤਿਵਾੜੀ): ਪੰਜਾਬ ਦੇ ਸਰਹੱਦੀ ਜ਼ਿਲ੍ਹਾ ਫਿਰੋਜ਼ਪੁਰ ਦੇ ਸਰਹੱਦੀ ਪਿੰਡ ਨਿਹਾਲਾ ਕਿਲਚਾ, ਜੋ ਕਿ ਸਤਲੁਜ ਦਰਿਆ ਦੇ ਨਾਲ ਲੱਗਦਾ ਹੈ, ਉੱਥੇ ਪੁਲਿਸ ਨੇ ਨਸ਼ਾ ਤਸਕਰ ਵਲੋਂ ਪੰਜਾਬ ਸਰਕਾਰ ਦੀ ਇੱਕ ਏਕੜ ਜ਼ਮੀਨ 'ਤੇ ਗੈਰਕਾਨੂੰਨੀ ਤੌਰ 'ਤੇ ਬਣਾਏ ਘਰ ਨੂੰ ਤੋੜ ਦਿੱਤਾ। ਪੁਲਿਸ ਨੇ ਦੱਸਿਆ ਕਿ ਇਹ ਘਰ ਨਸ਼ੇ ਦੇ ਪੈਸਿਆਂ ਨਾਲ ਬਣਾਇਆ ਗਿਆ ਸੀ। ਇਹ ਕਾਰਵਾਈ ਐਸ.ਡੀ.ਐਮ. ਦੀ ਅਦਾਲਤ ਦੇ ਹੁਕਮਾਂ ਅਧੀਨ ਕੀਤੀ ਗਈ। ਜੋਗਿੰਦਰ ਸਿੰਘ ਉਰਫ਼ ਸ਼ੰਮੀ ਦੇ ਖਿਲਾਫ਼ ਲਗਭਗ 29 ਮਾਮਲੇ ਦਰਜ ਹਨ, ਜੋ ਕਿ ਨਸ਼ੇ ਅਤੇ ਵੱਖ-ਵੱਖ ਧਾਰਾਵਾਂ ਹੇਠ ਹਨ। ਉਨ੍ਹਾਂ ਵਿੱਚੋਂ 5 ਮਾਮਲਿਆਂ ਵਿੱਚ ਉਸ ਨੂੰ ਸਜ਼ਾ ਹੋ ਚੁੱਕੀ ਹੈ, 2 ਮਾਮਲਿਆਂ ਵਿੱਚ ਉਹ ਬਰੀ ਹੋਇਆ ਹੈ, 16 ਮਾਮਲੇ ਚੱਲ ਰਹੇ ਹਨ ਅਤੇ 6 ਮਾਮਲੇ ਜਾਂਚ ਅਧੀਨ ਹਨ। ਐਸ.ਐਸ.ਪੀ ਨੇ ਦੱਸਿਆ ਕਿ ਜੋਗਿੰਦਰ ਦੇ ਭਰਾ, ਪਿਤਾ ਅਤੇ ਪਰਿਵਾਰ ਦੇ ਕਈ ਮੈਂਬਰਾਂ 'ਤੇ ਵੀ ਮੁਕੱਦਮੇ ਦਰਜ ਹਨ। ਉਹ ਘਰ ਮਹਲਨੁਮਾ ਤੇ ਆਲੀਸ਼ਾਨ ਸੀ, ਜਿਸਨੂੰ ਪੁਲਿਸ ਨੇ ਪੀਲੇ ਪੰਜੇ ਦੀ ਮਦਦ ਨਾਲ ਤੋੜਿਆ। ਐਸ.ਐਸ.ਪੀ. ਫਿਰੋਜ਼ਪੁਰ ਭੁਪਿੰਦਰ ਸਿੰਘ ਅਤੇ ਤਹਿਸੀਲਦਾਰ ਨੇ ਇਸ ਬਾਰੇ ਜਾਣਕਾਰੀ ਦਿੱਤੀ।



## ਜੈਤੋ ਦੇ ਲਾਇਨਜ਼ ਕਲੱਬਾਂ ਵੱਲੋਂ 18 ਨੂੰ ਸਿਹਤ ਮੇਲਾ: ਲਾਇਨ ਸੰਦੀਪ ਜਿੰਦਲ

ਜੈਤੋ, 14 ਮਈ (ਸੰਜੀਵ ਗੋਇਲ/ਵਿਪਨ ਗੋਇਲ): ਪ੍ਰਸਿੱਧ ਸਮਾਜਸੇਵੀ ਸੰਸਥਾਵਾਂ ਲਾਇਨ ਕਲੱਬ ਗੰਗਸਰ ਜੈਤੋ, ਗੁੱਡਵਿਲ ਅਤੇ ਜੈਤੋ ਰਾਇਲ ਵੱਲੋਂ ਸਾਂਝਾ ਤੌਰ 'ਤੇ ਇਕ ਮੁਫ਼ਤ ਸਿਹਤ ਮੇਲਾ 18 ਮਈ, ਐਤਵਾਰ ਨੂੰ ਲਾਇਨ ਆਈ ਕੇਅਰ ਸੈਂਟਰ ਜੈਤੋ ਵਿੱਚ ਲਾਇਆ ਜਾ ਰਿਹਾ ਹੈ। ਹਾਲ ਹੀ ਵਿੱਚ ਇਸ ਕੈਂਪ ਦੇ ਪੋਸਟਰ ਨੂੰ ਡਾ. ਵੀਰਿੰਦਰ ਕੁਮਾਰ (ਸੀਨੀਅਰ ਮੈਡੀਕਲ ਅਫਸਰ, ਜੈਤੋ) ਵੱਲੋਂ ਜਾਰੀ ਕੀਤਾ ਗਿਆ। ਇਸ ਮੌਕੇ ਡਾ. ਰਾਜਵੀਰ ਕੌਰ ਵੀ ਮੌਜੂਦ ਸਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਲਾਇਨ ਕਲੱਬ ਜੈਤੋ ਗੁੱਡਵਿਲ ਦੇ ਪ੍ਰਧਾਨ ਡਾ. ਸੰਦੀਪ ਜਿੰਦਲ ਅਤੇ ਕੈਂਪ ਚੇਅਰਮੈਨ ਲਾਇਨ ਨਰੇਸ਼ ਮਿਤਲ ਨੇ ਦੱਸਿਆ ਕਿ ਇਸ ਕੈਂਪ ਵਿੱਚ ਦਿੱਲੀ ਹਾਰਟ ਮਲਟੀਸਿਟੀ ਹਸਪਤਾਲ ਬਠਿੰਡਾ ਤੋਂ ਦਿਲ ਦੀਆਂ ਬੀਮਾਰੀਆਂ ਦੇ ਮਾਹਿਰ ਡਾ. ਸੋਨੂੰ ਸ਼ਰਮਾ, ਸਾਹ ਅਤੇ ਫੇਫੜਿਆਂ ਦੇ ਮਾਹਿਰ ਡਾ. ਕਸ਼ਯਪ ਗੋਇਲ ਅਤੇ ਹੱਡੀਆਂ ਦੇ ਮਾਹਿਰ ਡਾ. ਦੀਪਕ ਗਰਗ ਆਪਣੀ ਟੀਮ ਸਮੇਤ ਪਹੁੰਚ ਰਹੇ ਹਨ। ਲਾਇਨ ਕਲੱਬ ਜੈਤੋ ਗੰਗਸਰ ਦੇ ਪ੍ਰਧਾਨ ਲਾਇਨ ਕੁਲਭੂਸ਼ਣ ਮਹੇਸ਼ਵਰੀ ਅਤੇ ਜੈਤੋ ਰਾਇਲ ਦੇ ਪ੍ਰਧਾਨ ਲਾਇਨ ਜਗਦੀਸ਼ ਢਿੱਲੋਂ ਨੇ ਦੱਸਿਆ ਕਿ ਇਨ੍ਹਾਂ ਤੋਂ ਇਲਾਵਾ ਅੱਖਾਂ ਦੀਆਂ ਬੀਮਾਰੀਆਂ ਦੀ ਮਾਹਿਰ ਡਾ. ਅਕ੍ਰਿਤੀ ਸਿੰਗਲਾ, ਦੰਦਾਂ ਦੀਆਂ ਬੀਮਾਰੀਆਂ ਦੀ ਮਾਹਿਰ ਡਾ. ਅਮਨਦੀਪ ਕੌਰ, ਚਮੜੀ ਅਤੇ ਵਾਲਾਂ ਦੀਆਂ ਬੀਮਾਰੀਆਂ ਦੀ ਮਾਹਿਰ ਡਾ. ਆਸਥਾ ਅਗਰਵਾਲ ਅਤੇ ਔਰਤਾਂ ਦੀਆਂ ਬੀਮਾਰੀਆਂ ਦੀ ਮਾਹਿਰ ਡਾ. ਸ਼ਿਖਾ ਸ਼ਰਮਾ ਵੀ ਕੈਂਪ ਵਿੱਚ ਹਾਜ਼ਰੀ ਲਗਾਉਣਗੇ। ਕੈਂਪ ਵਿੱਚ ਆਉਣ ਵਾਲੇ ਸਾਰੇ ਮਰੀਜ਼ਾਂ ਨੂੰ ਮੁਫ਼ਤ ਦਵਾਈਆਂ ਦਿੱਤੀਆਂ ਜਾਣਗੀਆਂ। ਈ.ਸੀ.ਜੀ., ਸ਼ੂਗਰ, ਬੀ.ਪੀ. ਅਤੇ ਸਰੀਰ ਦੀਆਂ ਹੱਡੀਆਂ ਦੀ ਜਾਂਚ ਲਈ ਬੀਐਮਡੀ ਟੈਸਟ ਵੀ ਬਿਲਕੁਲ ਮੁਫ਼ਤ ਕੀਤਾ ਜਾਵੇਗਾ। ਇਸ ਮੌਕੇ ਲਾਇਨ ਆਈ ਕੇਅਰ ਸੈਂਟਰ ਜੈਤੋ ਦੇ ਚੇਅਰਮੈਨ ਲਾਇਨ ਰਾਕੇਸ਼ ਰੋਮਾਣਾ, ਲਾਇਨ ਪਰਵੀਨ ਜਿੰਦਲ, ਲਾਇਨ ਵਿਕੇਸ਼ ਕਾਂਸਲ (ਜ਼ੋਨ ਚੇਅਰਪਰਸਨ), ਲਾਇਨ ਰਮੇਸ਼ ਵਰਮਾ, ਲਾਇਨ ਪ੍ਰਦੀਪ ਸਿੰਗਲਾ, ਲਾਇਨ ਪੰਕਜ ਸ਼ਰਮਾ, ਲਾਇਨ ਪ੍ਰਦੀਪ ਗੋਇਲ ਆਦਿ ਹਾਜ਼ਰ ਸਨ।



# ਡਾਕਖ਼ਾਨੇ 'ਚ ਬੱਚਤ ਖਾਤਿਆਂ 'ਚ ਕਰੋੜਾਂ ਰੁਪਏ ਦੀ ਹੇਰਾ-ਫੇਰੀ ਕਰਕੇ ਧੋਖਾਧੜੀ ਦਾ ਮਾਮਲਾ ਆਇਆ ਸਾਹਮਣੇ

ਰਾਮਪੁਰਾ ਫੂਲ, 14 ਮਈ (ਚ.ਨ.ਸ): ਡਾਕਖ਼ਾਨੇ ਅੰਦਰ ਲੋਕਾਂ ਦੇ ਬੱਚਤ ਖਾਤਿਆਂ 'ਚ ਕਰੋੜਾਂ ਰੁਪਏ ਦੀ ਧੋਖਾਧੜੀ ਦਾ ਮਾਮਲਾ ਸਾਹਮਣੇ ਆਇਆ ਹੈ। ਡਾਕਖ਼ਾਨਾ ਮੁਲਾਜ਼ਮਾਂ 'ਤੇ ਜਾਅਲੀ, ਅਸਲੀ ਖਾਤਿਆਂ 'ਚ ਕਥਿਤ ਹੇਰਾ-ਫੇਰੀ ਕਰਕੇ ਜਨਤਕ ਫੰਡਾਂ ਦੀ ਦੁਰਵਰਤੋਂ ਦੇ ਦੋਸ਼ ਲੱਗ ਰਹੇ ਹਨ। ਬੱਚਤ ਏਜੰਟਾਂ 'ਤੇ ਲੋਕਾਂ ਦੇ ਪੈਸੇ ਬੱਚਤ ਖਾਤਿਆਂ 'ਚ ਜਮ੍ਹਾਂ ਨਾ ਕਰਵਾਉਣ ਦੀਆਂ ਵੀ ਗੱਲਾਂ ਸੁਣਨ ਨੂੰ ਮਿਲਦੀਆਂ ਹਨ। ਪੰਜਾਬ ਦੇ ਜਲੰਧਰ, ਮੋਗਾ, ਫਤਹਿਗੜ੍ਹ ਸਾਹਿਬ ਸਮੇਤ ਦੇਸ਼ ਦੇ ਵੱਖ-ਵੱਖ ਸ਼ਹਿਰਾਂ 'ਚ ਕਰੋੜਾਂ ਰੁਪਏ ਦੀ ਧੋਖਾਧੜੀ/ਹੇਰਾ-ਫੇਰੀ ਹੋਣ ਹੋਣ ਦੀਆ ਚਰਚਾਵਾਂ ਛਿੜੀਆਂ ਹੋਈਆਂ ਹਨ। ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਜਲੰਧਰ 'ਚ 8.48 ਕਰੋੜ ਦੀ ਧੋਖਾਧੜੀ ਦੇ ਮਾਮਲੇ ਵਿੱਚ ਦੋਸ਼ੀ ਨੇ ਕਥਿਤ ਤੌਰ 'ਤੇ ਆਪਣੇ ਤੇ ਸਹਿਯੋਗੀਆਂ ਲਈ ਕਈ ਬੈਂਕ ਖਾਤਿਆਂ ਦੀ ਵਰਤੋਂ ਫ਼ੰਡਾਂ ਨੂੰ ਵਿੱਤੀ ਪ੍ਰਣਾਲੀ ਵਿੱਚ ਲੇਅਰ ਕਰਨ ਤੇ ਜੋੜਨ ਲਈ ਕੀਤੀ ਸੀ, ਜਿਸ ਦਾ ਇੱਕ ਵੱਡਾ ਹਿੱਸਾ ਨਗਦੀ ਵਿੱਚ ਕੱਢਵਾਇਆ ਗਿਆ ਸੀ। ਜਾਣਕਾਰੀ ਅਨੁਸਾਰ ਮਾਰਚ 2025 ਵਿੱਚ ਇਨਫੋਰਸਮੈਂਟ ਡਾਇਰੈਕਟੋਰੇਟ ਨੇ 42 ਲੱਖ ਦੀ ਜਾਇਦਾਦ ਨੂੰ 8.48 ਕਰੋੜ ਦੇ ਧੋਖਾਧੜੀ ਦੇ ਮਾਮਲੇ ਵਿੱਚ ਅਟੈਚ ਕੀਤਾ ਸੀ, ਜਿੱਥੇ ਇਕ ਸਾਬਕਾ ਸਬ-ਪੋਸਟਮਾਸਟਰ ਨੇ ਕਥਿਤ ਤੌਰ 'ਤੇ ਜਾਅਲੀ ਖਾਤੇ ਖੋਲ੍ਹ ਕੇ ਅਸਲੀ ਖਾਤਿਆਂ ਵਿੱਚ ਹੇਰਾ-ਫੇਰੀ ਕਰਕੇ ਜਨਤਕ ਫੰਡਾਂ ਦੀ ਦੁਰਵਰਤੋਂ ਕੀਤੀ ਸੀ। ਫ਼ਤਹਿਗੜ੍ਹ ਸਾਹਿਬ ਵਿੱਚ ਫਰਵਰੀ 2024 ਵਿੱਚ ਬੱਚਤ ਏਜੰਟਾਂ ਨੇ ਲੋਕਾਂ ਦੇ ਕਰੋੜਾਂ ਰੁਪਏ ਡਾਕਖ਼ਾਨਾ ਖਾਤਿਆਂ ਵਿੱਚ ਜਮ੍ਹਾਂ ਨਾ ਕਰਵਾ ਕੇ ਤੇ ਪਾਸ-ਬੁੱਕਾਂ 'ਤੇ ਜਾਅਲੀ ਮੋਹਰਾਂ ਦੀ ਵਰਤੋਂ ਕਰਕੇ ਵੱਡੀ ਧੋਖਾਧੜੀ ਕੀਤੀ ਸੀ। ਇਸੇ ਤਰ੍ਹਾਂ ਮੋਗਾ ਅੰਦਰ ਜੂਨ 2021 ਵਿੱਚ ਡਾਕ ਵਿਭਾਗ ਦੇ ਕਰਮਚਾਰੀਆਂ 'ਤੇ ਕਥਿਤ 12 ਲੱਖ ਦੀ ਧੋਖਾਧੜੀ ਵਿੱਚ ਜਾਅਲੀ ਜਮ੍ਹਾਂ ਐਂਟਰੀਆਂ ਤੇ ਕਢਵਾਉਣ ਦੇ ਦੋਸ਼ ਵਿੱਚ ਕੇਸ ਦਰਜ ਹੋਏ ਸਨ। ਜਲੰਧਰ ਵਿੱਚ ਹੀ ਕੁਝ ਸਾਲ ਪਹਿਲਾਂ 2 ਡਾਕਖਾਨਾ ਕਰਮਚਾਰੀਆਂ ਉਤੇ ਇੱਕ ਟਰਮ ਡਿਪਾਜਿਟ ਖਾਤੇ ਨਾਲ ਸਬੰਧਤ ਰਿਕਾਰਡਾਂ ਨੂੰ ਜਾਅਲੀ ਬਣਾ ਕੇ ਤੇ ਗਲਤ ਜਾਣਕਾਰੀ ਦੇ ਕੇ ਕਥਿਤ ਤੌਰ 'ਤੇ 6 ਲੱਖ ਦੀ ਦੁਰਵਰਤੋਂ ਕਰਨ ਦੇ ਦੋਸ਼ ਹਨ। ਇਸ ਤਰ੍ਹਾਂ ਦੇਸ਼ ਦੇ ਹੋਰਨਾਂ ਰਾਜਾਂ ਵਿੱਚ ਵੀ ਠੱਗੀ ਦੇ ਕਈ ਮਾਮਲੇ ਉਠ ਚੁੱਕੇ ਹਨ। ਬੁੱਧੀਜੀਵੀ ਵਰਗ ਦਾ ਕਹਿਣਾ ਹੈ ਕਿ ਡਾਕਖਾਨਾ ਦੇ ਬੱਚਤ ਖਾਤਿਆਂ ਵਿੱਚ ਤੇ ਬੈਂਕਾਂ ਅੰਦਰ ਜਮ੍ਹਾਂ ਕਰਵਾਏ ਗਏ ਪੈਸੇ ਦੀ ਜ਼ਿੰਮੇਵਾਰੀ ਸਰਕਾਰ ਦੀ ਬਣਦੀ ਹੈ, ਕਿਉਂਕਿ ਇਨ੍ਹਾਂ ਖਾਤਿਆਂ ਅੰਦਰ ਗਰੀਬ ਤੇ ਆਮ ਲੋਕ ਹੀ ਆਪਣੇ ਪੈਸੇ ਜਮ੍ਹਾਂ ਕਰਵਾਉਂਦੇ ਹਨ।

# ਹਰਚੋਵਾਲ ਦੇ ਦੁਕਾਨਦਾਰਾਂ ਨੇ ਸੜਕ 'ਤੇ ਕੀਤਾ ਕਬਜ਼ਾ

ਘੁਮਾਣ/ਸ੍ਰੀ ਹਰਗੋਬਿੰਦਪੁਰ ਸਾਹਿਬ, 14 ਮਈ (ਡਾ. ਨਰਿੰਦਰ ਸਿੰਘ ਘੁਮਾਣ/ਜਗੀਰ ਸਿੰਘ ਮੰਡ): ਥਾਣਾ ਸ੍ਰੀ ਹਰਗੋਬਿੰਦਪੁਰ ਸਾਹਿਬ ਦੇ ਅਧੀਨ ਆਉਂਦੇ ਪਿੰਡ ਹਰਚੋਵਾਲ ਵਿੱਚ ਦੁਕਾਨਦਾਰਾਂ ਵੱਲੋਂ ਫਰੂਟ ਦੀਆਂ ਦੁਕਾਨਾਂ ਨੂੰ ਸੜਕ ਦੇ ਕੰਢੇ ਤੱਕ ਲਗਾ ਕੇ ਸੜਕ ਹਾਦਸਿਆਂ ਨੂੰ ਸੱਦਾ ਦਿੱਤਾ ਜਾ ਰਿਹਾ ਹੈ। ਦੱਸ ਦਈਏ ਕਿ ਸ੍ਰੀ ਹਰਗੋਬਿੰਦਪੁਰ ਰੋਡ ਉੱਤੇ ਦੁਕਾਨਦਾਰਾਂ ਵੱਲੋਂ ਇਕ-ਦੂਜੇ ਤੋਂ ਵੱਧ ਕਮਾਈ ਨੂੰ ਲੈ ਕੇ ਹਰ ਰੋਜ਼ ਦੁਕਾਨਾਂ ਨੂੰ ਇੱਕ-ਦੂਜੇ ਤੋਂ ਅੱਗੇ-ਅੱਗੇ ਖੜ੍ਹਨ ਦਾ ਸਿਲਸਿਲਾ ਵੱਧਦਾ ਜਾ ਰਿਹਾ ਹੈ ਤੇ ਇਹ ਸਿਲਸਿਲਾ ਹੁਣ ਸੜਕ ਦੇ ਕੰਢੇ ਤੱਕ ਆ ਪਹੁੰਚਿਆ ਹੈ। ਲੋਕਾਂ ਦਾ ਫੁੱਟਪਾਥ 'ਤੇ ਖੜ੍ਹਾ ਹੋਣਾ ਅਸੰਭਵ ਹੈ। ਇਸ ਮੌਕੇ ਦੁਕਾਨਦਾਰਾਂ ਨੇ ਕਿਹਾ ਹਰਚੋਵਾਲ ਚੌਕ ਵਿੱਚ ਸਾਰਾ ਦਿਨ ਜਾਮ ਲੱਗਾ ਰਹਿੰਦਾ ਹੈ, ਆਮ ਬੰਦੇ ਕੋਲੋਂ ਸੜਕ ਪਾਰ ਕਰਨਾ ਵੀ ਔਖਾ ਹੋਇਆ ਪਿਆ ਹੈ। ਉਨ੍ਹਾਂ ਨੇ ਡਿਪਟੀ ਕਮਿਸ਼ਨਰ ਗੁਰਦਾਸਪੁਰ ਨੂੰ ਅਪੀਲ ਕੀਤੀ ਹੈ ਕਿ ਹਰਚੋਵਾਲ ਚੌਕ ਵਿੱਚ ਦੁਕਾਨਾਂ ਨੂੰ ਸੜਕ ਪਿੱਛੇ ਕੀਤਾ ਜਾਵੇ ਤੇ ਸੜਕ ਤੱਕ ਆਈਆਂ ਦੁਕਾਨਾਂ ਨੂੰ ਪਿੱਛੇ ਹਟਾਇਆ ਜਾਵੇ। ਇਸ ਮੌਕੇ ਉਨ੍ਹਾਂ ਨੇ ਐੱਸ.ਐੱਸ.ਪੀ. ਬਟਾਲਾ ਨੂੰ ਅਪੀਲ ਕੀਤੀ ਹੈ ਕਿ ਹਰਚੋਵਾਲ ਚੌਕ ਵਿੱਚ ਚੌਕਸੀ ਵਧਾਈ ਜਾਵੇ ਤੇ ਰੋਜ਼ਾਨਾ ਲੱਗਦੇ ਜਾਮ ਨੂੰ ਹਟਾਇਆ ਜਾਵੇ। ਉਨ੍ਹਾਂ ਨੇ ਇਹ ਵੀ ਕਿਹਾ ਕਿ ਚੌਕ ਦੇ ਨਜ਼ਦੀਕ ਇਕ ਸਿਵਲ ਹਸਪਤਾਲ ਤੇ ਇਕ ਪ੍ਰਾਇਮਰੀ ਸਕੂਲ ਤੇ ਸੀਨੀਅਰ ਸੈਕੰਡਰੀ ਸਕੂਲ ਵੀ ਹੈ, ਇਸ ਲਈ ਜਲਦੀ ਤੋਂ ਜਲਦੀ ਸੜਕ ਦੇ ਫੁੱਟਪਾਥਾਂ ਨੂੰ ਖ਼ਾਲੀ ਕਰਵਾ ਕੇ ਲੋਕ ਦੇ ਲਾਂਘੇ ਨੂੰ ਪਹਿਲ ਦੇ ਆਧਾਰ 'ਤੇ ਖ਼ਾਲੀ ਕਰਵਾਇਆ ਜਾਵੇ।



# ਦੇਸ਼ ਦੇ ਨਾਗਰਿਕਾਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ 10 ਉਪਗ੍ਰਹਿ ਤਾਇਨਾਤ : ਨਾਰਾਇਣਨ

ਇੰਫਾਲ, 14 ਮਈ (ਚ.ਨ.ਸ): ਭਾਰਤੀ ਪੁਲਾੜ ਖੋਜ ਸੰਗਠਨ ਇਸਰੋ ਦੇ ਚੇਅਰਮੈਨ ਡਾ.ਵੀ.ਨਾਰਾਇਣਨ ਨੇ ਕਿਹਾ ਕਿ ਦੇਸ਼ ਦੇ ਨਾਗਰਿਕਾਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ 10 ਉਪਗ੍ਰਹਿ 24 ਘੰਟੇ ਲਗਾਤਾਰ ਨਿਗਰਾਨੀ ਕਰ ਰਹੇ ਹਨ। ਮਨੀਪੁਰ ਦੀ ਰਾਜਧਾਨੀ ਇੰਫਾਲ ਵਿੱਚ ਕੇਂਦਰੀ ਖੇਤੀਬਾੜੀ ਯੂਨੀਵਰਸਿਟੀ ਦੇ ਕਨਵੋਕੇਸ਼ਨ ਵਿੱਚ ਸੰਬੋਧਨ ਕਰਦਿਆਂ ਨਾਰਾਇਣਨ ਨੇ ਕਿਹਾ ਕਿ ਭਾਰਤ 'ਵੱਡੀ ਪੁਲਾੜ ਸ਼ਕਤੀ' ਬਣ ਰਿਹਾ ਹੈ ਤੇ ਦੇਸ਼ ਦਾ ਪਹਿਲਾ ਪੁਲਾੜ ਸਟੇਸ਼ਨ 2040 ਤੱਕ ਸਥਾਪਤ ਹੋ ਜਾਵੇਗਾ। ਇਸਰੋ ਮੁਖੀ ਨੇ ਕਿਹਾ ਕਿ ਅੱਜ ਭਾਰਤ ਤੋਂ 34 ਦੇਸ਼ਾਂ ਦੇ 433 ਉਪਗ੍ਰਹਿ ਪੁਲਾੜ ਵਿੱਚ ਲਾਂਚ ਕੀਤੇ ਗਏ ਹਨ। ਮੈਨੂੰ ਇਹ ਦੱਸਦਿਆਂ ਖ਼ੁਸ਼ੀ ਹੋ ਰਹੀ ਹੈ ਕਿ ਅੱਜ 10 ਉਪਗ੍ਰਹਿ ਦੇਸ਼ ਦੇ ਨਾਗਰਿਕਾਂ ਦੀ ਸੁਰੱਖਿਆ ਯਕੀਨੀ ਬਣਾਉਣ ਦੇ ਰਣਨੀਤਕ ਉਦੇਸ਼ ਲਈ 24 ਘੰਟੇ ਕੰਮ ਕਰ ਰਹੇ ਹਨ। ਉਨ੍ਹਾਂ ਦੀਆਂ ਟਿੱਪਣੀਆਂ ਭਾਰਤ ਤੇ ਪਾਕਿਸਤਾਨ ਵਿਚਾਲੇ ਚੱਲ ਰਹੇ ਤਣਾਅ ਦੇ ਪਿਛੋਕੜ ਵਿੱਚ ਆਈਆਂ ਹਨ। ਡਾ.ਨਾਰਾਇਣਨ ਨੇ ਕਿਹਾ ਕਿ ਦੇਸ਼ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਸਾਨੂੰ ਸੈਟੇਲਾਈਟਾਂ ਦੀ ਵਰਤੋਂ ਕਰਨੀ ਪਵੇਗੀ। ਸਾਨੂੰ ਆਪਣੇ 7,000 ਕਿਲੋਮੀਟਰ ਲੰਬੀ ਤੱਟ ਰੇਖਾ ਦੀ ਨਿਗਰਾਨੀ ਕਰਨੀ ਪਵੇਗੀ। ਸਾਨੂੰ ਪੂਰੇ ਉੱਤਰੀ ਭਾਰਤ ਨੂੰ ਨਿਰੰਤਰ ਨਿਗਰਾਨੀ ਹੇਠ ਰੱਖਣਾ ਪਵੇਗਾ। ਇਹ ਕੰਮ ਸੈਟੇਲਾਈਟ ਤੇ ਡਰੋਨ ਤਕਨੀਕ ਤੋਂ ਬਿਨਾਂ ਸੰਭਵ ਨਹੀਂ ਹੈ। ਇਸਰੋ ਮੁੱਖੀ ਨੇ ਆਜ਼ਾਦੀ ਤੋਂ ਬਾਅਦ ਦੇਸ਼ ਦੀ ਤਰੱਕੀ ਨੂੰ 'ਸ਼ਾਨਦਾਰ' ਦੱਸਿਆ। ਉਨ੍ਹਾਂ ਕਿਹਾ ਕਿ ਜਦੋਂ ਦੇਸ਼ ਨੂੰ 1947 ਵਿੱਚ ਆਜ਼ਾਦੀ ਮਿਲੀ ਸੀ ਤਾਂ 97.5 ਫੀਸਦ ਆਬਾਦੀ ਗਰੀਬੀ ਰੇਖਾ ਤੋਂ ਹੇਠਾਂ ਸੀ ਤੇ ਭਾਰਤੀਆਂ ਦੀ ਔਸਤ ਜੀਵਨ ਸੰਭਾਵਨਾ ਸਿਰਫ 32 ਸਾਲ ਸੀ। ਅੱਜ ਇਹ ਔਸਤ 72 ਸਾਲ ਹੋ ਗਈ ਹੈ। ਹਰ ਖੇਤਰ ਵਿੱਚ ਵਿਕਾਸ ਹੋਇਆ ਹੈ।

# ਸ਼ੈਰੀ ਕਲਸੀ ਨੇ ਵਾਰਡ ਨੰਬਰ 26 ਡੋਗਰਾਂ ਮੁਹੱਲੇ ਦੀ ਗਲੀ ਦਾ ਕਰਵਾਇਆ ਨਿਰਮਾਣ ਕਾਰਜ ਸ਼ੁਰੂ

ਅਲੀਵਾਲ/ਉਧਨਵਾਲ, 14 ਮਈ (ਡਾ. ਸਤਨਾਮ ਸਿੰਘ ਸੰਧੂ/ਸੁੱਖ ਅੰਮ੍ਰਿਤ ਘੁਮਾਣ): ਪੰਜਾਬ ਦੇ ਕਾਰਜਕਾਰੀ ਪ੍ਰਧਾਨ ਤੇ ਬਟਾਲਾ ਦੇ ਨੌਜਵਾਨ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਵੱਲੋਂ ਬਟਾਲਾ ਸ਼ਹਿਰ ਅੰਦਰ ਕਰਵਾਏ ਜਾ ਰਹੇ ਵਿਕਾਸ ਕਾਰਜਾਂ ਦੀ ਲੜੀ ਤਹਿਤ ਵਾਰਡ ਨੰਬਰ 26 ਡੋਗਰਾਂ ਮੁਹੱਲੇ ਦੀ ਚਿਰੋਕਣੀ ਮੰਗ ਪੂਰੀ ਕਰਦਿਆਂ ਗਲੀ ਬਣਾਉਣ ਦਾ ਕੰਮ ਸ਼ੁਰੂ ਕਰਵਾਇਆ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਮਾਨਿਕ ਮਹਿਤਾ, ਚੇਅਰਮੈਨ ਮਾਰਕੀਟ ਕਮੇਟੀ ਬਟਾਲਾ ਨੇ ਦੱਸਿਆ ਕਿ ਪਿਛਲੇ ਲੰਬੇ ਸਮੇਂ ਤੋਂ ਮੁਹੱਲਾ ਨਿਵਾਸੀਆਂ ਨੂੰ ਗਲੀ ਨਾ ਬਣਨ ਕਰਕੇ ਬਹੁਤ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ ਪਰ ਹੁਣ ਲੋਕਾਂ ਦੀ ਮੁਸ਼ਕਿਲ ਹੱਲ ਕਰਦਿਆਂ ਗਲੀ ਦਾ ਨਿਰਮਾਣ ਕੰਮ ਸ਼ੁਰੂ ਕਰਵਾਇਆ ਗਿਆ ਹੈ। ਇਸ ਮੌਕੇ ਮੁਹੱਲਾ ਵਾਸੀਆਂ ਨੇ ਵਿਧਾਇਕ ਸ਼ੈਰੀ ਕਲਸੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਗਲੀ ਬਣਨ ਨਾਲ ਲੋਕਾਂ ਨੂੰ ਵੱਡੀ ਰਾਹਤ ਮਿਲੇਗੀ। ਇਸ ਮੌਕੇ ਮਾਸਟਰ ਤਿਲਕ ਰਾਜ ਤੇ ਅਮਿਤ ਸੋਢੀ ਵੀ ਮੌਜੂਦ ਸਨ। ਇਸ ਮੌਕੇ ਗੱਲ ਕਰਦਿਆਂ ਚੇਅਰਮੈਨ ਮਾਨਿਕ ਮਹਿਤਾ ਨੇ ਕਿਹਾ ਕਿ ਜਦੋਂ ਦਾ ਬਟਾਲਾ ਵਾਸੀਆਂ ਨੇ ਵਿਧਾਇਕ ਸ਼ੈਰੀ ਕਲਸੀ ਨੂੰ ਸੇਵਾ ਕਰਨ ਦਾ ਮੌਕਾ ਦਿੱਤਾ ਹੈ, ਉਨ੍ਹਾਂ ਦੀ ਹਮੇਸ਼ਾ ਤਰਜੀਹ ਰਹੀ ਹੈ ਕਿ ਲੋਕਾਂ ਦੀਆਂ ਮੁਸ਼ਕਿਲਾਂ ਪਹਿਲ ਦੇ ਆਧਾਰ 'ਤੇ ਹੱਲ ਕੀਤੀਆਂ ਜਾਣ ਤੇ ਸਰਕਾਰ ਦੀਆਂ ਭਲਾਈ ਨੀਤੀਆਂ ਦਾ ਲਾਭ ਲੋਕਾਂ ਤੱਕ ਪੁੱਜਦਾ ਕੀਤਾ ਜਾਵੇ। ਉਨ੍ਹਾਂ ਅੱਗੇ ਦੱਸਿਆ ਕਿ ਸ਼ਹਿਰ ਬਟਾਲਾ ਦੇ ਵਿਕਾਸ ਕਾਰਜਾਂ ਦੀ ਗੱਲ ਕਰੀਏ ਤਾਂ ਵਿਧਾਇਕ ਸ਼ੈਰੀ ਕਲਸੀ ਦੀ ਅਗਵਾਈ ਹੇਠ ਲੋਕਾਂ ਦੀਆਂ ਚਿਰੋਕਣੀ ਮੰਗਾਂ ਪੂਰੀਆਂ ਕੀਤੀਆਂ ਗਈਆਂ ਹਨ। ਟ੍ਰੈਫਿਕ ਦੀ ਸਮੱਸਿਆ ਤੋਂ ਲੋਕਾਂ ਨੂੰ ਨਿਜਾਤ ਪਾਉਣ ਦੇ ਮੰਤਵ ਨਾਲ ਸੜਕਾਂ ਨੂੰ ਚੌੜਿਆਂ ਕਰਨ ਦੇ ਨਾਲ ਬਿਜਲੀ ਦੇ ਖੰਬਿਆਂ ਨੂੰ ਸੜਕਾਂ ਦੇ ਕਿਨਾਰਿਆਂ ਤੋਂ ਹਟਾਇਆ ਗਿਆ ਹੈ। ਲੋਕਾਂ ਨੂੰ ਇੱਕ ਛੱਤ ਹੇਠਾਂ ਵੱਖ-ਵੱਖ ਸਰਕਾਰੀ ਸੇਵਾਵਾਂ ਦੇਣ ਦੇ ਮੰਤਵ ਨਾਲ ਨਵਾਂ ਤਹਿਸੀਲ ਕੰਪਲੈਕਸ ਉਸਾਰਿਆ ਗਿਆ ਹੈ, ਜਿਸ ਨੂੰ ਬਹੁਤ ਜਲਦ ਲੋਕਾਂ ਦੇ ਸਮਰਪਿਤ ਕੀਤਾ ਜਾ ਰਿਹਾ ਹੈ। ਮੁਹੱਲਾ ਕਲੀਨਿਕ ਸ਼ੁਰੂ ਕੀਤੇ ਗਏ ਹਨ, ਜਿੱਥੇ ਰੋਜ਼ਾਨਾ ਮਰੀਜ਼ ਆਪਣਾ ਮੁਫਤ ਇਲਾਜ ਕਰਵਾ ਰਹੇ ਹਨ। ਸਰਕਾਰੀ ਸਕੂਲਾਂ ਦੀ ਵਿਕਾਸ ਪੱਖੋਂ ਨੁਹਾਰ ਬਦਲੀ ਗਈ ਹੈ।



# ਵਿਧਾਇਕ ਕਲਸੀ ਦੀ ਰਹਿਨੁਮਾਈ ਹੇਠ ਕੱਚੇ ਮਕਾਨਾਂ ਵਾਲੇ 39 ਲਾਭਪਾਤਰੀਆਂ ਦੇ ਖਾਤੇ 'ਚ ਪੱਕੇ ਮਕਾਨ ਬਣਾਉਣ ਲਈ ਪੈਸੇ ਟਰਾਂਸਫਰ



ਬਟਾਲਾ, 14 ਮਈ (ਬਲਵਿੰਦਰ ਸਿੰਘ ਪੰਜਗਰਾਈਂ/ਧੰਨਪਾਲ ਕਲਸੀ): ਪੰਜਾਬ ਦੇ ਕਾਰਜਕਾਰੀ ਪ੍ਰਧਾਨ ਤੇ ਬਟਾਲਾ ਦੇ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਵੱਲੋਂ ਬਟਾਲਾ ਹਲਕੇ ਅੰਦਰ ਜਿਥੇ ਸਰਬਪੱਖੀ ਵਿਕਾਸ ਤੇਜ਼ੀ ਨਾਲ ਕਰਵਾਏ ਜਾ ਰਹੇ ਹਨ, ਉਥੇ ਅੱਜ ਸ਼ਹਿਰ ਦੇ ਲੋੜਵੰਦ ਪਰਿਵਾਰਾਂ ਨੂੰ ਆਰਥਿਕ ਲਾਭ ਪੁੱਜਦਾ ਕਰਦਿਆਂ ਕੱਚੇ ਮਕਾਨਾਂ ਵਾਲੇ 39 ਲਾਭਪਾਤਰੀਆਂ ਦੇ ਖਾਤੇ ਵਿੱਚ ਪੱਕੇ ਮਕਾਨ ਬਣਾਉਣ ਲਈ 23 ਲੱਖ ਰੁਪਏ ਟਰਾਂਸਫਰ ਕੀਤੇ ਗਏ ਹਨ, ਜਿਸ ਸਬੰਧੀ ਅੱਜ ਵਿਧਾਇਕ ਸ਼ੈਰੀ ਕਲਸੀ ਦੇ ਭਰਾ ਅੰਮ੍ਰਿਤ ਕਲਸੀ ਨੇ ਪਰਿਵਾਰਾਂ ਨੂੰ ਟੋਕਨ ਵੰਡੇ। ਇਸ ਮੌਕੇ ਗੱਲ ਕਰਦਿਆਂ ਅੰਮ੍ਰਿਤ ਕਲਸੀ ਨੇ ਦੱਸਿਆ ਕਿ ਵਿਧਾਇਕ ਸ਼ੈਰੀ ਕਲਸੀ 24 ਘੰਟੇ ਲੋਕਾਂ ਦੀਆਂ ਮੁਸ਼ਕਿਲਾਂ ਹੱਲ ਕਰਨ ਤੇ ਹਲਕੇ ਅੰਦਰ ਵਿਕਾਸ ਕੰਮਾਂ ਲਈ ਤਤਪਰ ਰਹਿੰਦੇ ਹਨ। ਉਨ੍ਹਾਂ ਕਿਹਾ ਕਿ ਵਿਧਾਇਕ ਸ਼ੈਰੀ ਕਲਸੀ ਜਦ ਹਲਕੇ ਤੋਂ ਬਾਹਰ ਹੁੰਦੇ ਤਾਂ ਉਨ੍ਹਾਂ ਦਾ ਧਿਆਨ ਮਗਰ ਲੋਕਾਂ ਵੱਲ ਹੀ ਰਹਿੰਦਾ ਹੈ। ਉਨ੍ਹਾਂ ਦੱਸਿਆ ਕਿ ਅੱਜ ਉਨ੍ਹਾਂ ਮੇਰੀ ਡਿਊਟੀ ਲਗਾਈ ਸੀ ਕਿ ਲੋੜਵੰਦ ਪਰਿਵਾਰਾਂ ਨੂੰ ਪੱਕੇ ਮਕਾਨ ਲਈ ਪੈਸੇ ਟਰਾਂਸਫਰ ਕੀਤੇ ਗਏ, ਉਸ ਸਬੰਧੀ ਟੋਕਨ ਵੰਡੇ ਜਾਣ। ਉਨ੍ਹਾਂ ਦੱਸਿਆ ਕਿ ਸ਼ਹਿਰ ਬਟਾਲਾ ਦੇ ਵਿਕਾਸ ਕਾਰਜਾਂ ਦੀ ਗੱਲ ਕਰੀਏ ਤਾਂ ਵਿਧਾਇਕ ਸ਼ੈਰੀ ਕਲਸੀ ਦੀ ਅਗਵਾਈ ਹੇਠ ਲੋਕਾਂ ਦੀਆਂ ਚਿਰੋਕਣੀ ਮੰਗਾਂ ਪੂਰੀਆਂ ਕੀਤੀਆਂ ਗਈਆਂ ਹਨ। ਟ੍ਰੈਫਿਕ ਦੀ ਸਮੱਸਿਆ ਤੋਂ ਲੋਕਾਂ ਨੂੰ ਨਿਜਾਤ ਪਾਉਣ ਦੇ ਮੰਤਵ ਨਾਲ ਸੜਕਾਂ ਨੂੰ ਚੌੜਿਆਂ ਕਰਨ ਦੇ ਨਾਲ ਬਿਜਲੀ ਦੇ ਖੰਬਿਆਂ ਨੂੰ ਸੜਕਾਂ ਦੇ ਕਿਨਾਰਿਆਂ ਤੋਂ ਹਟਾਇਆ ਗਿਆ ਹੈ। ਸ਼ਹਿਰ ਵਿੱਚ ਖੂਬਸੂਰਤ ਪਾਰਕ ਉਸਾਰਨ ਦੇ ਨਾਲ ਚੌਕਾਂ ਨੂੰ ਚੌੜਿਆਂ ਕੀਤਾ ਗਿਆ ਹੈ। ਲੋਕਾਂ ਨੂੰ ਇੱਕ ਛੱਤ ਹੇਠਾਂ ਵੱਖ-ਵੱਖ ਸਰਕਾਰੀ ਸੇਵਾਵਾਂ ਦੇਣ ਦੇ ਮੰਤਵ ਨਾਲ ਨਵਾਂ ਤਹਿਸੀਲ ਕੰਪਲੈਕਸ ਉਸਾਰਿਆ ਗਿਆ ਹੈ, ਜਿਸ ਨੂੰ ਬਹੁਤ ਜਲਦ ਲੋਕਾਂ ਦੇ ਸਮਰਪਿਤ ਕੀਤਾ ਜਾ ਰਿਹਾ ਹੈ। ਮੁਹੱਲਾ ਕਲੀਨਿਕ ਸ਼ੁਰੂ ਕੀਤੇ ਗਏ ਹਨ, ਜਿਥੇ ਰੋਜ਼ਾਨਾ ਮਰੀਜ਼ ਆਪਣਾ ਮੁਫ਼ਤ ਇਲਾਜ ਕਰਵਾ ਰਹੇ ਹਨ। ਸਰਕਾਰੀ ਸਕੂਲਾਂ ਦੀ ਵਿਕਾਸ ਪੱਖੋਂ ਨੁਹਾਰ ਬਦਲੀ ਗਈ ਹੈ। ਸਕੂਲਾਂ ਵਿੱਚ ਨਵੇਂ ਕਮਰੇ, ਕਮਰਿਆਂ ਦਾ ਨਵੀਨੀਕਰਨ, ਚਾਰਦੀਵਾਰੀ ਸਮੇਤ ਵੱਖ-ਵੱਖ ਵਿਕਾਸ ਕਾਰਜਾਂ ਦੇ ਉਦਘਾਟਨ ਕੀਤੇ ਜਾ ਚੁੱਕੇ ਹਨ।

# ਨਵਾਂਸ਼ਹਿਰ ਨੂੰ ਡੰਪ ਲਈ ਮਿਲੇਗੀ ਨਵੀਂ ਥਾਂ ਰੇਲਵੇ ਰੋਡ ਵੀ ਜਲਦ ਬਣੇਗੀ: ਡਾ. ਰਵਜੋਤ ਸਿੰਘ

ਸ਼ਹੀਦ ਭਗਤ ਸਿੰਘ ਨਗਰ, 14 ਮਈ (ਸੁਖਦੇਵ ਸਿੰਘ ਉੜਾਪੜ): ਪੰਜਾਬ ਦੇ ਸਥਾਨਕ ਸਰਕਾਰਾਂ ਮੰਤਰੀ ਡਾ. ਰਵਜੋਤ ਸਿੰਘ ਨੇ ਮੰਗਲਵਾਰ ਨੂੰ ਸ਼ਹਿਰ ਵਿੱਚ ਮੌਜੂਦਾ ਕੂੜੇ ਦੇ ਡੰਪ ਵਾਲੀ ਥਾਂ ਦਾ ਦੌਰਾ ਕਰਕੇ ਸਥਿਤੀ ਦਾ ਜਾਇਜ਼ਾ ਲਿਆ ਤੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸ਼ਹਿਰ ਵਾਸੀਆਂ ਦੀ ਸਹੂਲਤ ਲਈ ਖੁੱਲ੍ਹੀ ਤੇ ਢੁੱਕਵੀਂ ਜਗ੍ਹਾ ਦੀ ਸ਼ਨਾਖਤ ਕਰਕੇ ਡੰਪ ਬਣਾਇਆ ਜਾਵੇਗਾ। ਰੇਲਵੇ ਰੋਡ 'ਤੇ ਵਿਛਾਈਆਂ ਜਾ ਰਹੀਆਂ ਪਾਣੀ ਦੀਆਂ ਪਾਈਪ ਲਾਈਨਾਂ ਦੇ ਕੰਮ ਦੀ ਸਮੀਖਿਆ ਕਰਦਿਆਂ ਸਥਾਨਕ ਸਰਕਾਰਾਂ ਮੰਤਰੀ ਡਾ. ਰਵਜੋਤ ਸਿੰਘ ਨੇ ਕਿਹਾ ਕਿ ਸ਼ਹਿਰ ਦੇ ਮੇਨ ਬਾਜ਼ਾਰ ਵਿੱਚ ਰੇਲਵੇ ਰੋਡ ਜਲਦੀ ਹੀ ਬਣਾਈ ਜਾਵੇਗੀ। ਉਨ੍ਹਾਂ ਕਿਹਾ ਕਿ ਇਹ ਸੜਕ ਸੀਮਿੰਟ ਵਾਲੀ ਸੜਕ ਹੋਵੇਗੀ ਜੋ ਵਸਨੀਕਾਂ ਲਈ ਵੱਡੀ ਸਹੂਲਤ ਸਾਬਤ ਹੋਵੇਗੀ। ਉਨ੍ਹਾਂ ਕਿਹਾ ਕਿ ਪਾਣੀ ਦੀਆਂ ਪਾਈਪ ਲਾਈਨਾਂ ਦਾ ਕੰਮ ਪੂਰਾ ਹੋਣ ਤੋਂ ਤੁਰੰਤ ਬਾਅਦ ਸੀਮਿੰਟ ਵਾਲੀ ਸੜਕ ਵਿਛਾਉਣ ਦਾ ਕੰਮ ਸ਼ੁਰੂ ਕਰਨ ਲਈ ਸਾਰੀਆਂ ਲੋੜੀਂਦੀਆਂ ਪ੍ਰਵਾਨਗੀਆਂ ਦਿੱਤੀਆਂ ਜਾ ਰਹੀਆਂ ਹਨ। ਸੀਵਰੇਜ ਤੇ ਐੱਸ.ਟੀ.ਪੀ. ਪ੍ਰੋਜੈਕਟਾਂ ਬਾਰੇ ਜਾਣਕਾਰੀ ਦਿੰਦੇ ਹੋਏ ਡਾ. ਰਵਜੋਤ ਸਿੰਘ ਨੇ ਕਿਹਾ ਕਿ ਪ੍ਰਸਤਾਵਿਤ ਯੋਜਨਾ ਵਿੱਚ ਨਵੇਂ ਖੇਤਰਾਂ ਤੇ ਨਵੀਆਂ ਕਲੋਨੀਆਂ ਨੂੰ ਵੀ ਜੋੜਿਆ ਜਾਵੇਗਾ। ਉਨ੍ਹਾਂ ਕਿਹਾ ਕਿ ਲਗਭਗ 48 ਕਰੋੜ ਰੁਪਏ ਦੀ ਲਾਗਤ ਨਾਲ ਇਹ ਸਾਰਾ ਪ੍ਰੋਜੈਕਟ ਮੁਕੰਮਲ ਹੋਵੇਗਾ ਤੇ ਪੰਜਾਬ ਸਰਕਾਰ ਇਸ ਪ੍ਰੋਜੈਕਟ ਨੂੰ ਪੂਰਾ ਕਰਨ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਇਹ ਪ੍ਰੋਜੈਕਟ ਨਵਾਂ ਸ਼ਹਿਰ ਸ਼ਹਿਰ ਵਾਸੀਆਂ ਲਈ ਬਹੁਤ ਲਾਭਦਾਇਕ ਹੋਵੇਗਾ। ਇਸ ਮੌਕੇ ਨਗਰ ਸੁਧਾਰ ਟਰੱਸਟ ਦੇ ਚੇਅਰਮੈਨ ਸਤਨਾਮ ਸਿੰਘ ਜਲਵਾਹਾ, ਪੰਜਾਬ ਰਾਜ ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਬੋਰਡ ਦੇ ਉਪ-ਚੇਅਰਮੈਨ ਲਲਿਤ ਮੋਹਨ ਪਾਠਕ, ਜ਼ਿਲ੍ਹਾ ਯੋਜਨਾ ਕਮੇਟੀ ਦੇ ਚੇਅਰਮੈਨ ਸਤਨਾਮ ਸਿੰਘ ਜਲਾਲਪੁਰ ਆਦਿ ਵੀ ਮੌਜੂਦ ਸਨ।



# ਪਿੰਡਾਂ/ਵਾਰਡਾਂ 'ਚ ਰੱਖਿਆ ਕਮੇਟੀਆਂ ਨੂੰ ਨਸ਼ਿਆਂ ਖ਼ਿਲਾਫ਼ ਜਾਗਰੂਕ ਕਰਨ ਲਈ ਨਸ਼ਾ ਮੁਕਤੀ ਯਾਤਰਾ ਭਲਕੇ ਤੋਂ ਸ਼ੁਰੂ: ਡੀ.ਸੀ.



ਗੁਰਦਾਸਪੁਰ, 14 ਮਈ (ਜਗੀਰ ਸਿੰਘ ਮੰਡ): ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਬੀਤੀ 24 ਫਰਵਰੀ ਤੋਂ ਆਰੰਭੀ ਨਸ਼ਿਆਂ ਖ਼ਿਲਾਫ਼ ਫੈਸਲਾਕੁੰਨ ਲੜਾਈ ਦੇ ਅਗਲੇ ਪੜਾਅ ਵਿੱਚ ਹੁਣ ਸਰਕਾਰ ਵੱਲੋਂ 16 ਮਈ ਤੋਂ ਪਿੰਡ ਪੱਧਰ ਤੇ ਵਾਰਡ ਪੱਧਰ 'ਤੇ ਜਾ ਕੇ ਰੱਖਿਆ ਕਮੇਟੀਆਂ ਤੇ ਆਮ ਲੋਕਾਂ ਨਾਲ ਜਾਗਰੂਕਤਾ ਮੀਟਿੰਗਾਂ ਦਾ ਸਿਲਸਿਲਾ ਆਰੰਭਿਆ ਜਾ ਰਿਹਾ ਹੈ। ਇਨ੍ਹਾਂ ਮੀਟਿੰਗਾਂ ਦਾ ਮੰਤਵ ਪਿੰਡ ਰੱਖਿਆ ਕਮੇਟੀਆਂ ਤੇ ਵਾਰਡ ਰੱਖਿਆ ਕਮੇਟੀਆਂ ਦੇ ਮੈਂਬਰਾਂ ਤੇ ਆਮ ਲੋਕਾਂ ਨੂੰ ਨਸ਼ਾ ਤਸਕਰਾਂ ਦੀਆਂ ਗਤੀਵਿਧੀਆਂ ਜ਼ਿਲ੍ਹਾ ਪ੍ਰਸ਼ਾਸਨ ਤੱਕ ਪਹੁੰਚਾਉਣ, ਨਸ਼ਾ ਪੀੜਤਾਂ ਦੇ ਇਲਾਜ ਲਈ ਉਨ੍ਹਾਂ ਨੂੰ ਪ੍ਰੇਰ ਕੇ ਨਸ਼ਾ ਮੁਕਤੀ ਕੇਂਦਰਾਂ ਤੱਕ ਲਿਆਉਣ ਲਈ ਜਾਗਰੂਕ ਕਰਨਾ ਹੋਵੇਗਾ। ਨਸ਼ਾ ਮੁਕਤੀ ਯਾਤਰਾ ਦੀਆਂ ਤਿਆਰੀਆਂ ਸਬੰਧੀ ਡਿਪਟੀ ਕਮਿਸ਼ਨਰ ਦਲਵਿੰਦਰਜੀਤ ਸਿੰਘ ਵੱਲੋਂ ਅੱਜ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਗਈ। ਮੀਟਿੰਗ ਵਿੱਚ ਵਧੀਕ ਡਿਪਟੀ ਕਮਿਸ਼ਨਰ (ਜ) ਡਾ. ਹਰਜਿੰਦਰ ਸਿੰਘ ਬੇਦੀ, ਐੱਸ.ਡੀ.ਐੱਮ. ਦੀਨਾਨਗਰ ਜਸਪਿੰਦਰ ਸਿੰਘ ਭੁੱਲਰ, ਐੱਸ.ਡੀ.ਐੱਮ. ਗੁਰਦਾਸਪੁਰ ਮਨਜੀਤ ਸਿੰਘ ਰਾਜਲਾ, ਐੱਸ.ਡੀ.ਐੱਮ. ਕਲਾਨੌਰ ਜਯੋਤਸਨਾ ਸਿੰਘ, ਐੱਸ.ਡੀ.ਐੱਮ. ਡੇਰਾ ਬਾਬਾ ਨਾਨਕ ਗੁਰਮੰਦਰ ਸਿੰਘ, ਐੱਸ.ਡੀ.ਐੱਮ. ਬਟਾਲਾ ਵਿਕਰਮਜੀਤ ਸਿੰਘ, ਸਹਾਇਕ ਕਮਿਸ਼ਨਰ (ਜ) ਅਦਿੱਤਯ ਗੁਪਤਾ, ਵਧੀਕ ਸਹਾਇਕ ਕਮਿਸ਼ਨਰ ਰੁਪਿੰਦਰਪਾਲ ਸਿੰਘ, ਸਹਾਇਕ ਸਿਵਲ ਸਰਜਨ ਡਾ. ਪ੍ਰਭਜੋਤ ਸਿੰਘ ਕਲਸੀ ਤੋਂ ਇਲਾਵਾ ਹੋਰ ਜ਼ਿਲ੍ਹਾ ਅਧਿਕਾਰੀ ਵੀ ਹਾਜ਼ਰ ਸਨ। ਨਸ਼ਾ ਮੁਕਤੀ ਯਾਤਰਾ ਸਬੰਧੀ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਦਲਵਿੰਦਰਜੀਤ ਸਿੰਘ ਨੇ ਦੱਸਿਆ ਕਿ ਜ਼ਿਲ੍ਹਾ ਗੁਰਦਾਸਪੁਰ ਦੇ 7 ਵਿਧਾਨ ਸਭਾ ਹਲਕਿਆਂ ਵਿੱਚ ਇਹ ਯਾਤਰਾ 16 ਮਈ ਤੋਂ ਸ਼ੁਰੂ ਹੋਵੇਗੀ। ਡੇਰਾ ਬਾਬਾ ਨਾਨਕ ਵਿਧਾਨ ਸਭਾ ਹਲਕੇ ਦੇ ਤਿੰਨ ਪਿੰਡਾਂ ਵਿੱਚ ਰੋਜ਼ਾਨਾ ਸ਼ਾਮ 4 ਵਜੇ ਤੋਂ ਸ਼ਾਮ 7 ਵਜੇ ਤੱਕ ਵਿਲੇਜ਼ ਮੀਟਿੰਗਾਂ ਕੀਤੀਆਂ ਜਾਣਗੀਆਂ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ 16 ਮਈ ਨੂੰ ਵਿਧਾਨ ਸਭਾ ਹਲਕਾ ਬਟਾਲਾ ਦੇ ਪਿੰਡਾਂ ਲਖੋਰਾ ਵਿਖੇ ਸ਼ਾਮ 4 ਵਜੇ, ਦੀਵਾਨੀਵਾਲ ਕਲਾਂ ਵਿਖੇ ਸ਼ਾਮ 5 ਵਜੇ ਤੇ ਦੀਵਾਨੀਵਾਲ ਖ਼ੁਰਦ ਸ਼ਾਮ 6 ਵਜੇ ਨਸ਼ਾ ਮੁਕਤੀ ਯਾਤਰਾ ਹੋਵੇਗੀ, ਜਿਸ ਦੀ ਅਗਵਾਈ ਬਟਾਲਾ ਦੇ ਵਿਧਾਇਕ ਅਮਨ ਸ਼ੇਰ ਸਿੰਘ ਸ਼ੈਰੀ ਕਲਸੀ ਕਰਨਗੇ।

# ਪੰਜਾਬ ਸਿੱਖਿਆ ਵਿਭਾਗ ਮਨਿਸਟੀਰੀਅਲ ਸਟਾਫ ਐਸੋਸੀਏਸ਼ਨ ਦੀ ਡਾਇਰੈਕਟਰ ਆਫ਼ ਸਕੂਲ ਐਜੂਕੇਸ਼ਨ ਪੰਜਾਬ ਨਾਲ ਮੀਟਿੰਗ ਅੱਜ : ਗੁਰਪ੍ਰੀਤ ਖੱਟੜਾ/ਡਿਗਰਾ



ਗੁਰਦਾਸਪੁਰ, 14 ਮਈ (ਜਗੀਰ ਸਿੰਘ ਮੰਡ/ਨਾਹਰ): ਪੰਜਾਬ ਸਿੱਖਿਆ ਵਿਭਾਗ ਮਨਿਸਟੀਰੀਅਲ ਸਟਾਫ (ਸਬ-ਆਫਿਸ) ਐਸੋਸੀਏਸ਼ਨ ਪੰਜਾਬ ਦੇ ਸੂਬਾ ਪ੍ਰਧਾਨ ਸਰਬਜੀਤ ਸਿੰਘ ਡਿਗਰਾ ਤੇ ਸੂਬਾ ਜਨਰਲ ਸਕੱਤਰ ਗੁਰਪ੍ਰੀਤ ਸਿੰਘ ਖੱਟੜਾ ਦੀ ਅਗਵਾਈ ਹੇਠ ਪੰਜਾਬ ਦੇ ਖੇਤਰੀ ਦਫ਼ਤਰਾਂ ਤੇ ਸਕੂਲਾਂ ਵਿੱਚ ਕੰਮ ਕਰਦੇ ਮਨਿਸਟਰੀਅਲ ਕਾਮਿਆਂ ਦੀ ਮੀਟਿੰਗ 15 ਮਈ ਨੂੰ ਦਫ਼ਤਰ ਡਾਇਰੈਕਟਰ ਆਫ਼ ਸਕੂਲ ਐਜੂਕੇਸ਼ਨ (ਸੈਕੰਡਰੀ) ਪੰਜਾਬ ਵਿਖੇ ਡੀਪੀਆਈ (ਸੈ) ਪੰਜਾਬ ਗੁਰਿੰਦਰ ਸਿੰਘ ਸੋਢੀ ਪੀਸੀਐੱਸ ਨਾਲ ਕੀਤੀ ਜਾ ਰਹੀ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸੂਬਾ ਜਨਰਲ ਸਕੱਤਰ ਗੁਰਪ੍ਰੀਤ ਸਿੰਘ ਖੱਟੜਾ ਨੇ ਦੱਸਿਆ ਕਿ ਦਫ਼ਤਰ ਡਾਇਰੈਕਟਰ ਆਫ਼ ਸਕੂਲ ਐਜੂਕੇਸ਼ਨ (ਸੈਕੰਡਰੀ) ਪੰਜਾਬ ਵੱਲੋਂ ਯੂਨੀਅਨ ਨੂੰ ਪੱਤਰ ਜਾਰੀ ਕਰਦੇ ਹੋਏ ਯੂਨੀਅਨ ਦੀਆਂ ਮੰਗਾਂ 'ਤੇ ਵਿਚਾਰ-ਵਟਾਂਦਰਾ ਕਰਨ ਲਈ ਮੀਟਿੰਗ ਕਰਨ ਲਈ ਸਮਾਂ ਦਿੱਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਜਿਨ੍ਹਾਂ ਵਿੱਚ ਮੁੱਖ ਤੌਰ 'ਤੇ ਸੀਨੀਅਰ ਸਹਾਇਕ, ਸੁਪਰਡੈਂਟ ਦੀਆਂ ਤਰੱਕੀਆਂ ਕਰਨਾ, 1 ਫ਼ੀਸਦੀ ਕੋਟਾ ਬਿਨਾਂ ਟੈਟ ਤੋਂ ਲਾਗੂ ਕਰਵਾਉਣਾ, ਦੋ-ਦੋ ਸਕੂਲਾਂ ਦਾ ਵਾਧੂ ਚਾਰਜ ਨਾ ਦੇਣਾ, ਕਲਰਕ ਦੀਆਂ ਬਦਲੀਆਂ ਲਈ ਸਮੇਂ ਵਿੱਚ ਛੋਟ, ਪ੍ਰਬੰਧ ਅਫ਼ਸਰ ਦੀਆਂ ਪੋਸਟਾਂ ਬਹਾਲ ਕਰਵਾਉਣਾ, ਸੁਪਰਡੈਂਟ ਦੀ ਤਰੱਕੀ ਲਈ ਸਮੇਂ ਨੂੰ ਘੱਟ ਕਰਨਾ, ਮਿਤੀ 1 ਜਨਵਰੀ 2014 ਤੋਂ ਪਹਿਲਾਂ ਜਿਨ੍ਹਾਂ ਕਰਮਚਾਰੀਆਂ ਦੇ ਕੇਸ ਨੌਕਰੀ ਲਈ ਵਿਚਾਰ ਅਧੀਨ ਸਨ, ਉਨ੍ਹਾਂ ਲਈ ਪੁਰਾਣੀ ਪੈਨਸ਼ਨ ਬਹਾਲ ਕਰਨੀ, ਟਾਈਪ ਟੈਸਟ ਦੀ ਥਾਂ 'ਤੇ ਕੰਪਿਊਟਰ ਟ੍ਰੇਨਿੰਗ ਬਹਾਲ ਕਰਨਾ, ਵਿਧਵਾ ਕਰਮਚਾਰੀਆਂ ਜਾਰੀ ਪੱਤਰ ਵਿੱਚ ਸੋਧ ਕਰਨੀ ਤੇ ਟਾਈਪ ਟੈਸਟ ਤੋਂ ਪੂਰਨ ਛੋਟ, ਪਹਿਲਾਂ ਤੋਂ ਹੀ ਲਾਗੂ ਦਫ਼ਤਰ ਜ਼ਿਲ੍ਹਾ ਸਿੱਖਿਆ ਅਫ਼ਸਰ ਵਿੱਚ ਖ਼ਾਲੀ ਪੋਸਟਾਂ ਭਰਨ ਬਾਰੇ, ਫ਼ੀਲਡ ਵਿੱਚ ਨਵੀਆਂ ਪੋਸਟਾਂ ਲੈਣ ਸਬੰਧੀ ਆਦਿ ਮੰਗਾਂ 'ਤੇ ਗੱਲਬਾਤ ਕੀਤੀ।

# ਭਲਕੇ ਬਿਜਲੀ ਬੰਦ ਰਹੇਗੀ

ਬਟਾਲਾ, 14 ਮਈ (ਬਲਵਿੰਦਰ ਸਿੰਘ ਪੰਜਗਰਾਈਂ/ਧੰਨਪਾਲ ਕਲਸੀ): 66 ਕੇਵੀ ਸਬ-ਸਟੇਸ਼ਨ ਪੰਜਗਰਾਈਆਂ ਤੋਂ ਚੱਲਦੇ ਸਾਰੇ ਫੀਡਰਾਂ ਦੀ ਬਿਜਲੀ ਦੀ ਸਪਲਾਈ ਬੰਦ ਰਹੇਗੀ। ਇਸ ਸਬੰਧੀ ਵਿਸਥਾਰ ਨਾਲ ਜਾਣਕਾਰੀ ਦਿੰਦਿਆਂ ਹੋਇਆਂ ਸਵਤੰਤਰ ਕੁਮਾਰ ਉਪ-ਮੰਡਲ ਅਫਸਰ ਪੰਜਗਰਾਈਆਂ ਨੇ ਦੱਸਿਆ ਕਿ ਆ ਰਹੇ ਪੈਡੀ ਸੀਜ਼ਨ ਨੂੰ ਮੁੱਖ ਰੱਖਦਿਆਂ ਹੋਇਆਂ, ਸਬ-ਸਟੇਸ਼ਨ ਵਿਖੇ ਵੱਡੇ ਟਰਾਂਸਫਾਰਮਰਾਂ ਦੀ ਮੁਰੰਮਤ ਕੀਤੀ ਜਾਣੀ ਹੈ ਤਾਂ ਕਿ ਚੱਲਦੇ ਸੀਜ਼ਨ ਦੌਰਾਨ ਖਪਤਕਾਰਾਂ ਨੂੰ ਕਿਸੇ ਕਿਸਮ ਦੀ ਕੋਈ ਮੁਸ਼ਕਿਲ ਪੇਸ਼ ਨਾ ਆਵੇ। ਇਸ ਕਰਕੇ 16 ਮਈ ਦਿਨ ਸ਼ੁੱਕਰਵਾਰ ਨੂੰ ਸਵੇਰੇ 9 ਵਜੇ ਤੋਂ ਲੈ ਕੇ ਸ਼ਾਮ ਦੇ 5 ਵਜੇ ਤੱਕ ਸਬ-ਸਟੇਸ਼ਨ ਪੰਜਗਰਾਈਆਂ ਤੋਂ ਚੱਲਦੇ ਸਾਰੇ ਫੀਡਰ ਬੰਦ ਰਹਿਣਗੇ। ਇਹ ਜਾਣਕਾਰੀ ਖਪਤਕਾਰਾਂ ਦੀ ਸਹੂਲਤ ਨੂੰ ਮੁੱਖ ਰੱਖਦਿਆਂ ਹੋਇਆਂ ਦਿੱਤੀ ਜਾ ਰਹੀ ਹੈ ਤਾਂ ਕਿ ਗਰਮੀ ਦੇ ਮੌਸਮ ਦੌਰਾਨ ਪਾਣੀ ਦਾ ਅਗਾਊ ਪ੍ਰਬੰਧ ਕਰਕੇ ਰੱਖਿਆ ਜਾ ਸਕੇ।

# ਨਾਨਕ ਚੱਕ ਵਿਖੇ ਮਹਾਂਪੁਰਸ਼ਾਂ ਦੀ ਬਰਸੀ ਨੂੰ ਸਮਰਪਿਤ ਸਮਾਗਮ



ਫਤਹਿਗੜ੍ਹ ਚੂੜੀਆਂ, 14 ਮਈ (ਰਾਜਨ ਸ਼ਰਮਾ): ਫਤਹਿਗੜ੍ਹ ਚੂੜੀਆਂ ਦੇ ਨਜ਼ਦੀਕ ਪਿੰਡ ਨਾਨਕ ਚੱਕ ਵਿਖੇ ਸ੍ਰੀ ਚੰਦਰ ਜੀ ਨਾਨਕ ਚੱਕ ਦੇ ਗੱਦੀ ਨਸ਼ੀਨ ਸ੍ਰੀਮਾਨ ਮਹੰਤ ਹਰੀ ਕੁੰਭ ਦਾਸ ਦੀ ਰਹਿਨੁਮਾਈ ਹੇਠ ਬ੍ਰਹਮਲੀਨ ਮਹੰਤ ਬਾਬਾ ਹਰੀਦਾਸ, ਮਹੰਤ ਬਾਬਾ ਭਗਵਾਨ ਦਾਸ, ਮਹੰਤ ਬਾਬਾ ਰਘੂਨਾਥ ਦਾਸ, ਮਹੰਤ ਬਾਬਾ ਆਨੰਦ ਨੰਦ ਤੇ ਮਹੰਤ ਬਾਬਾ ਤਿਲਕ ਦਾਸ ਦੀ ਸਾਲਾਨਾ ਬਰਸੀ ਨੂੰ ਸਮਰਪਿਤ ਧਾਰਮਿਕ ਸਮਾਗਮ ਨਾਨਕ ਚੱਕ ਵਿਖੇ ਕਰਵਾਇਆ ਗਿਆ। ਇਸ ਮੌਕੇ 'ਤੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ ਰਾਗੀ ਸਾਹਿਬਾਨਾਂ ਵੱਲੋਂ ਸੰਗਤਾਂ ਨੂੰ ਗੁਰਬਾਣੀ ਨਾਲ ਨਿਹਾਲ ਕੀਤਾ ਗਿਆ। ਭੋਗ ਤੋਂ ਉਪਰੰਤ ਬਾਅਦ ਸੰਗਤਾਂ ਦੇ ਲਈ ਲੰਗਰ ਵੀ ਲਗਾਏ ਗਏ ਸਨ। ਇਸ ਸਮਾਗਮ ਦੇ ਦੌਰਾਨ ਦੂਰੋਂ-ਨੇੜਿਓਂ ਸੰਤ ਮਹਾਂਪੁਰਖ ਵੀ ਵਿਸ਼ੇਸ਼ ਤੌਰ 'ਤੇ ਪਹੁੰਚੇ ਸਨ। ਇਸ ਮੌਕੇ 'ਤੇ ਮਹੰਤ ਹਰੀ ਕੁੰਭ ਦਾਸ, ਰਵਿੰਦਰ ਮੁਨੀ, ਸੰਦੀਪ ਬੇਦੀ, ਯਾਦਵਿੰਦਰ ਸਿੰਘ, ਜਸ ਲੋਧੀ ਨੰਗਲ, ਰਣਜੋਤ ਸਿੰਘ, ਪ੍ਰਿੰ. ਰਣਜੀਤ ਸਿੰਘ ਰੀ, ਦੁਲਬਜਜੀਤ ਸਿੰਘ, ਸੰਦੀਪ ਸਿੰਘ, ਗੁਰਲਾਲ ਸਿੰਘ, ਗੋਗਾ, ਦੀਪੂ, ਗੁਰਬੀਰ ਸਿੰਘ, ਨੀਰਜ ਬੇਦੀ, ਕਰਨ, ਜੋਬਨ, ਜਸ਼ਨ, ਗੁਰਵਿੰਦਰ ਸਿੰਘ, ਸ਼ੇਰਾ, ਸਤਿਨਾਮ ਸਿੰਘ, ਗੁਰਪ੍ਰੀਤ ਸਿੰਘ, ਇੰਦਰਜੀਤ ਸਿੰਘ, ਰਜਿੰਦਰ ਸਿੰਘ, ਕੁਲਬੀਰ ਸਿੰਘ, ਅੰਮ੍ਰਿਤਪਾਲ ਸਿੰਘ, ਸ਼ੈਂਕੀ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਹਲਕੇ ਦੀ ਸਾਧ ਸੰਗਤ ਤੇ ਸੇਵਾਦਾਰ ਹਾਜ਼ਰ ਸਨ। ਆਖਿਰ ਵਿੱਚ ਮਹੰਤ ਹਰੀ ਕੁੰਭ ਦਾਸ ਨੇ ਆਏ ਹੋਏ ਸਾਰੇ ਹੀ ਮਹਾਂਪੁਰਸ਼ਾਂ ਦਾ ਸਵਾਗਤ ਕੀਤਾ।

# ਸ਼ਰਾਬ ਦੇ ਠੇਕੇਦਾਰ ਦੀ ਮਨਮਰਜ਼ੀ ਕਾਰਨ ਵਾਪਰਿਆ ਮਜੀਠਾ ਜ਼ਹਿਰੀਲੀ ਸ਼ਰਾਬ ਕਾਂਡ : ਗਿੱਲ



ਧਾਰੀਵਾਲ, 14 ਮਈ (ਅਸ਼ੋਕ ਕੁਮਾਰ): ਮਜੀਠਾ ਹਲਕੇ ਅੰਦਰ ਜ਼ਹਿਰੀਲੀ ਸ਼ਰਾਬ ਨਾਲ 21 ਗਰੀਬ ਦਿਹਾੜੀਦਾਰਾਂ ਦੀ ਮੌਤ ਨੇ ਪੰਜਾਬ ਸਰਕਾਰ ਦੀ ਯੁੱਧ ਨਿਸ਼ਿਆਂ ਵਿਰੁੱਧ ਮੁਹਿੰਮ ਦੀ ਪੋਲ ਖੋਲ੍ਹ ਦਿੱਤੀ ਕਿਉਂਕਿ ਜਿਥੇ ਜ਼ਹਿਰੀਲੀ ਸ਼ਰਾਬ ਦਾ ਕਾਰੋਬਾਰ ਹੁੰਦਾ ਸੀ, ਉਹ ਪੁਲਿਸ ਥਾਣੇ ਤੋਂ ਕੁਝ ਕੁ ਦੂਰੀ 'ਤੇ ਸੀ, ਜੇਕਰ ਪੁਲਿਸ ਪ੍ਰਸ਼ਾਸਨ ਮੁਸਤੈਦ ਹੁੰਦਾ ਤਾਂ ਇਹ ਨਿਰਦੋਸ਼ ਲੋਕ ਬਚ ਸਕਦੇ ਸਨ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਕ੍ਰਿਸ਼ਚਲ ਨੈਸ਼ਨਲ ਫਰੰਟ ਪੰਜਾਬ ਯੂਥ ਪ੍ਰਧਾਨ ਬੱਬਾ ਗਿੱਲ ਨੇ ਜ਼ਹਿਰੀਲੀ ਸ਼ਰਾਬ ਨਾਲ ਮਾਰੇ ਨਿਰਦੋਸ਼ ਲੋਕਾਂ ਦੀ ਮੌਤ 'ਤੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਉਹ ਸਾਰੇ ਗਰੀਬ ਲੋਕ ਹਨ, ਅਸੀਂ ਦੁੱਖ ਦੀ ਘੜੀ ਦੇ ਵਿੱਚ ਉਨ੍ਹਾਂ ਨਾਲ ਹਾਂ। ਸਰਕਾਰ ਨੂੰ ਮੰਗ ਕਰਦੇ ਹਾਂ ਕਿ ਦੋਸ਼ੀਆਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇ ਤੇ ਇਸਦੀਆਂ ਤਾਰਾਂ ਜਿੱਥੋਂ ਤੱਕ ਵੀ ਜੁੜੀਆਂ ਹਨ ਪੂਰੀ ਇਨਕੁਆਰੀ ਕੀਤੀ ਜਾਵੇ। ਇਸ ਦੇ ਨਾਲ ਜੋ ਜ਼ਿੰਮੇਵਾਰ ਲੋਕ ਹਨ ਸਿੱਧੇ ਤੌਰ 'ਤੇ ਠੇਕੇ ਵਾਲੇ ਹਨ ਅਗਰ ਇਹ ਸ਼ਰਾਬ ਆਪਣੀ ਮਨਮਰਜ਼ੀ ਦੇ ਰੇਟਾਂ ਦੇ ਨਾਲ ਨਾ ਵੇਚਦੇ ਹੋਣ ਗਰੀਬ ਲੋਕ ਕਦੇ ਵੀ ਇਹੋ ਜਿਹੀ ਸ਼ਰਾਬ ਪੀਣ ਲਈ ਮਜਬੂਰ ਨਾ ਹੋਣ, ਇਸ ਕਰਕੇ ਠੇਕੇਦਾਰਾਂ ਦੇ ਵਿਰੁੱਧ ਵੀ ਕਾਰਵਾਈ ਹੋਣੀ ਚਾਹੀਦੀ ਕਿਉਂਕਿ ਆਪਣੀ ਮਰਜ਼ੀ ਦੇ ਰੇਟ ਠੇਕਿਆਂ ਉੱਤੇ ਲਗਾਉਂਦੇ ਹਨ, ਕੁਝ ਲੋਕ ਜੋ ਗਰੀਬ ਹਨ ਸ਼ਰਾਬ ਪੀਣ ਦੇ ਆਦੀ ਹੋ ਚੁੱਕੇ ਹਨ। ਅਸੀਂ ਆਪਣੇ ਜ਼ਿਲ੍ਹਾ ਗੁਰਦਾਸਪੁਰ ਵਿੱਚ ਜਲਦੀ ਹੀ ਐੱਸ.ਐੱਸ.ਪੀ. ਤੇ ਡੀ.ਸੀ. ਸਾਹਿਬ ਨੂੰ ਮਿਲ ਕੇ ਸ਼ਰਾਬ ਦੇ ਠੇਕੇਦਾਰ ਦੀ ਮਨਮਰਜ਼ੀ ਤੋਂ ਜਾਣੂੰ ਕਰਵਾਉਣਗੇ।

# ਤਰਕਸ਼ੀਲ ਸੁਸਾਇਟੀ ਪੰਜਾਬ ਮਾਝਾ ਜ਼ੋਨ ਦੀ ਮੀਟਿੰਗ



ਕਾਹਨੂੰਵਾਨ, 14 ਮਈ (ਕੁਲਜੀਤ ਸਿੰਘ ਖੋਖਰ): ਤਰਕਸ਼ੀਲ ਸੁਸਾਇਟੀ ਪੰਜਾਬ ਮਾਝਾ ਜ਼ੋਨ ਦੀ ਦੋ ਮਾਸਿਕ ਮੀਟਿੰਗ ਜ਼ੋਨ ਮੀਡੀਆ ਮੁਖੀ ਰਜਵੰਤ ਬਾਗੜੀਆਂ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿਚ ਜ਼ੋਨ ਦੀਆਂ ਅੰਮ੍ਰਿਤਸਰ, ਤਰਨਤਾਰਨ, ਗੁਰਦਾਸਪੁਰ, ਧਾਰੀਵਾਲ ਭੋਜਾ, ਗੋਪਾਲਪੁਰ, ਖਲਚੀਆਂ, ਜੰਡਿਆਲਾ ਆਦਿ ਨੇ ਭਾਗ ਲਿਆ। ਇਸ ਮੌਕੇ ਜ਼ੋਨ ਜਥੇਬੰਦਕ ਮੁਖੀ ਸੰਦੀਪ ਧਾਰੀਵਾਲ ਭੋਜਾ, ਮੁਖਤਾਰ ਗੋਪਾਲਪੁਰ, ਰਜਵੰਤ ਬਾਗੜੀਆਂ, ਰਣਜੀਤ ਕੌਰ ਗੱਗੋਮਾਹਲ, ਸੁਮੀਤ ਸਿੰਘ ਅੰਮ੍ਰਿਤਸਰ ਨੇ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਇਸ ਸਾਲ 2025 ਵਿਚ ਲਈ ਜਾਣ ਵਾਲੀ ਵਿਦਿਆਰਥੀ ਚੇਤਨਾ ਪਰਖ਼ ਪ੍ਰੀਖਿਆ 29 ਤੇ 31 ਅਗਸਤ ਨੂੰ ਪੰਜਾਬ ਭਰ ਵਿੱਚ ਕਰਵਾਈ ਜਾ ਰਹੀ ਹੈ। ਇਸ ਪ੍ਰੀਖਿਆ ਦਾ ਮਕਸਦ ਵਿਦਿਆਰਥੀਆਂ ਨੂੰ ਕਿਤਾਬਾਂ ਸੰਗ ਲਾਉਣਾ, ਉਨ੍ਹਾਂ ਦਾ ਬੌਧਿਕ ਪੱਧਰ ਉੱਚਾ ਕਰਨਾ, ਅੰਧਵਿਸ਼ਵਾਸ ਵਿਚੋਂ ਕੱਢ ਕੇ ਵਿਗਿਆਨਕ ਸੋਚ ਦੇ ਧਾਰਨੀ ਬਣਾਉਣਾ ਹੈ। ਉਨ੍ਹਾਂ ਤਰਕਸ਼ੀਲ ਮੈਂਬਰਾਂ ਨੂੰ ਵੱਧ ਤੋਂ ਵੱਧ ਸਕੂਲਾਂ ਨਾਲ ਰਾਬਤਾ ਕਾਇਮ ਕਰਨ ਲਈ ਕਿਹਾ ਤਾਂ ਜੋ ਪ੍ਰੀਖਿਆਰਥੀਆਂ ਦੀ ਗਿਣਤੀ ਵਧਾਈ ਜਾ ਸਕੇ। ਉਨ੍ਹਾਂ ਦੱਸਿਆ ਕਿ ਤਰਕਸ਼ੀਲ ਸਾਹਿਤ ਵੈਨ ਵੀ ਇਸ ਸਾਲ ਨਵੰਬਰ ਮਹੀਨੇ ਵਿੱਚ ਮਾਝੇ ਏਰੀਏ ਵਿਚ ਆਉਣ ਸਬੰਧੀ ਜਾਣਕਾਰੀ ਦਿੱਤੀ। ਮੀਟਿੰਗ ਦੌਰਾਨ ਪਰਿਵਾਰਕ ਮਿਲਣੀਆਂ ਕਰਵਾਉਣ, ਮੈਗਜ਼ੀਨ ਦੀ ਗਿਣਤੀ ਵਧਾਉਣ ਦਾ ਫੈਸਲਾ ਵੀ ਕੀਤਾ ਗਿਆ ਤੇ ਤਰਕਸ਼ੀਲ ਸੁਸਾਇਟੀ ਦਾ ਬੁਲਾਰਾ ਤਰਕਸ਼ੀਲ ਮੈਗਜ਼ੀਨ ਮਈ ਜੂਨ ਦਾ ਅੰਕ ਵੀ ਜਾਰੀ ਕੀਤਾ। ਮੀਟਿੰਗ ਵਿੱਚ ਵੱਖ-ਵੱਖ ਮੁੱਦਿਆਂ 'ਤੇ ਮਾਸਟਰ ਤਸਵੀਰ ਸਿੰਘ, ਜਸਪਾਲ ਬਾਸਰਕੇ, ਹਰਦੀਪ ਖਲਚੀਆਂ, ਕੈਪਟਨ ਮਾਨਾਵਾਲਾ, ਪ੍ਰਿੰਸੀਪਲ ਮੇਲਾ ਰਾਮ, ਕਸ਼ਮੀਰ ਕਾਦੀਆਂ, ਸੁੱਚਾ ਸਿੰਘ ਪਸਨਾਵਾਲ ਆਦਿ ਨੇ ਭਾਗ ਲਿਆ।

# ਸਰਕਾਰੀ ਬਹੁਤਕਨੀਕੀ ਕਾਲਜ ਦੀਨਾਨਗਰ ਵਿਖੇ ਸੈਸ਼ਨ 2025-26 ਲਈ ਦਾਖਲਾ ਰਜਿਸਟ੍ਰੇਸ਼ਨ ਸ਼ੁਰੂ



ਦੀਨਾਨਗਰ/ਗੁਰਦਾਸਪੁਰ, 14 ਮਈ (ਡਾ. ਰਮੇਸ਼ ਸਰੰਗਲ): ਪੰਜਾਬ ਰਾਜ ਤਕਨੀਕੀ ਸਿੱਖਿਆ ਬੋਰਡ, ਚੰਡੀਗੜ੍ਹ ਵੱਲੋਂ ਜਾਰੀ ਦਾਖਲਾ ਨੋਟਿਸ ਅਨੁਸਾਰ ਸਰਕਾਰੀ ਬਹੁਤਕਨੀਕੀ ਕਾਲਜ, ਦੀਨਾਨਗਰ ਵਿਖੇ ਸੈਸ਼ਨ 2025-26 ਦੇ ਦਾਖ਼ਲਿਆਂ ਲਈ ਪਹਿਲੇ ਰਾਊਂਡ ਦੀ ਰਜਿਸਟ੍ਰੇਸ਼ਨ ਮਿਤੀ 15-05-2025 ਤੋਂ ਸ਼ੁਰੂ ਹੋ ਰਹੀ ਹੈ। ਇਹ ਕਾਲਜ ਪਿਛਲੇ ਦੋ ਸਾਲਾਂ ਤੋਂ ਪੰਜਾਬ ਸਰਕਾਰ ਵੱਲੋਂ ਕੋ-ਐਡ ਹੋ ਚੁੱਕਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸਰਕਾਰੀ ਬਹੁਤਕਨੀਕੀ ਕਾਲਜ, ਦੀਨਾਨਗਰ ਦੇ ਪ੍ਰਿੰਸੀਪਲ ਇੰਜੀ. ਵਿਜੇ ਥਾਪਾ ਨੇ ਦੱਸਿਆ ਕਿ ਕਾਲਜ ਵੱਲੋਂ ਵਿਦਿਆਰਥੀਆਂ ਤੇ ਮਾਪਿਆਂ ਦੀ ਸਹੂਲਤ ਲਈ ਕਾਲਜ ਵਿਚ ਦਾਖਲਾ ਸੈੱਲ ਦਾ ਗਠਨ ਕੀਤਾ ਗਿਆ ਹੈ, ਜਿਸ ਦਾ ਉਦੇਸ਼ ਵਿਦਿਆਰਥੀਆਂ ਦੀ ਦਾਖ਼ਲੇ ਲਈ ਰਜਿਸਟ੍ਰੇਸ਼ਨ, ਕੋਰਸ ਦੀ ਚੋਣ ਕਰਨ ਵਿਚ ਸਹਾਇਤਾ ਤੇ ਫ਼ੀਸਾਂ ਸਬੰਧੀ ਵਿਸਥਾਰ ਪੂਰਵਕ ਜਾਣਕਾਰੀ ਪ੍ਰਦਾਨ ਕਰਵਾਉਣਾ ਹੈ। ਉਨ੍ਹਾਂ ਦੱਸਿਆ ਕਿ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਅਨੁਸੂਚਿਤ ਜਾਤੀ, ਪੱਛੜੀ ਸ਼੍ਰੇਣੀ, ਘੱਟ ਗਿਣਤੀ ਵਰਗ ਆਦਿ ਦੇ ਵਿਦਿਆਰਥੀਆਂ ਲਈ ਫ਼ੀਸ ਵਿਚ ਵਿਸ਼ੇਸ਼ ਛੋਟ ਦਿੱਤੀ ਜਾ ਰਹੀ ਹੈ। ਅਨੁਸੂਚਿਤ ਜਾਤੀ ਦੇ ਸਾਲਾਨਾ 2.50 ਲੱਖ ਤੱਕ ਪਰਿਵਾਰਕ ਆਮਦਨ ਵਾਲੇ ਵਿਦਿਆਰਥੀਆਂ ਵਾਸਤੇ ਪੂਰੇ ਕੋਰਸ ਲਈ 1683/- ਫ਼ੀਸ, ਜਰਨਲ ਤੇ ਹੋਰ ਵਰਗ ਦੇ ਵਿਦਿਆਰਥੀਆਂ ਲਈ ਮੁੱਖ ਮੰਤਰੀ ਵਜ਼ੀਫ਼ਾ ਯੋਜਨਾ ਤਹਿਤ ਵਿਦਿਆਰਥੀਆਂ ਨੂੰ ਯੋਗਤਾ ਪ੍ਰੀਖਿਆ ਵਿਚ 60 ਫ਼ੀਸਦੀ ਤੋਂ 100 ਫ਼ੀਸਦੀ ਤੱਕ ਪ੍ਰਤੀ ਸਮੈਸਟਰ ਟਿਊਸ਼ਨ ਫ਼ੀਸ ਛੂਟ ਪ੍ਰਾਪਤ ਕਰ ਸਕਦੇ ਹਨ। ਪ੍ਰਿੰਸੀਪਲ ਇੰਜੀ. ਵਿਜੇ ਥਾਪਾ ਨੇ ਅੱਗੇ ਦੱਸਿਆ ਕਿ ਕਾਲਜ ਵਿਖੇ ਤਿੰਨ ਸਾਲਾ ਡਿਪਲੋਮਾ ਕੋਰਸ ਦੇ ਦੋ ਟਰੇਡ ਕੰਪਿਊਟਰ ਸਾਇੰਸ ਐਂਡ ਇੰਜੀਨੀਅਰਿੰਗ ਤੇ ਇਲੈਕਟ੍ਰੋਨਿਕਸ ਐਂਡ ਕਮਿਊਨੀਕੇਸ਼ਨ ਇੰਜੀਨੀਅਰਿੰਗ ਸਫਲਤਾਪੂਰਵਕ ਚੱਲ ਰਹੇ ਹਨ। ਇਸ ਕਾਲਜ ਵਿਚ ਮਿਹਨਤੀ ਤੇ ਤਜਰਬੇਕਾਰ ਸਟਾਫ਼, ਉੱਤਮ ਲੈਬਾਂ ਤੇ ਵਰਕਸ਼ਾਪਾਂ ਦੇ ਨਾਲ-ਨਾਲ ਖੇਡਾਂ ਤੇ ਹੋਰ ਗਤੀਵਿਧੀਆਂ ਵੱਲ ਵੀ ਵਿਸ਼ੇਸ਼ ਧਿਆਨ ਦਿੱਤਾ ਜਾਂਦਾ ਹੈ। ਪ੍ਰਿੰਸੀਪਲ ਥਾਪਾ ਨੇ ਇਲਾਕੇ ਦੇ ਵਿਦਿਆਰਥੀਆਂ ਨੂੰ ਅਪੀਲ ਕੀਤੀ ਕਿ ਉਹ ਸਰਕਾਰੀ ਬਹੁਤਕਨੀਕੀ ਕਾਲਜ, ਦੀਨਾਨਗਰ ਵਿਖੇ ਸੈਸ਼ਨ 2025-26 ਲਈ ਦਾਖਲਾ ਲੈ ਕੇ ਆਪਣੇ ਭਵਿੱਖ ਨੂੰ ਸੁਨਹਿਰੀ ਬਣਾਉਣ।

# ਸਤਿਸੰਗ ਘਰ ਜਾਂਗਲਾ ਨੇ ਬਾਬਾ ਹਰੀ ਦਾਸ ਦੀ ਬਰਸੀ ਤੇ ਸੰਗਰਾਂਦ ਨੂੰ ਸਮਰਪਿਤ ਲੰਗਰ ਲਗਾਏ



ਬਟਾਲਾ, 14 ਮਈ (ਸੁਖਦੇਵ ਸਿੰਘ ਰੰਧਾਵਾ/ਬਲਬੀਰ ਸੋਹਲ): ਸਤਿਸੰਗ ਘਰ ਜਾਂਗਲਾ ਵੱਲੋਂ ਬਾਬਾ ਹਰੀ ਦਾਸ ਦੀ ਬਰਸੀ ਤੇ ਸੰਗਰਾਂਦ ਨੂੰ ਸਮਰਪਿਤ ਸਰਕਾਰੀ ਸਕੂਲ ਜਾਂਗਲਾ, ਸਰਕਾਰੀ ਹਸਪਤਾਲ ਬਟਾਲਾ, ਬਟਾਲਾ-ਅਲੀਵਾਲ ਰੋਡ ਫਲਾਈ ਓਵਰ ਦੇ ਨਜ਼ਦੀਕ ਗੁਰੂ ਕੇ ਲੰਗਰਾਂ ਦੀ ਸੇਵਾ ਕੀਤੀ ਗਈ। ਸਤਿਸੰਗ ਘਰ ਜਾਂਗਲਾ ਦੇ ਮੁੱਖ ਸੇਵਾਦਾਰ ਬਾਬਾ ਰਾਜਭੁਪਿੰਦਰ ਸਿੰਘ ਰਾਜੂ ਦੀ ਰਹਿਨੁਮਾਈ ਹੇਠ ਸਤਿਸੰਗ ਘਰ ਜਾਂਗਲਾ ਦੇ ਸੇਵਾਦਾਰਾਂ ਵੱਲੋਂ ਬਾਬਾ ਹਰੀ ਦਾਸ ਦੀ ਬਰਸੀ ਤੇ ਸੰਗਰਾਂਦ ਨੂੰ ਸਮਰਪਿਤ ਬਟਾਲਾ- ਅਲੀਵਾਲ ਰੋਡ ਫਲਾਈ ਓਵਰ ਦੇ ਸਰਕਾਰੀ ਸਕੂਲ ਜਾਂਗਲਾ, ਸਰਕਾਰੀ ਹਸਪਤਾਲ ਬਟਾਲਾ, ਅਨੇਕ ਪ੍ਰਕਾਰ ਦੇ ਪਦਾਰਥਾਂ ਨਾਲ ਗੁਰੂ ਕੇ ਲੰਗਰ ਦੀ ਸੇਵਾ ਕੀਤੀ ਗਈ। ਸਾਰਾ ਦਿਨ ਆਏ ਗਏ ਰਾਹਗੀਰਾਂ ਨੂੰ ਸ਼ਰਧਾ-ਭਾਵਨਾ ਨਾਲ ਅਨੇਕ ਪ੍ਰਕਾਰ ਦੇ ਲੰਗਰ ਛਕਾਏ ਗਏ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸੇਵਾਦਾਰਾਂ ਅਮਰਜੀਤ ਸਿੰਘ ਰਾਜੂ, ਮਾਸਟਰ ਜਰਨੈਲ ਸਿੰਘ ਬਟਾਲਾ, ਸਤਨਾਮ ਸਿੰਘ ਰਿਆਲੀ, ਹਰਪ੍ਰੀਤ ਸਿੰਘ ਗੁਜਰਪੁਰਾ, ਡਾ. ਪ੍ਰਤਾਪ ਸਿੰਘ, ਸੁਖਜਿੰਦਰ ਸਿੰਘ, ਦਲਜੀਤ ਸਿੰਘ, ਮਨਪ੍ਰੀਤ ਸਿੰਘ, ਸਿਮਰਪ੍ਰੀਤ ਸਿੰਘ ਗੋਰਾ, ਹਰਜੀਤ ਸਿੰਘ ਕਠਿਆਲਾ, ਹਰਪ੍ਰੀਤ ਸਿੰਘ ਬਟਾਲਾ, ਪ੍ਰਤਾਪ ਸਿੰਘ, ਸੁਰਜੀਤ ਸਿੰਘ ਸੰਧੂ, ਮਨਪ੍ਰੀਤ ਸਿੰਘ ਦੋਧੀ, ਹਰਿਸਿਮਰਨ ਸਿੰਘ, ਗੁਰਦੇਵ ਸਿੰਘ ਜਾਂਗਲਾ, ਸੁਖਜਿੰਦਰ ਸਿੰਘ ਮਜੀਠਾ, ਸੁਨੀਲ ਕੁਮਾਰ, ਪੂਰਨ ਸਿੰਘ ਜੀਵਨ ਨੰਗਲ, ਜਗਮੋਹਨ ਸਿੰਘ ਨਵਾਂ ਪਿੰਡ, ਨਰਿੰਦਰ ਸਿੰਘ ਗਾਲੋਵਾਲ ਆਦਿ ਨੇ ਸੇਵਾ ਨਿਭਾਈ।

# ਸਿੱਖਿਆ ਕ੍ਰਾਂਤੀ ਤਹਿਤ ਡਾ. ਸੁਖਵਿੰਦਰ ਕੁਮਾਰ ਸੁੱਖੀ ਨੇ ਵੱਖ-ਵੱਖ ਸਕੂਲਾਂ 'ਚ ਵਿਕਾਸ ਕਾਰਜਾਂ ਦੇ ਕੀਤੇ ਉਦਘਾਟਨ



ਬੰਗਾ, 14 ਮਈ (ਸੁਖਦੇਵ ਸਿੰਘ ਉੜਾਪੜ): ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸੂਬੇ ਨੂੰ ਸਿੱਖਿਆ ਦੇ ਖੇਤਰ ਵਿਚ ਬੁਲੰਦੀਆਂ 'ਤੇ ਪਹੁੰਚਾਉਣ ਲਈ ਜੀ ਤੋੜ ਯਤਨ ਜਾਰੀ ਹਨ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਅੱਜ ਪੰਜਾਬ ਕੰਟੇਨਰ ਤੇ ਵੇਅਰ ਹਾਊਸ ਕਾਰਪੋਰੇਸ਼ਨ ਦੇ ਚੇਅਰਮੈਨ ਤੇ ਵਿਧਾਇਕ ਬੰਗਾ ਡਾ. ਸੁਖਵਿੰਦਰ ਕੁਮਾਰ ਸੁੱਖੀ ਵੱਲੋਂ ਪੰਜਾਬ ਸਿੱਖਿਆ ਕ੍ਰਾਂਤੀ ਤਹਿਤ ਹਲਕਾ ਬੰਗਾ ਦੇ ਪਿੰਡ ਬਖਲੌਰ ਰਟੈਂਡਾ ਸ਼ੇਖੂਪੁਰ ਤੇ ਲੜੋਆ ਦੇ ਸਰਕਾਰੀ ਸਕੂਲਾਂ ਵਿਚ ਬੁਨਿਆਦੀ ਵੱਖ-ਵੱਖ ਵਿਕਾਸ ਪ੍ਰੋਜੈਕਟਾਂ ਦੇ ਉਦਘਾਟਨ ਕਰਨ ਮੌਕੇ ਕੀਤਾ। ਉਨ੍ਹਾਂ ਕਿਹਾ ਕਿ ਮਾਨ ਸਰਕਾਰ ਪੰਜਾਬ ਸਿੱਖਿਆ ਕ੍ਰਾਂਤੀ ਮੁਹਿੰਮ ਤਹਿਤ ਵਿਦਿਆਰਥੀਆਂ ਨੂੰ ਉੱਚ ਪੱਧਰੀ ਸਿੱਖਿਆ ਦੇਣ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਕਰੋੜਾਂ ਰੁਪਏ ਦੇ ਫੰਡ ਸਿਰਫ ਸਿੱਖਿਆ ਦੇ ਖੇਤਰ ਵਿਚ ਜਾਰੀ ਕਰਕੇ ਇਹ ਸਿੱਧ ਕਰ ਦਿੱਤਾ ਹੈ ਕਿ ਸਰਕਾਰ ਸਿੱਖਿਆ ਦਾ ਮਿਆਰ ਉੱਪਰ ਚੁੱਕਣ ਲਈ ਕਿੰਨੀ ਗੰਭੀਰ ਹੈ। ਉਨ੍ਹਾਂ ਕਿਹਾ ਕਿ ਇਸ ਮੁਹਿੰਮ ਤਹਿਤ ਪੰਜਾਬ ਦੇ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੂੰ ਹਰ ਖੇਤਰ ਵਿੱਚ ਮੋਹਰੀ ਬਣਾਉਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ ਜਾ ਰਹੀ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਬੁਨਿਆਦੀ ਢਾਂਚੇ ਦੇ ਨਾਲ-ਨਾਲ ਬਿਨਾਂ ਕਿਸੇ ਸਿਫ਼ਾਰਸ਼ ਜਾਂ ਰਿਸ਼ਵਤ ਤੋਂ ਅਧਿਆਪਕਾਂ ਦੀ ਪੱਕੀ ਭਰਤੀ ਕਰਨੀ ਯਕੀਨੀ ਬਣਾਈ ਜਾ ਰਹੀ ਹੈ। ਇਸ ਮੌਕੇ ਉਨ੍ਹਾਂ ਦੇ ਨਾਲ ਸੋਹਣ ਲਾਲ ਢੰਡਾ, ਪਵਨਜੀਤ ਸਿੰਘ ਸਿੱਧੂ ਕਮਲਜੀਤ ਮੇਹਲੀ, ਮਾਸਟਰ ਮੱਖਣ ਕੋਆਰਡੀਨੇਟਰ ਸੁਰਜੀਤ ਕੁਮਾਰ ਸੁਖਦੇਵ ਸਿੰਘ ਸਕੂਲਾਂ ਦੇ ਵਿਦਿਆਰਥੀਆਂ ਤੇ ਸਟਾਫ ਤੋਂ ਇਲਾਵਾ ਪਿੰਡਾਂ ਦੀਆਂ ਪੰਚਾਇਤਾਂ ਦੇ ਨੁਮਾਇੰਦੇ ਤੇ ਹੋਰ ਪਤਵੰਤੇ ਵੱਡੀ ਗਿਣਤੀ ਵਿਚ ਹਾਜ਼ਰ ਸਨ।

# ਪ੍ਰਭਜੋਤ ਕੌਰ ਨੇ 12ਵੀਂ ਜਮਾਤ 'ਚ ਚੰਗੇ ਨੰਬਰ ਪ੍ਰਾਪਤ ਕਰਕੇ ਸਕੂਲ ਤੇ ਮਾਪਿਆਂ ਦਾ ਨਾਂ ਰੌਸ਼ਨ ਕੀਤਾ



ਡੇਰਾ ਬਾਬਾ ਨਾਨਕ, 14 ਮਈ (ਹੈਪੀ ਕੋਟਲੀ): ਸਰਹੱਦੀ ਇਲਾਕੇ ਡੇਰਾ ਬਾਬਾ ਨਾਨਕ ਦੇ ਇਤਿਹਾਸਕ ਕਸਬਾ ਧਿਆਨਪੁਰ ਦੀ ਜੰਮਪਲ ਬੇਟੀ ਪ੍ਰਭਜੋਤ ਕੌਰ ਨੇ 12ਵੀਂ ਜਮਾਤ ਮੈਡੀਕਲ ਸੈਸ਼ਨ 2025-2026 ਦੇ ਇਮਤਿਹਾਨ 'ਚ 90% ਅੰਕ ਪ੍ਰਾਪਤ ਕਰਕੇ ਆਪਣੇ ਸਕੂਲ ਤੇ ਮਾਪਿਆਂ ਦਾ ਨਾਂ ਰੌਸ਼ਨ ਕੀਤਾ। ਪ੍ਰਭਜੋਤ ਕੌਰ ਧਿਆਨਪੁਰ ਤੋਂ ਪੜ੍ਹੇ-ਲਿਖੇ ਸੂਝਵਾਨ ਸਰਪੰਚ ਤਰਸੇਮ ਸਿੰਘ ਪੋਤਰੀ ਤੇ ਇਲਾਕੇ ਨਾਮਵਰ ਨੌਜਵਾਨ ਆਗੂ ਪਰਮਸੁਨੀਲ ਸਿੰਘ ਲੱਡੂ ਦੀ ਪੁੱਤਰੀ ਹੈ। ਜ਼ਿਕਰਯੋਗ ਹੈ ਪ੍ਰਭਜੋਤ ਕੌਰ ਮਾਡਰਨ ਸੰਦੀਪਨੀ ਸਕੂਲ ਪਠਾਨਕੋਟ ਦੀ ਵਿਦਿਆਰਥਣ ਹੈ। ਪ੍ਰਭਜੋਤ ਕੌਰ ਨੇ 10ਵੀਂ ਜਮਾਤ ਤੱਕ ਦੀ ਪੜ੍ਹਾਈ ਯੋਗੀਰਾਜ ਸੀ ਬਾਵਾ ਲਾਲ ਦਿਆਲ ਮਾਡਰਨ ਸਕੂਲ ਧਿਆਨਪੁਰ ਤੋਂ ਹਾਸਲ ਕੀਤੀ ਹੈ। ਗਿਆਰਵੀਂ ਬਾਰ੍ਹਵੀਂ ਜਮਾਤ ਦੀ ਪੜ੍ਹਾਈ ਮਾਡਰਨ ਸੰਦੀਪਨੀ ਸਕੂਲ ਪਠਾਨਕੋਟ ਤੋਂ ਚੰਗੇ ਨੰਬਰ ਹਾਸਲ ਕਰਕੇ ਜ਼ਿਲ੍ਹੇ ਗੁਰਦਾਸਪੁਰ ਤੇ ਸਰਹੱਦੀ ਇਲਾਕੇ ਡੇਰਾ ਬਾਬਾ ਨਾਨਕ 'ਚ ਸਕੂਲ ਤੇ ਮਾਪਿਆਂ ਦਾ ਨਾਂ ਰੌਸ਼ਨ ਕੀਤਾ ਹੈ। ਗੱਲਬਾਤ ਦੌਰਾਨ ਪ੍ਰਭਜੋਤ ਕੌਰ ਨੇ ਉਹ ਵੱਡੀ ਹੋ ਕੇ ਖੇਤੀਬਾੜੀ ਮਾਹਿਰ ਅਫ਼ਸਰ ਬਣ ਕੇ ਕਿਸਾਨੀ ਨੂੰ ਹੋਰ ਉੱਚਾ ਚੁੱਕਣ ਕਿਸਾਨਾਂ ਦੀ ਮਦਦ ਕਰੇਗੀ। ਪ੍ਰਭਜੋਤ ਕੌਰ ਦੇ ਪਿਤਾ ਪੰਜਾਬ ਰਾਜ ਬਿਜਲੀ ਬੋਰਡ 'ਚ ਸੇਵਾਵਾਂ ਨਿਭਾ ਰਹੇ ਹਨ ਤੇ ਉਨ੍ਹਾਂ ਦੀ ਮਾਤਾ ਇੱਕ ਸਰਕਾਰੀ ਸਕੂਲ ਅਧਿਆਪਕ ਹਨ। ਪ੍ਰਭਜੋਤ ਕੌਰ ਦੀ ਇਸ ਪ੍ਰਾਪਤੀ 'ਤੇ ਪਰਿਵਾਰ 'ਚ ਖੁਸ਼ੀ ਦਾ ਮਾਹੌਲ ਹੈ। ਇਲਾਕਾ ਨਿਵਾਸੀਆਂ ਵੱਲੋਂ ਵਧਾਈ ਦੇਣ ਵਾਲਿਆਂ ਦਾ ਤਾਂਤਾ ਲੱਗਿਆ ਹੋਇਆ ਹੈ।

# ਸਿਰਲੇਖਵਾਰ ਇਸ਼ਤਿਹਾਰ/Classified Advertisements

(U/o 5 Rule 20 CPC)
**In the Court of Ms. Papneet Civil Judge (Junior DIvision), Balachaur**
CNR No.PBSBA0 -000018-2023
Next Date: 28.05.2025
CS/8/2023
Hardai
Versus
Dayal Singh
Notice to: 1 A) Vinod Kumar, 1C) Soma Devi Both Father Lt Dayal Singh Both R/o Village Kathgarh Tehsil Balachaur, Distt. SBS Nagar 2. Gurpreet Singh S/o Gurcharan Singh R/o Village Surapur Tehsil Balachaur, Distt. SBS Nagar
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **28.**05.2025 at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 14-05-2025
**Sd/- Civil Judge (Junior DIvision), Balachaur**

---

**In the Court of Ms. Prerna Gupta Judicial Magistrate Ist Class Amloh (P)**
CNR No. PBFGA1-003668-2023
Next Date: 13.06.2025
NACT/467/2023
Manjit Singh
Versus
Amit Partap Singh
Proclamation Requiring The appearance of a person Accused
Notice to: Amit Partap Singh son of Sh. Surinder Bahadur Singh resident of House NO. 2800, streeet No. 1, Moti Nagar, Focal Point, Ludhiana 141010
Whereas complaint/case has been made before me that Amit Partap Singh son of Sh. Surinder Bahadur Singh resident of House NO. 2800, streeet No. 1, Moti Nagar, Focal Point, Ludhiana 141010 has commited (or is suspected to have commited) the offence punishable under Section 138 NACT of Colde of Criminal Procedure, 1973 and it has been returned to a warrant of arrest thereupon issued that the said Amit Partap Singh cannot be found, and whereas it has been shown to my satisfaction that the said Amit Partap Singh has absconded (or is concealing himself/herself to avoid the service of the Said Warrant); Proclamation is hereby made that the said Amit Partap Singh is required to appear before this Court (or before me) on 13-06-2025 to answer the said complaint/case.
For details logon to https://highcourtchd.gov.in/?mod=district_notice&district=mogacourt
Dated, this day of 12-05-2025
**Sd/- Judicial Magistrate Ist Class Amloh**

---

(U/o 5 Rule 20 CPC)
**In the Court of Sh. Simran Singh Additional Civil Judge (Senior Division), Khamanon**
CNR No. PBFGB0-000316-2024
Next Date: 28.05.2025
State Bank of India
Versus
Baljinder Kaur
application u.o 21 Rule 10, 11 cpc in CS/95/2022 (5,19,888/-)
Notice to: Baljinder Kaur Spouse:- Mohinder Singh Village Bharri, tehsil Khamanon Distt. Fgs
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **28.**05.2025 at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 12-05-2025
**Sd/- Additional Civil Judge (Senior Division), Khamanon**

---

(U/o 5 Rule 20 CPC)
**In the Court of MS. Navreet Kaur Additional Civil Judge (Senior Division), Dera Bassi**
CNR No. PBSAB0-000643-2025
Next Date: 21.08.2025
SUCC/12/2025
Sandhya Sharma W/o Late Sh. Lajpat Rai Sharma R/o H.no. 789, Saini Vihar, Phase II, Baltana
Versus
General Public
Petition U/s 372 of the Indian Succession Act 1925
Notice to: Resp No. 1. General Public
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **21.**08.2025 at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 13-05-2025
**Sd/- Additional Civil Judge (Senior Division), Dera Bassi**

---

(U/o 5 Rule 20 CPC)
**In the Court of Sh. Jagmohan Singh Sanghe Principal Judge, Family Court, Jalandhar**
CNR No. PBJL01-006327-2025
Next Date: 15.07.2025
GW/86/2025
Harjinder Kaur D/o Sukhdial Parshad Address; Village Dhilwan Jalandhar
Versus
1) Kuldeep Singh S/o Surinder Singh Address: VPO Sang Dhesian Goraya Jalandhar 2) General Public Address: General Public
Petition Under Guardian and Wards Act
Notice to: General Public:- General Public
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **15.**07.2025 at 10:00 A.M.
For details logon to https://highcourtchd.gov.in/?mod=district_notice&district=Jalandhar
Dated, this day of 07-05-2025
**Sd/- Principal Judge, Family Court, Jalandhar**

---

(U/o 5 Rule 20 CPC)
**In the Court of Ms. Harpreet Kaur-1 Civil Judge (Senior Division), Jalandhar**
CNR No. PBJL02-001325-2024
Next Date: 18.07.2025
CS/636/2024
Surinder Singh Alias Shinda
Versus
Sukhwinder Singh Layal
Suit for Compensation
Notice to: Avinash Kaur Spouse:- Sandep Singh R/o H.No. 33, Friends colony, Chandigarh Road, Ramgarh, Ludhiana.
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **18.**07.2025 at 10:00 A.M.
For details logon to https://highcourtchd.gov.in/?mod=district_notice&district=Jalandhar
Dated, this day of 30-04-2025
**Sd/- Civil Judge (Senior Division), Jalandhar**

---

(U/o 5 Rule 20 CPC)
**In the Court of Ms. Babaljit Kaur Civil Judge (Junior Division)-16, Jalandhar**
CNR No. PBJL02-000891-2024
Next Date: 18.07.2025
CS 418/2024
Ramesh Kumar S/o Shaknu Ram R/o House No. 50-A, Rasila Nagar, Basti Danishmanda, Tehsil & District Jalandhar
Versus
Pawan Kumar S/o Ramesh Kumar R/o House No.50-A Rasila Nagar, Basti Danishmanda, Tehsil & District Jalandhar
Notice to:1. Pawan Kumar Ramesh Kumar 2. Meena Kumari W/o Pawan Kumar Both R/o House No. 50-A, Rasila Nagar, Basti Danishmanda, Tehsil & District Jalandhar
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **18.**07.2025 at 10:00 A.M.
For details logon to https://highcourtchd.gov.in/?mod=district_notice&district=Jalandhar
Dated, this day of 23-04-2025
**Sd/- Civil Judge (Junior Division)-16, Jalandhar**

---

(U/o 5 Rule 20 CPC)
**In the Court of Sh. Jagmohan Singh Sanghe Principal Judge, Family Court, Jalandhar**
CNR No. PBJL01-001462-2025
Next Date: 05.07.2025
GW/18/2025
Arwinder Singh S/o Charan Singh Address: 397 Ward No. 6, Guru Ravidass Nagar, Bhogpur, Distt. Jalandhar
Versus
1) General Public Address; General Public 2) Gurjit Kaur (Divorcee Arwinder Singh) D/o Sh. Shingara Singh Address; Firoj Rlian, Tehsil Dasuya, Distt. Hoshiarpur, Now W/o Rishi Kumar R/o Village Nahlan, PO Adampur Doaba, Distt. Jalandhar
Petition Under Guardian and Wards Act
Notice to: Gurjit Kaur (Divorcee Arwinder Singh) D/o Sh. Shingara Singh Address; Firoj Rlian, Tehsil Dasuya, Distt. Hoshiarpur, Now W/o Rishi Kumar R/o Village Nahlan, PO Adampur Doaba, Distt. Jalandhar
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **05.**07.2025 at 10:00 A.M.
For details logon to https://highcourtchd.gov.in/?mod=district_notice&district=Jalandhar
Dated, this day of 01-05-2025
**Sd/- Principal Judge, Family Court, Jalandhar**

---

**In the Court of Sh. Sukhmandeep Singh Judicial Magistrate First Class-3, Abohar**
CNR No. PBFZE1-0015922024
Next Date: 03.07.2025
NACT/372/2024
Punjab National Bank
Versus
Budha Singh
Notice to: Budha Singh S/o Bakhsish Singh R/o Village Rukanpura Tehsil Abohar Distt. Fazilka.
In above titled case the accused could not be served. It is ordered that accused should appear in person or through counsel on **03.**07.2025 at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 13-05-2025
**Sd/- Judicial Magistrate First Class-3, Abohar**

---

(U/o 5 Rule 20 CPC)
**In the Court of Ms. Chinu Sharma Civil Judge Jr.Div., Chandigarh**
CNR No. CHCH02-000725-2025
Next Date: 11.07.2025
Jaya Shree Menezes
Versus
General Public
Suit for Declaration and Suit for Permanent Injunction
Notice to: General Public
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **11.**07.2025 at 10:00 A.M.
For details logon to https://highcourtchd.gov.in/?trs=district_notice&district=Chandigarh
Dated, this day of 13-05-2025
**Sd/- Civil Judge Jr.Div., Chandigarh**

---

(U/o 5 Rule 20 CPC)
**In the Court of Ms. Sumukhi Additional Civil Judge (Senior Division), Malout**
CNR No. PBSMB0-000316-2025
Next Date: 01.07.2025
Rupinder Kaur
Versus
General Public
Notice to: General Public
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **01.**07.2025 at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 11-05-2025
**Sd/- Additional Civil Judge (Senior Division), Malout**

---

(U/o 5 Rule 20 CPC)
**In the Court of Sh. Hardip Singh Additional District and Sessions Judge-2,**
CNR No. PBSA01-005947-2024
Next Date: 27.05.2025
Anar Kali
Versus
Navneet Singh
Claim Petition
Notice to: Smt Mala Widow of Vijay Kumar, D/o Raju & Smt Menka R/o Village Khera Bet, Dist. Ludhiana, Punjab
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **27.**05.2025 at 10:00 A.M.
For details logon to https://highcourtchd.gov.in/?mod=district_notice&district=Mohali
Dated, this day of 14-05-2025
**Sd/- Additional District and Sessions Judge-2,**

---

## Change of Name

I, Tanya Sood W/o Dipanshu Gupta R/o B-8, M.C.H,-525/43, Near Hotel Shiraz, Sukhdev Nagar, Hoshiarpur have changed my name to Tanya Gupta.Concerned Note.

I, Tejinder Singh S/o Pritam Singh R/o H.No-690, Street No-4, Tibba Sahib, Hoshiarpur have changed my name to Tajinder Singh. Concerned Note.

## ਨਾਮ ਸੰਬੰਧੀ ਸੂਚਨਾ

ਮੈਂ, ਰਾਜ ਕੁਮਾਰ ਉਰਫ਼ ਰਾਜਾ ਰਾਮ ਪੁੱਤਰ ਸ੍ਰੀ ਦੌਲਤ ਰਾਮ ਵਾਸੀ ਪਿੰਡ ਕਿੰਗਰ ਵਾਲਾ ਰੂਪਾ, ਤਹਿਸੀਲ ਵਾ ਜ਼ਿਲ੍ਹਾ ਫਿਰੋਜ਼ਪੁਰ ਬਿਆਨ ਕਰਦਾ ਹਾਂ ਕਿ ਉਪਰੋਕਤ ਦੋਨੋਂ ਨਾਮ ਇਕੋ ਹੀ ਵਿਅਕਤੀ ਦੇ ਹਨ ਅਤੇ ਇਹ ਦੋਨੋਂ ਨਾਮ ਮੇਰੇ ਹੀ ਹਨ।

## ਛੱਪੜ ਦੀ ਖੁੱਲ੍ਹੀ ਬੋਲੀ

ਹਰ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਗ੍ਰਾਮ ਪੰਚਾਇਤ ਪਿੰਡ ਜਵਾਹਰਕੇ ਖੁਰਦ ਬਲਾਕ ਸਰਦੂਲਗੜ੍ਹ (ਮਾਨਸਾ) ਦੇ ਛੱਪੜ ਦੀ ਖੁੱਲ੍ਹੀ ਬੋਲੀ ਮਿਤੀ 21/5/2025 ਨੂੰ ਦਿਨ ਬੁੱਧਵਾਰ ਨੂੰ ਸਵੇਰੇ 10 ਵਜੇ ਪੰਚਾਇਤ ਘਰ ਵਿਖੇ ਕੀਤੀ ਕਰਵਾਈ ਜਾਵੇਗੀ ਛੱਪੜ ਦਾ ਰਕਬਾ 7 ਏਕੜ ਦੇ ਕਰੀਬ ਹੈ। ਬੋਲੀ ਦੀਆਂ ਸ਼ਰਤਾਂ ਮੌਕੇ 'ਤੇ ਦੱਸੀਆਂ ਜਾਣਗੀਆਂ ਬੋਲੀ ਦੇਣ ਦੇ ਚਾਹਵਾਨ ਸੰਪਰਕ ਕਰਨ।
ਸੰਪਰਕ.... ਸਰਪੰਚ ਸਵਰਨ ਸਿੰਘ
9440847000,9781897397

**ਚੜ੍ਹਦੀਕਲਾ ਪੜ੍ਹੋ ਚੜ੍ਹਦੀਕਲਾ 'ਚ ਰਹੋ**

(U/o 5 Rule 20 CPC)
**In the Court of Ms. Savreen Sandhu Civil Judge (Junior Division), - 19, Jalandhar**
CNR No. PBJL02-001065-2024
Next Date: 15.07.2025
Rajni Bala
Versus
Kunal Chadha
Notice to: Kunal Chadha Father:- Subhash Chadha 114 street No. 4 Near Nagra Fatak Guru Nanak Nagar Jalandhar
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 15.07.2025 at 10:00 A.M.
For details logon to https://highcourtchd.gov.in/?mod=district_notice&district=Jalandhar
Dated, this day of 13-05-2025
**Sd/- Civil Judge (Junior Division), -19, Jalandhar**

---

**ਭਾਰਤ ਦੀ ਖੇਡ ਅਥਾਰਟੀ ਨੇਤਾਜੀ ਸੁਭਾਸ਼ ਨੈਸ਼ਨਲ ਇੰਸਟੀਚਿਊਟ ਆਫ ਸਪੋਰਟਸ ਪਟਿਆਲਾ -147001 (ਪੰਜਾਬ)**

ਵਿਸ਼ਾ: ਨੇਤਾਜੀ ਸੁਭਾਸ਼ ਨੈਸ਼ਨਲ ਇੰਸਟੀਚਿਊਟ ਆਫ ਸਪੋਰਟਸ (ਐਨਐਸ ਐਨਆਈਐਸ), ਪਟਿਆਲਾ ਵਿਖੇ ਕੰਟੀਨ ਲੀਜ਼ 'ਤੇ ਲੈਣ ਲਈ ਟੈਂਡਰਾਂ ਦਾ ਸੱਦਾ
ਇਹ ਸੂਚਿਤ ਕੀਤਾ ਜਾਂਦਾ ਹੈ ਕਿ ਐਨਐਸ ਐਨਆਈਐਸ ਆਪਣੇ ਅਹਾਤੇ ਵਿੱਚ ਕੰਟੀਨ ਲੀਜ਼ 'ਤੇ ਲੈਣ ਲਈ ਸੀਲਬੰਦ ਟੈਂਡਰਾਂ ਦਾ ਸੱਦਾ ਦਿੰਦਾ ਹੈ। ਕੰਟੀਨ ਦਾ ਖੇਤਰਫਲ 2350 ਵਰਗ ਫੁੱਟ ਹੈ, ਅਤੇ ਰਿਜ਼ਰਵ ਮਾਸਿਕ ਲਾਇਸੈਂਸ ਫੀਸ 12,000/- ਪਲੱਸ + ਜੀਐਸਟੀ ਨਿਰਧਾਰਤ ਕੀਤੀ ਗਈ ਹੈ। ਦਿਲਚਸਪੀ ਰੱਖਣ ਵਾਲੀਆਂ ਧਿਰਾਂ ਨੂੰ 19.05.25 ਨੂੰ ਸ਼ਾਮ 5:00 ਵਜੇ ਤੱਕ ਜ਼ਰੂਰੀ ਦਸਤਾਵੇਜ਼ਾਂ ਦੇ ਨਾਲ ਆਪਣੇ ਟੈਂਡਰ ਜਮ੍ਹਾਂ ਕਰਾਉਣ ਦੀ ਲੋੜ ਹੈ। ਵਿਸਤ੍ਰਿਤ ਨਿਯਮ ਅਤੇ ਸ਼ਰਤਾਂ ਅਧਿਕਾਰਤ ਵੈੱਬਸਾਈਟ ਲਿੰਕ 'ਤੇ ਉਪਲਬਧ ਹਨ: https://nsnis.org/tenders/
ਡਾਇ. ਡਾਇਰੈਕਟਰ (ਜੋਨਲ ਡੀ)
ਐਸ.ਏ.ਆਈ. ਐਨ.ਐਸ ਐਨ.ਆਈ.ਐਸ ਪਟਿਆਲਾ

---

**ਪੰਜਾਬ ਸਰਕਾਰ**
**ਟੈਂਡਰ/ਆਰਐਫਪੀ ਹਵਾਲਾ ਨੰ. ਈ-ਟੈਂਡਰ/ਐਮਸੀ/ਲੌਂਗੋਵਾਲ/2025-26/1**
ਨਗਰ ਕੌਂਸਲ, ਲੌਂਗੋਵਾਲ ਦੇ ਵਿਕਾਸ ਵੱਲੋਂ ਲੌਂਗੋਵਾਲ ਵਿਖੇ ਸੀਟੀ/ਪੀਟੀ, ਪੀ.ਐਲ ਇੰਟਰਲਾਕਿੰਗ ਟਾਇਲਾਂ ਦਾ ਨਿਰਮਾਣ ਅਤੇ ਡਰੇਨਾਂ, ਮੈਨਲ ਰੋਡ, ਕੰਪੋਸਟ ਪਿਟਸ ਦੇ ਨਿਰਮਾਣ ਲਈ ਆਨਲਾਈਨ ਬੋਲੀਆਂ ਦੀ ਮੰਗ ਕੀਤੀ ਜਾਂਦੀ ਹੈ।
ਬੰਦ ਹੋਣ ਦੀ ਮਿਤੀ ਅਤੇ ਸਮਾਂ : 02.06.2025 ਨੂੰ ਸਵੇਰੇ 11.00 ਵਜੇ
ਵੇਰਵਿਆਂ ਲਈ ਲਾਗ ਆਨ ਕਰੋ : www.eproc.punjab.gov.in
ਸੂਚਨਾ : ਟੈਂਡਰ/ਆਰਐਫਪੀ ਸੂਚਨਾ ਸੰਬੰਧੀ ਕੋਈ ਵੀ ਸੋਧ (ਾਂ) ਕੇਵਲ ਉਕਤ ਵੈਬਸਾਈਟ 'ਤੇ ਹੀ ਪਾਈ ਜਾਵੇਗੀ।
ਸਹੀ/- ਸਹੀ/-
ਪ੍ਰਧਾਨ, ਨਗਰ ਕੌਂਸਲ, ਲੌਂਗੋਵਾਲ — ਕਾਰਜਕਾਰੀ ਅਧਿਕਾਰੀ, ਨਗਰ ਕੌਂਸਲ, ਲੌਂਗੋਵਾਲ
**RO.No.PR-Advt.No.NA/12/29917/2023/44412/ Dated CHD : 5/13/2025**

---

**ਪੰਜਾਬ ਸਰਕਾਰ**
**ਗ੍ਰੇਟਰ ਮੋਹਾਲੀ ਏਰੀਆ ਵਿਕਾਸ ਅਥਾਰਟੀ**
**ਪੁੱਡਾ ਭਵਨ, ਸੈਕਟਰ 62, ਐਸਏਐਸ ਨਗਰ**
ਟੈਂਡਰ ਹਵਾਲਾ ਨੰਬਰ ਡੀਈ (ਪੀਐਚ-1)/ਗਮਾਡਾ/2025/441-451 ਮਿਤੀ 14.05.2025
ਮੰਡਲ ਇੰਜੀਨੀਅਰ (ਪੀਐਚ–1), ਗਮਾਡਾ, ਐਸਏਐਸ ਨਗਰ ਵੱਲੋਂ ਨਿਮਨਲਿਖਤ ਲਈ ਆਨਲਾਈਨ ਬੋਲੀਆਂ ਦੀ ਮੰਗ ਕੀਤੀ ਜਾਂਦੀ ਹੈ :

| ਲੜੀ ਨੰ. | ਕੰਮ ਦਾ ਨਾਮ |
|---|---|
| 1. | ਸੈਕਟਰ 67, ਨੇੜੇ ਦੰਗਾ ਪੀੜਤ ਹਾਊਸਿੰਗ ਸੁਸਾਇਟੀ, ਸੈਕਟਰ 67, ਐਸਏਐਸ ਨਗਰ ਦੀ ਮਾਰਕਿਟ ਵਿਚ ਪਖਾਨਾ ਬਲਾਕ ਦੀ ਮੁਰੰਮਤ। |
| 2. | ਆਈਟੀ ਸਿਟੀ, ਐਸਏਐਸ ਨਗਰ ਵਿਖੇ ਐਮਬੀਆਰ ਤਕਨਾਲੋਜੀ 'ਤੇ ਆਧਾਰਿਤ 250 ਕੇਐਲਡੀ ਸਮਰਥਾ ਵਾਲੇ ਪੋਰਟੇਬਲ ਐਸਟੀਪੀ ਦਾ ਸੰਚਾਲਨ ਅਤੇ ਰੱਖ ਰਖਾਅ (ਵਿੱਤੀ ਸਾਲ 2025–2026 ਦੇ ਲਈ) |
| 3. | ਗਮਾਡਾ, ਐਸਏਐਸ ਨਗਰ ਦੇ ਖੇਤਰ ਵਿਚ ਮੁੱਖ ਸੜਕਾਂ ਭਾਵ 200' ਚੌੜੀ ਪੀਆਰ–7, 200' ਚੌੜੀ ਪੀਆਰ–9, 300' ਚੌੜੀ ਏਅਰਪੋਰਟ ਰੋਡ ਅਤੇ 200' ਚੌੜੀ ਟੀਡੀਆਈ ਰੋਡ 'ਤੇ ਸਵੱਛਤਾ ਕਾਰਜ (ਵਿੱਤੀ ਸਾਲ 2025–26) |

**ਲੜੀ ਨੰ. 1 ਤੋਂ 3 ਲਈ ਮਾਤਰਾ : ਡੀਐਨਆਈਟੀ ਦੇ ਅਨੁਸਾਰ**
ਬੰਦ ਹੋਣ ਦੀ ਮਿਤੀ ਅਤੇ ਸਮਾਂ ਲੜੀ ਨੰ. 1 ਦੇ ਲਈ : 29.05.2025 ਨੂੰ ਸਵੇਰੇ 11.00 ਵਜੇ
ਬੰਦ ਹੋਣ ਦੀ ਮਿਤੀ ਅਤੇ ਸਮਾਂ ਲੜੀ ਨੰ. 2 ਦੇ ਲਈ : 22.05.2025 ਨੂੰ ਸਵੇਰੇ 11.00 ਵਜੇ
ਬੰਦ ਹੋਣ ਦੀ ਮਿਤੀ ਅਤੇ ਸਮਾਂ ਲੜੀ ਨੰ. 3 ਦੇ ਲਈ : 05.06.2025 ਨੂੰ ਸਵੇਰੇ 11.00 ਵਜੇ
ਵੇਰਵਿਆਂ ਲਈ ਲਾਗ ਆਨ ਕਰੋ: **https://eproc.punjab.gov.in**
**ਨੋਟ : ਟੈਂਡਰ ਸੂਚਨਾ ਸੰਬੰਧੀ ਕੋਈ ਵੀ ਸੋਧ (ਾਂ) ਕੇਵਲ ਉਕਤ ਵੈਬਸਾਈਟ 'ਤੇ ਹੀ ਪਾਈ ਜਾਵੇਗੀ।**
**RO.No. PR-ADVT.No: NA/12/29911/2023/44406/Dated CHD : 5/14/2025**

---

**PSPCL Punjab State Power Corporation Limited**
**Regd. Office : PSEB head office, The Mall Patiala 147001**
**Corporate Identity Number U40109PP20SGC033813**
ਥੋੜ੍ਹੇ ਸਮੇਂ ਦੀ ਟੈਂਡਰ ਇਨਕੁਆਇਰੀ ਨੰ. 01/2025-26 (ਵਧੀਕ ਨਿਗਰਾਨ ਇੰਜੀ: ਡਿਸਟ੍ਰੀਬਿਊਸ਼ਨ ਪ੍ਰੋਜੈਕਟਸ ਸੈਲ-1 ਜਲੰਧਰ)
ਦਫ਼ਤਰ : ਵਧੀਕ ਨਿਗਰਾਨ ਇੰਜੀ: ਡਿਸਟ੍ਰੀਬਿਊਸ਼ਨ ਪ੍ਰੋਜੈਕਟਸ ਸੈਲ-1 ਜਲੰਧਰ ਲਈ ਇੱਕ ਨੰਬਰ ਗੱਡੀ (ਮਹਿੰਦਰਾ ਬਲੈਰੋ/**TUV-300**/ਯੈਲੋ ਜਾਂ ਇਸ ਦੇ ਬਰਾਬਰ ਕੀਮਤ ਦੀ ਗੱਡੀ) ਇੱਕ ਸਾਲ ਲਈ ਕਿਰਾਏ ਤੇ ਲੈਣ ਸੰਬੰਧੀ (ਗੱਡੀ 04 ਸਾਲ ਤੋਂ ਵੱਧ ਪੁਰਾਣੀ ਨਹੀਂ ਹੋਣੀ ਚਾਹੀਦੀ)।
ਈ.ਐਮ.ਡੀ: ਟੈਂਡਰ ਦੀ ਕੀਮਤ ਦਾ 02% ਘੱਟੋ-ਘੱਟ ਰੁ: 12500/- ਦਾ ਡਿਮਾਂਡ ਡਰਾਫਟ ਔ/ਛਓਸਹ, ਫਸ਼ਫਛਲ, ਫਓਟਓਿਲਓ ਦੇ ਨਾਮ ਤੇ ਜਮਾਂ ਹੋਣ ਯੋਗ ਹੋਵੇ।

| | |
|---|---|
| ਟੈਂਡਰ ਵੇਚਣ ਦੀ ਆਖ਼ਰੀ ਮਿਤੀ : | 02.06.25 ਸਮਾਂ 12:00 **PM** ਤੱਕ |
| ਟੈਂਡਰ ਜਮ੍ਹਾਂ ਕਰਵਾਉਣ ਦੀ ਮਿਤੀ : | 03.06.25 ਸਮਾਂ 10:00 **AM** ਤੱਕ |
| ਟੈਂਡਰ ਖੋਲ੍ਹਣ ਦੀ ਮਿਤੀ : | 03.06.25 ਸਮਾਂ 12:00 ਦੁਪਹਿਰ |
| ਟੈਂਡਰ ਦੀ ਕੀਮਤ : | 1180/- ਰੁ: |

ਨੋਟ :- ਟੈਂਡਰ ਦੀਆਂ ਸਪੈਸੀਫਿਕੇਸ਼ਨਾਂ ਅਤੇ ਸ਼ਰਤਾਂ ਪੀ.ਐਸ.ਪੀ.ਸੀ.ਐਲ. ਦੀ ਵੈਬਸਾਈਟ (www.pspcl.in) ਤੋਂ ਡਾਊਨਲੋਡ ਕੀਤੀਆਂ ਜਾ ਸਕਦੀਆਂ ਹਨ। ਜੇਕਰ ਕੋਈ ਕੋਰੀਜੰਡਅਮ ਹੋਇਆ ਤਾਂ ਉਹ ਅਖ਼ਬਾਰ ਵਿੱਚ ਪ੍ਰਕਾਸ਼ਿਤ ਨਹੀਂ ਕੀਤਾ ਜਾਵੇਗਾ। ਕਿਸੇ ਵੀ ਤਰ੍ਹਾਂ ਦੀ ਅਪਡੇਟ ਲਈ ਪੀ.ਐਸ.ਪੀ.ਸੀ.ਐਲ. ਦੀ ਵੈਬਸਾਈਟ ਤੇ ਲਗਾਤਾਰ ਦੇਖਿਆ ਜਾਵੇ। C 346 / 25
**RO No PR Advt. No. 76155 / 12 / 4228 / 2025 / 44444 / Dated 5 / 14 / 2025**

---

**AMBIT Finvest Pragati ke partner**
# AMBIT FINVEST PRIVATE LIMITED
ਕਾਰਪੋਰੇਟ ਆਫ: ਕਨਕੀਆ ਵਾਲ ਸਟਰੀਟ, 5ਵੀਂ ਮੰਜ਼ਿਲ, ਏ 506-510, ਅੰਧੇਰੀ-ਕੁਰਲਾ ਰੋਡ, ਅੰਧੇਰੀ ਈਸਟ, ਮੁੰਬਈ-400093
**ਮੰਗ ਸੂਚਨਾ**
**ਵਿੱਤੀ ਸੰਪਤੀਆਂ ਦੀ ਸੁਰੱਖਿਆ ਅਤੇ ਪੁਨਰ ਨਿਰਮਾਣ ਅਤੇ ਸੁਰੱਖਿਆ ਵਿਆਜ ਐਕਟ, 2002 (''ਕਾਨੂੰਨ'') ਅਤੇ ਸੁਰੱਖਿਆ ਵਿਆਜ (ਇਨਫੋਰਸਮੈਂਟ) ਨਿਯਮ, 2002 (''ਨਿਯਮ'') ਦੇ ਉਪਬੰਧਾਂ ਦੇ ਤਹਿਤ**
ਐਕਟ ਦੇ ਤਹਿਤ ਐਂਬਿਟ ਫਿਨਵੈਸਟ ਪ੍ਰਾਈਵੇਟ ਲਿਮਟਿਡ ਦੇ ਅਧਿਕਾਰਤ ਅਧਿਕਾਰੀ ਹੋਣ ਦੇ ਨਾਤੇ ਅਤੇ ਨਿਯਮ 3 ਦੇ ਨਾਲ ਪੜ੍ਹੇ ਗਏ ਐਕਟ ਦੀ ਧਾਰਾ 13 (12) ਦੇ ਤਹਿਤ ਪ੍ਰਾਪਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ, ਐਕਟ ਦੀ ਧਾਰਾ 13 (2) ਦੇ ਤਹਿਤ ਡਿਮਾਂਡ ਨੋਟਿਸ(ਨਾਂ) ਜਾਰੀ ਕੀਤੇ, ਜਿਸ ਵਿੱਚ ਹੇਠ ਲਿਖੇ ਕਰਜ਼ਦਾਰ(ਨਾਂ) ਨੂੰ ਉਕਤ ਨੋਟਿਸ ਪ੍ਰਾਪਤ ਹੋਣ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਸਬੰਧਤ ਨੋਟਿਸ(ਨਾਂ) ਵਿੱਚ ਦੱਸੀ ਗਈ ਰਕਮ ਵਾਪਸ ਕਰਨ ਲਈ ਕਿਹਾ ਗਿਆ। ਹੇਠ ਹਸਤਾਖਰ ਕਰਨ ਵਾਲਾ ਇਹ ਮੰਨਦਾ ਹੈ ਕਿ ਕਰਜ਼ਦਾਰ ਮੰਗ ਸੂਚਨਾਂ (ਵਾਂ) ਦੀ ਸੇਵਾ ਤੋਂ ਬਚ ਰਹੇ ਹਨ/ਰਹੇ ਹਨ, ਇਸ ਲਈ ਨੋਟਿਸ ਦੀ ਸੇਵਾ ਨਿਯਮਾਂ ਅਨੁਸਾਰ ਚਿਪਕਾਉਣ ਅਤੇ ਪ੍ਰਕਾਸ਼ਨ ਦੁਆਰਾ ਲਾਗੂ ਕੀਤੀ ਜਾ ਰਹੀ ਹੈ। ਮੰਗ ਨੋਟਿਸ (ਨਾਂ) ਦੀ ਸਮੱਗਰੀ ਹੇਠਾਂ ਦਿੱਤੀ ਗਈ ਹੈ:

| ਕਰਜ਼ਦਾਰ (ਾਂ) ਦਾ ਨਾਮ | ਮੰਗ ਸੂਚਨਾ ਦੀ ਮਿਤੀ ਅਤੇ ਸਮਾਂ |
|---|---|
| 1. ਬਿਕਰਮਜੀਤ ਸਿੰਘ<br>2. ਬੇਅੰਤ ਕੌਰ 3. ਸਾਧੂ ਸਿੰਘ<br>4. ਨਰਿੰਦਰ ਕੌਰ<br>ਕਰਜ਼ ਖਾਤਾ ਨੰ. : ਐਲਯੂਆਈ00000071667 | 29.04.2025, ਰੁ. 24,29,617.42 (ਰੁ. ਚੌਵੀ ਲੱਖ ਉਣੱਤੀ ਹਜ਼ਾਰ ਛੇ ਸੌ ਸਤਾਰਾਂ ਅਤੇ ਬਿਆਲੀ ਪੈਸੇ ਕੇਵਲ) ਅਨੁਸਾਰ: 25.04.2025 |

**ਵਿਕਰੀ ਡੀਡ ਦੇਖੋ ਜਿਸ ਵਿੱਚ ਵਸੀਕਾ ਨੰਬਰ 305 ਮਿਤੀ 17-06-2014 ਦੇ ਅਧੀਨ ਗਿਰਵੀ ਰੱਖੀ ਗਈ ਅਚੱਲ ਜਾਇਦਾਦ/ਜਾਇਦਾਦਾਂ ਦਾ ਵੇਰਵਾ: ਜਾਇਦਾਦ ਮਾਪ 5-9/10, ਮਰਲੇ, ਰੋਸੀਆਣਾ ਵਿਖੇ ਸਥਿਤ ਹੈ ਜਿਸ ਵਿੱਚ ਪਿੰਡ ਰੋਸੀਆਣਾ, ਤਹਿਸੀਲ ਮਲੌਦ ਅਤੇ ਜ਼ਿਲ੍ਹਾ ਲੁਧਿਆਣਾ ਪੰਜਾਬ ਦੇ ਸਾਲ 2008-2009 ਲਈ ਖਾਤਾ ਨੰਬਰ 73/75, 74/76, 94/98, ਖਸਰਾ ਨੰਬਰ 65, 64, 72 ਸ਼ਾਮਲ ਹਨ। ਉਕਤ ਸੰਪੱਤੀ ਦੀ ਹੱਦਬੰਦੀ: -ਪੂਰਬ: ਜਗਤਾਰ ਸਿੰਘ ਦਾ ਘਰ 81' ਪੱਛਮ: ਗਲੀ 82' ਉੱਤਰ: ਮਲਕੀਤ ਸਿੰਘ ਦਾ ਘਰ 63' ਦੱਖਣ: ਗਲੀ 62'9''**

ਕਰਜ਼ਦਾਰਾਂ ਨੂੰ ਇਸ ਦੁਆਰਾ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਮੰਗ ਨੋਟਿਸ(ਨਾਂ) ਦੀ ਪਾਲਣਾ ਕਰਨ ਅਤੇ ਇਸ ਪ੍ਰਕਾਸ਼ਨ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਲਾਗੂ ਵਿਆਜ, ਵਾਧੂ ਵਿਆਜ, ਬਾਊਂਸ ਚਾਰਜ, ਲਾਗਤ ਅਤੇ ਖਰਚਿਆਂ ਦੇ ਨਾਲ ਭੁਗਤਾਨ ਦੀ ਪ੍ਰਾਪਤੀ ਦੀ ਮਿਤੀ ਤੱਕ ਭੁਗਤਾਨ ਕਰਨ। ਉਧਾਰ ਲੈਣ ਵਾਲੇ ਇਹ ਨੋਟ ਕਰ ਸਕਦੇ ਹਨ ਕਿ AFPL ਇੱਕ ਸੁਰੱਖਿਅਤ ਲੈਣਦਾਰ ਹੈ ਅਤੇ ਉਧਾਰ ਲੈਣ ਵਾਲਿਆਂ ਦੁਆਰਾ ਪ੍ਰਾਪਤ ਕੀਤੀ ਗਈ ਕਰਜ਼ਾ ਸਹੂਲਤ ਅਚੱਲ ਜਾਇਦਾਦ/ਸੰਪਤੀਆਂ ਦੇ ਵਿਰੁੱਧ ਇੱਕ ਸੁਰੱਖਿਅਤ ਕਰਜ਼ਾ ਹੈ ਜੋ ਉਧਾਰ ਲੈਣ ਵਾਲਿਆਂ ਦੁਆਰਾ ਗਿਰਵੀ ਰੱਖੀ ਗਈ ਸੁਰੱਖਿਅਤ ਸੰਪਤੀ(ਆਂ) ਹੈ। ਜੇਕਰ ਉਧਾਰ ਲੈਣ ਵਾਲੇ ਨਿਰਧਾਰਤ ਸਮੇਂ ਦੇ ਅੰਦਰ ਆਪਣੀਆਂ ਦੇਣਦਾਰੀਆਂ ਨੂੰ ਪੂਰੀ ਤਰ੍ਹਾਂ ਨਿਭਾਉਣ ਵਿੱਚ ਅਸਫਲ ਰਹਿੰਦੇ ਹਨ, ਤਾਂ AFPL ਐਕਟ ਦੀ ਧਾਰਾ 13(4) ਦੇ ਤਹਿਤ ਸੁਰੱਖਿਅਤ ਸੰਪਤੀ(ਆਂ) ਦਾ ਕਬਜ਼ਾ ਲੈਣ ਲਈ ਸਾਰੇ ਅਧਿਕਾਰਾਂ ਦੀ ਵਰਤੋਂ ਕਰਨ ਦਾ ਹੱਕਦਾਰ ਹੋਵੇਗਾ, ਜਿਸ ਵਿੱਚ ਵਿਕਰੀ ਦੁਆਰਾ ਜਾਂ ਐਕਟ ਅਤੇ ਇਸਦੇ ਅਧੀਨ ਨਿਯਮਾਂ ਦੇ ਅਧੀਨ ਉਪਲਬਧ ਕਿਸੇ ਹੋਰ ਉਪਾਅ ਦੀ ਵਰਤੋਂ ਕਰਕੇ ਟ੍ਰਾਂਸਫਰ ਕਰਨਾ ਸ਼ਾਮਲ ਹੈ ਪਰ ਸੀਮਿਤ ਨਹੀਂ ਹੈ। AFPL ਨੂੰ ਵਿਕਰੀ ਜਾਂ ਟ੍ਰਾਂਸਫਰ ਦੇ ਅਧਿਕਾਰ ਨੂੰ ਲਾਗੂ ਕਰਨ ਤੋਂ ਪਹਿਲਾਂ ਸੁਰੱਖਿਅਤ ਸੰਪਤੀ(ਨਾਂ) ਨੂੰ ਜੋੜਨ ਅਤੇ/ਜਾਂ ਸੀਲ ਕਰਨ ਦਾ ਵੀ ਅਧਿਕਾਰ ਹੈ। ਸੁਰੱਖਿਅਤ ਸੰਪਤੀ(ਆਂ) ਦੀ ਵਿਕਰੀ ਤੋਂ ਬਾਅਦ, AFPL ਨੂੰ ਬਕਾਇਆ ਬਕਾਇਆ ਵਸੂਲੀ ਲਈ ਵੱਖਰੀ ਕਾਨੂੰਨੀ ਕਾਰਵਾਈ ਸ਼ੁਰੂ ਕਰਨ ਦਾ ਵੀ ਅਧਿਕਾਰ ਹੈ, ਜੇਕਰ ਗਿਰਵੀ ਰੱਖੀ ਗਈ ਜਾਇਦਾਦ ਦਾ ਮੁੱਲ AMPL ਨੂੰ ਦੇਣਯੋਗ ਬਕਾਇਆ ਨੂੰ ਪੂਰਾ ਕਰਨ ਲਈ ਨਾਕਾਫ਼ੀ ਹੈ। ਇਹ ਉਪਾਅ ਕਿਸੇ ਹੋਰ ਕਾਨੂੰਨ ਦੇ ਤਹਿਤ AFPL ਨੂੰ ਉਪਲਬਧ ਹੋਰ ਸਾਰੇ ਉਪਾਵਾਂ ਤੋਂ ਇਲਾਵਾ ਅਤੇ ਸੁਤੰਤਰ ਹੈ। ਕਰਜ਼ਦਾਰ(ਆਂ) ਦਾ ਧਿਆਨ ਐਕਟ ਦੀ ਧਾਰਾ 13(8) ਵੱਲ, ਉਪਲਬਧ ਸਮੇਂ ਦੇ ਸੰਬੰਧ ਵਿੱਚ, ਸੁਰੱਖਿਅਤ ਸੰਪਤੀਆਂ ਨੂੰ ਛੁਡਾਉਣ ਲਈ ਅਤੇ ਐਕਟ ਦੀ ਧਾਰਾ 13(13) ਵੱਲ ਖਿੱਚਿਆ ਜਾਂਦਾ ਹੈ, ਜਿਸਦੇ ਤਹਿਤ ਕਰਜ਼ਦਾਰ(ਆਂ) ਨੂੰ ਸੁਰੱਖਿਅਤ ਸੰਪਤੀ(ਆਂ) ਦਾ ਨਿਪਟਾਰਾ ਕਰਨ ਜਾਂ ਉਨ੍ਹਾਂ ਨਾਲ ਨਜਿੱਠਣ ਜਾਂ ਵਿਕਰੀ, ਲੀਜ਼ ਜਾਂ ਕਿਸੇ ਹੋਰ ਤਰੀਕੇ ਨਾਲ (ਕਾਰੋਬਾਰ ਦੇ ਆਮ ਕੋਰਸ ਤੋਂ ਇਲਾਵਾ) ਕਿਸੇ ਵੀ ਸੁਰੱਖਿਅਤ ਸੰਪਤੀ(ਆਂ) ਨੂੰ ਟ੍ਰਾਂਸਫਰ ਕਰਨ ਤੋਂ ਰੋਕਿਆ/ਮਨਾਹੀ ਕੀਤੀ ਜਾਂਦੀ ਹੈ, AFPL ਦੀ ਪਹਿਲਾਂ ਲਿਖਤੀ ਸਹਿਮਤੀ ਤੋਂ ਬਿਨਾਂ ਅਤੇ ਉਪਰੋਕਤ ਦੀ ਪਾਲਣਾ ਨਾ ਕਰਨਾ ਉਕਤ ਐਕਟ ਦੀ ਧਾਰਾ 29 ਦੇ ਤਹਿਤ ਸਜ਼ਾਯੋਗ ਅਪਰਾਧ ਹੈ। ਡਿਮਾਂਡ ਨੋਟਿਸ ਦੀ ਕਾਪੀ ਹੇਠਾਂ ਹਸਤਾਖਰ ਕਰਨ ਵਾਲੇ ਕੋਲ ਉਪਲਬਧ ਹੈ ਅਤੇ ਕਰਜ਼ਾ ਲੈਣ ਵਾਲੇ, ਜੇਕਰ ਉਹ ਚਾਹੁਣ, ਤਾਂ ਆਮ ਦਫਤਰੀ ਸਮੇਂ ਦੌਰਾਨ ਕਿਸੇ ਵੀ ਕੰਮ ਵਾਲੇ ਦਿਨ ਹੇਠਾਂ ਹਸਤਾਖਰ ਕਰਨ ਵਾਲੇ ਤੋਂ ਇਸਨੂੰ ਪ੍ਰਾਪਤ ਕਰ ਸਕਦੇ ਹਨ।
ਮਿਤੀ: 15.05.2025
ਸਥਾਨ: ਲੁਧਿਆਣਾ (ਪੰਜਾਬ)
**ਸਹੀ/- ਸੰਦੀਪ ਕੁਮਾਰ, ਅਧਿਕਾਰਤ ਅਧਿਕਾਰੀ ਐਂਬਿਟ ਫਿਨਵੈਸਟ ਪ੍ਰਾਈਵੇਟ ਲਿਮਟਿਡ**

---

## ਜ਼ਰੂਰੀ ਸੂਚਨਾ

ਰੋਜ਼ਾਨਾ ਚੜ੍ਹਦੀਕਲਾ ਵਿਚ ਛੱਪੇ ਲੇਖ, ਲੇਖਕਾਂ ਦੇ ਆਪਣੇ ਵਿਚਾਰ ਹਨ। ਇਸ ਨਾਲ ਸੰਪਾਦਕ ਦਾ ਸਹਿਮਤ ਹੋਣਾ ਕੋਈ ਜ਼ਰੂਰੀ ਨਹੀਂ। ਇਸ਼ਤਿਹਾਰ (ਡਿਸਪਲੇ/ਕਲਾਸੀਫਾਈਡ) ਦੇ ਤੱਥਾਂ ਲਈ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖ਼ਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ ਦੇ ਤੱਥਾਂ ਦੀ ਪੁਸ਼ਟੀ ਕਰ ਲੈਣ।
-ਇਸ਼ਤਿਹਾਰ ਮੈਨੇਜਰ

---

# ਲੋਕਾਂ ਨੂੰ ਦਰਪੇਸ਼ ਮੁਸ਼ਕਲਾਂ ਸੰਬੰਧੀ ਡੀ.ਸੀ. ਨੂੰ ਦੇਵਾਂਗੇ ਮੰਗ ਪੱਤਰ: ਕਲਿਆਣ ਰਾਵਣ

ਭੋਗਪੁਰ 14 ਮਈ ( ਜੰਡੀਰ ਸੈਣੀ ) ਭੋਗਪੁਰ ਬਲਾਕ ਦੇ ਪਿੰਡ ਕਾਲਾ ਬੱਕਰਾ ਵਿਖੇ ਵਾਲਮੀਕਨ ਟਾਈਗਰ ਫੋਰਸ ਦੀ ਟੀਮ ਵੱਲੋਂ ਜੱਸ ਕਲਿਆਣ ਰਾਵਣ ਪ੍ਰਧਾਨ ਜ਼ਿਲ੍ਹਾ ਜਲੰਧਰ ਦੀ ਅਗਵਾਈ ਹੇਠ ਖਾਸ ਮੀਟਿੰਗ ਕੀਤੀ ਗਈ। ਮੀਟਿੰਗ ਵਿੱਚ ਪ੍ਰਧਾਨ ਜਸ ਕਲਿਆਣ ਨੂੰ ਲੋਕਾਂ ਨੇ ਆਪਣੀਆਂ ਸਮੱਸਿਆਵਾਂ ਦੱਸੀਆਂ ਪ੍ਰਧਾਨ ਜੱਸ ਕਲਿਆਣ ਰਾਵਣ ਨੇ ਲੋਕਾ ਨੂੰ ਵਿਸ਼ਵਾਸ ਦਵਾਇਆ। ਕਿ ਉਹ ਡੀਸੀ ਸਾਹਿਬ ਨੂੰ ਮੰਗ ਪੱਤਰ ਦੇਣਗੇ ਅਤੇ ਪ੍ਰਸ਼ਾਸਨ ਨਾਲ ਗੱਲਬਾਤ ਕਰਕੇ ਕਾਲਾ ਬੱਕਰਾ ਤੇ ਲੋਕਾਂ ਲੋਕਾਂ ਦੀਆਂ ਮੁਸ਼ਕਿਲਾਂ ਦਾ ਹੱਲ ਕਰਵਾਉਣਗੇ ਇਸ ਮੌਕੇ ਤੇ ਬਿਸ਼ਨ ਬਹਿਰਾਮ ਪ੍ਰਧਾਨ ਸਾਂਝਾ ਮੋਰਚਾ ਪੰਜਾਬ, ਗੁਰਵਿੰਦਰ ਸਿੰਘ ਵਾਲਮੀਕਨ ਫੋਰਸ, ਆਦਿ ਹਾਜ਼ਰ ਸਨ।

---

**ਚੰਡੀਗੜ੍ਹ ਈਐਸਆਈਸੀ ਕਰਮਚਾਰੀ ਸਹਿਕਾਰੀ ਘਰ ਇਮਾਰਤ (ਪਹਿਲੀ) ਸੁਸਾਇਟੀ ਲਿਮਟਿਡ. ਪਲਾਟ ਨੰ. 01, ਸੈਕਟਰ 51-ਬੀ ਚੰਡੀਗੜ੍ਹ**

**ਜਨਤਕ ਸੂਚਨਾ**
ਆਮ ਜਨਤਾ ਅਤੇ ਸਾਰੇ ਸਬੰਧਤਾਂ ਦੀ ਜਾਣਕਾਰੀ ਲਈ ਇਹ ਸੂਚਿਤ ਕੀਤਾ ਜਾਂਦਾ ਹੈ ਕਿ ਵਿੱਤ ਵਿਭਾਗ, ਚੰਡੀਗੜ੍ਹ ਪ੍ਰਸ਼ਾਸਨ ਦੁਆਰਾ ਜਾਰੀ ਨੋਟੀਫਿਕੇਸ਼ਨ ਅਨੁਸਾਰ ਹੇਠ ਲਿਖੇ ਮੈਂਬਰਾਂ/ਬਿਨੈਕਾਰਾਂ ਨੇ ਸੁਸਾਇਟੀ ਦੀ ਪ੍ਰਬੰਧਕ ਕਮੇਟੀ/ਰਜਿਸਟਰਾਰ ਸਹਿਕਾਰੀ ਸਭਾਵਾਂ, ਯੂ.ਟੀ., ਚੰਡੀਗੜ੍ਹ ਦੇ ਸਾਹਮਣੇ ਸ਼ੇਅਰ/ਫਲੈਟ ਦੇ ਤਬਾਦਲੇ ਅਤੇ ਵਿਕਰੀ ਡੀਡ ਨੂੰ ਲਾਗੂ ਕਰਨ ਲਈ ਐਨਓਸੀ/ਅਨੁਮਤੀ ਜਾਰੀ ਕਰਨ ਲਈ ਅਰਜ਼ੀ ਦਿੱਤੀ ਹੈ: ਮੂਲ ਅਲਾਟੀ ਦਾ ਨਾਮ/ਟ੍ਰਾਂਸਫਰੀ: ਸ੍ਰੀ ਅਮਰ ਸਿੰਘ ਢਿੱਲੋਂ, ਬਿਨੈਕਾਰ ਦਾ ਨਾਮ:ਸ੍ਰੀ ਜਗਜੀਤ ਸਿੰਘ, ਜਾਇਦਾਦ: ਫਲੈਟ ਨੰ. 1624, ਜੀ.ਐਫ, ਸੈਕਟਰ 51-ਬੀ, ਚੰਡੀਗੜ੍ਹ ਸ਼੍ਰੇਣੀ ਬੀਜੇਕਰ ਕਿਸੇ ਨੂੰ ਸੁਸਾਇਟੀ ਦੇ ਉਪਰੋਕਤ ਫਲੈਟਾਂ ਵਿੱਚ ਮਾਲਕੀ ਅਧਿਕਾਰ ਜਾਂ ਹਿੱਤ ਬਿਨੈਕਾਰ ਦੇ ਹੱਕ ਵਿੱਚ ਤਬਦੀਲ ਕਰਨ 'ਤੇ ਕੋਈ ਇਤਰਾਜ਼ ਹੈ, ਤਾਂ ਉਹ ਇਸ ਨੋਟਿਸ ਦੇ ਪ੍ਰਕਾਸ਼ਨ ਦੇ 30 ਦਿਨਾਂ ਦੇ ਅੰਦਰ-ਅੰਦਰ ਸੰਬੰਧਿਤ ਦਸਤਾਵੇਜ਼ਾਂ ਦੇ ਨਾਲ ਲਿਖਤੀ ਰੂਪ ਵਿੱਚ ਇਤਰਾਜ਼ ਹੇਠ ਹਸਤਾਖਰ ਕਰਨ ਵਾਲੇ ਨੂੰ ਜਮ੍ਹਾਂ ਕਰਵਾ ਸਕਦਾ ਹੈ, ਨਹੀਂ ਤਾਂ ਉਪਰੋਕਤ ਫਲੈਟ ਦੀ ਮਾਲਕੀ ਬਿਨੈਕਾਰ ਦੇ ਹੱਕ ਵਿੱਚ ਤਬਦੀਲ ਕਰ ਦਿੱਤੀ ਜਾਵੇਗੀ।
ਬਾਅਦ ਵਿੱਚ ਕਿਸੇ ਵੀ ਤਰੀਕੇ ਨਾਲ ਕੋਈ ਹੋਰ ਦਾਅਵਾ ਨਹੀਂ ਕੀਤਾ ਜਾਵੇਗਾ।
**ਲਈ**
**ਚੰਡੀਗੜ੍ਹ ਈਐਸਆਈਸੀ ਕਰਮਚਾਰੀ ਸਹਿਕਾਰੀ ਘਰ ਇਮਾਰਤ (ਪਹਿਲੀ) ਸੁਸਾਇਟੀ ਲਿਮਟਿਡ ਪਲਾਟ ਨੰਬਰ 1, ਸੈਕਟਰ 51-ਬੀ, ਚੰਡੀਗੜ੍ਹ**
**ਪੰਕਜ ਸ਼ਰਮਾ (ਪ੍ਰਧਾਨ)**

---

**ਯੂਕੋ ਬੈਂਕ**
ਸਨਮਾਨ ਤੁਹਾਡੇ ਵਿਸ਼ਵਾਸ ਦਾ
ਯੂਕੋ ਬੈਂਕ ਜ਼ੋਨਲ ਦਫ਼ਤਰ, ਚੰਡੀਗੜ੍ਹ-ਐਸਸੀਓ 55-56-57, ਬੈਂਕ ਸਕੁਏਅਰ, ਸੈਕਟਰ17-ਬੀ, ਚੰਡੀਗੜ੍ਹ, ਈਮੇਲ : **zochng.rec@ucobank.co.in**
ਈ-ਨਿਲਾਮੀ ਵਿਕਰੀ ਸੂਚਨਾ
**ਸੋਧ**
ਇਹ 16.06.2025 ਨੂੰ ਸੂਚੀਬੱਧ **ਇੰਡੀਅਨ ਐਕਸਪ੍ਰੈਸ ਅਤੇ ਰੋਜ਼ਾਨਾ ਚੜ੍ਹਦੀਕਲਾ** ਵਿਚ 14.05.2025 ਨੂੰ ਪ੍ਰਕਾਸ਼ਿਤ ਈ-ਨਿਲਾਮੀ ਵਿਕਰੀ ਸੂਚਨਾ ਦੇ ਹਵਾਲੇ ਨਾਲ ਹੈ। **ਕਰਜ਼ਦਾਰ (ਾਂ)- ਮਿਲਰਗੰਜ ਲੁਧਿਆਣਾ ਸ਼ਾਖਾ ਦੇ ਸ੍ਰੀ ਦਵਿੰਦਰ ਪਾਲ ਸਿੰਘ, ਸ੍ਰੀਮਤੀ ਰਵਿੰਦਰ ਕੌਰ ਅਤੇ ਸ੍ਰੀ ਪ੍ਰਦੀਪ ਕੁਮਾਰ** ਦੀਆਂ ਅਚੱਲ ਸੰਪੱਤੀਆਂ ਦੇ ਵੇਰਵਿਆਂ ਨੂੰ ਸੰਪੱਤੀ ਦਾ 155 ਵਰਗ ਗਜ਼ ਵਜੋਂ ਪੜ੍ਹਿਆ ਜਾਵੇ।
**ਮਿਤੀ** : 14.05.2025 — **ਅਧਿਕਾਰਤ ਅਧਿਕਾਰੀ**
**ਸਥਾਨ** : ਚੰਡੀਗੜ੍ਹ

---

**ਯੂਨੀਅਨ ਬੈਂਕ ਆਫ ਇੰਡੀਆ** Union Bank of India
**[ਨਿਯਮ 8 (1)] ਕਬਜ਼ਾ ਸੂਚਨਾ (ਅਚੱਲ ਸੰਪੱਤੀ ਦੇ ਲਈ)**

ਜਿਥੇ ਕਿ, ਨਿਮਨ ਹਸਤਾਖ਼ਰੀ ਨੇ **ਯੂਨੀਅਨ ਬੈਂਕ ਆਫ ਇੰਡੀਆ** ਦੇ ਅਧਿਕਾਰਤ ਅਧਿਕਾਰੀ ਵਜੋਂ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ (ਦੂਜਾ) **ਕਾਨੂੰਨ**, 2002 ਦੇ ਅਧੀਨ ਅਤੇ ਸੁਰੱਖਿਆ ਵਿਆਜ (ਲਾਗੂਕਰਨ) **ਨਿਯਮਾਂਵਲੀ**, 2002 ਦੇ **ਨਿਯਮ** 3 ਨਾਲ ਪੜ੍ਹੀ ਜਾਣ ਵਾਲੀ ਧਾਰਾ 13 (12) ਅਧੀਨ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਦਰਸਾਈ ਸੂਚਨਾ ਦੀ ਪ੍ਰਾਪਤੀ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਸੂਚਨਾ ਵਿਚ ਦਰਸਾਈ ਰਕਮ ਅਤੇ ਵਿਆਜ ਨੂੰ ਅਦਾ ਕਰਨ ਲਈ ਕਰਜ਼ਦਾਰ (ਾਂ)/ਜ਼ਾਮਨ (ਾਂ)/ਗਿਰਵੀਕਾਰ (ਾਂ) ਨੂੰ ਸੱਦਾ ਦਿੰਦੇ ਹੋਏ ਨਿਮਨ ਦਰਸਾਈ ਮਿਤੀ ਨੂੰ ਮੰਗ ਸੂਚਨਾ ਜਾਰੀ ਕੀਤੀ ਸੀ।
ਕਰਜ਼ਦਾਰ (ਾਂ)/ਜ਼ਾਮਨ (ਾਂ)/ਗਿਰਵੀਕਾਰ (ਾਂ) ਰਕਮ ਅਦਾ ਕਰਨ ਵਿਚ ਅਸਫਲ ਰਹੇ ਹਨ, ਇਸ ਲਈ ਇਥੇ ਕਰਜ਼ਦਾਰ (ਾਂ)/ਜ਼ਾਮਨ (ਾਂ)/ਗਿਰਵੀਕਾਰ (ਾਂ) ਨੂੰ ਅਤੇ ਆਮ ਜਨਤਾ ਨੂੰ ਸੂਚਨਾ ਦਿੱਤੀ ਜਾਂਦੀ ਹੈ ਕਿ ਨਿਮਨ ਹਸਤਾਖ਼ਰੀ ਨੇ ਉਨ੍ਹਾਂ ਖਿਲਾਫ਼ ਦਰਸਾਈ ਮਿਤੀ ਨੂੰ ਸੁਰੱਖਿਆ ਵਿਆਜ ਲਾਗੂਕਰਨ **ਨਿਯਮਾਂਵਲੀ** 2002 ਦੇ ਨਿਯਮ 8 ਨਾਲ ਪੜ੍ਹੇ ਜਾਣ ਵਾਲੇ ਦਰਸਾਏ ਕਾਨੂੰਨ ਦੀ **ਧਾਰਾ** 13(4) ਦੇ ਅਧੀਨ ਉਨ੍ਹਾਂ ਨੂੰ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਨਿਮਨ ਦਰਸਾਈ ਸੰਪੱਤੀ/ਆਂ ਦਾ **ਕਬਜ਼ਾ** ਲੈ ਲਿਆ ਹੈ।
ਕਰਜ਼ਦਾਰ (ਾਂ)/ਜ਼ਾਮਨ (ਾਂ)/ਗਿਰਵੀਕਾਰ (ਾਂ) ਨੂੰ ਵਿਸ਼ੇਸ਼ ਕਰਕੇ ਅਤੇ ਜਨਤਾ ਨੂੰ ਆਮ ਕਰਕੇ ਇਥੇ ਚੇਤਾਵਨੀ ਦਿੱਤੀ ਜਾਂਦੀ ਹੈ ਕਿ ਸੰਪੱਤੀ/ਆਂ ਦੀ ਸੌਦੇਬਾਜ਼ੀ ਨਾ ਕੀਤੀ ਜਾਵੇ ਅਤੇ ਸੰਪੱਤੀ/ਆਂ ਦੀ ਕੋਈ ਵੀ ਸੌਦੇਬਾਜ਼ੀ ਰਕਮ ਅਤੇ ਵਿਆਜ ਦੇ ਲਈ **ਯੂਨੀਅਨ ਬੈਂਕ ਆਫ ਇੰਡੀਆ** ਦੇ ਚਾਰਜ ਨਾਲ ਸਬੰਧਤ ਹੋਵੇਗੀ।
ਕਰਜ਼ਦਾਰ (ਾਂ)/ਜ਼ਾਮਨ(ਾਂ) ਦਾ ਧਿਆਨ ਸੁਰੱਖਿਅਤ ਸੰਪੱਤੀ (ਆਂ) ਦੀ ਪੁਨਰ ਪ੍ਰਾਪਤੀ ਲਈ ਉਪਲਬਧ ਸਮੇਂ ਦੇ ਸਬੰਧ ਵਿਚ ਕਾਨੂੰਨ ਦੀ ਧਾਰਾ 13 ਦੀ ਉਪ-ਧਾਰਾ (8) ਦੀਆਂ ਵਿਵਸਥਾਵਾਂ ਵੱਲ ਦੁਆਇਆ ਜਾਂਦਾ ਹੈ।

| ਸ਼ਾਖਾ ਕਰਜ਼ਦਾਰ(ਾਂ)/ ਜ਼ਾਮਨ (ਾਂ)/ ਦੇ ਨਾਮ | ਸੰਪੱਤੀਆਂ ਦੇ ਵੇਰਵੇ | ਮੰਗ ਸੂਚਨਾ ਦੀ ਮਿਤੀ | ਕਬਜ਼ੇ ਦੀ ਮਿਤੀ | ਬਕਾਇਆ ਰਕਮ |
|---|---|---|---|---|
| ਸ਼ਾਖਾ: ਸੈਕਟਰ 32 ਲੁਧਿਆਣਾ ਸ਼ਾਖਾ ਕਰਜ਼ਦਾਰ: 1(ਏ) ਸ਼੍ਰੀ ਮਨੋਜ ਕੁਮਾਰ ਪੁੱਤਰ ਸ਼੍ਰੀ ਨਾਨਕ ਚੰਦ, (ਕਰਜ਼ਦਾਰ/ਗਿਰਵੀਕਾਰ), ਪਤਾ: ਮਕਾਨ ਨੰਬਰ ਐਫ-2-3182, ਨਿਊ ਗੁਰਨਾਮ ਨਗਰ ਪਿੰਡ ਜੱਸੀਆਂ ਰੋਡ, ਲੁਧਿਆਣਾ, ਜ਼ਿਲ੍ਹਾ-ਲੁਧਿਆਣਾ-141008 ਅਤੇ 1(ਬੀ) ਸ਼੍ਰੀਮਤੀ ਸੀਮਾ ਦੇਵੀ ਪਤਨੀ ਸ਼੍ਰੀ ਮਨੋਜ ਕੁਮਾਰ, (ਸਹਿ-ਕਰਜ਼ਦਾਰ), ਪਤਾ: ਮਕਾਨ ਨੰਬਰ ਐਫ-2-3182, ਨਿਊ ਗੁਰਨਾਮ ਨਗਰ ਪਿੰਡ ਜੱਸੀਆਂ ਰੋਡ, ਲੁਧਿਆਣਾ, ਜ਼ਿਲ੍ਹਾ-ਲੁਧਿਆਣਾ-141008 | ਵਿਕਰੀ ਡੀਡ ਵਾਲੇ ਦਸਤਾਵੇਜ਼ ਨੰਬਰ. 2018-19/101/1/5512 ਮਿਤੀ 10-12-2018 ਦੇ ਅਧੀਨ ਸ਼੍ਰੀ ਮਨੋਜ ਕੁਮਾਰ ਦੇ ਨਾਮ 'ਤੇ ਰਿਹਾਇਸ਼ੀ ਇਮਾਰਤ 115 ਵਰਗ ਗਜ਼ ਦੇ ਪਲਾਟ 'ਤੇ ਬਣੀ, ਨਗਰ ਨਿਗਮ ਨੰਬਰ 2-XXXIII-F-2/3182, ਖਾਤਾ ਨੰਬਰ 655/672 ਖਸਰਾ ਨੰਬਰ 1//16, 2//21, 4//1, 2,3,5//5/1/2, 5/2, 6/1 ਵਿੱਚ ਸ਼ਾਮਲ ਹੈ ਜਿਵੇਂ ਕਿ ਪਿੰਡ ਜੱਸੀਆਂ ਹੱਦਬਸਤ ਨੰਬਰ 101, ਨਿਊ ਗੁਰਨਾਮ ਨਗਰ, ਲੁਧਿਆਣਾ ਅਤੇ ਤਹਿਸੀਲ ਅਤੇ ਜ਼ਿਲ੍ਹਾ-ਲੁਧਿਆਣਾ ਵਿੱਚ ਸਥਿਤ। ਹੱਦਬੰਦੀ - ਪੂਰਬ: ਗੁਆਂਢੀ: 25'-10", ਪੱਛਮ: ਗਲੀ: ਗਲੀ ਚੌੜੀ 20' ਫੁੱਟ, ਗੁਆਂਢੀ 25'-10", ਉੱਤਰ: ਗੁਆਂਢੀ: 40' ਫੁੱਟ, ਦੱਖਣ: ਗੁਆਂਢੀ: 40' ਫੁੱਟ | 25/02/2025 | 13/05/2025 | Rs. 11,76,781.49 ਅਤੇ ਵਿਆਜ |
| ਸ਼ਾਖਾ: ਸੈਕਟਰ 32 ਲੁਧਿਆਣਾ ਸ਼ਾਖਾ ਕਰਜ਼ਦਾਰ 1(ਏ) ਸ਼੍ਰੀ ਆਸ਼ੀਸ਼ ਕੁਮਾਰ ਪੁੱਤਰ ਸ਼੍ਰੀ ਅਸ਼ੋਕ ਕੁਮਾਰ, (ਕਰਜ਼ਦਾਰ/ਗਿਰਵੀਕਾਰ), ਪਤਾ 1: ਮਕਾਨ ਨੰਬਰ 5432/3, ਰਘੂਬੀਰ ਪਾਰਕ, ਢੰਡ ਇਲੈਕਟ੍ਰਾਨਿਕਸ ਦੇ ਨੇੜੇ, ਹੈਬੋਵਾਲ ਕਲਾਂ ਲੁਧਿਆਣਾ, ਜ਼ਿਲ੍ਹਾ-ਲੁਧਿਆਣਾ-141001, ਪਤਾ 2: ਮੈਸਰਜ਼ ਭਗਵਤੀ ਏਜੰਸੀਆਂ, ਮਕਾਨ ਨੰ.3685, ਹਮਰਾਜ ਅਗਰਵਾਲ ਦੇ ਨੇੜੇ, ਹੈਬੋਵਾਲ ਕਲਾਂ, ਨਿਊ ਟੈਗੋਰ ਨਗਰ, ਲੁਧਿਆਣਾ, ਜ਼ਿਲ੍ਹਾ। ਲੁਧਿਆਣਾ (ਪੰਜਾਬ)-141001 ਅਤੇ 1(ਬੀ) ਸ਼੍ਰੀਮਤੀ ਰਜਨੀ ਅਰੋੜਾ ਪਤਨੀ ਸ਼੍ਰੀ ਅਸ਼ੀਸ਼ ਕੁਮਾਰ, (ਸਹਿ-ਕਰਜ਼ਦਾਰ/ਗਿਰਵੀਕਾਰ), ਪਤਾ: ਮਕਾਨ ਨੰਬਰ 5432/3, ਰਘੂਬੀਰ ਪਾਰਕ, ਢੰਡ ਇਲੈਕਟ੍ਰਾਨਿਕਸ ਦੇ ਨੇੜੇ, ਹੈਬੋਵਾਲ ਕਲਾਂ ਲੁਧਿਆਣਾ, ਜ਼ਿਲ੍ਹਾ-ਲੁਧਿਆਣਾ-141001 | ਵਿਕਰੀ ਡੀਡ ਦਸਤਾਵੇਜ਼ ਨੰ. 2023-24/101/1/12179 ਮਿਤੀ 06-11-2023 ਦੇ ਅਧੀਨ ਸ਼੍ਰੀ ਆਸ਼ੀਸ਼ ਕੁਮਾਰ ਅਤੇ ਸ਼੍ਰੀਮਤੀ ਰਜਨੀ ਅਰੋੜਾ ਦੇ ਨਾਮ 'ਤੇ ਰਿਹਾਇਸ਼ੀ ਅਚੱਲ ਜਾਇਦਾਦ/ਪਲਾਟ ਨੰ. 199, 250 ਵਰਗ ਗਜ਼ ਦਾ, ਜਿਸ ਵਿੱਚ ਖਾਤਾ ਨੰ. 61/63-64, ਖਸਰਾ ਨੰਬਰ 47//24/2, 47//25/2, 52//4/1 ਸਾਲ 2015-2016 ਦੀ ਜਮ੍ਹਾਂਬੰਦੀ ਅਨੁਸਾਰ, ਪਿੰਡ ਤਲਵਾੜਾ ਹੈਡਬਸਟ ਨੰਬਰ 149 ਗੋਲਡਨ ਐਵੇਨਿਊ ਫੇਜ਼-2, ਲੁਧਿਆਣਾ, ਤਹਿਸੀਲ ਅਤੇ ਜ਼ਿਲ੍ਹਾ- ਲੁਧਿਆਣਾ ਵਿਖੇ ਸਥਿਤ ਸੰਪੱਤੀ ਦੇ ਸਾਰੇ ਭਾਗ ਅਤੇ ਹਿੱਸੇ ਅਤੇ ਹੇਠ ਲਿਖੇ ਅਨੁਸਾਰ ਹੱਦਬੰਦੀ: ਪੂਰਬ: ਪਲਾਟ ਨੰ. 172 ਮਾਪ 30', ਪੱਛਮ: ਗਲੀ 25' ਚੌੜੀ ਮਾਪ 30', ਉੱਤਰ: ਪਲਾਟ ਨੰ. 200 ਮਾਪ 75', ਦੱਖਣ: ਪਲਾਟ ਨੰ. 198 ਮਾਪ 75' | 25/02/2025 | 13/05/2025 | Rs. 30,86,630.20 ਅਤੇ ਵਿਆਜ |
ਕਰਜ਼ਦਾਰ(ਾਂ)/ਜ਼ਾਮਨ (ਾਂ) ਨੂੰ ਵਿਸ਼ੇਸ਼ ਕਰਕੇ ਅਤੇ ਜਨਤਾ ਨੂੰ ਆਮ ਕਰਕੇ ਇਥੇ ਚੇਤਾਵਨੀ ਦਿੱਤੀ ਜਾਂਦੀ ਹੈ ਕਿ ਸੰਪੱਤੀ/ਸੰਪੱਤੀਆਂ ਦੀ ਸੌਦੇਬਾਜ਼ੀ ਨਾ ਕੀਤੀ ਜਾਵੇ ਅਤੇ ਸੰਪੱਤੀਆਂ ਦੀ ਕੋਈ ਵੀ ਸੌਦੇਬਾਜ਼ੀ ਵਸੂਲ ਹੋਈ ਰਕਮ, ਜੇਕਰ ਕੋਈ ਹੈ, ਮਨਫੀ ਕਰਕੇ ਹੋਰ ਫੀਸਾਂ/ਖਰਚਿਆਂ, ਲਾਗਤਾਂ ਸਮੇਤ ਰਕਮ ਦੇ ਲਈ **ਸਟੇਟ ਬੈਂਕ ਆਫ ਇੰਡੀਆ, ਰੇਲਵੇ ਰੋਡ ਸ਼ਾਖਾ ਕੋਟਕਪੂਰਾ** ਦੇ ਚਾਰਜ ਨਾਲ ਸਬੰਧਤ ਹੋਵੇਗੀ।

**ਕਰਜ਼ਦਾਰ/ਜ਼ਾਮਨਾਂ ਦਾ ਧਿਆਨ ਸੁਰੱਖਿਅਤ ਸੰਪੱਤੀਆਂ ਦੀ ਪੁਨਰ ਪ੍ਰਾਪਤੀ ਲਈ ਉਪਲਬਧ ਸਮੇਂ ਦੇ ਸਬੰਧ ਵਿੱਚ ਕਾਨੂੰਨ ਦੀ ਧਾਰਾ 13 ਦੀ ਉਪ-ਧਾਰਾ (8) ਦੀ ਵਿਵਸਥਾ ਵੱਲ ਦੁਆਇਆ ਜਾਂਦਾ ਹੈ।**

| ਕਰਜ਼ਦਾਰ(ਾਂ)/ ਜ਼ਾਮਨ(ਾਂ) ਦਾ ਨਾਮ | ਚੱਲ/ਅਚੱਲ ਸੰਪੱਤੀਆਂ ਦੇ ਵੇਰਵੇ | ਮੰਗ ਸੂਚਨਾ ਦੀ ਮਿਤੀ | ਸੰਕੇਤਕ ਕਬਜ਼ੇ ਦੀ ਮਿਤੀ | ਬਕਾਇਆ ਰਕਮ |
|---|---|---|---|---|
| 1. **ਮੈਸ. ਕ੍ਰਿਸ਼ਨਾ ਇੰਟਰਪ੍ਰਾਇਜ਼ਿਜ਼**, ਨੇੜੇ ਰੇਲਵੇ ਲਾਂਘਾ, ਫਰੀਦਕੋਟ ਰੋਡ, ਕੋਟਕਪੂਰਾ, ਰਾਹੀਂ ਇਸਦੇ ਪ੍ਰੋਪ. **ਸ੍ਰੀ ਅਮਿਤ ਸ਼ਰਮਾ ਸਪੁੱਤਰ ਸ੍ਰੀ ਰਘੂਵੀਰ ਸ਼ਰਮਾ** ਵਾਸੀ ਡਾ. ਹਰਪਾਲ ਸਟ੍ਰੀਟ, ਲਖਸਾਰੀ ਮੱਲ ਗਲੀ, ਕੋਟਕਪੂਰਾ **(ਕਰਜ਼ਦਾਰ)**, 2. **ਸ੍ਰੀਮਤੀ ਸੀਮਾ ਸ਼ਰਮਾ ਸੁਪਤਨੀ ਸ੍ਰੀ ਦੀਪਕ ਸ਼ਰਮਾ**, ਵਾਸੀ ਡਾ. ਹਰਪਾਲ ਸਟ੍ਰੀਟ, ਲਖਸਾਰੀ ਮੱਲ ਗਲੀ, ਕੋਟਕਪੂਰਾ ਜ਼ਿਲ੍ਹਾ ਫਰੀਦਕੋਟ ਅਤੇ **ਸ੍ਰੀ ਦੀਪਕ ਸ਼ਰਮਾ ਸਪੁੱਤਰ ਸ੍ਰੀ ਰਘੂਵੀਰ ਸ਼ਰਮਾ** ਵਾਸੀ ਡਾ. ਹਰਪਾਲ ਸਟ੍ਰੀਟ, ਲਖਸਾਰੀ ਮੱਲ ਗਲੀ, ਕੋਟਕਪੂਰਾ ਜ਼ਿਲ੍ਹਾ ਫਰੀਦਕੋਟ **(ਜ਼ਾਮਨ)** | ਸ੍ਰੀਮਤੀ ਸੀਮਾ ਸ਼ਰਮਾ ਸੁਪਤਨੀ ਸ੍ਰੀ ਦੀਪਕ ਸ਼ਰਮਾ ਦੇ ਨਾਮ 'ਤੇ ਵਿਕਰੀ ਡੀਡ ਨੰਬਰ 2577 ਮਿਤੀ 10.12.2014 ਦੇ ਅਧੀਨ ਕੋਟਕਪੂਰਾ ਜ਼ਿਲ੍ਹਾ ਫਰੀਦਕੋਟ ਵਿਖੇ ਰਕਬਾ ਵਾਕਿਆ ਅਗਵਾੜ ਬਲੋਚਾ ਦੇ ਮੁਰੱਬਾ ਨੰ. 214, ਕਿਲਾ ਨੰ. 30/1/5-6 ਖੇਵਟ ਨੰ 64, ਖਤੌਨੀ ਨੰ. 96 ਅਧੀਨ 5 ਕਨਾਲ 6 ਮਰਲੇ ਮਾਪ ਵਾਲੀ ਜ਼ਮੀਨ ਵਿਚ 5/106 ਹਿੱਸੇ ਵਜੋਂ 150.50 ਵਰਗ ਗਜ਼ ਭਾਵ 5 ਮਰਲੇ ਮਾਪ ਵਾਲੇ ਪਲਾਟ 'ਤੇ ਨਿਰਮਿਤ ਰਿਹਾਇਸ਼ੀ ਮਕਾਨ ਅਤੇ ਹੱਦਬੰਦੀ : ਉਤਰ : 54'-6" ਅੰਗੂਰੀ ਦੇਵੀ, ਦੱਖਣ : 54'-0" ਗੁਰਦੀਪ ਸਿੰਘ, ਪੂਰਬ : 25' 0" ਸੁਰਜੀਤ ਸਿੰਘ, ਪੱਛਮ : 25'-0" ਰਸਤਾ।<br>**(ਇਹ ਸੰਪੱਤੀ ਸ੍ਰੀ ਦੀਪਕ ਸ਼ਰਮਾ ਅਤੇ ਸ੍ਰੀਮਤੀ ਸੀਮਾ ਸ਼ਰਮਾ ਨੂੰ ਮਨਜ਼ੂਰ ਹੋਏ ਰੁਪਏ 24.40 ਲੱਖ ਦੇ ਹੋਮ ਲੋਨ ਅਤੇ ਹੋਮ ਲੋਨ ਟਾਪ ਅੱਪ ਨੂੰ ਵੀ ਕਵਰ ਕਰਦੀ ਹੈ)** | 04.09.2023 | 12.05.2025 | Rs.14,23,017.00<br>04.09.2023 ਦੇ ਅਨੁਸਾਰ, ਮਨਫੀ ਵਸੂਲ ਹੋਈ ਰਕਮ, ਜੇਕਰ ਕੋਈ ਹੈ, ਜਮ੍ਹਾਂ ਉਸ 'ਤੇ ਵਿਆਜ ਅਤੇ ਹੋਰ ਫੀਸਾਂ/ਖਰਚੇ, ਲਾਗਤਾਂ। |

ਮਿਤੀ : 15.05.2025 ਸਥਾਨ: ਕੋਟਕਪੂਰਾ ਅਧਿਕਾਰਤ ਅਧਿਕਾਰੀ

## ਕੇਨਰਾ ਬੈਂਕ Canara Bank

ਭਾਰਤ ਸਰਕਾਰ ਦਾ ਅਦਾਰਾ — ਸਿੰਡੀਕੇਟ Syndicate

ਮੁਕਤਸਰ (3162) ਸ਼ਾਖਾ Mob No: 8727093162, Email Id: cb3162@canarabank.com

### ਕਬਜ਼ਾ ਸੂਚਨਾ [ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 8(1) ਦੇ ਅਧੀਨ]

ਜਿਥੇ ਕਿ, ਨਿਮਨ ਹਸਤਾਖ਼ਰੀ ਨੇ **ਕੇਨਰਾ ਬੈਂਕ** ਦੇ ਅਧਿਕਾਰਤ ਅਧਿਕਾਰੀ ਵਜੋਂ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 (2002 ਦਾ ਐਕਟ ਨੰ. 54) ਦੇ ਅਧੀਨ ਅਤੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 3 ਨਾਲ ਪੜ੍ਹੀ ਜਾਣ ਵਾਲੀ ਧਾਰਾ 13 (12) ਅਧੀਨ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਦਰਸਾਈ ਸੂਚਨਾ ਦੀ ਪ੍ਰਾਪਤੀ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਸਬੰਧਤ ਮੰਗ ਸੂਚਨਾ ਵਿਚ ਦਰਸਾਈ ਰਕਮ ਨੂੰ ਅਦਾ ਕਰਨ ਦੇ ਲਈ ਕਰਜ਼ਦਾਰ(ਾਂ)/ਜ਼ਾਮਨ (ਾਂ) ਨੂੰ ਸੱਦਾ ਦਿੰਦੇ ਹੋਏ ਨਿਮਨ ਦਰਸਾਈ ਮਿਤੀ ਨੂੰ ਕਰਜ਼ਦਾਰ(ਾਂ)/ਜ਼ਾਮਨ (ਾਂ) ਨੂੰ **ਮੰਗ ਸੂਚਨਾ** ਜਾਰੀ ਕੀਤੀ ਸੀ।

ਕਰਜ਼ਦਾਰ(ਾਂ)/ਜ਼ਾਮਨ (ਾਂ) ਰਕਮ ਅਦਾ ਕਰਨ ਵਿਚ ਅਸਫ਼ਲ ਰਹੇ ਹਨ, ਇਸ ਲਈ ਇਥੇ ਕਰਜ਼ਦਾਰ(ਾਂ)/ਜ਼ਾਮਨ (ਾਂ) ਨੂੰ ਵਿਸ਼ੇਸ਼ ਕਰਕੇ ਅਤੇ ਜਨਤਾ ਨੂੰ ਆਮ ਕਰਕੇ ਇਸ ਦੁਆਰਾ ਸੂਚਨਾ ਦਿੱਤੀ ਜਾਂਦੀ ਹੈ ਕਿ ਨਿਮਨ ਹਸਤਾਖ਼ਰੀ ਨੇ ਨਿਮਨ ਖਾਤਿਆਂ ਅਧੀਨ ਦਰਸਾਈ ਮਿਤੀ ਨੂੰ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 8 ਨਾਲ ਪੜ੍ਹੇ ਜਾਣ ਵਾਲੇ ਕਾਨੂੰਨ ਦੀ ਧਾਰਾ 13 ਦੀ ਉਪ ਧਾਰਾ (4) ਅਧੀਨ ਉਨ੍ਹਾਂ ਨੂੰ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਨਿਮਨ ਦਰਸਾਈਆਂ ਸੰਪੱਤੀਆਂ ਦਾ **ਸੰਕੇਤਕ ਕਬਜ਼ਾ** ਲੈ ਲਿਆ ਹੈ।

ਕਰਜ਼ਦਾਰ(ਾਂ)/ਜ਼ਾਮਨ (ਾਂ) ਨੂੰ ਵਿਸ਼ੇਸ਼ ਕਰਕੇ ਅਤੇ ਜਨਤਾ ਨੂੰ ਆਮ ਕਰਕੇ ਇਥੇ ਚੇਤਾਵਨੀ ਦਿੱਤੀ ਜਾਂਦੀ ਹੈ ਕਿ ਸੰਪੱਤੀ/ਸੰਪੱਤੀਆਂ ਦੀ ਸੌਦੇਬਾਜ਼ੀ ਨਾ ਕੀਤੀ ਜਾਵੇ ਅਤੇ ਸੰਪੱਤੀਆਂ ਦੀ ਕੋਈ ਵੀ ਸੌਦੇਬਾਜ਼ੀ ਵਸੂਲ ਹੋਈ ਰਕਮ, ਜੇਕਰ ਕੋਈ ਹੈ, ਮਨਫੀ ਕਰਕੇ ਹੋਰ ਫੀਸਾਂ/ਖਰਚਿਆਂ, ਲਾਗਤਾਂ ਸਮੇਤ ਰਕਮ ਦੇ ਲਈ **ਕੇਨਰਾ ਬੈਂਕ, ਮੁਕਤਸਰ ਸ਼ਾਖਾ** ਦੇ ਚਾਰਜ ਨਾਲ ਸਬੰਧਤ ਹੋਵੇਗੀ।

**ਕਰਜ਼ਦਾਰ/ਜ਼ਾਮਨਾਂ ਦਾ ਧਿਆਨ ਸੁਰੱਖਿਅਤ ਸੰਪੱਤੀਆਂ ਦੀ ਪੁਨਰ ਪ੍ਰਾਪਤੀ ਲਈ ਉਪਲਬਧ ਸਮੇਂ ਦੇ ਸਬੰਧ ਵਿੱਚ ਕਾਨੂੰਨ ਦੀ ਧਾਰਾ 13 ਦੀ ਉਪ-ਧਾਰਾ (8) ਦੀ ਵਿਵਸਥਾ ਵੱਲ ਦੁਆਇਆ ਜਾਂਦਾ ਹੈ।**

| ਕਰਜ਼ਦਾਰ(ਾਂ)/ਗਿਰਵੀਕਾਰ/ਸਹਿ-ਕਰਜ਼ਦਾਰ ਜ਼ਾਮਨ(ਾਂ) ਦਾ ਨਾਮ | ਅਚੱਲ ਸੰਪੱਤੀਆਂ ਦੇ ਵੇਰਵੇ | ਮੰਗ ਸੂਚਨਾ ਦੀ ਮਿਤੀ | ਸੰਕੇਤਕ ਕਬਜ਼ੇ ਦੀ ਮਿਤੀ | ਬਕਾਇਆ ਰਕਮ |
|---|---|---|---|---|
| 1. **ਮੈਸ. ਬੀਰ ਆਟਾ ਚੱਕੀ, ਪ੍ਰੋਪ. ਜਗਮੀਤ ਸਿੰਘ ਸਪੁੱਤਰ ਬੂਟਾ ਸਿੰਘ**, ਮੌੜ ਰੋਡ ਬਾਈਪਾਸ ਨੇੜੇ ਨਹਿਰ (ਸੂਆ) ਜ਼ਿਲ੍ਹਾ ਮੁਕਤਸਰ ਪੰਜਾਬ-152026, 2. **ਜਗਮੀਤ ਸਿੰਘ ਸਪੁੱਤਰ ਬੂਟਾ ਸਿੰਘ** (ਪ੍ਰੋਪ.), ਮਕਾਨ ਨੰ. 169, ਮੌੜ ਰੋਡ ਬਾਈਪਾਸ ਵਾਰਡ ਨੰ. 12, ਜ਼ਿਲ੍ਹਾ ਮੁਕਤਸਰ ਮਲੋਟ ਪੰਜਾਬ-152026, 3. **ਮਨਜੀਤ ਕੌਰ ਸੁਪਤਨੀ ਜਗਮੀਤ ਸਿੰਘ (ਜ਼ਾਮਨ ਸਹਿ ਗਿਰਵੀਕਾਰ)** ਮੌੜ ਰੋਡ ਬਾਈਪਾਸ ਜ਼ਿਲ੍ਹਾ ਮੁਕਤਸਰ ਮਲੋਟ, ਪੰਜਾਬ-152026 | ਮੁਕਤਸਰ-1 ਹੱਦਬਸਤ ਨੰ. 54 ਦੇ ਰਕਬੇ ਵਿਚ ਸਥਿਤ ਸਾਲ 2015-16 ਦੇ ਲਈ ਜਮ੍ਹਾਂਬੰਦੀ ਅਧੀਨ ਖੇਵਟ ਨੰ 87, ਖਤੌਨੀ ਨੰ. 117, ਰੈਕਟ ਨੰ. 222, ਕਿਲਾ ਨੰ. 24 (7-6) ਰੈਕਟ ਨੰ. 231, ਕਿਲਾ ਨੰ. 4/1 (7-5) ਦੇ ਅਧੀਨ 14 ਕਨਾਲ 11 ਮਰਲੇ ਵਿਚੋਂ 13/2619 ਹਿੱਸੇ ਵਜੋਂ 1 ਮਰਲਾ 4 ਸਰਸਾਹੀ ਮਾਪ ਵਾਲੀ ਦੁਕਾਨ ਸੰਪੱਤੀ ਵਾਲੀ ਸੰਪੱਤੀ ਦੇ ਸਾਰੇ ਭਾਗ ਅਤੇ ਹਿੱਸੇ। ਹੱਦਬੰਦੀ ਨਿਮਨ ਅਨੁਸਾਰ : ਸਾਹਮਣੇ ਪਾਸੇ : ਸੜਕ ਅੰਦਾਜ਼ਨ 20 ਫੁੱਟ, ਪਿਛਲੇ ਪਾਸੇ : ਖੁਦ ਜਗਮੀਤ ਸਿੰਘ ਬਾਹੀ 20 ਫੁੱਟ, ਇੱਕ ਪਾਸਾ : ਖੁਦ ਜਗਮੀਤ ਸਿੰਘ ਬਾਹੀ 20 ਫੁੱਟ, ਦੂਜਾ ਪਾਸਾ : ਖੁਦ ਜਗਮੀਤ ਸਿੰਘ ਬਾਹੀ 20 ਫੁੱਟ। | 03.03.2025 | 13.05.2025 | Rs. 7,89,193.73<br>ਅਗਲੇਰੇ ਵਿਆਜ ਅਤੇ ਅਚਨਚੇਤੀ ਖਰਚਿਆਂ ਅਤੇ ਲਾਗਤਾਂ ਸਮੇਤ |

**ਮਿਤੀ : 15.05.2025** **ਸਥਾਨ : ਮੁਕਤਸਰ** **ਅਧਿਕਾਰਤ ਅਧਿਕਾਰੀ, ਕੇਨਰਾ ਬੈਂਕ**

## ਪੰਜਾਬ ਸਰਕਾਰ — ਟੈਂਡਰ ਸੂਚਨਾ

| ਲ. ਨੰ. | ਵਿਭਾਗ ਦਾ ਨਾਮ | ਟੈਂਡਰ/ਸੂਚਨਾ/ਕੰਮ ਦਾ ਨਾਮ | ਖੁੱਲ੍ਹਣ ਦੀ ਮਿਤੀ/ ਬੰਦ ਹੋਣ ਦੀ ਮਿਤੀ | ਰਕਮ/ਜਮ੍ਹਾਂ ਬਿਆਨਾ ਰਕਮ (ਅਨੁਮਾਨਤ) ਲੱਖਾਂ ਵਿਚ | ਨੋਡਲ ਅਧਿਕਾਰੀ/ ਸੰਪਰਕ ਵੇਰਵੇ/ਈਮੇਲ |
|---|---|---|---|---|---|
| 1. | ਕਾਰਜਕਾਰੀ ਇੰਜੀਨੀਅਰ, ਸੂਬਾਈ ਡਿਵੀਜ਼ਨ, ਪੀਡਬਲਿਊਡੀ (ਭ ਅਤੇ ਮ) ਸ਼ਾਖਾ, ਲੁਧਿਆਣਾ | ਲੁਧਿਆਣਾ ਵਿਖੇ ਆਈ.ਟੀ.ਆਈ. ਵਿੱਚ ਪੁਰਾਣੀ ਸੀ-ਪਾਈਟ ਇਮਾਰਤ ਦੀ ਮੁਰੰਮਤ। | 14.05.2025 / 28.05.2025 | 3.22 LACS | 8146100632 eepdldnpwdpb@gmail.com |
| 2. | ਕਾਰਜਕਾਰੀ ਇੰਜੀਨੀਅਰ, ਸੂਬਾਈ ਡਿਵੀਜ਼ਨ ਨੰਬਰ 2, ਪੀਡਬਲਿਊਡੀ (ਭ ਅਤੇ ਮ) ਸ਼ਾਖਾ, ਪਟਿਆਲਾ | ਡੇਰਾਬੱਸੀ ਜ਼ਿਲ੍ਹਾ ਐਸ.ਏ.ਐਸ. ਨਗਰ (ਮੁਹਾਲੀ) ਵਿਖੇ ਸਰਕਾਰੀ ਕਾਲਜ ਵਿਖੇ ਆਡੀਟੋਰੀਅਮ ਦੀ ਉਸਾਰੀ। | 13.05.2025 / 05.06.2025 | 6.70 LACS | 9988588515 eepd2ptapwdpb@gmail.com |
| 3. | ਕਾਰਜਕਾਰੀ ਇੰਜੀਨੀਅਰ, ਪੰਚਾਇਤੀ ਰਾਜ, ਪੀਡਬਲਿਊਡੀ (ਭ ਅਤੇ ਮ) ਡਿਵੀਜ਼ਨ, ਐਸ.ਏ.ਐਸ. ਨਗਰ | ਸੈਕਟਰ-62, ਐਸ.ਏ.ਐਸ. ਨਗਰ ਵਿਖੇ ਬਲਾਕ-ਏ, ਵਿਕਾਸ ਭਵਨ ਵਿੱਚ ਪਖਾਨਿਆਂ ਦੀ ਮੁਰੰਮਤ ਅਤੇ ਮੁਰੰਮਤ। (ਜ਼ਮੀਨੀ ਮੰਜ਼ਿਲ ਤੋਂ ਤੀਜੀ ਮੰਜ਼ਿਲ ਤੱਕ)। | 15.05.2025 / 29.05.2025 | 1.12 LACS | 9815554990 xenprdsas@yahoo.com |
| 4. | ਕਾਰਜਕਾਰੀ ਇੰਜੀਨੀਅਰ, ਜਲ ਸਪਲਾਈ ਅਤੇ ਸੈਨੀਟੇਸ਼ਨ ਡਿਵੀਜ਼ਨ ਨੰਬਰ 1, ਪਟਿਆਲਾ | ਪਿੰਡ ਰਾਇਸਲ, ਬਲਾਕ-ਨਾਭਾ ਜ਼ਿਲ੍ਹਾ ਪਟਿਆਲਾ, ਪੰਜਾਬ ਲਈ ਇੱਕ ਨੰਬਰ ਪਲਾਸਟਿਕ ਵੇਸਟ ਮੈਨੇਜਮੈਂਟ ਯੂਨਿਟ ਦੀ ਉਸਾਰੀ। | 15.05.2025 / 22.05.2025 | 27.95 THOUSAND | 9041049149 eewss_gwpta@yahoo.com |
| 5. | ਕਾਰਜਕਾਰੀ ਇੰਜੀਨੀਅਰ, ਨਿਰਮਾਣ ਵਿਭਾਗ ਨੰਬਰ 1, ਪੀਡਬਲਿਊਡੀ (ਭ ਅਤੇ ਮ) ਸ਼ਾਖਾ, ਜਲੰਧਰ ਛਾਉਣੀ | ਬੜਾ ਪਿੰਡ ਤੋਂ ਜੰਡਿਆਲਾ ਜ਼ਿਲ੍ਹਾ ਜਲੰਧਰ ਤੱਕ ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਮਾਰਗ ਸੜਕ ਦਾ ਨਵਾਂ ਨਾਮਕਰਨ ਕਰਨ ਲਈ ਓਵਰਹੈੱਡ ਸਾਈਨ ਬੋਰਡ। 14,22,854/- ਰੁਪਏ | 14.05.2025 / 27.05.2025 | 28.46 THOUSAND | 9888800501 eecd1jalpwdpb@gmail.com |
| 6. | ਕਾਰਜਕਾਰੀ ਇੰਜੀਨੀਅਰ, ਲਹਿਲ ਨਹਿਰ ਡਿਵੀਜ਼ਨ, ਜਲ ਸਰੋਤ ਵਿਭਾਗ, ਪੰਜਾਬ, ਪਟਿਆਲਾ | 3 ਨੰਬਰ ਬਿਰਝਲਾਂ ਡਿਸਟ੍ਰਿਕਟ ਦੇ ਅਣ-ਲਾਈਨ ਕੀਤੇ ਪਾੜਿਆਂ/ਨੁਕਸਾਨ ਵਾਲੇ ਪੈਚਾਂ ਨੂੰ ਇੱਟਾਂ ਦੀ ਲਾਈਨਿੰਗ ਨਾਲ ਲਾਈਨਿੰਗ ਕਰਨ ਦਾ ਕੰਮ, ਦੂਜੇ ਪਟਿਆਲਾ ਫੀਡਰ ਦੇ ਆਰਡੀ 90200 ਡੀ/ਐਸ 'ਤੇ ਫੀਡ ਲਈ ਬੈੱਡ ਬਾਰ ਦੀ ਉਸਾਰੀ ਅਤੇ ਭਗਵਾਨਪੁਰਾ ਡਿਸਟ੍ਰਿਕਟ ਸਿਸਟਮ ਦੇ ਮਾਈਨਰ ਨੰਬਰ 2 ਦਾ ਆਰਡੀ 14750-16650 ਤੋਂ ਕੰਕਰੀਟ ਦਾ ਪੁਨਰ ਨਿਰਮਾਣ | 08.05.2025 / 22.05.2025 | 70.50 THOUSAND | 9646407185 XENIBLEHAL@GMAIL.COM |
| 7. | ਕਾਰਜਕਾਰੀ ਇੰਜੀਨੀਅਰ, ਨਿਰਮਾਣ ਵਿਭਾਗ, ਪੀਡਬਲਿਊਡੀ (ਭ ਅਤੇ ਮ) ਸ਼ਾਖਾ, ਰੂਪਨਗਰ | (1) ਪਿੰਡ ਤਰਫ ਮਾਜਰੀ, ਪੀਓ ਭੱਲਣ, ਤਹਿਸੀਲ ਨੰਗਲ, ਜ਼ਿਲ੍ਹਾ ਵਿਖੇ ਲਾਇਬ੍ਰੇਰੀ ਦੀ ਉਸਾਰੀ। ਰੂਪਨਗਰ (2) ਰੋਪੜ ਬੇਲਾ ਰੋਡ ਤੋਂ ਆਟੋਮੇਟਿਡ ਡਰਾਈਵਿੰਗ ਟੈਸਟ ਟਰੈਕ, ਰੋਪੜ ਦੀ ਵਿਸ਼ੇਸ਼ ਮੁਰੰਮਤ | 08.05.2025 / 22.05.2025 | 0.43 LACS | 9876647324 pwdropar@yahoo.co.in |
| 8. | ਕਾਰਜਕਾਰੀ ਇੰਜੀਨੀਅਰ/ ਗੁਰਦਾਸਪੁਰ ਨਹਿਰ ਅਤੇ ਭੂਮੀਗਤ ਜਲ ਵਿਭਾਗ, ਡਬਲਯੂ.ਆਰ.ਡੀ. ਪੰਜਾਬ, ਗੁਰਦਾਸਪੁਰ | ਨਹਿਰ ਦੇ "5 ਅਦਦ ਕੰਮ | 12.05.2025 / 22.05.2025 | 1.25 LACS | 8872742149 eeubdcgsp@gmail.com |
| 9. | ਕਾਰਜਕਾਰੀ ਇੰਜੀਨੀਅਰ, ਪੰਚਾਇਤੀ ਰਾਜ ਵਿਭਾਗ, ਬਠਿੰਡਾ | ਪਿੰਡ ਕੋਟਸ਼ਮੀਰ ਜ਼ਿਲ੍ਹਾ ਬਠਿੰਡਾ ਵਿਖੇ ਅੱਗ ਬੁਝਾਉਣ ਵਾਲੇ ਉਪਕਰਣਾਂ (ਸਮਰੱਥਾ 5000 ਲੀਟਰ) ਦੇ ਨਾਲ ਸਟੇਨਲੈੱਸ ਸਟੀਲ ਮੋਬਾਈਲ ਵਾਟਰ ਟੈਂਕ ਦੀ ਸਪਲਾਈ। | 13.05.2025 / 28.05.2025 | 0.11 LACS | 964601663 xenprbti@gmail.com |
| 10. | ਕਾਰਜਕਾਰੀ ਇੰਜੀਨੀਅਰ, ਜਲ ਸਪਲਾਈ ਅਤੇ ਸੈਨੀਟੇਸ਼ਨ ਡਿਵੀਜ਼ਨ ਨੰਬਰ 2, ਤਰਨ ਤਾਰਨ | 1. ਡਬਲਿਊਐਸਐਸ ਸਰਹਾਲੀ ਮੰਡਨ ਬਲਾਕ ਪੱਟੀ ਵਿਖੇ ਟਿਊਬਵੈੱਲ, ਓਐਚਐਸਆਰ, ਸਿਵਲ ਵਰਕ, ਆਦਿ। 151.28 ਲੱਖ ਰੁਪਏ | 16.05.2025 / 09.06.2025 | 3.03 LACS | 7277211111 eedwssdiv2tt@yahoo.com |
| 11. | ਕਾਰਜਕਾਰੀ ਇੰਜੀਨੀਅਰ, ਜਲ ਸਪਲਾਈ ਅਤੇ ਸੈਨੀਟੇਸ਼ਨ, ਡਿਵੀਜ਼ਨ ਨੰਬਰ 2, ਲੁਧਿਆਣਾ | ਡਬਲਿਊਐਸਐਸ ਖਵਾਜਕੇ, ਡਬਲਿਊਐਸਐਸ ਗੌਂਸਗੜ੍ਹ ਬਲਾਕ ਲੁਧਿਆਣਾ-2, ਜ਼ਿਲ੍ਹਾ ਲੁਧਿਆਣਾ ਦਾ ਬਾਇਫਰਕੇਸ਼ਨ ਵਾਧਾ | 15.05.2025 / 22.05.2025 | 1.07 LACS | 9815273013 div2ldh@gmail.com |
| 12. | ਕਾਰਜਕਾਰੀ ਇੰਜੀਨੀਅਰ, ਫਰੀਦਕੋਟ ਨਹਿਰ ਅਤੇ ਭੂਮੀਗਤ ਜਲ ਵਿਭਾਗ, ਡਬਲਿਊਆਰਡੀ, ਪੰਜਾਬ, ਫਰੀਦਕੋਟ | 1) ਨਿਰੀਖਣ ਲਈ ਵਾਹਨਾਂ ਦੀ ਕਿਰਾਏ 'ਤੇ ਲਾਈਨਿੰਗ/ਰੀਲਾਈਨਿੰਗ/ਪਾਈਪਲਾਈਨ ਵੱਖ-ਵੱਖ ਆਊਟਲੇਟਾਂ ਦੀ 2) ਆਰਡੀ 2250 ਤੋਂ 4300 ਤੱਕ ਸੰਦਵਾਨ ਮਾਈਨਰ ਦੀ ਸਿਲਟ/ਸਲੱਸ਼ ਕਲੀਅਰੈਂਸ ਲਈ ਅਨੁਮਾਨ। | 12.05.2025 / 26.05.2025 | 15.00 THOUSAND | 9464687517 xencanalfdk2022@gmail.com |
| 13. | ਕਾਰਜਕਾਰੀ ਇੰਜੀਨੀਅਰ, ਪੰਚਾਇਤੀ ਰਾਜ ਵਿਭਾਗ, ਲੁਧਿਆਣਾ | ਲੁਧਿਆਣਾ ਦੇ ਪਿੰਡਾਂ ਵਿਚ 16 ਅਦਦ ਪੰਚਾਇਤ ਘਰ, 17 ਅਦਦ ਐੱਚਡਬਲਿਊਸੀ, ਜੀਐਚਜੀ ਖਾਲਸਾ ਕਾਲਜ ਗੁਰੂਸਰ ਸੁਧਾਰ ਵਿਖੇ ਸਮਾਰਟ ਕਲਾਸ ਰੂਮ ਦਾ ਨਿਰਮਾਣ, ਮਹਾਰਾਜਾ ਰਣਜੀਤ ਸਿੰਘ ਵਾਰ ਮਿਊਜ਼ੀਅਮ ਲੁਧਿਆਣਾ ਵਿਖੇ ਕੰਟੀਨ ਦੀ ਉਸਾਰੀ ਅਤੇ ਆਡੀਟੋਰੀਅਮ ਦਾ ਨਵੀਨੀਕਰਨ | 14.05.2025 / 28.05.2025 | 18.85 LACS | 9814331951 xenprdludhiana@yahoo.com |
| 14. | ਕਾਰਜਕਾਰੀ ਇੰਜੀਨੀਅਰ, ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਨੰਬਰ 2, ਪਟਿਆਲਾ | ਰਸੌਲੀ, ਬਲਾਕ ਪਾਤੜਾਂ, ਜ਼ਿਲ੍ਹਾ ਪਟਿਆਲਾ (ਨਾਬਾਰਡ 30) ਤੋਂ ਦੋ-ਪੱਖੀ ਡਬਲਿਊਐਸਐਸ ਚਿਚਰਵਾਲ ਵਿਖੇ ਪੇਂਡੂ ਜਲ ਸਪਲਾਈ ਯੋਜਨਾ ਪ੍ਰਦਾਨ ਕਰਨਾ | 15.05.2025 / 06.06.2025 | 2.14 LACS | 9888775107 xenrws_pta@yahoo.co.in |
| 15. | ਕਾਰਜਕਾਰੀ ਇੰਜੀਨੀਅਰ, ਪੰਚਾਇਤੀ ਰਾਜ ਪੀ.ਡਬਲਯੂ. (ਸੀ ਅਤੇ ਐਮ), ਡਿਵੀਜ਼ਨ, ਜਲੰਧਰ | ਜਲੰਧਰ ਦੇ ਵੱਖ-ਵੱਖ ਪਿੰਡਾਂ ਵਿੱਚ 15 ਨੰਬਰ ਪੰਚਾਇਤ ਘਰ ਅਤੇ ਕਪੂਰਥਲਾ ਜ਼ਿਲ੍ਹੇ ਦੇ ਵੱਖ-ਵੱਖ ਪਿੰਡਾਂ ਵਿੱਚ 4 ਨੰਬਰ ਪੰਚਾਇਤ ਘਰ ਦਾ ਨਿਰਮਾਣ। | 14.05.2025 / 28.05.2025 | 7.38 LACS | 9417561140 ee.prpwdiv.jalandhar@punjab.gov.in |
| 16. | ਕਾਰਜਕਾਰੀ ਇੰਜੀਨੀਅਰ, ਬਿਜਲੀ ਵਿਭਾਗ, ਪੀਡਬਲਿਊਡੀ (ਭ ਅਤੇ ਮ) ਸ਼ਾਖਾ, ਲੁਧਿਆਣਾ | ਘੌਰਾ ਰੋਡ ਡਿਪੂ ਲੁਧਿਆਣਾ ਵਿਖੇ ਈ-ਬੱਸ ਸੇਵਾ ਯੋਜਨਾ ਦੇ 4 ਐਮਵੀਏ (2X2000 ਕੇਵੀਏ) ਇਨਡੋਰ ਕਿਸਮ ਦੇ ਇਲੈਕਟ੍ਰੀਕਲ ਸਬ-ਸਟੇਸ਼ਨ ਦਾ ਪੀਡੀਜੀ, ਸਥਾਪਨਾ, ਟੈਸਟਿੰਗ ਅਤੇ ਕਮਿਸ਼ਨਿੰਗ | 15.05.2025 / 28.05.2025 | 4.38 LACS | 8556993500 eeedldhpwdpb@gmail.com |
| 17. | ਕਾਰਜਕਾਰੀ ਇੰਜੀਨੀਅਰ, ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ, ਫਿਰੋਜ਼ਪੁਰ ਜ਼ੀਰਾ | ਡਬਲਯੂ/ਐਸ ਸਕੀਮ ਵਾਰਿਸ ਵਾਲਾ ਜੱਟਾਂ ਬਲਾਕ ਮੱਖੂ, ਜ਼ਿਲ੍ਹਾ ਫਿਰੋਜ਼ਪੁਰ (ਹੈੱਡ 4215 ਅਧੀਨ) ਲਈ ਟਿਊਬਵੈੱਲ ਦੀ ਸਥਾਪਨਾ | 16.05.2025 / 23.05.2025 | 17.19 THOUSAND | 9888784300 eewss.divzirapb@yahoo.com |
| 18. | ਕਾਰਜਕਾਰੀ ਇੰਜੀਨੀਅਰ, ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਨੰਬਰ 1, ਤਰਨ ਤਾਰਨ | ਹੈਂਡ ਬੋਰਿੰਗ ਨਾਲ 150 ਐਮਐਮ ਆਈ/ਡੀ ਟਿਊਬਵੈੱਲ ਦੀ ਸਥਾਪਨਾ, 25 ਕੇ ਐਲ ਸਮਰੱਥਾ ਵਾਲੇ ਓਐਚਐਸਆਰ, ਪੰਪਿੰਗ ਮਸ਼ੀਨਰੀ, ਪੰਪ ਚੈਂਬਰ, ਆਦਿ ਦਾ ਨਿਰਮਾਣ, ਜਲ ਸਪਲਾਈ ਸਕੀਮ ਬੀਰ ਰਾਜਾ ਤੇਜਾ ਸਿੰਘ, ਬਲਾਕ ਗੰਡੀਵਿੰਡ, ਜ਼ਿਲ੍ਹਾ ਤਰਨ ਤਾਰਨ ਦੀ ਆਗਮੈਂਟੇਸ਼ਨ। (ਨਾਬਾਰਡ-30) ਰੁਪਏ 51.90 ਲੱਖ | 20.05.2025 / 04.06.2025 | 1.04 LACS | 9501099773 eewss_tt@yahoo.in |
| 19. | ਕਾਰਜਕਾਰੀ ਇੰਜੀਨੀਅਰ, ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਨੰਬਰ 2, ਫਿਰੋਜ਼ਪੁਰ | (ਪੈਕੇਜ-08) ਡਬਲਿਊਐਸਐਸ ਲਈ 1. ਠਠੇਰਾਂ ਵਾਲੀ, 2. ਮੋਰਾਂ ਵਾਲਾ, 3. ਮਲਕਜ਼ਾਦਾ ਬਲਾਕ ਗੁਰੂਹਰਸਹਾਏ ਜ਼ਿਲ੍ਹਾ ਫਿਰੋਜ਼ਪੁਰ (ਰਾਜ ਹਿੱਸੇਦਾਰੀ/ਜੇਜੇਐਮ ਅਧੀਨ) | 16.05.2025 / 23.05.2025 | 1.94 LACS | 9888784300 eewss.div2ferozepurpb@yahoo.com |
| 20. | ਕਾਰਜਕਾਰੀ ਇੰਜੀਨੀਅਰ, ਸੂਬਾਈ ਵਿਭਾਗ, ਪੀਡਬਲਿਊਡੀ (ਭ ਅਤੇ ਮ) ਸ਼ਾਖਾ, ਅੰਮ੍ਰਿਤਸਰ | ਜ਼ਿਲ੍ਹਾ ਅੰਮ੍ਰਿਤਸਰ ਦੇ ਮੁੱਛਲ ਵਿਖੇ ਧਰਮਸ਼ਾਲਾ ਬਾਬਾ ਜੀਵਨ ਸਿੰਘ ਜੀ, ਸ਼੍ਰੀ ਗੁਰੂ ਤੇਗ ਬਹਾਦਰ ਕਾਲਜ ਸਠਿਆਲਾ ਅਤੇ ਸਰਕਾਰੀ ਸੈਨੇਟਰ ਸੈਕੰਡਰੀ ਸਕੂਲ ਬੰਡਾਲਾ ਵਿੱਚ ਮਿਡ ਡੇ ਮੀਲ ਸ਼ੈੱਡ ਦੀ ਵੱਡੀ ਮੁਰੰਮਤ | 14.05.2025 / 27.05.2025 | 1.32 LACS | 9888404112 ee.pd.amritsar.pwd@punjab.gov.in |
| 21. | ਮੈਂਬਰ ਸਕੱਤਰ, ਜੰਗਲੀ ਜੀਵ ਵਿਭਾਗ ਖਰੀਦ ਕਮੇਟੀ-ਕਮ-ਫੀਲਡ ਡਾਇਰੈਕਟਰ, ਛੱਤਬੀੜ | ਮਹੇਂਦਰ ਚੌਧਰੀ ਜ਼ੂਲੋਜੀਕਲ ਪਾਰਕ, ਛੱਤਬੀੜ (ਛੱਤਬੀੜ ਚਿੜੀਆਘਰ), ਐਸ.ਏ.ਐਸ. ਨਗਰ, ਪੰਜਾਬ ਦੇ ਮੁੱਖ ਪ੍ਰਵੇਸ਼ ਦੁਆਰ ਨੇੜੇ ਫੂਡ ਪਲਾਜ਼ਾ ਦਾ ਸੰਚਾਲਨ ਅਤੇ ਰੱਖ-ਰਖਾਅ ਲਾਇਸੈਂਸ ਦੇ ਆਧਾਰ 'ਤੇ | 16.05.2025 / 05.06.2025 | 12.00 LACS | 9463596843 mczpchhatbir@gmail.com |
| 22. | ਕਾਰਜਕਾਰੀ ਇੰਜੀਨੀਅਰ, ਐਸਪੀਕੇ ਅਲਾਈਡ ਵਰਕਸ ਡਿਵੀਜ਼ਨ, ਸ਼ਾਹਪੁਰਕੰਡੀ ਟਾਊਨਸ਼ਿਪ | ਸਲਾਰੀ ਖੱਡ, ਜ਼ਿਲ੍ਹਾ ਪਠਾਨਕੋਟ ਦੇ ਨਜ਼ਦੀਕ ਵਿਭਾਗ ਤੇ ਸਟਾਕਯਾਰਡ ਵਿਖੇ ਪਹਿਲਾਂ ਹੀ ਨਿਕਾਸੀ ਅਤੇ ਸਟਾਕ ਕੀਤੀ ਦਰਿਆਈ ਪਲ ਛੱਟ ਸਮੱਗਰੀ ਦੀ ਢੋਆਈ/ਚੁਕਾਈ। | 09.05.2025 / 26.05.2025 | 4.47 LACS | 8591206002 spkdamresdiv@gmail.com |
| 23. | ਕਾਰਜਕਾਰੀ ਇੰਜੀਨੀਅਰ, ਜਲ ਸਪਲਾਈ ਅਤੇ ਸੈਨੀਟੇਸ਼ਨ, ਡਿਵੀਜ਼ਨ ਨੰਬਰ 1, ਮੋਗਾ | ਪਿੰਡ ਰੱਤੀਆਂ ਬਲਾਕ ਮੋਗਾ-2, ਜ਼ਿਲ੍ਹਾ ਮੋਗਾ (ਨਾਬਾਰਡ-30 ਅਧੀਨ) ਬਾਰ-30 ਨੂੰ ਸੁਰੱਖਿਅਤ ਪੀਣ ਵਾਲੇ ਪਾਣੀ ਦੀ ਸਪਲਾਈ ਪ੍ਰਦਾਨ ਕਰਨ ਵਿੱਚ ਵਾਧਾ | 15.05.2025 / 23.05.2025 | 1.90 LACS | 7087424344 xenrws_moga1@yahoo.com |
| 24. | ਕਾਰਜਕਾਰੀ ਇੰਜੀਨੀਅਰ, ਬਿਸਤ ਦੋਆਬ ਡਿਵੀਜ਼ਨ, ਜਲੰਧਰ | ਆਟਾ ਮਿੱਲ ਚੈਨਲ (ਘਰ) ਨੂੰ ਲੀਜ਼ 'ਤੇ ਦੇਣਾ (ਸਮਝੌਤੇ ਦੇ ਆਧਾਰ 'ਤੇ 1 ਨੰਬਰ ਕੰਮ ਤੋਂ ਬਾਅਦ) | 12.05.2025 / 22.05.2025 | 0.04 LACS | 8146818685 xenbddcanal@gmail.com |

ਹੋਰ ਜਾਣਕਾਰੀ ਲਈ ਅਤੇ ਸ਼ੁਧਤਾ ਅਤੇ ਅਡੈਂਡਮ ਜੇ ਕੋਈ ਹੋਵੇ, ਕਿਰਪਾ ਕਰਕੇ ਜਾਓ: www.chhatbirzoo.gov.in,www.eproc.punjab.gov.in,

RO No PR-ADVT.No:-26/12/1258/2023/44453/Dated Chd:- 5/14/2025

RO Code : 26/12/1258/2023/44453

ਜਪ੍ਉ ਜਿਨ੍ ਅਰਜੁਨ ਦੇਵ ਗੁਰੂ ਫਿਰਿ ਸੰਕਟ ਜੋਨਿ ਗਰਭ ਨਾ ਆਯਉ ॥ ੬ ॥

# ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ 'ਚ ਸ਼ਹੀਦੀ ਜੋੜ ਮੇਲ ਸਮਾਗਮ ਕਰਵਾਇਆ











ਪਟਿਆਲਾ, 14 ਮਈ (ਰੁਪਾਣਾ) : ਗੁਰੂ ਅਰਜਨ ਕੀਰਤਨ ਮੰਡਲ ਅਤੇ ਵੱਖ ਸੇਵਾ ਸੁਸਾਇਟੀਆ ਦੇ ਸਹਿਯੋਗ ਨਾਲ ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੁਰਬ ਨੂੰ ਸਮਰਪਿਤ ਅੱਜ ਇਥੇ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਐੱਸ. ਐੱਸ. ਟੀ. ਨਗਰ ਵਿਖੇ ਸ਼ਹੀਦੀ ਜੋੜ ਮੇਲ ਕਰਵਾਇਆ ਗਿਆ। ਇਸ ਮੌਕੇ ਹਜ਼ਾਰਾਂ ਸੰਗਤਾਂ ਨੇ ਸ਼ਿਰਕਤ ਕੀਤੀ ਅਤੇ ਬਾਣੀ ਦਾ ਅਨੰਦ ਮਾਣਿਆ। ਇਸ ਦੌਰਾਨ ਵੱਖ ਵੱਖ ਕੀਰਤਨੀ ਜੱਥਿਆਂ ਵੱਲੋਂ ਗੁਰਬਾਣੀ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਗਿਆ। 'ਪਦਮਸ੍ਰੀ' ਡਾ. ਜਗਜੀਤ ਸਿੰਘ ਦਰਦੀ ਅਤੇ ਸਰਦਾਰਨੀ ਜਸਵਿੰਦਰ ਕੌਰ ਦਰਦੀ ਵੱਲੋਂ ਸਮੂਹ ਸੁਸਾਇਟੀਆਂ ਦੇ ਨੁਮਾਇੰਦਿਆਂ ਨੂੰ ਸਿਰੋਪਾਓ ਦਿੱਤਾ, ਅਤੇ ਸੰਗਤਾਂ ਦਾ ਧੰਨਵਾਦ ਕੀਤਾ।

'ਪਦਮਸ੍ਰੀ' ਡਾ. ਜਗਜੀਤ ਸਿੰਘ ਦਰਦੀ ਨੇ ਕਿਹਾ ਕੇ ਪੰਚਮ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਸਿੱਖ ਇਤਿਹਾਸ ਵਿਚ ਸ਼ਹੀਦਾਂ ਦੇ ਸਿਰਤਾਜ ਵਜੋਂ ਸਿਖ਼ਰ ਸਨਮਾਨ ਹਾਸਲ ਹੈ। ਸ਼ਹਾਦਤ ਸ਼ਬਦ ਪੜ੍ਹਦਿਆਂ, ਸੁਣਦਿਆਂ ਹੀ ਉਨ੍ਹਾਂ ਦੇ ਦਰਸ਼ਨ ਹੋ ਜਾਂਦੇ ਹਨ। ਆਪ ਅਜਿਹੀ ਸ਼ਖ਼ਸੀਅਤ ਹਨ ਜਿਨ੍ਹਾਂ ਨੇ ਲੋਕਾਈ ਦੇ ਦਰਦ ਨੂੰ ਆਪਣੇ ਪਿੰਡੇ 'ਤੇ ਝੱਲਦਿਆਂ ਲਾਸਾਨੀ ਸ਼ਹਾਦਤ ਦਿੱਤੀ। ਇਸ ਸ਼ਹਾਦਤ ਦਾ ਸਿੱਖ ਲਹਿਰ ਅਤੇ ਪੰਜਾਬ ਦੇ ਇਤਿਹਾਸ ਵਿਚ ਦੂਰਗਾਮੀ ਅਸਰ ਹੋਇਆ। ਸਿੱਖ ਲਹਿਰ ਨੇ ਇਕ ਨਵਾਂ ਮੋੜ ਕੱਟਿਆ ਅਤੇ ਲੋਕ ਕਲਿਆਣਕਾਰੀ ਸ਼ਕਤੀ ਜ਼ੋਰਦਾਰ ਤਰੀਕੇ ਨਾਲ ਉੱਭਰੀ। ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਇਤਿਹਾਸ ਦੀ ਮਹਾਨ ਅਤੇ ਯੁਗ ਪਲਟਾਊ ਘਟਨਾ ਹੈ। ਇਸ ਨਾਲ ਸਿੱਖ ਇਤਿਹਾਸ ਵਿਚ ਸ਼ਹਾਦਤਾਂ ਦਾ ਨਵਾਂ ਅਧਿਆਇ ਆਰੰਭ ਹੋਇਆ।

ਸ਼ਹੀਦ ਅਤੇ ਸ਼ਹਾਦਤ ਅਰਬੀ ਭਾਸ਼ਾ ਦੇ ਸ਼ਬਦ ਹਨ। ਸ਼ਹੀਦ ਦਾ ਭਾਵ ਆਪਣੇ ਈਮਾਨ ਦੀ ਗਵਾਹੀ ਦੇਣ ਵਾਲਾ ਜਾਂ ਧਰਮ ਯੁੱਧ ਵਿਚ ਸ਼ਹੀਦ ਹੋਣ ਵਾਲਾ ਹੈ। ਇਹ ਪਵਿੱਤਰ ਸ਼ਬਦ ਹੈ, ਜਿਸ ਵਿਚ ਨਿੱਜੀ ਲਾਲਸਾ ਨੂੰ ਕੋਈ ਥਾਂ ਨਹੀਂ। ਕਿਸੇ ਉਚੇ-ਸੁੱਚੇ ਉਦੇਸ਼ ਲਈ ਨਿਸ਼ਕਾਮ ਰਹਿ ਕੇ ਸਰੀਰ ਦੀ ਕੁਰਬਾਨੀ ਦੇਣ ਵਾਲਾ ਸ਼ਹੀਦ ਹੈ। ਸ਼ਹੀਦ ਆਪਣੇ ਵਿਸ਼ਵਾਸ ਦੀ ਗਵਾਹੀ ਸਿਦਕ ਨਾਲ ਭਰਮ ਭਉ ਤੋਂ ਰਹਿਤ ਹੋ ਕੇ ਦਿੰਦਾ ਹੈ।

## ਗੁਰਬਾਣੀ ਕੰਠ ਮੁਕਾਬਲੇ ਵਿੱਚ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਦੇ ਵਿਦਿਆਰਥੀਆਂ ਨੇ ਜਿੱਤੇ ਇਨਾਮ




ਪਟਿਆਲਾ, 14 ਮਈ (ਚ.ਨ.ਸ.) : ਸ੍ਰੀ ਗੁਰੂ ਅਰਜਨ ਕੀਰਤਨ ਮੰਡਲ (ਰਜਿ:) ਪਟਿਆਲਾ ਵੱਲੋਂ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਗੁਰਪੁਰਬ ਦੇ ਸਬੰਧ ਵਿੱਚ ਮਿਤੀ 11 ਮਈ 2025 ਦਿਨ ਐਤਵਾਰ ਨੂੰ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸੀ. ਸੈ. ਸਕੂਲ , ਪ੍ਰੈਸ ਰੋਡ ਪਟਿਆਲਾ ਵਿਖੇ ਸਕੂਲੀ ਬੱਚਿਆਂ ਦੇ ਗੁਰਬਾਣੀ ਕੰਠ ਮੁਕਾਬਲੇ ਕਰਵਾਏ ਗਏ ਜਿਸ ਵਿੱਚ ਲੱਗ-ਭੱਗ ਪੰਦਰਾਂ ਸਕੂਲਾਂ ਤੋਂ ਆਏ ਬੱਚਿਆਂ ਨੇ ਭਾਗ ਲਿਆ ਇਸ ਮੁਕਾਬਲੇ ਵਿਚ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ , ਐੱਸ.ਐੱਸ. ਟੀ.ਨਗਰ,ਪਟਿਆਲਾ ਦੇ ਵਿਦਿਆਰਥੀਆਂ ਨੇ ਵੀ ਭਾਗ ਲਿਆ ਜਿਸ ਵਿੱਚ ਯੂ.ਕੇ.ਜੀ. ਜਮਾਤ ਦੀ ਹਰਜੋਤ ਕੌਰ ਨੇ ਪਹਿਲਾ ਸਥਾਨ , ਚੌਥੀ ਜਮਾਤ ਦੀ ਮਨਮੀਤ ਕੌਰ ਨੇ ਦੂਜਾ, ਸਹਿਜਪ੍ਰੀਤ ਸਿੰਘ ਨੇ ਤੀਜਾ ਸਥਾਨ ਪ੍ਰਾਪਤ ਕਰਕੇ ਸਕੂਲ ਦਾ ਨਾਂ ਬੁਲੰਦੀਆਂ ਤੱਕ ਪਹੁੰਚਾਇਆ ਸੰਸਥਾ ਵੱਲੋਂ ਬੱਚਿਆਂ ਨੂੰ ਸਨਮਾਨ ਚਿੰਨ੍ਹ ,ਮੈਡਲ ਅਤੇ ਸਰਟੀਫਿਕੇਟ ਦੇ ਕੇ ਸਨਮਾਨਤ ਕੀਤਾ ਗਿਆ।ਸਕੂਲ ਦੇ ਡਾਇਰੈਕਟਰ ਸ੍ਰੀਮਤੀ ਜਸਵਿੰਦਰ ਕੌਰ ਜੀ ਦਰਦੀ ਅਤੇ ਪ੍ਰਿੰਸੀਪਲ ਡਾ: ਕੰਵਲਜੀਤ ਕੌਰ ਵੱਲੋਂ ਬੱਚਿਆਂ ਨੂੰ ਅਤੇ ਉਨ੍ਹਾਂ ਦੇ ਮਾਤਾ ਪਿਤਾ ਨੂੰ ਵਧਾਈ ਦਿੱਤੀ ਗਈ ।ਉਨ੍ਹਾਂ ਨੇ ਵਿਦਿਆਰਥੀਆਂ ਨੂੰ ਇਸੇ ਤਰਾਂ ਗੁਰਬਾਣੀ ਨਾਲ ਜੁੜੇ ਰਹਿਣ ਦੀ ਪ੍ਰੇਰਨਾ ਦਿੱਤੀ ਅਤੇ ਕਾਮਯਾਬ ਹੁੰਦੇ ਰਹਿਣ ਦਾ ਆਸ਼ੀਰਵਾਦ ਦਿੱਤਾ।

## ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਰਾਏਪੁਰ , ਬਹਾਦਰਗੜ੍ਹ ਦਾ ਦਸਵੀਂ ਅਤੇ ਬਾਰਵੀਂ ਜਮਾਤ ਦਾ ਨਤੀਜਾ ਰਿਹਾ 100 .ਫ਼ੀਸਦੀ





ਬਹਾਦਰਗੜ੍ਹ, 14 ਮਈ (ਚ.ਨ.ਸ.) : ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ, ਰਾਏਪੁਰ ਬਹਾਦਰਗੜ੍ਹ ਨੇ ਸੀ.ਬੀ.ਐਸ.ਈ. ਵੱਲੋਂ ਜਾਰੀ ਦਸਵੀਂ ਅਤੇ ਬਾਰਵੀਂ ਜਮਾਤ ਦੇ ਨਤੀਜਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ 100 ਪ੍ਰਤੀਸ਼ਤ ਨਤੀਜਾ ਹਾਸਲ ਕੀਤਾ ਹੈ। ਸਾਰੇ ਵਿਦਿਆਰਥੀਆਂ ਨੇ ਇਮਤਿਹਾਨ ਵਿਚ ਕਾਮਯਾਬੀ ਹਾਸਲ ਕਰਕੇ ਸਕੂਲ ਦਾ ਨਾਮ ਰੌਸ਼ਨ ਕੀਤਾ। ਕਾਮਰਸ ਗਰੁੱਪ ਵਿੱਚ ਮੰਨਤ ਨੇ ਪਹਿਲਾ ਸਥਾਨ ਅਤੇ ਮੁਸਕਾਨ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਆਰਟਸ ਗਰੁੱਪ ਵਿੱਚ ਹਰਸਿਮਰ ਕੌਰ ਨੇ ਪਹਿਲਾਂ ਸਥਾਨ ਤੇ ਅਰਪਿਤਾ ਚੌਧਰੀ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਇਸੇ ਤਰ੍ਹਾਂ ਮੈਡੀਕਲ ਗਰੁੱਪ ਵਿੱਚ ਸਿਮਰਨਜੀਤ ਕੌਰ ਨੇ ਪਹਿਲਾ ਸਥਾਨ ਤੇ ਆਸ਼ੀਸ਼ ਕੁਮਾਰ ਨੇ ਦੂਜਾ ਸਥਾਨ ਪ੍ਰਾਪਤ ਕੀਤਾ।

ਇਸੇ ਤਰ੍ਹਾਂ ਦਸਵੀਂ ਜਮਾਤ ਦੇ ਨਤੀਜਿਆਂ ਵਿੱਚ ਕ੍ਰਮਵਾਰ ਪਹਿਲਾਂ, ਦੂਸਰਾ ਅਤੇ ਤੀਸਰਾ ਸਥਾਨ ਇਰਫਾਨ ਖਾਨ, ਮੀਨਾਕਸ਼ੀ ਸ਼ਰਮਾ ਅਤੇ ਹਰਮਨਪ੍ਰੀਤ ਕੌਰ ਨੇ ਪ੍ਰਾਪਤ ਕਰਕੇ ਮਾਪਿਆਂ ਅਤੇ ਅਧਿਆਪਕਾਂ ਦਾ ਨਾਂ ਰੌਸ਼ਨ ਕੀਤਾ।ਸਕੂਲ ਦੇ ਵਿਦਿਆਰਥੀਆਂ ਨੇ ਉਤਕ੍ਰਿਸ਼ਟ ਅੰਕ ਪ੍ਰਾਪਤ ਕਰਦੇ ਹੋਏ ਆਪਣੀ ਮਿਹਨਤ ਅਤੇ ਅਧਿਆਪਕਾਂ ਦੀ ਮਿਹਨਤ ਨੂੰ ਸਫਲ ਬਣਾਇਆ। ਸਕੂਲ ਦੇ ਡਾਇਰੈਕਟਰ ਸਰਦਾਰਨੀ ਜਸਵਿੰਦਰ ਕੌਰ ਦਰਦੀ ਨੇ ਨਤੀਜੇ ਆਉਣ ਖੁਸ਼ੀ ਜਤਾਉਂਦੇ ਹੋਏ ਵਿਦਿਆਰਥੀਆਂ, ਅਧਿਆਪਕਾਂ ਅਤੇ ਮਾਪਿਆਂ ਨੂੰ ਵਧਾਈ ਦਿੱਤੀ। ਸਕੂਲ ਦੇ ਪ੍ਰਿੰਸੀਪਲ ਸ੍ਰੀਮਤੀ ਮੋਨਿਕਾ ਵਾਲੀਆ ਨੇ ਵੀ ਨਤੀਜੇ ਆਉਣ ਦੀ ਖੁਸ਼ੀ ਪ੍ਰਗਟਾਈ ਅਤੇ ਵਿਦਿਆਰਥੀਆਂ ਦੇ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ। ਉਨ੍ਹਾਂ ਨੇ ਕਿਹਾ ਕਿ ਇਹ ਨਤੀਜਾ ਸਕੂਲ ਦੇ ਉਚ ਮਿਆਰੀ ਵਿੱਦਿਆ ਦੇਣ ਵਾਲੇ ਮਾਪਦੰਡਾਂ ਅਤੇ ਵਿਦਿਆਰਥੀਆਂ ਦੀ ਲਗਨ ਦੀ ਗਵਾਹੀ ਦਿੰਦਾ ਹੈ।

## ਕੈਨੇਡਾ ਦੀ ਕਾਰਨੀ ਵਜ਼ਾਰਤ ਵਿੱਚ ਚਾਰ ਪੰਜਾਬੀ ਸ਼ਾਮਲ



ਵੈਨਕੂਵਰ, 14 ਮਈ (ਚ.ਨ.ਸ.) : ਕੈਨੇਡਾ ਦੀਆਂ ਫੈਡਰਲ ਚੋਣਾਂ ਤੋਂ ਦੋ ਹਫ਼ਤੇ ਮਗਰੋਂ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਆਪਣੀ ਵਜ਼ਾਰਤ ਦਾ ਗਠਨ ਕੀਤਾ ਹੈ ਜਿਸ ਵਿੱਚ ਚਾਰ ਪੰਜਾਬੀਆਂ ਮਨਿੰਦਰਂ ਸੱਧੂ, ਰੂਬੀ ਸਹੋਤਾ, ਰਣਦੀਪ ਸਿੰਘ ਸਰਾਏ ਤੇ ਅਨੀਤਾ ਆਨੰਦ ਨੂੰ ਥਾਂ ਮਿਲੀ ਹੈ। ਸਾਬਕਾ ਪ੍ਰਧਾਨ ਮੰਤਰੀ ਸਟੀਵਨ ਹਾਰਪਰ ਦੇ ਕਾਰਜਕਾਲ ਤੋਂ ਬਾਅਦ ਕੁਝ ਸੰਸਦ ਮੈਂਬਰਾਂ ਨੂੰ ਰਾਜ ਮੰਤਰੀ (ਪ੍ਰਿੰਸੀਪਲ ਸਕੱਤਰ) ਬਣਾਇਆ ਗਿਆ ਹੈ।ਕਾਰਨੀ ਨੇ ਸਰੀ ਸੈਂਟਰ ਤੋਂ ਲਗਾਤਾਰ ਚੌਥੀ ਵਾਰ ਸੰਸਦ ਮੈਂਬਰ ਬਣੇ ਜਲੰਧਰ ਨੇੜਲੇ ਪਿੰਡ ਸਰਾਏ ਖਾਸ ਦੇ ਰਣਦੀਪ ਸਿੰਘ ਸਰਾਏ (ਪੱਗੜੀਧਾਰੀ) (ਰਾਜ ਮੰਤਰੀ ਕੌਮਾਂਤਰੀ ਵਿਕਾਸ ਵਿਭਾਗ), ਬਰੈਂਪਟਨ ਤੋਂ ਸੰਸਦ ਮੈਂਬਰ ਮਨਿੰਦਰ ਸਿੱਧੂ (ਕੌਮਾਂਤਰੀ ਵਪਾਰ ਵਿਭਾਗ) ਅਤੇ ਰੂਬੀ ਸਹੋਤਾ (ਰਾਜ ਮੰਤਰੀ ਅਪਰਾਧ ਰੋਕੂ ਵਿਭਾਗ) ਨੂੰ ਸ਼ਾਮਲ ਕਰਕੇ ਪੰਜਾਬੀ ਭਾਈਚਾਰੇ ਦਾ ਮਾਣ ਵਧਾਇਆ ਹੈ।ਸਾਬਕਾ ਵਿੱਤ ਮੰਤਰੀ ਕ੍ਰਿਸਟੀਆ ਫਰੀਲੈਂਡ ਨੂੰ ਟਰਾਂਸਪੋਰਟ ਤੇ ਵਪਾਰ ਵਿਭਾਗ ਦਿੱਤਾ ਗਿਆ ਹੈ।ਓਂਟਾਰੀਓ ਦੇ ਟੋਰਾਂਟੋ ਖੇਤਰ ਤੋਂ 12 ਸੰਸਦ ਮੈਂਬਰਾਂ ਨੂੰ ਮੰਤਰੀ ਮੰਡਲ ਵਿੱਚ ਥਾਂ ਮਿਲੀ ਹੈ। ਇਸ ਦੌਰਾਨ ਰਿਡਿਊ ਹਾਲ ਦੇ ਮੁੱਖ ਹਾਲ ਵਿੱਚ ਹਲਫ਼ਦਾਰੀ ਸਮਾਗਮ ਹੋਇਆ। ਹਰੇਕ ਮੰਤਰੀ ਹਲਫ਼ ਲੈਣ ਮਗਰੋਂ ਅਹਿਦਨਾਮੇ 'ਤੇ ਦਸਤਖਤ ਕਰਕੇ ਆਪਣੀਆਂ ਸੀਟਾਂ 'ਤੇ ਬੈਠਦੇ ਰਹੇ।ਮੰਤਰੀਆਂ ਦੀ ਗਿਣਤੀ ਕਿਆਫਿਆਂ ਦੇ ਨੇੜੇ ਹੀ ਰਹੀ। ਹਾਲਾਂਕਿ, 14 ਮਾਰਚ ਨੂੰ ਪ੍ਰਧਾਨ ਮੰਤਰੀ ਬਣੇ ਮਾਰਕ ਕਾਰਨੀ ਨੇ 23 ਮੰਤਰੀ ਹੀ ਬਣਾਏ ਹਨ। ਮਿਲਾਨੀ ਜੌਲੀ ਤੇ ਸੀਆਨ ਫਰੇਜ਼ਰ ਮੁੜ ਮੰਤਰੀ ਬਣੇ ਹਨ। ਇੰਦਰਾ ਅਨੀਤਾ ਅਨੰਦ ਨੂੰ ਮੁੜ ਵਿਦੇਸ਼ ਵਿਭਾਗ ਸੌਂਪਿਆ ਗਿਆ ਹੈ। ਡੇਵਿਡ ਜੋਸਫ਼ ਨੂੰ ਰੱਖਿਆ ਮੰਤਰਾਲਾ ਦਿੱਤਾ ਗਿਆ ਹੈ।

## ਟੀਸੀਵਾਈ ਦਾ ਏ-ਆਈ ਵੌਇਸ ਟੈਸਟ ਵਿਦਿਆਰਥੀਆਂ ਨੂੰ ਦੇ ਰਿਹੈ ਕੋਚਿੰਗ

ਚੰਡੀਗੜ੍ਹ, 14 ਮਈ (ਚ.ਨ.ਸ.) : ਚੁਣੌਤੀਪੂਰਨ ਸਮਿਆਂ ਵਿੱਚ, ਨਵੀਨਤਾ ਅੱਗੇ ਰਹਿਣ ਦੀ ਕੁੰਜੀ ਹੈ। ਸਟੱਡੀ ਅਬਰੌਡ ਮਾਰਕੀਟ ਵਿੱਚ ਮੰਦੀ ਨੂੰ ਮੱਦੇਨਜ਼ਰ ਰੱਖਦੇ ਹੋਏ ਕੋਚਿੰਗ ਸੰਸਥਾਵਾਂ ਵਿਦਿਆਰਥੀਆਂ ਨੂੰ ਆਕਰਸ਼ਿਤ ਕਰਨ ਕਰਨ ਲਈ ਨਵੇਂ ਤਰੀਕੇ ਲੱਭ ਰਹੀਆਂ ਹਨ ਜੋ ਟੀਸੀਵਾਈ ਦੇ ਏ-ਆਈ ਵੌਇਸ ਟੈਸਟ ਵਰਗੇ ਅਤਿ-ਆਧੁਨਿਕ ਸਾਧਨਾਂ ਨੂੰ ਸ਼ਾਮਲ ਕਰਕੇ ਸਫਲ ਹੋ ਰਿਹਾ ਹੈ। ਅੰਗਰੇਜ਼ੀ ਬੋਲਣ ਦੇ ਹੁਨਰ ਦਾ ਮੁਲਾਂਕਣ ਕਰਨ ਅਤੇ ਵਧਾਉਣ ਲਈ ਤਿਆਰ ਕੀਤੀ ਗਈ ਇਹ ਤਕਨਾਲੋਜੀ ਵਿਦਿਆਰਥੀਆਂ ਅਤੇ ਕੋਚਿੰਗ ਸੰਸਥਾਵਾਂ ਦੋਵਾਂ ਲਈ ਇੱਕ ਲਾਹੇਵੰਦ ਹੱਲ ਸਾਬਤ ਹੋ ਰਹੀ ਹੈ।ਖਾਸ ਤੌਰ 'ਤੇ ਉਹਨਾਂ ਵਿਦਿਆਰਥੀਆਂ ਲਈ ਜੋ ਆਪਣੀ ਅੰਗ੍ਰੇਜ਼ੀ ਬੋਲਣ ਦੀਆਂ ਯੋਗਤਾਵਾਂ ਬਾਰੇ ਸਵੈ-ਚੇਤੰਨ ਹਨ ਜਾਂ ਜਿਨ੍ਹਾਂ ਕੋਲ ਭਾਸ਼ਾ ਬੋਲਣ ਦਾ ਸੀਮਤ ਅਨੁਭਵ ਹੈ, ਏ-ਆਈ ਵੌਇਸ ਟੈਸਟ ਅਭਿਆਸ ਕਰਨ ਲਈ ਇੱਕ ਨਿੱਜੀ, ਚਿੰਤਾ-ਮੁਕਤ ਵਾਤਾਵਰਣ ਪ੍ਰਦਾਨ ਕਰਦਾ ਹੈ। ਇਹ ਟੈਸਟ ਇੱਕ ਅਧਿਆਪਕ ਦੀ ਨਕਲ ਕਰਦਾ ਹੈ, ਜੋ ਉਸਾਰੂ ਫੀਡਬੈਕ ਪ੍ਰਦਾਨ ਕਰਦਾ ਹੈ ਅਤੇ ਉਹਨਾਂ ਵਿਦਿਆਰਥੀਆਂ ਨੂੰ ਉਹਨਾਂ ਦੀ ਕਾਬਲੀਅਤ ਵਿੱਚ ਤੇਜ਼ੀ ਨਾਲ ਸੁਧਾਰ ਕਰਨ ਵਿੱਚ ਮਦਦ ਕਰਦਾ ਹੈ। ਇਹ ਵਿਧੀ ਨਾ ਸਿਰਫ਼ ਵਿਦਿਆਰਥੀਆਂ ਦੇ ਆਤਮ-ਵਿਸ਼ਵਾਸ ਨੂੰ ਵਧਾਉਂਦੀ ਹੈ, ਸਗੋਂ ਉਹਨਾਂ ਨੂੰ ਬਿਨਾਂ ਕਿਸੇ ਚਿੰਤਾ ਦੇ ਉਹਨਾਂ ਦੀ ਤਰੱਕੀ ਨੂੰ ਟਰੈਕ ਕਰਨ ਦੀ ਵੀ ਆਗਿਆ ਦਿੰਦੀ ਹੈ, ਜਿਸ ਨਾਲ ਸਿੱਖਣ ਦੇ ਤਜਰਬੇ ਨੂੰ ਪ੍ਰਭਾਵਸ਼ਾਲੀ ਬਣਾਇਆ ਜਾਂਦਾ ਹੈ। ਕੋਚਿੰਗ ਸੰਸਥਾਵਾਂ ਇਸ ਏ-ਆਈ ਟੂਲ ਨੂੰ ਆਪਣੇ ਪ੍ਰੋਗਰਾਮਾਂ ਵਿੱਚ ਜੋੜ ਕੇ ਮਹੱਤਵਪੂਰਨ ਲਾਭ ਪ੍ਰਾਪਤ ਕਰ ਰਹੀਆਂ ਹਨ। ਇਹ ਉਹਨਾਂ ਨੂੰ ਵਿਦਿਅਕ ਨਵੀਨਤਾ ਵਿੱਚ ਲੀਡਰ ਬਣਾਉਂਦਾ ਹੈ, ਤਕਨਾਲੋਜੀ ਦੀ ਸਮਝ ਰੱਖਣ ਵਾਲੇ ਵਿਦਿਆਰਥੀਆਂ ਨੂੰ ਆਕਰਸ਼ਿਤ ਕਰਦਾ ਹੈ ਜੋ ਉੱਨਤ ਸਿੱਖਣ ਦੇ ਤਰੀਕਿਆਂ ਦੀ ਕਦਰ ਕਰਦੇ ਹਨ।

### ਜਨਮ ਦਿਨ ਮੁਬਾਰਕ



ਜੈਸਮੀਨ ਕੌਰ



ਗੁਰਜੋਤ ਕੌਰ



# ਬਾਗ਼ ਕਲੋਨੀ 'ਚ ਟਰਾਂਸਫਾਰਮਰ ਨੂੰ ਲੱਗੀ ਭਿਆਨਕ ਅੱਗ, ਲੋਕਾਂ ਨੇ ਹਨੇਰੇ 'ਚ ਕੱਟੀ ਰਾਤ



ਤਪਾ ਮੰਡੀ, 14 ਮਈ (ਭੂਸ਼ਨ ਘੜੈਲਾ, ਰਾਜੂ ਮਹਿਰਾਂ) : ਲੰਘੀ ਰਾਤ ਬਾਗ ਕਲੋਨੀ 'ਚ ਇੱਕ ਟਰਾਂਸਫਾਰਮਰ ਨੂੰ ਭਿਆਨਕ ਅੱਗ ਲੱਗ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਜਿਸ ਕਾਰਨ ਨੇੜਲੇ ਘਰਾਂ ਵਿੱਚ ਹਫੜਾ ਦਫੜੀ ਮੱਚ ਗਈ। ਪ੍ਰੰਤੂ ਸਮਾਂ ਰਹਿੰਦੇ ਹੀ ਫਾਇਰ ਬ੍ਰਿਗੇਡ ਕਰਮਚਾਰੀਆਂ ਵੱਲੋਂ ਅੱਗ 'ਤੇ ਕਾਬੂ ਪਾ ਲਿਆ ਗਿਆ ਅਤੇ ਵੱਡਾ ਹਾਦਸਾ ਹੋਣ ਤੋਂ ਬਚਾਅ ਰਹਿ ਗਿਆ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਇਸੇ ਵਾਰਡ ਦੇ ਕੌਂਸਲਰ ਧਰਮਪਾਲ ਸ਼ਰਮਾ ਨੇ ਦੱਸਿਆ ਕਿ ਬਾਗ ਕਲੋਨੀ 'ਚ ਇੱਕ 100 ਕੇ.ਵੀ ਦਾ ਟਰਾਂਸਫਾਰਮਰ ਜੋ ਕਾਫੀ ਪੁਰਾਣਾ ਹੈ, ਜਿਸ 'ਤੇ ਬਿਜਲੀ ਦਾ ਲੋਡ ਜ਼ਿਆਦਾ ਹੈ ਅਤੇ ਗਰਮੀਆਂ ਦੇ ਦਿਨਾਂ ਵਿਚ ਇਹ ਟਰਾਂਸਫਾਰਮਰ ਕਈ ਵਾਰ ਮੱਚ ਜਾਂਦਾ ਹੈ। ਜਿਸ ਕਾਰਨ ਕਲੋਨੀ ਵਾਸੀਆਂ ਨੂੰ ਭਾਰੀ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਜਦ ਕਿ ਉਹ ਕਈ ਵਾਰ ਇਸ ਸਬੰਧੀ ਬਿਜਲੀ ਵਿਭਾਗ ਦੇ ਕਰਮਚਾਰੀਆਂ ਨੂੰ ਜਾਣੂੰ ਕਰਵਾ ਚੁੱਕੇ ਹਨ। ਪ੍ਰੰਤੂ ਅਜੇ ਤੱਕ ਇਸ ਟਰਾਂਸਫਾਰਮਰ ਦਾ ਲੋਡ ਨਹੀਂ ਵਧਾਇਆ ਗਿਆ। ਉਹਨਾਂ ਦੱਸਿਆ ਕਿ ਬੀਤੀ ਰਾਤ ਫਿਰ ਅਚਾਨਕ ਇਸੇ ਟਰਾਂਸਫਾਰਮਰ 'ਚ ਅੱਗ ਲੱਗ ਗਈ, ਜਿਸਨੇ ਵਿਕਰਾਲ ਰੂਪ ਧਾਰਨ ਕਰ ਲਿਆ, ਦਾ ਪਤਾ ਲੱਗਦੇ ਹੀ ਤੁਰੰਤ ਇਸਦੀ ਸੂਚਨਾ ਫਾਇਰ ਬ੍ਰਿਗੇਡ ਕਰਮਚਾਰੀਆਂ ਨੂੰ ਦਿੱਤੀ, ਜਿਨ੍ਹਾਂ ਮੌਕੇ 'ਤੇ ਪਹੁੰਚ ਕੇ ਸਮਾਂ ਰਹਿੰਦੇ ਅੱਗ 'ਤੇ ਕਾਬੂ ਪਾ ਲਿਆ ਅਤੇ ਵੱਡਾ ਹਾਦਸਾ ਹੋਣ ਤੋਂ ਬਚਾਅ ਰਹਿ ਗਿਆ। ਸਮੂਹ ਵਾਰਡ ਵਾਸੀਆਂ ਨੇ ਪਾਵਰਕਾਮ ਅਧਿਕਾਰੀਆਂ ਤੋਂ ਮੰਗ ਕਰਦਿਆਂ ਕਿਹਾ ਕਿ ਇਸ ਟਰਾਂਸਫਾਰਮਰ ਦਾ ਲੋਡ ਵਧਾਇਆ ਜਾਵੇ ਤਾਂ ਜੋ ਉਹਨਾਂ ਨੂੰ ਮੁਸ਼ਕਲਾਂ ਦਾ ਸਾਹਮਣਾ ਨਾ ਕਰਨਾ ਪਵੇ। ਇਸ ਮੌਕੇ ਵਾਰਡ ਦੇ ਲੋਕਾਂ ਨੇ ਕਿਹਾ 4-5 ਦਿਨ ਪਹਿਲਾਂ ਸਰਕਾਰ ਅਤੇ ਪ੍ਰਸ਼ਾਸਨ ਵੱਲੋਂ ਸ਼ਹਿਰ ਨੂੰ ਬਲੈਕ ਆਊਟ ਕਰ ਦੇਣ ਨਾਲ ਹਨੇਰੇ ਵਿਚ ਰਾਤਾਂ ਗੁਜ਼ਾਰੀਆਂ ਤੇ ਬੀਤੀ ਰਾਤ ਟਰਾਂਸਫਾਰਮਰ ਨੂੰ ਅਚਾਨਕ ਅੱਗ ਲੱਗ ਜਾਣ ਕਰਕੇ ਬਲੈਕ ਆਊਟ ਹੋ ਗਿਆ ਜਿਸ ਕਾਰਨ ਬਾਗ ਕਲੋਨੀ ਦੇ 50-60 ਘਰਾਂ ਦੇ ਲੋਕਾਂ ਨੇ ਹਨੇਰੇ 'ਚ ਤਾਂ ਰਾਤ ਗੁਜ਼ਾਰੀ ਹੀ ਬਲਕਿ ਲੋਕਾਂ ਨੂੰ ਮੱਛਰ ਨੇ ਵੀ ਬਹੁਤ ਪ੍ਰੇਸ਼ਾਨ ਕੀਤਾ। ਲੋਕਾਂ ਨੇ ਕਿਹਾ ਕਿ ਛੋਟੇ ਛੋਟੇ ਬੱਚਿਆਂ ਦਾ ਬੁਰਾ ਹਾਲ ਹੋਇਆ ਰਿਹਾ। ਉਨ੍ਹਾਂ ਇਹ ਵੀ ਕਿਹਾ ਕਿ ਮਲੇਰੀਆ ਫੈਲਣ ਦਾ ਡਰ ਬਣਿਆ ਹੋਇਆ ਹੈ। ਇਸ ਇਸ ਸਬੰਧੀ ਜਦੋਂ ਸਾਡੇ ਪੱਤਰਕਾਰ ਨੇ ਸਬੰਧਤ ਐਸਡੀਓ ਨਾਲ ਮੋਬਾਈਲ 'ਤੇ ਗੱਲ ਕਰਨੀ ਚਾਹੀ ਤਾਂ ਉਨ੍ਹਾਂ ਫੋਨ ਨਹੀਂ ਚੁੱਕਿਆ। ਲੋਕਾਂ ਨੇ ਕਿਹਾ ਰਾਤ ਬਰਾਤੇ ਜੇਕਰ ਲੋਕਾਂ 'ਤੇ ਅਜਿਹੀ ਬਿਪਤਾ ਪੈ ਜਾਵੇ ਤਾਂ ਅਧਿਕਾਰੀਆਂ ਨੂੰ ਵੀ ਫੋਨ ਚੁੱਕ ਲੈਣੇ ਚਾਹੀਦੇ ਹਨ। ਕੋਈ ਵੀ ਸਰਕਾਰੀ ਅਧਿਕਾਰੀ ਹੁੰਦਾ ਤਾਂ ਜਨਤਾ ਦੀ ਹਿਫਾਜ਼ਤ ਵਾਸਤੇ ਹੁੰਦਾ ਹੈ। ਇਸ ਮੌਕੇ ਧਰਮ ਸ਼ਰਮਾ ਨੇ ਦੱਸਿਆ ਕਿ ਟਰਾਂਸਫਾਰਮਰ ਦਾ ਲੋਡ ਵਧਾਉਣ ਵਾਸਤੇ ਅੱਜ ਸਵੇਰੇ ਐਸਡੀਓ ਸਾਹਿਬ ਨੂੰ ਮੰਗ ਪੱਤਰ ਦੇ ਦਿੱਤਾ ਗਿਆ ਹੈ।

# ਸੜਕ ਵਿਚਕਾਰ ਕਣਕ ਦੇ ਸੁੱਟੇ ਸਿੱਟੇ ਹਾਦਸਿਆਂ ਨੂੰ ਦੇ ਰਹੇ ਨੇ ਸੱਦਾ



ਤਪਾ ਮੰਡੀ 14 ਮਈ (ਭੂਸ਼ਨ ਘੜੈਲਾ)-ਸਥਾਨਕ ਮੰਡੀ ਦੀ ਤਾਜੋ ਅਤੇ ਸਲਿੱਪ ਰੋਡ 'ਤੇ ਕਣਕ ਦੀਆਂ ਬੱਲੀਆਂ(ਸਿੱਟੇ) ਸੜਕ ਵਿਚਕਾਰ ਸੁੱਟ ਕੇ ਹਾਦਸਿਆਂ ਨੂੰ ਸੱਦਾ ਦੇ ਰਹੇ ਹਨ। ਇਸ ਸਬੰਧੀ ਜਦ ਸਾਡੇ ਪ੍ਰਤੀਨਿਧ ਨੇ ਸ਼ਹਿਰ ਦੀ ਤਾਜੋ ਰੋਡ ਦਾ ਦੌਰਾ ਕਰਕੇ ਦੇਖਿਆ ਤਾਂ ਕੁਝ ਗਰੀਬ ਲੋਕ ਕਣਕ ਦੀ ਕਟਾਈ ਸਮੇਂ ਕਣਕ ਦੀਆਂ ਬੱਲੀਆਂ ਖੇਤਾਂ ਨੂੰ 'ਚੋਂ ਚੁੱਕ ਲਿਆਉਂਦੇ ਹਨ ਅਤੇ ਫਿਰ ਉਹ ਸੜਕ ਵਿਚਕਾਰ ਸੁੱਟ ਦਿੰਦੇ ਹਨ ਤਾਂ ਕਿ ਆਉਣ-ਜਾਣ ਵਾਲੇ ਹੈਵੀ ਅਤੇ ਚਾਰ ਪਹੀਆ ਵਾਹਨ ਦੇ ਟਾਇਰਾਂ ਹੇਠਾਂ ਬੱਲੀਆਂ ਆਕੇ ਕਣਕ ਨਿਕਲ ਆਉਂਦੀ ਹੈ ਅਤੇ ਤੂੜੀ ਉਡ ਜਾਂਦੀ ਹੈ

ਪਰ ਇਹ ਸੜਕ ਵਿਚਕਾਰ ਸੁੱਟੀਆਂ ਕਣਕ ਦੀਆਂ ਬੱਲੀਆਂ ਦੋ ਪਹੀਆ ਵਾਹਨ ਚਾਲਕਾਂ ਲਈ ਜਾਨਲੇਵਾ ਬਣ ਜਾਂਦੀਆਂ ਹਨ ਇਸ ਲਈ ਪ੍ਰਸ਼ਾਸਨ ਨੂੰ ਇਨ੍ਹਾਂ ਵੱਲ ਵੀ ਧਿਆਨ ਦੇਣਾ ਚਾਹੀਦਾ ਹੈ।

# ਮੰਚ ਤੋਂ ਦਿਲ ਤੱਕ: ਵਾਈਐਸ ਪਬਲਿਕ ਸਕੂਲ ਨੇ 'ਮਾਂ ਦਿਵਸ' ਭਾਵਨਾਵਾਂ ਤੇ ਉਤਕ੍ਰਿਸ਼ਟਤਾ ਨਾਲ ਮਨਾਇਆ



ਬਰਨਾਲਾ, 14 ਮਈ (ਬਘੇਲ ਸਿੰਘ ਧਾਲੀਵਾਲ)-ਵਾਈਐਸ ਪਬਲਿਕ ਸਕੂਲ ਨੇ ਹਾਲ ਹੀ ਵਿੱਚ 'ਮਾਂ ਦਿਵਸ' ਮੌਕੇ ਇੱਕ ਭਾਵਨਾਤਮਕ ਅਤੇ ਸਿੱਖਣ ਵਾਲਾ ਸਮਾਰੋਹ ਮਨਾਇਆ, ਜਿਸ ਨੇ ਨਾ ਸਿਰਫ ਮਾਂਵਾਂ ਦਾ ਸਤਿਕਾਰ ਕੀਤਾ, ਸਗੋਂ ਵਿਦਿਆਰਥੀਆਂ ਵਿਚ ਸ਼ੁੱਕਰਗੁਜ਼ਾਰੀ, ਸਹਾਨੁਭੂਤੀ, ਸੰਚਾਰ ਕੌਸ਼ਲ ਅਤੇ ਰਿਸ਼ਤਿਆਂ ਲਈ ਆਦਰ ਵਜੋਂ ਮੁੱਲ ਵੀ ਵਧਾਏ। ਸਕੂਲ ਦਾ ਪਰਿਸਰ ਪਿਆਰ, ਖੁਸ਼ੀ ਅਤੇ ਗਰਵ ਨਾਲ ਗੂੰਜ ਉਠਿਆ ਜਦ ਮਾਂਵਾਂ ਦਾ ਸਵਾਗਤ ਇੱਕ ਭਾਵਪੂਰਕ ਪ੍ਰੋਗਰਾਮ ਨਾਲ ਕੀਤਾ ਗਿਆ। ਵਿਦਿਆਰਥੀਆਂ ਨੇ ਗੀਤਾਂ, ਨਾਚਾਂ ਅਤੇ ਨਾਟਕਾਂ ਰਾਹੀਂ ਆਪਣੀ ਮਾਂ ਪ੍ਰਤੀ ਮੋਹ ਅਤੇ ਆਦਰ ਵਿਖਾਇਆ। ਇਹ ਪ੍ਰਦਰਸ਼ਨ ਸਿਰਫ ਸਟੇਜ 'ਤੇ ਕਾਰਗੁਜ਼ਾਰੀ ਨਹੀਂ ਸਨ, ਸਗੋਂ ਮਾਂ-ਪੁੱਤਰ/ਧੀ ਦੇ ਪਿਆਰ ਦੀ ਅਸਲੀਅਤ ਨੂੰ ਦਰਸਾਉਂਦੇ ਹੋਏ ਮਾਂਵਾਂ ਦੀਆਂ ਅੱਖਾਂ 'ਚ ਖੁਸ਼ੀ ਦੇ ਹੰਝੂ ਆ ਗਏ। ਮਾਂਵਾਂ ਨੇ ਵੀ ਖੇਡਾਂ, ਰਚਨਾਤਮਕ ਸਰਗਰਮੀਆਂ ਅਤੇ ਰੈਂਪ ਵਾਕ ਵਿੱਚ ਭਾਗ ਲਿਆ, ਜਿਸ ਨਾਲ ਸਮਾਰੋਹ ਨੂੰ ਪਰਿਵਾਰਕ ਅਤੇ ਗਹਿਰੀ ਭਾਵਨਾ ਮਿਲੀ। ਇਹ ਸਮਾਰੋਹ ਸਕੂਲ ਦੀ ਹੋਲਿਸਟਿਕ ਸਿੱਖਿਆ ਨੀਤੀ ਅਨੁਸਾਰ ਸੀ, ਜਿਸ ਵਿੱਚ ਅਕਾਦਮਿਕ ਨਿਪੁੰਨਤਾ ਦੇ ਨਾਲ-ਨਾਲ ਭਾਵਨਾਤਮਕ ਸਮਝ, ਦਇਆ ਅਤੇ ਜੀਵਨ ਮੁੱਲਾਂ ਨੂੰ ਵੀ ਬਰਾਬਰੀ ਮਿਲਦੀ ਹੈ। ਇਸ ਮੌਕੇ ਅਕਾਦਮਿਕ ਕੋਆਰਡੀਨੇਟਰ ਪੂਜਾ ਮਹਿਰਾ ਨੇ ਕਿਹਾ, 'ਵਾਈਐਸ ਪਬਲਿਕ ਸਕੂਲ ਵਿੱਚ ਅਸੀਂ ਸਿਰਫ ਪਾਠਕ੍ਰਮ ਪ੍ਰਗਟਤਾ ਹੀ ਨਹੀਂ, ਸਗੋਂ ਭਾਵਨਾਤਮਕ ਤਾਕਤ ਨੂੰ ਵੀ ਉਤਸ਼ਾਹਤ ਕਰਦੇ ਹਨ। ਅਜਿਹੇ ਇਵੈਂਟ ਵਿਦਿਆਰਥੀਆਂ ਨੂੰ ਜ਼ਿੰਮੇਵਾਰ ਅਤੇ ਸਹਾਨੁਭੂਤਿਸ਼ੀਲ ਨਾਗਰਿਕ ਬਣਾਉਂਦੇ ਹਨ।' ਇਹ ਦਿਨ ਗਰਵ, ਸ਼ੁਕਰਾਨਾ ਅਤੇ ਖੁਸ਼ੀ ਨਾਲ ਭਰਪੂਰ ਰਿਹਾ ਅਤੇ ਵਾਈਐਸ ਪਬਲਿਕ ਸਕੂਲ ਦੀ ਮੁੱਲ ਅਧਾਰਤ ਸਿੱਖਿਆ ਅਤੇ ਸਮੁੱਚੀ ਵਿਕਾਸ ਪ੍ਰਤੀ ਨਿਸ਼ਠਾ ਨੂੰ ਫਿਰ ਇਕ ਵਾਰੀ ਦਰਸਾਇਆ।

# ਐਸ.ਬੀ.ਐਸ. ਸਕੂਲ ਦਾ ਬਾਰਵੀਂ ਜਮਾਤ ਦਾ ਨਤੀਜਾ ਰਿਹਾ 100 ਫੀਸਦੀ



ਬਰਨਾਲਾ, 14 ਮਈ (ਬਘੇਲ ਸਿੰਘ ਧਾਲੀਵਾਲ)- ਸੀ ਬੀ ਐਸ ਈ ਵੱਲੋਂ ਬੋਰਡ ਦੇ ਬਾਰਵੀਂ ਕਲਾਸ ਦੇ ਨਤੀਜੇ ਐਲਾਨੇ ਗਏ, ਜਿਸ ਵਿੱਚ ਐਸ ਬੀ ਐਸ ਪਬਲਿਕ ਸਕੂਲ ਸੁਰਜੀਤਪੁਰਾ ਦਾ ਰਿਜ਼ਲਟ 100 ਫੀਸਦੀ ਰਿਹਾ। ਬਾਰਵੀਂ ਕਲਾਸ ਦੇ ਸਾਰੇ ਬੱਚਿਆਂ ਨੇ ਚੰਗੇ ਅੰਕ ਪ੍ਰਾਪਤ ਕਰ ਕੇ ਆਪਣੀ ਕਲਾਸ ਨੂੰ ਪਾਸ ਕੀਤਾ। ਹੋਨਿਕਾ ਨੇ 94 ਪ੍ਰਤੀਸ਼ਤ ਅੰਕ ਨਾਲ ਬਾਰਵੀ (ਕਾਮਰਸ) ਵਿੱਚੋਂ ਅਤੇ ਕੁਲਜਿੰਦਰ ਸਿੰਘ ਨੇ 89 ਪ੍ਰਤੀਸ਼ਤ ਅੰਕ ਨਾਲ ਬਾਰਵੀਂ (ਆਰਟਸ) ਵਿੱਚੋਂ ਪਹਿਲੀਆਂ ਪੁਜੀਸ਼ਨਾਂ ਹਾਸਿਲ ਕੀਤੀਆਂ। ਬਾਰਵੀਂ ਕਾਮਰਸ ਦੇ 8 ਬੱਚਿਆਂ ਨੇ 80 ਪ੍ਰਤੀਸ਼ਤ ਅਤੇ 10 ਬੱਚਿਆਂ ਨੇ 75 ਪ੍ਰਤੀਸ਼ਤ ਤੋਂ ਵੱਧ ਅੰਕ ਪ੍ਰਾਪਤ ਕੀਤੇ ਅਤੇ ਆਰਟਸ ਦੇ 5 ਬੱਚਿਆਂ ਨੇ 80 ਪ੍ਰਤੀਸ਼ਤ ਅਤੇ 8 ਬੱਚਿਆਂ ਨੇ 75 ਪ੍ਰਤੀਸ਼ਤ ਤੋਂ ਵੱਧ ਅੰਕ ਪ੍ਰਾਪਤ ਕੀਤੇ ਸਕੂਲ ਦੇ ਵਾਈਸ ਪ੍ਰਿੰਸੀਪਲ ਡਾ. ਸੰਜੇ ਕੁਮਾਰ ਨੇ ਬੱਚਿਆਂ ਅਤੇ ਮਾਪਿਆਂ ਨੂੰ ਰਿਜ਼ਲਟ ਦੀ ਵਧਾਈ ਦਿੱਤੀ ਅਤੇ ਉਨਾਂ ਕਿਹਾ ਕਿ ਇਹ ਬੱਚਿਆਂ ਦੀ ਮਿਹਨਤ ਅਤੇ ਲਗਨ ਦਾ ਨਤੀਜਾ ਹੈ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਮੈਡਮ ਕਮਲਜੀਤ ਕੌਰ ਨੇ ਸਮੂਹ ਬੱਚਿਆਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ।

# ਸੀਬੀਐਸਈ 12ਵੀਂ ਜਮਾਤ ਦੇ ਨਤੀਜਿਆਂ ਵਿੱਚ ਮਦਰ ਟੀਚਰ ਸਕੂਲ, ਬਰਨਾਲਾ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ

ਬਰਨਾਲਾ, 14 ਮਈ (ਕਪਿਲ)- ਮਦਰ ਟੀਚਰ ਸਕੂਲ, ਬਰਨਾਲਾ ਦੇ ਵਿਦਿਆਰਥੀਆਂ ਨੇ ਸੀਬੀਐਸਈ 12ਵੀਂ ਜਮਾਤ ਦੀ ਪ੍ਰੀਖਿਆ 2025 ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਕੇ ਇੱਕ ਵਾਰ ਫਿਰ ਆਪਣੀ ਅਕਾਦਮਿਕ ਉੱਤਮਤਾ ਸਾਬਤ ਕੀਤੀ ਹੈ। ਕਾਮਰਸ ਸਟਰੀਮ ਨੇ ਨਤੀਜਿਆਂ ਵਿੱਚ ਮੋਹਰੀ ਸਥਾਨ ਪ੍ਰਾਪਤ ਕੀਤਾ, ਦਿਸ਼ਾਂਕ ਅਗਰਵਾਲ ਨੇ 96% ਅੰਕ ਪ੍ਰਾਪਤ ਕੀਤੇ, ਉਸ ਤੋਂ ਬਾਅਦ ਮੋਕਸ਼ ਗੋਇਲ (95%), ਪਿਊਸ਼ ਗੋਇਲ (92.2%), ਦਕਸ਼ੇਸ਼ ਗਰਗ ਅਤੇ ਸਿਮਰਪ੍ਰੀਤ ਕੌਰ (91.6% ਹਰੇਕ), ਰਿਤਿਕਾ (91.4%), ਆਰੀਅਨ ਜਿੰਦਲ (90.4%), ਅਤੇ ਅਨਮੋਲ ਕੌਰ (90%) ਦਾ ਸਥਾਨ ਹੈ। ਨਾਨ-ਮੈਡੀਕਲ ਸਟਰੀਮ ਵਿੱਚ, ਅਨੁਰਾਗ ਸ਼ਰਮਾ ਨੇ 93.6% ਅਤੇ ਦੀਆ ਸਿੰਗਲਾ ਨੇ 91.4% ਅੰਕ ਪ੍ਰਾਪਤ ਕੀਤੇ।

ਮੈਡੀਕਲ ਸਟ ?ਰੀਮ ਵਿੱਚ ਵੀ, ਥੀਆ ਨੇ 92.6%, ਯਸ਼ਸਵੀ ਗਰਗ ਨੇ 91%, ਸੁਖਮਨ ਕੌਰ ਨੇ 90.8% ਅਤੇ ਭਵਨੀਤ ਕੌਰ ਨੇ 90.6% ਅੰਕ ਪ੍ਰਾਪਤ ਕਰਕੇ ਸ਼ਲਾਘਾਯੋਗ ਅੰਕ ਪ੍ਰਾਪਤ ਕੀਤੇ। ਸਕੂਲ ਮੈਨੇਜਮੇਂਟ ਅਤੇ ਪ੍ਰਿੰਸੀਪਲ ਇਸ ਸ਼ਾਨਦਾਰ ਸਫਲਤਾ ਲਈ ਸਾਰੇ ਵਿਦਿਆਰਥੀਆਂ, ਉਨ੍ਹਾਂ ਦੇ ਪਰਿਵਾਰਾਂ ਅਤੇ ਸਮਰਪਿਤ ਅਧਿਆਪਕਾਂ ਨੂੰ ਦਿਲੋਂ ਵਧਾਈ ਦਿੰਦਾ ਹੈ।

# ਜੈ ਵਾਟਿਕਾ ਪਬਲਿਕ ਸਕੂਲ ਬਰਨਾਲਾ ਨੇ ਇੱਕ ਵਾਰ ਫਿਰ ਆਪਣਾ ਝੰਡਾ ਬੁਲੰਦ ਕੀਤਾ




ਬਰਨਾਲਾ, 14 ਮਈ (ਅਮਨਦੀਪ ਸਿੰਘ)-ਸਿੱਖਿਆ ਦੇ ਖੇਤਰ ਵਿੱਚ ਆਪਣੀ ਗੁਣਵੱਤਾ ਅਤੇ ਅਨੁਸ਼ਾਸਨ ਲਈ ਮਸ਼ਹੂਰ ਜੈ ਵਾਟਿਕਾ ਪਬਲਿਕ ਸਕੂਲ, ਬਰਨਾਲਾ ਨੇ ਇੱਕ ਵਾਰ ਫਿਰ ਉੱਤਮਤਾ ਦੀ ਮਿਸਾਲ ਕਾਇਮ ਕੀਤੀ ਹੈ। ਸਕੂਲ ਨੇ ਹਾਲ ਹੀ ਵਿੱਚ ਐਲਾਨੇ ਗਏ 10ਵੀਂ ਜਮਾਤ ਦੇ ਬੋਰਡ ਪ੍ਰੀਖਿਆ ਦੇ ਨਤੀਜਿਆਂ ਵਿੱਚ ਬੇਮਿਸਾਲ ਸਫਲਤਾ ਪ੍ਰਾਪਤ ਕੀਤੀ ਹੈ। ਸਕੂਲ ਦੇ ਸਾਰੇ ਵਿਦਿਆਰਥੀਆਂ ਨੇ 100% ਦਰ ਨਾਲ ਪ੍ਰੀਖਿਆ ਪਾਸ ਕੀਤੀ, ਜਿਸ ਵਿੱਚੋਂ ਜ਼ਿਆਦਾਤਰ ਵਿਦਿਆਰਥੀਆਂ ਨੇ ਪਹਿਲਾ ਦਰਜਾ ਪ੍ਰਾਪਤ ਕੀਤਾ।

ਸਕੂਲ ਦੇ ਬਹੁਤ ਸਾਰੇ ਵਿਦਿਆਰਥੀਆਂ ਨੇ 95% ਤੋਂ ਵੱਧ ਅੰਕ ਪ੍ਰਾਪਤ ਕਰਕੇ ਜ਼ਿਲ੍ਹੇ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ ਹੈ। ਵਿਦਿਆਰਥਣ ਰਵਨੀਤ ਕੌਰ ਨੇ 96.4% ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ, ਪਰਮੀਤ ਕੌਰ ਨੇ 95.6% ਅੰਕ ਪ੍ਰਾਪਤ ਕਰਕੇ ਦੂਜਾ ਸਥਾਨ, ਧੀਰਿਆ ਬਾਂਸਲ ਨੇ 95% ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਪ੍ਰਾਪਤ ਕੀਤਾ। ਸਕੂਲ ਦੀਆਂ ਹੋਰ ਵਿਦਿਆਰਥਣਾਂ ਨਵਰੀਤ ਕੌਰ ਨੇ 94.6%, ਮਨਪ੍ਰੀਤ ਕੌਰ ਨੇ 94.4%, ਕਸ਼ਿਸ਼ ਗਰਗ ਨੇ 93.8%, ਗੁਰਸਿਮਰਨ ਪ੍ਰੀਤ ਕੌਰ ਅਤੇ ਮਨਜੋਤ ਕੌਰ ਨੇ 93.4%, ਹਰਮਨਪ੍ਰੀਤ ਕੌਰ ਨੇ 92.6%, ਪ੍ਰਿੰਸ ਸ਼ਰਮਾ ਨੇ 91.6%, ਮਨਵੀਰ ਕੌਰ ਨੇ 90% ਅੰਕ ਪ੍ਰਾਪਤ ਕਰਕੇ ਸਕੂਲ ਦਾ ਨਾਮ ਰੌਸ਼ਨ ਕੀਤਾ।

ਇਸ ਸ਼ਾਨਦਾਰ ਪ੍ਰਾਪਤੀ 'ਤੇ ਸਕੂਲ ਕੈਂਪਸ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ। ਵਿਦਿਆਰਥੀਆਂ, ਮਾਪਿਆਂ ਅਤੇ ਅਧਿਆਪਕਾਂ ਦੇ ਚਿਹਰਿਆਂ 'ਤੇ ਮਾਣ ਅਤੇ ਸੰਤੁਸ਼ਟੀ ਦੀ ਝਲਕ ਸਾਫ਼ ਦਿਖਾਈ ਦੇ ਰਹੀ ਸੀ।

ਸਕੂਲ ਪ੍ਰਿੰਸੀਪਲ ਸ਼੍ਰੀਮਤੀ ਡਾ. ਪਰਵਿੰਦਰ ਕੌਰ ਜੀ ਨੇ ਕਿਹਾ, 'ਇਹ ਨਤੀਜਾ ਸਾਡੇ ਵਿਦਿਆਰਥੀਆਂ ਦੀ ਸਖ਼ਤ ਮਿਹਨਤ, ਅਧਿਆਪਕਾਂ ਦੇ ਸਮਰਪਣ ਅਤੇ ਮਾਪਿਆਂ ਦੇ ਸਹਿਯੋਗ ਦਾ ਨਤੀਜਾ ਹੈ।' ਉਨ੍ਹਾਂ ਬੱਚਿਆਂ ਦੇ ਉੱਜਵਲ ਭਵਿੱਖ ਦੀ ਕਾਮਨਾ ਵੀ ਕੀਤੀ।

ਸਕੂਲ ਡਾਇਰੈਕਟਰ ਸ਼੍ਰੀਮਤੀ ਵਨੀਸ਼ਾ ਬਾਂਸਲ ਨੇ ਸਾਰੇ ਬੱਚਿਆਂ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਸਕੂਲ ਨੇ ਇੱਕ ਵਾਰ ਫਿਰ ਸਾਬਤ ਕਰ ਦਿੱਤਾ ਹੈ ਕਿ ਮਿਆਰੀ ਸਿੱਖਿਆ, ਸਮਰਪਣ ਅਤੇ ਅਨੁਸ਼ਾਸਨ ਰਾਹੀਂ ਕੋਈ ਵੀ ਟੀਚਾ ਪ੍ਰਾਪਤ ਕੀਤਾ ਜਾ ਸਕਦਾ ਹੈ।

# ਮਦਰ ਟੀਚਰ ਸਕੂਲ ਬਰਨਾਲਾ ਨੇ ਸੀਬੀਐਸਈ ਦਸਵੀਂ ਜਮਾਤ ਦੇ ਨਤੀਜੇ 2025 ਵਿੱਚ ਸ਼ਾਨਦਾਰ ਪ੍ਰਦਰਸ਼ਨ ਦਿਖਾਇਆ




ਬਰਨਾਲਾ, 14 ਮਈ (ਬਘੇਲ ਸਿੰਘ ਧਾਲੀਵਾਲ)- ਮਦਰ ਟੀਚਰ ਸਕੂਲ, ਬਰਨਾਲਾ ਨੇ ਇੱਕ ਵਾਰ ਫਿਰ ਸੀਬੀਐਸਈ ਦਸਵੀਂ ਜਮਾਤ ਦੀ ਬੋਰਡ ਪ੍ਰੀਖਿਆ 2025 ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਕੇ ਆਪਣੀ ਅਕਾਦਮਿਕ ਉੱਤਮਤਾ ਸਾਬਤ ਕੀਤੀ ਹੈ। ਸਕੂਲ ਦੇ ਕੁੱਲ 32 ਵਿਦਿਆਰਥੀਆਂ ਨੇ 90% ਤੋਂ ਵੱਧ ਅੰਕ ਪ੍ਰਾਪਤ ਕੀਤੇ, ਜੋ ਕਿ ਇੱਕ ਮਹੱਤਵਪੂਰਨ ਅਕਾਦਮਿਕ ਪ੍ਰਾਪਤੀ ਹੈ। ਗੀਤਾਂਜਲੀ ਗੋਇਲ ਨੇ 98.4% ਅੰਕਾਂ ਨਾਲ ਸਕੂਲ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ, ਜਦੋਂ ਕਿ ਮਾਨਿਤ ਗਰਗ ਨੇ 97.4% ਅਤੇ ਚਾਰਵੀ ਨੇ 97.2% ਅੰਕ ਪ੍ਰਾਪਤ ਕਰਕੇ ਦੂਜਾ ਅਤੇ ਤੀਜਾ ਸਥਾਨ ਪ੍ਰਾਪਤ ਕੀਤਾ। ਸਕੂਲ ਪ੍ਰਸ਼ਾਸਨ ਨੇ ਵਿਦਿਆਰਥੀਆਂ ਦੀ ਸਫਲਤਾ 'ਤੇ ਮਾਣ ਪ੍ਰਗਟ ਕੀਤਾ ਅਤੇ ਇਸਦਾ ਸਿਹਰਾ ਵਿਦਿਆਰਥੀਆਂ ਦੀ ਸਖ਼ਤ ਮਿਹਨਤ, ਮਾਪਿਆਂ ਦੇ ਨਿਰੰਤਰ ਸਮਰਥਨ ਅਤੇ ਅਧਿਆਪਕਾਂ ਦੀ ਵਚਨਬੱਧਤਾ ਨੂੰ ਦਿੱਤਾ। ਇਹ ਨਤੀਜਾ ਸਾਡੇ ਸਕੂਲ ਦੇ ਅਕਾਦਮਿਕ ਉੱਤਮਤਾ ਅਤੇ ਮੁੱਲ-ਅਧਾਰਤ ਸਿੱਖਿਆ 'ਤੇ ਨਿਰੰਤਰ ਧਿਆਨ ਕੇਂਦਰਿਤ ਕਰਨ ਦਾ ਪ੍ਰਮਾਣ ਹੈ, ਮਦਰ ਟੀਚਰ ਸਕੂਲ ਦੇ ਪ੍ਰਿੰਸੀਪਲ ਨੇ ਕਿਹਾ ਕਿ ਇਸ ਸ਼ਾਨਦਾਰ ਪ੍ਰਦਰਸ਼ਨ ਨਾਲ, ਸਕੂਲ ਨੇ ਇੱਕ ਵਾਰ ਫਿਰ ਖੇਤਰ ਦੇ ਪ੍ਰਮੁੱਖ ਵਿਦਿਅਕ ਸੰਸਥਾਵਾਂ ਵਿੱਚ ਆਪਣੀ ਮਜ਼ਬੂਤ ਸਥਿਤੀ ਸਾਬਤ ਕੀਤੀ ਹੈ।

# ਵਾਈ ਐਸ ਵਿੱਦਿਅਕ ਸੰਸਥਾ ਦਾ ਦਸਵੀਂ ਦੇ ਨਤੀਜਿਆਂ ਵਿੱਚ ਰਿਹਾ ਸ਼ਾਨਦਾਰ ਪ੍ਰਦਰਸ਼ਨ ,29 ਵਿਦਿਆਰਥੀਆਂ ਨੇ ਪ੍ਰਾਪਤ ਕੀਤੇ 90% ਤੋਂ ਵੱਧ ਅੰਕ




ਬਰਨਾਲਾ, 14 ਮਈ (ਹਿਮਾਂਸ਼ੂ ਗਰਗ)- ਵਾਈ ਐਸ ਦੇ ਦਸਵੀਂ ਜਮਾਤ ਦੇ ਸ਼ੈਸ਼ਨ (2024-25 ) ਦੇ 29 ਵਿਦਿਆਰਥੀਆਂ ਦੁਆਰਾ 90% ਤੋਂ ਵੀ ਵੱਧ ਅੰਕ ਪ੍ਰਾਪਤ ਕਰਨਾ ਆਪਣੇ ਆਪ ਵਿੱਚ ਬਹੁਤ ਵੱਡੀ ਉਪਲਬਧੀ ਹੈ । ਇਹਨਾਂ ਸ਼ਾਨਦਾਰ ਨਤੀਜਿਆਂ ਨੇ ਪੂਰੇ ਜ਼ਿਲ੍ਹੇ ਨੂੰ ਦੱਸਿਆ ਕਿ ਵਾਈ ਐਸ ਸਕੂਲ ਹਰੇਕ ਵਿਦਿਆਰਥੀ ਦੇ ਸਰਬਪੱਖੀ ਵਿਕਾਸ ਲਈ ਸੰਪੂਰਨਤਾ ਅਤੇ ਕੁਸ਼ਲਤਾ ਨਾਲ ਕੰਮ ਕਰਦਾ ਹੈ।

ਸਕੂਲ ਦੇ ਵਿੱਦਿਅਕ ਖੇਤਰ ਵਿੱਚ ਮੱਲਾਂ ਮਾਰਨ ਵਾਲੇ ਇਹ ਹੋਣਹਾਰ ਵਿਦਿਆਰਥੀ ਵਿਦਿਅਕ ਖੇਤਰ ਤੋਂ ਇਲਾਵਾ ਸਕੂਲ ਦੀਆਂ ਸਾਰੀਆਂ ਗਤੀਵਿਧੀਆਂ ਵਿੱਚ ਆਪਣੀ ਕਾਰਗੁਜ਼ਾਰੀ ਲਈ ਜਾਣੇ ਜਾਂਦੇ ਹਨ। ਇਹ ਵਿਦਿਆਰਥੀ , ਨਾਮਵਰ ਖਿਡਾਰੀ, ਚੰਗੇ ਕਵੀ ਅਤੇ ਵੱਖ-ਵੱਖ ਪ੍ਰਤੀਯੋਗਤਾਵਾਂ ਐਮ ਯੂ ਐਨ ਆਦਿ ਵਿੱਚ ਚੰਗੀਆਂ ਪੁਜ਼ੀਸ਼ਨਾਂ ਹਾਸਲ ਕਰਨ ਵਾਲੇ ਹਨ । ਮੈਨੇਜਮੈਂਟ ਦੇ ਸਹਿਯੋਗ ਅਤੇ ਅਧਿਆਪਕਾਂ ਦੇ ਯਤਨਾਂ ਨੇ ਵਿਦਿਆਰਥੀਆਂ ਦੀਆਂ ਪ੍ਰਾਪਤੀਆਂ ਨਾਲ ਇੱਕ ਵਾਰ ਫਿਰ ਤੋਂ ਸੰਸਥਾ ਦਾ ਨਾਮ ਚਮਕਾਇਆ ਹੈ, ਜਿਸ ਦੇ ਲਈ ਸਮੁੱਚੀ ਸੰਸਥਾ ਵਧਾਈ ਦੀ ਪਾਤਰ ਹੈ।

# ਮੁੱਖ ਮੰਤਰੀ ਮਾਨ ਸੂਬੇ ਦੇ ਸਰਵਪੱਖੀ ਵਿਕਾਸ ਲਈ ਹਮੇਸ਼ਾ ਯਤਨਸ਼ੀਲ : ਚੇਅਰਮੈਨ ਢਿੱਲੋਂ



ਸ਼ੇਰਪੁਰ, 14 ਮਈ (ਰਣਜੀਤ ਸਿੰਘ ਪੇਧਨੀ) : ਜਦੋਂ ਵੀ ਰਾਸ਼ਟਰ 'ਤੇ ਕੋਈ ਭੀੜ ਬਣਦੀ ਹੈ ਤਾਂ ਪੰਜਾਬ ਦੇ ਲੋਕ ਦੇਸ਼ ਸੇਵਾ 'ਚ ਸਦਾ ਮੋਹਰੀ ਹੋ ਕੇ ਆਪਣਾ ਯੋਗਦਾਨ ਪਾਉਂਦੇ ਹਨ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸ. ਦਲਵੀਰ ਸਿੰਘ ਢਿੱਲੋ ਚੇਅਰਮੈਨ ਲਘੂ ਉਦਯੋਗ ਨਿਗਮ ਪੰਜਾਬ ਨੇ ਕੀਤਾ। ਉਨ੍ਹਾਂ ਕਿਹਾ ਕਿ ਦੇਸ਼ ਭਗਤੀ ਅਤੇ ਦੇਸ਼ ਸੇਵਾ ਦਾ ਜਜ਼ਬਾ ਪੰਜਾਬੀਆਂ ਦੇ ਖੂਨ ਵਿੱਚ ਰਚਿਆ ਹੋਇਆ ਹੈ। ਵਰਤਮਾਨ ਕਠਿਨ ਪ੍ਰਸਥਿਤੀਆਂ ਵਿੱਚ ਵੀ ਪੰਜਾਬੀ ਮੁਲਕ ਦੀ ਸੈਨਾ ਨਾਲ ਡੱਟ ਕੇ ਖੜੀ ਹੈ। ਉਨ੍ਹਾਂ ਦੋਵਾਂ ਦੇਸ਼ਾਂ ਦਰਮਿਆਨ ਹੋਈ ਜੰਗਬੰਦੀ ਦਾ ਭਰਵਾਂ ਸਵਾਗਤ ਕਰਦਿਆਂ ਕਿਹਾ ਕਿ ਜੰਗ ਵਿੱਚ ਨਿਰਦੋਸ਼ਾਂ ਦਾ ਘਾਣ ਹੁੰਦਾ ਹੈ ਅਤੇ ਆਰਥਿਕ ਤਬਾਹੀ ਹੁੰਦੀ ਹੈ। ਉਨ੍ਹਾਂ ਕਿਹਾ ਕਿ ਦੇਸ਼ ਦੇ ਵਿਕਾਸ ਲਈ ਅਮਨ ਸ਼ਾਂਤੀ ਦਾ ਮਾਹੌਲ ਬੇਹੱਦ ਜ਼ਰੂਰੀ ਹੈ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਸੂਬੇ ਦੇ ਬਹੁਪੱਖੀ ਵਿਕਾਸ ਲਈ ਹਰ ਵਕਤ ਯਤਨਸ਼ੀਲ ਰਹਿੰਦੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਦੇ ਹਿੱਤ ਪੂਰੀ ਤਰ੍ਹਾਂ ਸੁਰੱਖਿਅਤ ਹਨ, ਜਿਸ ਦਾ ਪ੍ਰਮਾਣ ਅਸੀਂ ਪਿਛਲੇ ਦਿਨੀਂ ਦ੍ਰਿੜਤਾ ਅਤੇ ਇਮਾਨਦਾਰੀ ਨਾਲ ਪੰਜਾਬ ਦੇ ਪਾਣੀਆਂ ਦੀ ਰਾਖੀ ਕਰਨ ਦੇ ਰੂਪ ਵਿੱਚ ਦੇਖ ਸਕਦੇ ਹਾਂ। ਉਨ੍ਹਾਂ ਦਾਅਵਾ ਕੀਤਾ ਕਿ ਸੂਬਾ ਸਰਕਾਰ ਦੁਆਰਾ ਨਸ਼ਿਆਂ ਵਿਰੁੱਧ ਚਲਾਈ ਜਾ ਰਹੀ ਮੁਹਿੰਮ ਦੇ ਬਹੁਤ ਹੀ ਸਾਰਥਿਕ ਸਿੱਟੇ ਨਿਕਲ ਰਹੇ ਹਨ।

# ਸੰਤ ਕਬੀਰ ਕਾਨਵੈਂਟ ਸਕੂਲ ਦੇ ਗੁਰਕੀਰਤ 95.2, ਮਨਪ੍ਰੀਤ ਨੇ 93.2 ਤੇ ਐਸ਼ਵੀਰ ਨੇ 90.6, ਫੀਸਦੀ ਅੰਕਾਂ ਨਾਲ ਕੀਤਾ ਟਾਪ



ਭੁੱਚੋ ਮੰਡੀ ਨਥਾਣਾ 14 ਮਈ (ਹਰਬੰਸ ਸਿੰਘ ਭੋਲਾ) ਸੰਤ ਕਬੀਰ ਕਾਨਵੈਂਟ ਸੀਨੀਅਰ ਸੈਕੰਡਰੀ ਸਕੂਲ ਦੇ ਦੱਸਵੀਂ ਜਮਾਤ ਦੇ ਵਿਦਿਆਰਥੀਆਂ ਨੇ ਸੀ, ਬੀ, ਐੱਸ, ਈ ,ਵੱਲੋਂ ਐਲਾਨੇ ਗਏ ਨਤੀਜਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ ਹੈ। ਇਨ੍ਹਾਂ ਨਤੀਜਿਆਂ ਵਿੱਚ 95.2 ਫੀਸਦੀ, ਮਨਪ੍ਰੀਤ ਕੌਰ ਨੇ 93. 2ਫੀਸਦੀ,ਐਸ਼ਵੀਰ ਕੌਰ ਨੇ 90.4 ਫੀਸਦੀ, ਅਤੇ ਪ੍ਰਭਜੋਤ ਕੌਰ ਨੇ 90.4 ਫੀਸਦੀ ਅਤੇ ਅਦਿਤੀ ਕੌਰ ਨੇ 90 ਫੀਸਦੀ ਅੰਕ ਪ੍ਰਾਪਤ ਕੀਤੇ। ਸਕੂਲ ਦੇ ਡਾਇਰੈਕਟਰ ਪ੍ਰੋਫੈਸਰ ਐੱਮ ਐੱਲ ਅਰੋੜਾ ਅਤੇ ਪ੍ਰਿੰਸੀਪਲ ਮੈਡਮ ਕੰਚਨ ਬਾਲਾ ਨੇ ਦੱਸਿਆ ਕਿ ਸਕੂਲ ਦੇ ਕੁੱਲ 84 ਵਿਦਿਆਰਥੀਆਂ ਨੇ ਪ੍ਰੀਖਿਆ ਦਿੱਤੀ, ਜਿਨ੍ਹਾਂ @ਚੋ 30 ਵਿਦਿਆਰਥੀਆਂ ਨੇ 80 ਫੀਸਦੀ ਤੋਂ ਵੱਧ ਅੰਕ ਪ੍ਰਾਪਤ ਸਕੂਲ ਦੇ ਵਿਦਿਆਰਥੀਆਂ ਵੱਲੋਂ ਵਧੀਆ ਅੰਕ ਪ੍ਰਾਪਤ ਕਰਕੇ ਚੰਗਾ ਪ੍ਰਦਰਸ਼ਨ ਕਰਨ ਤੇ ਸਕੂਲ ਸਟਾਫ਼ ਨੂੰ ਵਧਾਈ ਤੇ ਬੱਚਿਆਂ ਨੂੰ ਹੋਰ ਵੀ ਜ਼ਿਆਦਾ ਮੇਹਨਤ ਕਰਨ ਲਈ ਪ੍ਰੋਫੈਸਲ ਐੱਮ ਐੱਲ ਅਰੋੜਾ ਤੇ ਪ੍ਰਿੰਸੀਪਲ ਮੈਡਮ ਵੱਲੋਂ ਪ੍ਰੇਰਿਤ ਕੀਤਾ।

# ਤਿਲਕ ਰਾਮ ਦੂਜੀ ਵਾਰ ਆਰੀਆ ਸਮਾਜ ਬਰਨਾਲਾ ਦੇ ਬਣੇ ਪ੍ਰਧਾਨ



ਬਰਨਾਲਾ, 14 ਮਈ (ਸੁਖਵਿੰਦਰ ਸਿੰਘ ਭੰਡਾਰੀ)- ਅੱਜ ਸਤਿਸੰਗ ਤੋਂ ਬਾਅਦ ਆਰੀਆ ਸਮਾਜ ਬਰਨਾਲਾ ਦੀ ਸਾਲਾਨਾ ਚੋਣ (ਸਾਲ 2025-26) ਸਮੂਹ ਮੈਂਬਰਾਂ ਦੀ ਮੌਜੂਦਗੀ ਵਿਚ ਹੋਈ। ਮੰਤਰੀ ਕੁਲਦੀਪ ਸਿੰਘ ਜੋਸ਼ੀ ਨੇ ਵੇਦ-ਪ੍ਰਸਾਰ ਦੀਆਂ ਗਤੀਵਿਧੀਆਂ ਵਿੱਚ ਯੋਗਦਾਨ ਲਈ ਸਾਰਿਆਂ ਦਾ ਧੰਨਵਾਦ ਕੀਤਾ। ਖਜ਼ਾਨਚੀ ਭਾਰਤੇਂਦੂ ਗੁਪਤਾ ਨੇ ਸਾਲ 2024-25 ਦੀ ਆਮਦਨੀ ਅਤੇ ਖ਼ਰਚ ਲਈ ਬਜਟ ਪੇਸ਼ ਕੀਤਾ ਜੋ ਸਰਬਸੰਮਤੀ ਨਾਲ ਪਾਸ ਕੀਤਾ ਗਿਆ ਸੀ। ਪ੍ਰਧਾਨ ਤਿਲਕ ਰਾਮ ਨੇ ਸੁਸਾਇਟੀ ਦੀਆਂ ਗਤੀਵਿਧੀਆਂ 'ਚ ਹਰ ਕਿਸਮ ਦੇ ਯੋਗਦਾਨ ਲਈ ਹਰੇਕ ਦਾ ਧੰਨਵਾਦ ਕੀਤਾ । ਚੋਣ ਪ੍ਰਕਿਰਿਆ ਨੂੰ ਅਸਾਨੀ ਨਾਲ ਮੁਕੰਮਲ ਕਰਨ ਲਈ ਪ੍ਰਧਾਨ ਭਾਰਤ ਮੋਦੀ ਨੂੰ ਮੰਚ 'ਤੇ ਬੁਲਾਇਆ ਗਿਆ। ਭਾਰਤ ਭਾਰਤ ਮੋਦੀ ਨੇ ਸਦਨ ਨੂੰ ਪ੍ਰਧਾਨ ਦੇ ਅਹੁਦੇ ਲਈ ਨਾਮ ਪੇਸ਼ ਕਰਨ ਦੀ ਬੇਨਤੀ ਕੀਤੀ। ਰਾਜ ਮਹਿੰਦਰ ਸ਼ਰਮਾ ਨੇ ਤਿਲਕ ਰਾਮ ਦਾ ਨਾਮ ਪੇਸ਼ ਕੀਤਾ, ਜੋ ਕਿ ਸਰਬਸੰਮਤੀ ਨਾਲ ਪ੍ਰਵਾਨ ਕੀਤਾ ਗਿਆ ਅਤੇ ਪ੍ਰਧਾਨ ਤਿਲਕ ਰਾਮ ਨੂੰ ਆਰੀਆ ਸਮਾਜ ਦੀ ਕਾਰਜਕਾਰਨੀ ਬਣਾਉਣ ਦਾ ਅਧਿਕਾਰ ਦਿੱਤਾ ਗਿਆ। ਆਪਣੇ ਅਧਿਕਾਰਾਂ ਦਾ ਇਸਤੇਮਾਲ ਕਰਦਿਆਂ ਪ੍ਰਧਾਨ ਤਿਲਕ ਰਾਮ ਨੇ ਕੁਲਦੀਪ ਸਿੰਘ ਜੋਸ਼ੀ ਨੂੰ ਮੰਤਰੀ ਅਤੇ ਸਿਰੀ ਚੰਦ ਵਰਮਾ ਨੂੰ ਉੱਪ ਮੰਤਰੀ ਬਣਾਉਣ ਦਾ ਐਲਾਨ ਕੀਤਾ।

ਬਾਕੀ ਕਾਰਜਕਾਰਨੀ ਬਾਅਦ ਚ ਬਣਾਉਣ ਦਾ ਐਲਾਨ ਕੀਤਾ। ਇਸ ਮੌਕੇ ਸਜੀਵ ਸ਼ੋਰੀ, ਕੇਵਲ ਜਿੰਦਲ, ਦਵਿੰਦਰ ਚੱਡਾ, ਬਸੰਤ ਗੋਇਲ, ਚਰਨਜੀਤ ਸ਼ਰਮਾ, ਰਾਜੇਸ਼ ਗਾਂਧੀ, ਰਾਮ ਚੰਦਰ ਆਰੀਆ, ਗੌਰਵ ਆਰੀਆ, ਭੈਣ ਤ੍ਰਿਪਤਾ ਬਾਂਸਲ, ਕੁਲਦੀਪ ਜੋਸ਼ੀ , ਭਾਰਤੇਂਦੂ ਗੁਪਤਾ, ਰਾਜੀਵ ਬਰਨਾਲਾ, ਪਰਮਜੀਤ ਭਾਰਦਵਾਜ, ਸ਼੍ਰੀ ਚੰਦ ਵਰਮਾ, ਵਿਜੇ ਆਰੀਆ ਹਾਜ਼ਰ ਸਨ।

# ਜੀ ਐੱਸ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਧੌਲਾ ਦਾ ਬਾਰਵੀਂ ਜਮਾਤ ਦਾ ਨਤੀਜਾ 100 ਪ੍ਰਤੀਸ਼ਤ ਰਿਹਾ




ਬਰਨਾਲਾ, 14 ਮਈ (ਅਮਨਦੀਪ ਸਿੰਘ)- ਜੀ ਐੱਸ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਧੌਲਾ ਦੇ ਬਾਰਵੀਂ ਕਲਾਸ ਦੇ ਵਿੱਦਿਅਕ ਸੈਸ਼ਨ 2024-25 ਦੇ ਵਿਦਿਆਰਥੀਆਂ ਦਾ ਨਤੀਜਾ ਸੌ ਪ੍ਰਤੀਸ਼ਤ ਰਿਹਾ। ਇਸ ਸੰਬੰਧੀ ਜਾਣਕਾਰੀ ਸਾਂਝੀ ਕਰਦਿਆਂ ਸਕੂਲ ਚੇਅਰਮੈਨ ਸ੍ਰੀ ਰਿਸ਼ਵ ਜੈਨ ਜੀ ਅਤੇ ਮੈਨੇਜਿੰਗ ਡਾਇਰੈਕਟਰ ਸੁਰੇਸ਼ ਬਾਂਸਲ ਨੇ ਦੱਸਿਆ ਕਿ ਸਕੂਲ ਲਈ ਬਹੁਤ ਹੀ ਮਾਣ ਵਾਲੀ ਗੱਲ ਹੈ ਕਿ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸਾਡੇ ਵਿਦਿਆਰਥੀਆਂ ਨੇ ਬੋਰਡ ਪ੍ਰੀਖਿਆਵਾਂ ਵਿੱਚ ਬਹੁਤ ਵਧੀਆ ਅੰਕ ਲੈ ਕੇ ਇਲਾਕੇ ਵਿੱਚ ਸਕੂਲ ਦਾ ਨਾਮ ਰੌਸ਼ਨ ਕੀਤਾ ਹੈ। ਉਨ੍ਹਾਂ ਦੱਸਿਆ ਕਿ ਸੁਖਪ੍ਰੀਤ ਕੌਰ ਨੇ 93 ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ ਪ੍ਰਾਪਤ ਕੀਤਾ ਹੈ। ਰਮਨਦੀਪ ਕੌਰ ਨੇ 92% ਅੰਕ ਲੈ ਕੇ ਦੂਸਰਾ ਸਥਾਨ ,ਪ੍ਰਨੀਤ ਕੌਰ ਅਤੇ ਹਰਮਨ ਕੌਰ ਨੇ 89% ਅੰਕ ਲੈ ਕੇ ਤੀਸਰਾ ਸਥਾਨ ਪ੍ਰਾਪਤ ਕੀਤਾ। ਇਸ ਮੌਕੇ ਉਨ੍ਹਾਂ ਨੇ ਸਾਰੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਵਧਾਈ ਦਿੰਦਿਆਂ ਦੱਸਿਆ ਕਿ ਇਸ ਸ਼ਾਨਦਾਰ ਨਤੀਜੇ ਵਿੱਚ ਵਿਦਿਆਰਥੀਆਂ ਦੇ ਨਾਲ ਨਾਲ ਅਧਿਆਪਕਾਂ ਦਾ ਵੀ ਬਹੁਤ ਯੋਗਦਾਨ ਹੈ ਜਿਨ੍ਹਾਂ ਦੀ ਵਧੀਆ ਗਾਈਡੈਂਸ ਸਦਕਾ ਹੀ ਸਕੂਲ ਇਸ ਬੁਲੰਦੀ ਨੂੰ ਛੂਹ ਰਿਹਾ ਹੈ।

# ਜੰਗ ਨੂੰ ਰੋਕਣ ਸਬੰਧੀ ਸਿਮਰਨਜੀਤ ਸਿੰਘ ਮਾਨ ਵੱਲੋਂ ਨਿਭਾਈ ਭੂਮਿਕਾ ਇਤਿਹਾਸ ਵਿੱਚ ਸਰਾਹੁਣਯੋਗ ਰਹੇਗੀ



ਬਰਨਾਲਾ 14 ਮਈ (ਜੱਸਾ ਸਿੰਘ ਮਾਣਕੀ) : ਪਹਿਲਗਾਮ ਹਮਲੇ ਨੂੰ ਲੈ ਕੇ ਭਾਰਤ ਅਤੇ ਪਾਕਿਸਤਾਨ ਦਰਮਿਆਨ ਛਿੜੀ ਜੰਗ ਨੂੰ ਰੋਕਣ ਲਈ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸ. ਸਿਮਰਨਜੀਤ ਸਿੰਘ ਮਾਨ ਸਾਹਿਬ ਦੀ ਅਗਵਾਈ ਹੇਠ ਪੂਰੀ ਪਾਰਟੀ ਨੇ ਪੰਜਾਬ ਅੰਦਰ ਥਾਂ ਥਾਂ ਅਮਨ ਮਾਰਚ ਕੀਤੇ, ਤਾਂ ਕਿ ਮੀਡੀਆ ਰਾਹੀਂ ਪੂਰੀ ਦੁਨੀਆਂ ਦੇ ਲੋਕਾਂ ਨੂੰ ਹੋਣ ਵਾਲੇ ਪੰਜਾਬ ਦੇ ਨੁਕਸਾਨ ਬਾਰੇ ਜਾਗਰੂਕ ਕੀਤਾ ਜਾਵੇ। ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਹਮੇਸ਼ਾ ਹੀ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਫ਼ਲਸਫੇ ਅਨੁਸਾਰੀ ਚੱਲਣ ਦੀ ਕੋਸ਼ਿਸ਼ ਕਰਦਾ ਆ ਰਿਹਾ, ਪਾਰਟੀ ਹਮੇਸ਼ਾ ਸਰਬੱਤ ਦਾ ਭਲਾ ਚਾਹੁੰਦੀ ਹੈ, ਘੱਟ ਗਿਣਤੀ ਕੌਮਾਂ ਦੇ ਹੱਕਾਂ ਹਿੱਤਾ ਦੀ ਰਾਖੀ ਲਈ ਹਿੱਕ ਡਾਹ ਕੇ ਸੰਘਰਸ਼ ਕਰਦੀ ਆ ਰਹੀ ਹੈ, ਇਸਤੋਂ ਪਹਿਲਾਂ ਵੀ ਪਾਰਟੀ ਵੱਲੋਂ ਮੁਸਲਮਾਨਾਂ, ਦਲਿਤਾਂ ਆਦਿਕ ਨਾਲ ਹੋਏ ਧੱਕਿਆਂ ਖਿਲਾਫ ਆਪਣੀ ਆਵਾਜ਼ ਬੁਲੰਦ ਕੀਤੀ ਹੈ। ਦੋਨਾਂ ਦੇਸ਼ਾਂ ਵੱਲੋਂ ਜੇਕਰ ਜੰਗ ਹੁੰਦੀ ਹੈ ਤਾਂ ਸੱਭ ਤੋਂ ਵੱਡਾ ਨੁਕਸਾਨ ਲਹਿੰਦੇ ਅਤੇ ਚੜ੍ਹਦੇ ਪੰਜਾਬ ਦਾ ਹੋਣਾ ਸੀ, ਸਾਡੀ ਧਰਤੀ ਨੇ ਜੰਗ ਦਾ ਅਖਾੜਾ ਬਣਨਾ ਸੀ,ਸਾਡੇ ਗੁਰਧਾਮਾਂ ਦਾ ਵੱਡਾ ਨੁਕਸਾਨ ਹੋਣਾ ਸੀ, ਸਿਮਰਨਜੀਤ ਸਿੰਘ ਮਾਨ ਵੱਲੋਂ ਇਸਤੋਂ ਪਹਿਲਾਂ ਵੀ ਜੰਗ ਖਿਲਾਫ ਦੁਨੀਆਂ ਭਰ ਦੇ ਲੋਕਾਂ ਨੂੰ ਜੰਗ ਦੇ ਨੁਕਸਾਨ ਬਾਰੇ ਅਪੀਲਾਂ ਕੀਤੀਆਂ ਗਈਆਂ ਸਨ, ਮਾਨ ਤਾਂ ਲੰਮੇਂ ਸਮੇਂ ਤੋਂ ਪਾਕਿਸਤਾਨ ਨਾਲ ਇਹ ਸਰਹੱਦੀ ਰਸਤਾ ਖੁਲਵਾਕੇ ਵਪਾਰ ਕਰਨ ਦੇ ਹਾਮੀ ਸਨ ਤਾਂ ਕਿ ਸਾਡੇ ਲੋਕਾਂ ਦੀ ਆਰਥਿਕਤਾ ਹੋਰ ਜ਼ਿਆਦਾ ਵਧੀਆ ਹੋ ਸਕੇ। ਸ, ਮਾਨ ਦੀਆਂ ਜੰਗ ਰੋਕਣ ਸਬੰਧੀ ਬੇਬਾਕੀ ਨਾਲ ਦਿੱਤੀਆਂ ਕੂਟਨੀਤਕ ਦਲੀਲਾਂ ਵਿਰੋਧੀਆਂ ਨੂੰ ਵੀ ਨਿਰਉੱਤਰ ਕਰਦੀਆਂ ਰਹੀਆਂ ਹਨ, ਕਿਉਂਕਿ ਕੱਟੜਵਾਦੀ ਭਾਜਪਾਈਆਂ ਦੇ ਵਿਰੋਧ ਤੋਂ ਇਲਾਵਾ ਹੋਰ ਕਿਸੇ ਵੀ ਰਾਜਨੀਤਿਕ ਧਿਰ ਨੇ ਸ. ਮਾਨ ਦੇ ਵਿਚਾਰਾਂ ਦਾ ਵਿਰੋਧ ਨਹੀਂ ਕੀਤਾ ਸ. ਮਾਨ ਨੇ ਜੰਗ ਦੇ ਦਰਮਿਆਨ ਸਾਰੇ ਪੰਜਾਬ ਵਿੱਚ ਅਮਨ ਮਾਰਚ ਕਰਕੇ ਫਿਰ ਤੋਂ ਇਹ ਦਰਸਾ ਦਿੱਤਾ ਕਿ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ)ਕਿਸੇ ਵੀ ਤਰ੍ਹਾਂ ਦੀ ਹਿੰਸਾ ਦਾ ਹਮਾਇਤੀ ਨਹੀਂ ਬਲਕਿ ਖਿੱਤੇ ਵਿੱਚ ਸਦੀਵੀ ਅਮਨ ਸ਼ਾਂਤੀ ਦਾ ਹਾਮੀਂ ਹੈ, ਉਪਰੋਕਤ ਵਰਤਾਰੇ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਮੌਜੂਦਾ ਸਮੇਂ ਵਿੱਚ ਸਮੁੱਚੇ ਪੰਥ ਅਤੇ ਪੰਜਾਬ ਦੀ ਅਗਵਾਈ ਕਰਨ ਦਾ ਅਸਲ ਹੱਕਦਾਰ ਹੈ।

# ਸੀ.ਬੀ.ਐਸ.ਸੀ ਦੇ ਦਸਵੀਂ ਦੇ ਨਤੀਜਿਆਂ ਵਿੱਚ ਨਿਸ਼ਾਨ ਅਕੈਡਮੀ ਦੀ ਝੋਲੀ 100% ਸਫਲਤ ਪਾਈ

ਮਲੋਟ, 14 ਮਈ( ਅਮਨਦੀਪ ਸਿੰਘ ਮਹਿਰਾ) : ਵਿਦਿਅਕ ਖੇਤਰ ਵਿੱਚ ਪਿਛਲੇ ਕਈ ਸਾਲਾਂ ਤੋਂ ਲਗਾਤਾਰ 100% ਨਤੀਜੇ ਪ੍ਰਾਪਤ ਕਰ ਰਹੀ ਇਲਾਕੇ ਦੀ ਨਾਮਵਰ ਸੰਸਥਾ ਨਿਸ਼ਾਨ ਅਕੈਡਮੀ ਔਲਖ ਨੇ ਇਸ ਵਾਰ ਵੀ ਸੈਸ਼ਨ 2024-25 ਦੇ ਸੀ.ਬੀ.ਐਸ.ਈ. ਦੇ ਦਸਵੀਂ ਦੇ ਨਤੀਜਿਆਂ ਵਿੱਚੋਂ 100% ਸਫਲਤਾ ਹਾਸਿਲ ਕੀਤੀ।ਲੜਕਿਆਂ ਵਿੱਚੋਂ ਨਵਜੋਤ ਸਿੰਘ ਨੇ 93% ਅੰਕ ਲੈ ਕੇ ਪਹਿਲਾ ਸਥਾਨ ਅਨਮੋਲਦੀਪ ਸਿੰਘ ਅਤੇ ਰਵਨੀਤ ਕੌਰ ਨੇ 92% ਅੰਕ ਲੈ ਕੇ ਦੂਜਾ ਸਥਾਨ ਅਤੇ ਸ਼ੁਭਕਰਮਨ ਕੌਰ ਨੇ 91% ਅੰਕ ਲੈ ਕੇ ਤੀਜਾ ਸਥਾਨ ਹਾਸਿਲ ਕੀਤਾ।ਅਕੈਡਮੀ ਦੇ ਛੇ ਵਿਦਿਆਰਥੀਆਂ ਨੇ 90 ਫੀਸਦੀ ਤੋਂ ਵੱਧ ਅੰਕ ਪ੍ਰਾਪਤ ਕੀਤੇ ਅਤੇ ਲਗਭਗ 14 ਵਿਦਿਆਰਥੀਆਂ ਨੇ 85 ਫੀਸਦੀ ਤੋਂ ਵੱਧ ਅੰਕ ਪ੍ਰਾਪਤ ਕੀਤੇ।ਇਹਨਾਂ ਨਤੀਜਿਆਂ ਦੇ ਅਕੈਡਮੀ ਦੇ ਚੇਅਰਮੈਨ ਸਰਦਾਰ ਕਸ਼ਮੀਰ ਸਿੰਘ ਡਾਇਰੈਕਟਰ ਨੇ ਵਿਦਿਆਰਥੀਆਂ ਤੇ ਮਾਪਿਆਂ ਨੂੰ ਵਧਾਈ ਦਿੱਤੀ

# ਅਕਾਲ ਅਕੈਡਮੀ ਭਦੌੜ ਦਾ ਨਤੀਜਾ ਸ਼ਾਨਦਾਰ ਰਿਹਾ



ਭਦੌੜ, 14 ਮਈ (ਅੰਮ੍ਰਿਤਪਾਲ ਸਿੰਘ): ਵਿਦਿਆਰਥੀਆਂ ਨੇ ਚੰਗਾ ਪ੍ਰਦਰਸ਼ਨ ਕਰਕੇ ਅਕੈਡਮੀ ਅਤੇ ਮਾਪਿਆਂ ਦਾ ਸਿਰ ਮਾਣ ਨਾਲ ਉੱਚਾ ਕੀਤਾ । ਖੁਸ਼ਦੀਪ ਕੌਰ ਨੇ ਕਾਮਰਸ ਵਿਸ਼ੇ ਵਿੱਚੋਂ 96%ਅੰਕ ਪ੍ਰਾਪਤ ਕਰਕੇ ਜ਼ਿਲ੍ਹੇ ਵਿੱਚੋਂ ਤੀਜਾ ਸਥਾਨ ਹਾਸਲ ਕੀਤਾ । ਪ੍ਰਭਜੋਤ ਕੌਰ ਨੇ ਆਰਟਸ ਵਿੱਚੋਂ 96% ਅੰਕ ਪ੍ਰਾਪਤ ਕਰਕੇ ਜ਼ਿਲ੍ਹਾ ਪੱਧਰ 'ਤੇ ਚੌਥਾ ਸਥਾਨ ਪ੍ਰਾਪਤ ਕੀਤਾ । ਅਕਾਲ ਅਕੈਡਮੀ ਭਦੌੜ ਵਿੱਚੋਂ ਪ੍ਰਭਜੋਤ ਕੌਰ ਨੇ ਆਰਟਸ ਗਰੁੱਪ ਵਿੱਚੋਂ 96% ਅੰਕ ਪ੍ਰਾਪਤ ਕਰਕੇ ਪਹਿਲਾ, ਪ੍ਰਭਜੋਤ ਸਿੰਘ ਨੇ 89.6% ਲੈ ਕੇ ਦੂਜਾ ਸਥਾਨ, ਮਹਿਤਾਬ ਸਿੰਘ ਨੇ 86.6% ਲੈ ਕੇ ਤੀਜਾ ਸਥਾਨ ਪ੍ਰਾਪਤ ਕੀਤਾ। ਕਾਮਰਸ ਗਰੁੱਪ ਵਿੱਚੋਂ ਖੁਸ਼ਦੀਪ ਕੌਰ ਨੇ 96%ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ, ਅਨਮੋਲਦੀਪ ਸਿੰਘ ਨੇ 93% ਅੰਕ ਪ੍ਰਾਪਤ ਕਰਕੇ ਦੂਜਾ ਸਥਾਨ ਅਤੇ ਅਰਸ਼ਪ੍ਰੀਤ ਸਿੰਘ ਨੇ 87.2% ਅੰਕ ਲੈ ਕੇ ਤੀਜਾ ਸਥਾਨ ਪ੍ਰਾਪਤ ਕੀਤਾ। ਅਕਾਲ ਅਕੈਡਮੀ ਭਦੌੜ ਦੇ ਸਾਇੰਸ ਗਰੁੱਪ ਵਿੱਚੋਂ ਮੰਨਤਵੀਰ ਕੌਰ ਨੇ 90.2% ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ, ਸੁਖਮਨਪ੍ਰੀਤ ਕੌਰ ਨੇ 88.8% ਅੰਕ ਲੈ ਕੇ ਦੂਜਾ ਸਥਾਨ ਅਤੇ ਗੁਰਮਨਦੀਪ ਕੌਰ ਨੇ 88.6% ਨੰਬਰ ਲੈ ਕੇ ਤੀਜਾ ਸਥਾਨ ਪ੍ਰਾਪਤ ਕੀਤਾ । ਇਸੇ ਤਰ੍ਹਾਂ ਦਸਵੀ ਜਮਾਤ ਵਿੱਚੋਂ 15 ਵਿਦਿਆਰਥੀਆਂ ਨੇ 90% ਤੋਂ ਵੱਧ ਅੰਕ ਪ੍ਰਾਪਤ ਕਰਕੇ ਇਲਾਕੇ ਵਿੱਚ ਆਪਣਾ ਅਤੇ ਅਕੈਡਮੀ ਦਾ ਨਾਂ ਰੌਸ਼ਨ ਕੀਤਾ। ਅਰਸ਼ਦੀਪ ਕੌਰ ਨੇ 98.2% ਅੰਕ ਪ੍ਰਾਪਤ ਕਰਕੇ ਬਰਨਾਲਾ ਜ਼ਿਲ੍ਹੇ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ, ਸਿਮਰਨਪ੍ਰੀਤ ਕੌਰ ਨੇ 97% ਅੰਕ ਲੈ ਕੇ ਸਕੂਲ ਵਿੱਚੋਂ ਦੂਜਾ ਸਥਾਨ ਅਤੇ ਮਨਅਸੀਸ ਕੌਰ ਭੁੱਲਰ ਨੇ 95% ਨੰਬਰ ਲੈ ਕੇ ਤੀਜਾ ਸਥਾਨ ਪ੍ਰਾਪਤ ਕੀਤਾ।ਇੱਥੇ ਜ਼ਿਕਰਯੋਗ ਹੈ ਕਿ ਪਿਛਲੇ ਸਾਲਾਂ ਤੋਂ ਹੀ ਅਕੈਡਮੀ ਦੇ ਵਿਦਿਆਰਥੀ ਜ਼ਿਲ੍ਹਾ-ਪੱਧਰੀ ਸਥਾਨ ਪ੍ਰਾਪਤ ਕਰ ਰਹੇ ਹਨ। ਪ੍ਰਿੰਸੀਪਲ ਪ੍ਰੀਤੀ ਗਰੋਵਰ ਨੇ ਮੋਹਰੀ ਵਿਦਿਆਰਥੀਆਂ ਦਾ ਮੂੰਹ ਮਿੱਠਾ ਕਰਵਾਇਆ ਅਤੇ ਮੁਬਾਰਕਬਾਦ ਦਿੱਤੀ। ਇਸ ਮੌਕੇ ਪ੍ਰਿੰਸੀਪਲ ਪ੍ਰੀਤੀ ਗਰੋਵਰ ਨੇ ਕਿਹਾ ਕਿ ਇਸ ਸ਼ਾਨਦਾਰ ਨਤੀਜੇ 'ਤੇ ਸਮੂਹ ਇਲਾਕਾ ਨਿਵਾਸੀ, ਸਮੂਹ ਸਟਾਫ ਅਤੇ ਵਿਦਿਆਰਥੀ ਅਤੇ ਮਾਪੇ ਵਧਾਈ ਦੇ ਪਾਤਰ ਹਨ।

### ਡੀ.ਐਮ. ਗਰੁੱਪ ਦੇ ਹੋਣਹਾਰ ਵਿਦਿਆਰਥੀ ਨੇ ਸਿਰਜਿਆ ਇਤਿਹਾਸ

## ਬਾਰ੍ਹਵੀਂ ਕਲਾਸ (ਸਾਇੰਸ ਗਰੁੱਪ) ਵਿੱਚੋਂ ਜ਼ਿਲ੍ਹਾ ਬਠਿੰਡਾ 'ਚੋਂ ਰਿਹਾ ਅੱਵਲ

### ਸ਼ਾਨਦਾਰ ਪ੍ਰਦਰਸ਼ਨ ਮਾਪਿਆਂ ਤੇ ਅਧਿਆਪਕਾਂ ਦੀ ਸਖ਼ਤ ਮਿਹਨਤਾ ਦਾ ਸਿੱਟਾ : ਇੰਜੀ. ਢਿੱਲੋਂ



ਬਠਿੰਡਾ, 14 ਮਈ (ਜਗਸੀਰ ਭੁੱਲਰ) : ਸੀ.ਬੀ.ਐਸ.ਈ. ਬੋਰਡ ਨਵੀਂ ਦਿੱਲੀ ਵੱਲੋਂ ਐਲਾਨੇ ਗਏ ਦਸਵੀਂ ਅਤੇ ਬਾਰ੍ਹਵੀਂ ਕਲਾਸ ਦੇ ਨਤੀਜਿਆਂ ਵਿੱਚ ਡੀ.ਐਮ. ਗਰੁੱਪ ਕਰਾੜ ਵਾਲਾ ਦੇ ਵਿਦਿਆਰਥੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ। ਪ੍ਰਾਪਤ ਜਾਣਕਾਰੀ ਅਨੁਸਾਰ ਬਾਰ੍ਹਵੀਂ ਕਲਾਸ ਦੇ ਨਤੀਜਿਆਂ ਮੁਤਾਬਿਕ ਵਿਦਿਆਰਥੀ ਕੇਸ਼ਵ ਮਿੱਤਲ ਪੁੱਤਰ ਪਰਬੋਧ ਕੁਮਾਰ ਮਿੱਤਲ ਸਾਇੰਸ ਗਰੁੱਪ ਵਿੱਚੋਂ 98% ਅੰਕ ਹਾਸਿਲ ਕਰ ਕੇ ਬਠਿੰਡੇ ਜ਼ਿਲ੍ਹੇ ਦਾ ਟਾਪਰ ਰਿਹਾ, ਜਸਪਾਲ ਸਿੰਘ ਪੁੱਤਰ ਬਲਵਿੰਦਰ ਸਿੰਘ ਅਤੇ ਗੁਰਕੀਰਤ ਸਿੰਘ ਪੁੱਤਰ ਜਸਪ੍ਰੀਤ ਸਿੰਘ ਨੇ ਸਾਇੰਸ ਗਰੁੱਪ ਵਿਚੋਂ 95% ਅੰਕ, ਪਰਮਵੀਰ ਸਿੰਘ ਨੇ 92% ਅੰਕ ਪ੍ਰਾਪਤ ਕੀਤੇ। ਇਸ ਤੋਂ ਇਲਾਵਾ ਫਾਈਨ ਆਰਟਸ ਦੇ ਵਿਦਿਆਰਥੀਆਂ ਸਬਜੋਤ ਸਿੰਘ, ਮਨਜੋਤ ਕੌਰ, ਰਮਨਦੀਪ ਕੌਰ, ਅਤੇ ਸਮਰੀਤ ਕੌਰ ਨੇ 100% ਅਤੇ ਸੰਗੀਤ ਵਿਸ਼ੇ ਵਿਚੋਂ ਪ੍ਰਭਵੀਰ ਸਿੰਘ ਢਿੱਲੋਂ ਨੇ 96% ਅੰਕ ਹਾਸਿਲ ਕੀਤੇ ਅਤੇ ਇਸ ਦੇ ਨਾਲ ਹੀ ਦਸਵੀਂ ਕਲਾਸ ਦੇ ਵਿਦਿਆਰਥੀਆਂ ਵਿੱਚੋਂ ਤਨਵੀਰ ਕੌਰ ਨੇ 95%, ਦੀਪਇੰਦਰ ਕੌਰ ਨੇ 92% ਅਤੇ ਗੁਰਮਨਪ੍ਰੀਤ ਕੌਰ ਨੇ 91% ਅੰਕ ਹਾਸਿਲ ਕੀਤੇ, ਅਖੀਰ ਵਿੱਚ ਸੰਸਥਾ ਦੇ ਚੇਅਰਮੈਨ ਇੰਜੀ. ਅਵਤਾਰ ਸਿੰਘ ਢਿੱਲੋਂ ਨੇ ਸ਼ਾਨਦਾਰ ਨਤੀਜਿਆਂ ਪ੍ਰਤੀ ਖੁਸ਼ੀ ਜਾਹਿਰ ਕਰਦੇ ਹੋਏ ਜਿੱਥੇ ਸੰਸਥਾ ਨੂੰ ਹੁਸ਼ਿਆਰ ਵਿਦਿਆਰਥੀਆਂ ਦੀ ਪਹਿਲੀ ਪਸੰਦ ਦੱਸਿਆ ਉੱਥੇ ਸਕੂਲ ਦੇ ਪ੍ਰਿੰਸੀਪਲ, ਸੰਬੰਧਤ ਸਟਾਫ ਅਤੇ ਵਿਦਿਆਰਥੀਆਂ ਦੇ ਮਾਤਾ ਪਿਤਾ ਨੂੰ ਵੀ ਵਧਾਈ ਦਿੱਤੀ। ਉਨ੍ਹਾਂ ਆਖੇ ਨਤੀਜਿਆਂ 'ਤੇ ਤਸੱਲੀ ਜ਼ਾਹਰ ਕਰਦਿਆਂ ਕਿਹਾ ਕਿ ਵਿਦਿਆਰਥੀਆਂ ਦਾ ਸ਼ਾਨਾਮੱਤਾ ਪ੍ਰਦਰਸ਼ਨ ਮਾਪਿਆਂ ਅਤੇ ਅਧਿਆਪਕਾਂ ਦੀ ਸਖ਼ਤ ਮਿਹਨਤ ਦਾ ਸਿੱਟਾ ਹੈ ਅਤੇ ਅਸੀਂ ਭਵਿੱਖ ਵਿਚ ਇਸ ਲੈਅ ਨੂੰ ਬਰਕਰਾਰ ਰੱਖਣ ਲਈ ਵਚਨਬੱਧ ਹਾਂ ਤਾਂ ਜੋ ਇਲਾਕੇ ਦੇ ਮਾਪਿਆਂ ਦਾ ਡੀ.ਐਮ. ਗਰੁੱਪ ਵਿਚ ਬਣਿਆ ਭਰੋਸਾ ਜਿਓਂ ਦਾ ਤਿਓਂ ਕਾਇਮ ਰਹੇ। ਇਸ ਮੌਕੇ ਡੀ.ਐਮ. ਗਰੁੱਪ ਦੇ ਡਾਇਰੈਕਟਰ ਇੰਜੀਨੀਅਰ ਅਮਰੀਕ ਸਿੰਘ ਢਿੱਲੋਂ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

## ਡੀ.ਏ.ਵੀ ਸਕੂਲ 'ਚ 'ਮਾਤਾ-ਦਿਵਸ' ਧੂਮ-ਧਾਮ ਨਾਲ ਮਨਾਇਆ



ਮੂਨਕ,14 ਮਈ(ਸਮਸ਼ੇਰ ਸਿੰਘ ਭੁਟਾਲ)ਬਾਬੂ ਬ੍ਰਿਸ਼ ਭਾਨ ਡੀ.ਏ.ਵੀ.ਪਬਲਿਕ ਸਕੂਲ, ਮੂਨਕ ਵਿੱਚ ਪ੍ਰਿੰਸੀਪਲ ਸ੍ਰੀ ਸੰਜੀਵ ਕੁਮਾਰ ਸ਼ਰਮਾ ਜੀ ਦੀ ਯੋਗ ਅਗਵਾਈ ਹੇਠ 'ਮਾਤਾ- ਦਿਵਸ 'ਬੜੀ ਧੂਮ- ਧਾਮ ਨਾਲ ਮਨਾਇਆ ਗਿਆ। ਇਹ ਪ੍ਰੋਗਰਾਮ ਸਕੂਲ ਦੇ ਆਂਸ਼ਾ ਭਾਨ ਔਡੀਟੋਰੀਅਮ ਵਿੱਚ ਕੀਤਾ ਗਿਆ। ਇਸ ਵਿੱਚ ਪ੍ਰੀ - ਨਰਸਰੀ ਜਮਾਤ ਤੋਂ ਲੈ ਕੇ ਦੂਜੀ ਜਮਾਤ ਦੇ ਵਿਦਿਆਰਥੀਆਂ ਨੇ ਵੱਧ-ਚੜ੍ਹ ਕੇ ਹਿੱਸਾ ਲਿਆ। ਪ੍ਰੋਗਰਾਮ ਦੀ ਸ਼ੁਰੂਆਤ ਪ੍ਰਿੰਸੀਪਲ ਸਾਹਿਬ ਅਤੇ ਕੋਆਰਡੀਨੇਟਰਜ਼ ਦੁਆਰਾ ਜੋਤੀ ਪ੍ਰਜਵਲਿਤ ਕਰਕੇ ਕੀਤਾ ਗਿਆ। ਸਕੂਲ ਦੇ ਵਿਦਿਆਰਥੀਆਂ (ਮਹਾਤਮਾ ਹੰਸਰਾਜ ਹਾਊਸ) ਦੁਆਰਾ ਮਾਂ– ਦਿਵਸ ਦੇ ਉੱਪਰ 'ਜਨਮ ਦੇਣ ਵਾਲੀ ਮਾਂ' ਨਾਟਕ ਪੇਸ਼ ਕੀਤਾ ਗਿਆ। ਜਿਸ ਵਿੱਚ ਗਊ-ਮਾਤਾ, ਧਰਤੀ - ਮਾਤਾ ਰੁੱਖ ਲਗਾਉਣ ਅਤੇ ਆਪਣੀ ਮਾਂ ਦਾ ਸਤਿਕਾਰ ਕਰਨ ਦੇ ਪ੍ਰੇਰਨਾ ਦਿੱਤੀ ਗਈ। ਪ੍ਰੋਗਰਾਮ 'ਮਾਂ ਦੀ ਦੁਨੀਆ' 'ਸਿਰਲੇਖ ਹੇਠ ਕੀਤਾ ਗਿਆ ਸੀ ਜਿਸ ਵਿੱਚ ਬੱਚੇ ਦੇ ਜਨਮ ਤੋਂ ਲੈ ਕੇ ਬੁਢਾਪੇ ਤੱਕ ਦੀਆਂ ਸਾਰੀਆਂ ਅਵਸਥਾਵਾਂ ਜਨਮ ,ਬਚਪਨ, ਜਵਾਨੀ ਅਤੇ ਬੁਢਾਪੇ ਆਦਿ ਨੂੰ ਨਾਟਕ, ਗੀਤ ,ਡਾਂਸ ਦੇ ਰਾਹੀਂ ਦਰਸਾਇਆ ਗਿਆ ਸੀ। ਇਸ ਪ੍ਰੋਗਰਾਮ ਵਿੱਚ ਵਿਦਿਆਰਥੀਆਂ ਦੇ ਮਾਪੇ ਅਤੇ ਹੋਰ ਪਤਵੰਤੇ ਸੱਜਣ ਵੀ ਮੌਜੂਦ ਸਨ। ਇਸ ਪ੍ਰੋਗਰਾਮ ਦਾ ਮੁੱਖ ਉਦੇਸ਼ ਵਿਦਿਆਰਥੀਆਂ ਦਾ ਸਰਵਪੱਖੀ ਵਿਕਾਸ ਕਰਨਾ ਅਤੇ ਉਹਨਾਂ ਦੇ ਵਿੱਚ ਆਪਣੇ ਵੱਡਿਆਂ ਦਾ ਸਤਿਕਾਰ ਕਰਨ ਅਤੇ ਛੋਟਿਆਂ ਦਾ ਪਿਆਰ ਕਰਨ ਦੀ ਭਾਵਨਾ ਅਤੇ ਨੈਤਿਕ ਗੁਣਾਂ ਨੂੰ ਵਿਕਸਿਤ ਕਰਨਾ ਸੀ।ਅੰਤ ਵਿੱਚ ਪ੍ਰਿੰਸੀਪਲ ਸਾਹਿਬ ਜੀ ਦੁਆਰਾ ਆਏ ਹੋਏ ਪਤਵੰਤੇ ਸੱਜਣਾਂ, ਮਾਪਿਆਂ ਦਾ ਧੰਨਵਾਦ ਕੀਤਾ ਗਿਆ। ਪ੍ਰਿੰਸੀਪਲ ਸਾਹਿਬ ਨੇ ਕਿਹਾ ਹਮੇਸ਼ਾ ਸਾਨੂੰ ਜਿਸ ਮਾਂ ਨੇ ਜਨਮ ਦਿੱਤਾ ਹੈ ਉਸ ਦਾ ਸਤਿਕਾਰ ਕਰਨਾ ਚਾਹੀਦਾ ਹੈ ਇਹ ਮਾਤਾ- ਦਿਵਸ ਨੂੰ ਹੀ ਨਹੀਂ ਬਲਕਿ ਹਰ ਦਿਨ ਹੀ ਮਾਂ ਦਾ ਸਤਿਕਾਰ ਕੀਤਾ ਜਾਣਾ ਚਾਹੀਦਾ ਹੈ ਇਸ ਲਈ ਕਿਹਾ ਜਾਂਦਾ ਹੈ ਕਿ 'ਹੁਣ ਕਿਹੜਾ ਦਿਨ ਜੋ ਮਾਂ ਦਿਨ' ਭਾਵ ਹਰ ਦਿਨ ਹੀ ਮਾਂ ਦਾ ਮਾਣ ਸਤਿਕਾਰ ਕਰਨਾ ਚਾਹੀਦਾ ਹੈ।

## ਡੀ.ਏ.ਵੀ. ਸਕੂਲ ਦੇ ਵਿਦਿਆਰਥੀਆਂ ਨੇ ਦਸਵੀਂ ਕਲਾਸ ਦੇ ਨਤੀਜੇ ਵਿੱਚੋਂ ਮਾਰੀ ਬਾਜ਼ੀ



ਲਹਿਰਾਗਾਗਾ 14 ਮਈ (ਗੁਰਦੀਪ ਸਿੰਘ)ਸੀ.ਬੀ.ਐੱਸ.ਈ. ਨਵੀਂ ਦਿੱਲੀ ਵੱਲੋਂ ਐਲਾਨੇ ਦਸਵੀਂ ਕਲਾਸ ਦੇ ਨਤੀਜੇ ਵਿੱਚੋਂ ਪੋਸਟ ਗ੍ਰੈਜੂਏਟ ਐਜੂਕੇਸ਼ਨਲ ਸੁਸਾਇਟੀ ਲਹਿਰਾਗਾਗਾ (ਰਜਿ.) ਦੇ ਸੁਚੱਜੇ ਪ੍ਰਬੰਧਾਂ ਹੇਠ ਚਲਾਏ ਜਾ ਰਹੇ ਡਾ. ਦੇਵ ਰਾਜ ਡੀ.ਏ.ਵੀ. ਸੀਨੀ. ਸੈਕੰ. ਪਬਲਿਕ ਸਕੂਲ, ਖਾਈ/ ਲਹਿਰਾਗਾਗਾ ਦੇ ਵਿਦਿਆਰਥੀਆਂ ਨੇ ਅਗਲੇਰੀਆਂ ਪੁਜ਼ੀਸ਼ਨਾਂ ਪ੍ਰਾਪਤ ਕਰਕੇ ਬਾਜ਼ੀ ਮਾਰ ਲਈ ਹੈ,ਅਤੇ ਆਪਣੇ ਸਕੂਲ ਦਾ ਨਾਂਅ ਰੌਸ਼ਨ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਸਕੂਲ ਦੇ ਪ੍ਰਧਾਨ ਸ੍ਰੀ ਐੱਲ.ਕੇ. ਖੋਖਰ, ਮੈਨੇਜਿੰਗ ਡਾਇਰੈਕਟਰ ਪ੍ਰਵੀਨ ਖੋਖਰ, ਕਾਨੂੰਨੀ ਸਲਾਹਕਾਰ ਅਨਿਰੁੱਧ ਕੌਸ਼ਲ, ਮੈਡਮ ਬਿਮਲਾ ਦੇਵੀ ਅਤੇ ਪ੍ਰਿੰਸੀਪਲ ਨਵਦੀਪ ਭਾਰਦਵਾਜ ਨੇ ਦੱਸਿਆ ਕਿ ਸਕੂਲ ਦੇ ਵਿਦਿਆਰਥੀ ਜਸ਼ਨਦੀਪ ਸਿੰਘ ਸਪੁੱਤਰ ਸ੍ਰੀ ਗੁਰਪ੍ਰੀਤ ਸਿੰਘ ਨੇ 95.4 %, ਜਸ਼ਨ ਗਰਗ ਸਪੁੱਤਰ ਸ੍ਰੀ ਰਮੇਸ਼ ਕੁਮਾਰ ਨੇ 88%, ਮੋਕਸ਼ ਸਿੰਗਲਾ ਸਪੁੱਤਰ ਸ੍ਰੀ ਧੀਰਜ ਸਿੰਗਲਾ ਨੇ 85.8 %, ਜੋਤੀ ਮੀਨਾ ਸਪੁੱਤਰੀ ਸ੍ਰੀ ਮੋਹਨ ਲਾਲ ਮੀਨਾ ਨੇ 85.6 %, ਰੁਪਿੰਦਰ ਕੌਰ ਸਪੁੱਤਰੀ ਸ੍ਰੀ ਮਨਜੀਤ ਸਿੰਘ ਨੇ 85.4 %, ਹਿਮਾਂਸ਼ੂ ਗਰਗ ਸਪੁੱਤਰ ਸ੍ਰੀ ਇਸ਼ਵਰ ਕੁਮਾਰ ਨੇ 84.6 %, ਜੈਨਸੀ ਸਪੁੱਤਰੀ ਸ੍ਰੀ ਲਖਵਿੰਦਰ ਸ਼ਰਮਾਂ ਨੇ 84 %, ਨੈਤਿਕ ਗਰਗ ਸਪੁੱਤਰ ਸ੍ਰੀ ਜਗਦੀਸ਼ ਕੁਮਾਰ ਨੇ 83.8 %, ਮੰਨਤ ਗੋਇਲ ਸਪੁੱਤਰੀ ਸ੍ਰੀ ਸੰਜੀਵ ਕੁਮਾਰ ਨੇ 83.4 % ਅਤੇ ਲਵਪ੍ਰੀਤ ਕੌਰ ਸਪੁੱਤਰੀ ਸ੍ਰੀ ਸਿੰਦਰ ਸਿੰਘ ਨੇ 83.2 % ਅੰਕ ਪ੍ਰਾਪਤ ਕਰਕੇ ਪ੍ਰੀਖਿਆ ਪਾਸ ਕੀਤੀ ਹੈ। ਸਕੂਲ ਪ੍ਰਬੰਧਕ ਕਮੇਟੀ ਨੇ ਸਕੂਲ ਦੇ ਇਸ ਸ਼ਾਨਦਾਰ ਨਤੀਜੇ ਦੀ ਵਿਦਿਆਰਥੀਆਂ, ਉਹਨਾਂ ਦੇ ਮਾਪਿਆਂ ਅਤੇ ਸਕੂਲ ਸਟਾਫ ਨੂੰ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਇਹ ਸਾਰਾ ਕੁਝ ਸਕੂਲ ਸਟਾਫ ਵੱਲੋਂ ਪੂਰੀ ਸ਼ਿੱਦਤ ਨਾਲ ਕਰਵਾਈ ਮਿਹਨਤ ਦਾ ਜਿਉਂਦਾ-ਜਾਗਦਾ ਸਬੂਤ ਹੈ।

## ਅਸ਼ੋਕ ਬਾਲਿਆਂਵਾਲੀ ਦੂਜੀ ਵਾਰ ਚੁਣੇ ਗਏ ਕੈਮਿਸਟ ਐਸੋ. ਦੇ ਪ੍ਰਧਾਨ



ਬਠਿੰਡਾ 14 ਮਈ (ਜਗਸੀਰ ਭੁੱਲਰ) :18 ਮਈ ਨੂੰ ਹੋਣ ਵਾਲੀ ਬਠਿੰਡਾ ਡਿਸਟ੍ਰਿਕਟ ਕੈਮਿਸਟ ਐਸੋਸੀਏਸ਼ਨ (ਟੀ.ਬੀ.ਡੀ.ਸੀ.ਏ.) ਦੇ ਜ਼ਿਲ੍ਹਾ ਪ੍ਰਧਾਨ ਅਤੇ ਜ਼ਿਲ੍ਹਾ ਜਨਰਲ ਸਕੱਤਰ ਦੀ ਚੋਣ ਤੋਂ ਪਹਿਲਾਂ ਹੀ, ਦੋਵੇਂ ਅਹੁਦੇਦਾਰ ਬਿਨਾਂ ਮੁਕਾਬਲੇ ਚੁਣੇ ਗਏ। ਜਾਣਕਾਰੀ ਦਿੰਦੇ ਹੋਏ ਮੁੱਖ ਰਿਟਰਨਿੰਗ ਅਫ਼ਸਰ ਰਮੇਸ਼ ਗਰਗ, ਸਹਾਇਕ ਰਿਟਰਨਿੰਗ ਅਫ਼ਸਰ ਨਰੇਸ਼ ਕੁਮਾਰ ਮੌੜ ਮੰਡੀ ਅਤੇ ਰਾਜਕੁਮਾਰ ਨੇ ਦੱਸਿਆ ਕਿ ਜ਼ਿਲ੍ਹਾ ਕੈਮਿਸਟ ਐਸੋਸੀਏਸ਼ਨ ਦੇ ਪ੍ਰਧਾਨ ਅਤੇ ਜਨਰਲ ਸਕੱਤਰ ਲਈ ਚੋਣਾਂ 18 ਮਈ ਨੂੰ ਹੋਣੀਆਂ ਸਨ, ਇਸ ਦੌਰਾਨ 11 ਅਤੇ 12 ਮਈ ਨੂੰ ਨਾਮਜ਼ਦਗੀ ਪੱਤਰ ਦਾਖਲ ਕੀਤੇ ਜਾਣੇ ਸਨ। ਉਨ੍ਹਾਂ ਦੱਸਿਆ ਕਿ 11 ਮਈ ਨੂੰ ਅਸ਼ੋਕ ਬਾਲਿਆਂਵਾਲੀ ਨੇ ਪ੍ਰਧਾਨ ਦੇ ਅਹੁਦੇ ਲਈ ਆਪਣੇ ਨਾਮਜ਼ਦਗੀ ਪੱਤਰ ਦਾਖਲ ਕੀਤੇ, ਜਦੋਂ ਕਿ 12 ਮਈ ਨੂੰ ਰੁਪਿੰਦਰ ਗੁਪਤਾ ਤੇ ਅਜੀਤ ਅਗਰਵਾਲ ਨੇ ਜਨਰਲ ਸਕੱਤਰ ਦੇ ਅਹੁਦੇ ਲਈ ਆਪਣੇ ਨਾਮਜ਼ਦਗੀ ਪੱਤਰ ਦਾਖਲ ਕੀਤੇ। ਉਨ੍ਹਾਂ ਦੱਸਿਆ ਕਿ ਨਾਮਜ਼ਦਗੀ ਪੱਤਰ 13 ਮਈ ਨੂੰ ਸਵੇਰੇ 11 ਵਜੇ ਤੱਕ ਵਾਪਸ ਲਏ ਜਾਣੇ ਸਨ, ਇਸੇ ਦੌਰਾਨ ਅਜੀਤ ਅਗਰਵਾਲ ਨੇ ਆਪਣਾ ਨਾਮਜ਼ਦਗੀ ਪੱਤਰ ਵਾਪਸ ਲੈ ਲਿਆ, ਜਿਸ ਕਾਰਨ ਦੋਵੇਂ ਅਹੁਦੇਦਾਰ ਬਿਨਾਂ ਮੁਕਾਬਲੇ ਜੇਤੂ ਕਰਾਰ ਦੇ ਦਿੱਤੇ ਗਏ। ਉਨ੍ਹਾਂ ਦੱਸਿਆ ਕਿ ਅਸ਼ੋਕ ਬਾਲਿਆਂਵਾਲੀ ਦੂਜੀ ਵਾਰ ਜ਼ਿਲ੍ਹਾ ਕੈਮਿਸਟ ਐਸੋਸੀਏਸ਼ਨ ਦੇ ਬਿਨਾਂ ਮੁਕਾਬਲੇ ਦੂਸਰੀ ਵਾਰ ਪ੍ਰਧਾਨ ਚੁਣੇ ਗਏ ਹਨ, ਜਦੋਂ ਕਿ ਰੂਪੇਂਦਰ ਗੁਪਤਾ ਫਿਰ ਤੋਂ ਜਨਰਲ ਸਕੱਤਰ ਚੁਣ ਲਏ ਗਏ। ਜਾਣਕਾਰੀ ਦਿੰਦਿਆਂ ਉਨ੍ਹਾਂ ਕਿਹਾ ਕਿ ਅਸ਼ੋਕ ਬਾਲਿਆਂਵਾਲੀ ਲੰਬੇ ਸਮੇਂ ਤੋਂ ਰਿਟੇਲ ਕੈਮਿਸਟ ਐਸੋਸੀਏਸ਼ਨ ਦੇ ਪ੍ਰਧਾਨ ਵਜੋਂ ਲਗਾਤਾਰ ਸੇਵਾਵਾਂ ਨਿਭਾ ਰਹੇ ਹਨ, ਇਸ ਤੋਂ ਇਲਾਵਾ ਉਹ ਪੰਜਾਬ ਕੈਮਿਸਟ ਐਸੋਸੀਏਸ਼ਨ ਦੇ ਉਪ ਪ੍ਰਧਾਨ ਅਤੇ ਏਆਈਓਸੀਡੀ ਦੇ ਕਾਰਜਕਾਰੀ ਮੈਂਬਰ ਵਜੋਂ ਵੀ ਸੇਵਾਵਾਂ ਨਿਭਾ ਰਹੇ ਹਨ। ਮੁੱਖ ਰਿਟਰਨਿੰਗ ਅਫ਼ਸਰ ਰਮੇਸ਼ ਗਰਗ ਨੇ ਦੋਵਾਂ ਅਹੁਦੇਦਾਰਾਂ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਉਨ੍ਹਾਂ ਨੂੰ ਉਮੀਦ ਹੈ ਕਿ ਦੋਵੇਂ ਅਹੁਦੇਦਾਰ ਜ਼ਿਲ੍ਹਾ ਕੈਮਿਸਟ ਐਸੋਸੀਏਸ਼ਨ ਦੀ ਭਲਾਈ ਲਈ ਪਹਿਲਾਂ ਨਾਲੋਂ ਵੀ ਵੱਧ ਮਿਹਨਤ ਕਰਨਗੇ। ਇਸ ਦੌਰਾਨ ਚੀਫ ਰਿਟਰਨਿੰਗ ਅਧਿਕਾਰੀ ਰਮੇਸ਼ ਗਰਗ ਨੇ ਜੇਤੂ ਉਮੀਦਵਾਰਾਂ ਨੂੰ ਜੇਤੂ ਸਰਟੀਫਿਕੇਟ ਦਿੱਤੇ। ਇਸ ਦੌਰਾਨ ਅਸ਼ੋਕ ਬਾਲਿਆਂਵਾਲੀ ਅਤੇ ਰੁਪਿੰਦਰ ਗੁਪਤਾ ਨੇ ਸਾਰੀਆਂ ਯੂਨਿਟਾਂ ਅਤੇ ਰਿਟਰਨਿੰਗ ਅਫਸਰਾਂ ਦਾ ਧੰਨਵਾਦ ਕੀਤਾ।ਅਸ਼ੋਕ ਬਾਲਿਆਂਵਾਲੀ ਨੇ ਕਿਹਾ ਕਿ ਕੈਮਿਸਟਾਂ ਦੀ ਭਲਾਈ ਲਈ ਪਹਿਲਾਂ ਵੱਲੋਂ ਕੀਤੇ ਜਾ ਰਹੇ ਕੰਮਾਂ ਨੂੰ ਲਗਾਤਾਰ ਅੱਗੇ ਵਧਾਇਆ ਜਾਵੇਗਾ ਅਤੇ ਉਹ ਕੈਮਿਸਟਾਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਪਹਿਲਾਂ ਨਾਲੋਂ ਵੀ ਜ਼ਿਆਦਾ ਮਿਹਨਤ ਕਰਨਗੇ। ਇਸ ਦੌਰਾਨ ਗੋਨਿਆਣਾ ਯੂਨਿਟ ਦੇ ਪ੍ਰਧਾਨ ਪਵਨ ਕੁਮਾਰ ਗਰਗ, ਭੁੱਚੋ ਯੂਨਿਟ ਦੇ ਪ੍ਰਧਾਨ ਕ੍ਰਿਸ਼ਨ ਲਾਲ, ਮੌੜ ਯੂਨਿਟ ਦੇ ਪ੍ਰਧਾਨ ਅੰਮ੍ਰਿਤਪਾਲ ਸਿੰਘ, ਰਾਮਾਂ ਮੰਡੀ ਯੂਨਿਟ ਦੇ ਪ੍ਰਧਾਨ ਰਾਜੀਵ ਗੋਸ਼ਾ, ਰਾਮਪੁਰਾ ਯੂਨਿਟ ਦੇ ਪ੍ਰਧਾਨ ਛਿੰਦਰਪਾਲ ਸਿੰਗਲਾ, ਹੋਲਸੇਲ ਯੂਨਿਟ ਦੇ ਪ੍ਰਧਾਨ ਦਰਸ਼ਨ ਜੌੜਾ, ਨਥਾਣਾ ਯੂਨਿਟ ਦੇ ਪ੍ਰਧਾਨ ਵਿਜੇਂਦਰ ਸ਼ਰਮਾ, ਤਲਵੰਡੀ ਸਾਬੋ ਯੂਨਿਟ ਦੇ ਪ੍ਰਧਾਨ ਨਾਨਕ ਸਿੰਘ, ਵਿਨੋਦ ਮਿੱਤਲ, ਆਰਸੀਏ ਦੇ ਜਨਰਲ ਸਕੱਤਰ ਸ਼ਮਸ਼ੇਰ ਸਿੰਘ, ਗੁਰਜਿੰਦਰ ਸਿੰਘ ਸਾਹਨੀ, ਪੋਰਿੰਦਰ ਸਿੰਗਲਾ, ਪ੍ਰੀਤਮ ਸਿੰਘ ਵਿਰਕ, ਹੋਲਸੇਲ ਯੂਨਿਟ ਤੋਂ ਰੇਵਤੀ ਕਾਂਸਲ, ਅੰਮ੍ਰਿਤ ਸਿੰਗਲਾ, ਆਸ਼ੂ ਲਹਿਰੀ, ਪੰਕਜ ਕੁਮਾਰ, ਰਾਜਨ ਭਗਤਾ, ਰਾਜਨ ਰਾਮਪੁਰਾ, ਪਾਰਸਦੀਪ ਸਿੰਘ ਢਿੱਲੋਂ ਤਲਵੰਡੀ ਸਾਬੋ ਵੇਦ ਪ੍ਰਕਾਸ਼ ਬੇਦੀ ਅਤੇ ਭੋਲਾ ਕਾਂਸਲ ਹਾਜ਼ਰ ਸਨ।

## ਤੂਫ਼ਾਨ ਕਾਰਨ ਕਾਰਖਾਨੇ ਦਾ ਹੋਇਆ ਭਾਰੀ ਨੁਕਸਾਨ

ਦਿੜ੍ਹਬਾ ਮੰਡੀ - (ਹੈਪੀ) : ਬੀਤੇ ਦਿਨੀਂ ਸ਼ਹਿਰ ਵਿਖੇ ਝੱਖੜ, ਮੀਂਹ ਤੇਜ਼ ਹਨ੍ਹੇਰੀ ਆਉਣ ਨਾਲ ਜਿੱਥੇ ਦੀ ਪਾਤੜਾਂ ਰੋਡ ਤੇ ਸਥਿਤ ਇੱਕ ਪੈਟਰੋਲ ਪੰਪ ਦੇ ਸ਼ੈਡ ਦੀਆਂ ਚਾਦਰਾਂ ਟੁੱਟ ਜਾਣ ਤੋਂ ਇਲਾਵਾ ਹੋਰ ਕਾਫੀ ਜ਼ਿਆਦਾ ਨੁਕਸਾਨ ਹੋਣ ਦੇ ਨਾਲ ਨਾਲ ਹੋਰ ਫੈਕਟਰੀਆਂ ਦੀਆਂ ਛੱਤਾਂ ਦੀਆਂ ਚਾਦਰਾਂ ਟੁੱਟ ਜਾਣ ਬਾਊਂਡਰੀ ਵਾਲ ਦੀਆਂ ਕੰਧਾਂ ਗਿਰ ਜਾਣ ਨਾਲ ਕਾਫੀ ਜ਼ਿਆਦਾ ਨੁਕਸਾਨ ਹੋ ਗਿਆ ਹੈ , ਉਥੇ ਹੀ ਪਾਤੜਾਂ ਰੋਡ ਤੇ ਸਥਿਤ ਇੱਕ ਕਾਰਖਾਨੇ ਦੀ ਇਮਾਰਤ ਦੀਆਂ ਕੰਧਾਂ ਦੇ ਗਿਰ ਜਾਣ ਨਾਲ ਕਾਫੀ ਜ਼ਿਆਦਾ ਨੁਕਸਾਨ ਹੋਣ ਦੀ ਜਾਣਕਾਰੀ ਪ੍ਰਾਪਤ ਹੋਈ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਅਨੁਸਾਰ ਪਾਤੜਾਂ ਰੋਡ ਤੇ ਸਥਿਤ ਬਾਵਾ ਐਗਰੀ ਵਰਕਸ ਨਾਮ ਦੇ ਕਾਰਖਾਨੇ ਦੀ ਇਮਾਰਤ ਦੀਆਂ ਕੰਧਾਂ ਦੇ ਗਿਰ ਜਾਣ ਨਾਲ ਕਾਰਖਾਨਾ ਬੁਰੀ ਤਰਾਂ ਨੁਕਸਾਨਿਆ ਹੀ ਨਹੀਂ ਗਿਆ, ਬਲਕਿ ਦਾਅਵੇ ਅਨੁਸਾਰ ਆਪਣੀ ਮਿਹਨਤ ਮਜ਼ਦੂਰੀ ਕਰਨ ਵਾਲੇ ਕਾਰਖਾਨੇ ਦੇ ਮਾਲਕ ਦੀ ਗ਼ਰੀਬ ਮਾਰੀ ਵੀ ਹੋ ਗਈ ਹੈ।ਬਾਵਾ ਐਗਰੀ ਵਰਕਸ ਨਾਮ ਦੇ ਕਾਰਖਾਨੇ ਦੇ ਮਾਲਕ ਦਾ ਮਾਲਕ ਦਾ ਆਰਥਿਕ ਤੌਰ ਤੇ ਭਾਰੀ ਨੁਕਸਾਨ ਹੋ ਜਾਣ ਨਾਲ ਆਪਣੇ ਆਪ ਨੂੰ ਅਸਮਰਥ ਅਤੇ ਆਰਥਿਕ ਤੌਰ ਤੇ ਟੁੱਟਿਆ ਜਿਹਾ ਮਹਿਸੂਸ ਕਰ ਰਿਹਾ ਹੈ ਅਤੇ ਸਰਕਾਰ ਅਤੇ ਪ੍ਰਸ਼ਾਸਨ ਅੱਗੇ ਆਰਥਿਕ ਮੱਦਦ ਕੀਤੇ ਜਾਣ ਦੀ ਵੀ ਗੁਹਾਰ ਲਗਾ ਰਿਹੈ ਹੈ।ਇਸ ਸਬੰਧੀ ਬਾਵਾ ਐਗਰੀ ਵਰਕਸ ਦੇ ਮਾਲਕ ਨੇ ਭਰੇ ਮਨ ਨਾਲ ਪ੍ਰੈਸ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਮੈਂ ਨੇ ਕਰਜ਼ਾ ਲੈਕੇ ਇਹ ਕਾਰਖਾਨਾ ਲਗਾਇਆ ਸੀ । ਪ੍ਰੰਤੂ ਬੀਤੇ ਦਿਨੀਂ ਸ਼ਹਿਰ ਚ ਝੱਖੜ ਮੀਂਹ ਅਤੇ ਤੇਜ਼ ਹਨ੍ਹੇਰੀ ਆਉਣ ਨਾਲ ਮੇਰੇ ਕਾਰਖਾਨੇ ਦੀਆਂ ਕੰਧਾਂ ਗਿਰ ਜਾਣ , ਕਟਰ, ਟਰੈਕਟਰ ਆਦਿ ਦਾ ਬਹੁਤ ਭਾਰੀ ਅਤੇ ਲੱਖਾਂ ਰੁਪਏ ਦਾ ਨੁਕਸਾਨ ਹੋ ਗਿਆ ਹੈ। ਉਨਾਂ ਅੱਗੇ ਕਿਹਾ ਕਿ ਇਸ ਕਾਰਖਾਨੇ ਦੇ ਸਹਾਰੇ ਹੀ ਪਰਿਵਾਰ ਦਾ ਗੁਜ਼ਾਰਾ ਚੱਲਦਾ ਸੀ। ਝੱਖੜ ਮੀਂਹ ਅਤੇ ਤੇਜ਼ ਹਨ੍ਹੇਰੀ ਦੇ ਆਉਣ ਨਾਲ ਮੇਰੇ ਕਾਰਖਾਨੇ ਦਾ ਦਾ ਭਾਰੀ ਨੁਕਸਾਨ ਹੋ ਜਾਣ ਮੈਨੂੰ ਆਰਥਿਕ ਤੌਰ ਤੇ ਤੋੜ ਕੇ ਰੱਖ ਦਿੱਤਾ ਹੈ ਅਤੇ ਮੈਂ ਆਪਣੇ ਆਪ ਨੂੰ ਅਸਮਰਥ ਜਿਹਾ ਮਹਿਸੂਸ ਕਰ ਰਿਹਾ ਹਾਂ।ਖੜ ਮੀਂਹ ਅਤੇ ਤੇਜ਼ ਹਨ੍ਹੇਰੀ ਦੇ ਆਉਣ ਨਾਲ ਮੇਰੇ ਕਾਰਖਾਨੇ ਦਾ ਦਾ ਭਾਰੀ ਨੁਕਸਾਨ ਹੋ ਜਾਣ ਮੈਨੂੰ ਆਰਥਿਕ ਤੌਰ ਤੇ ਤੋੜ ਕੇ ਰੱਖ ਦਿੱਤਾ ਹੈ ਅਤੇ ਮੈਂ ਆਪਣੇ ਆਪ ਨੂੰ ਅਸਮਰਥ ਜਿਹਾ ਮਹਿਸੂਸ ਕਰ ਰਿਹਾ ਹਾਂ।

## ਰੈਸਟੋਰੈਂਟਾਂ 'ਚ ਪਰੋਸੇ ਜਾਣ ਵਾਲੇ ਖਾਣੇ ਦੀ ਸਿਹਤ ਵਿਭਾਗ ਵੱਲੋਂ ਜਾਂਚ, ਸੈਂਪਲ ਭਰੇ

ਬਠਿੰਡਾ, 14 ਮਈ (ਦੀਪਕ ਸ਼ਰਮਾ) :ਜ਼ਿਲ੍ਹਾ ਸਿਹਤ ਵਿਭਾਗ ਵੱਲੋਂ ਫੂਡ ਸੇਫਟੀ ਮੁਹਿੰਮ ਦੇ ਤਹਿਤ ਬੁੱਧਵਾਰ ਨੂੰ ਸ਼ਹਿਰ ਦੇ ਵੱਖ-ਵੱਖ ਇਲਾਕਿਆਂ 'ਚ ਚੱਲ ਰਹੇ ਰੈਸਟੋਰੈਂਟਾਂ ਦੀ ਜਾਂਚ ਕੀਤੀ ਗਈ। ਸਿਹਤ ਵਿਭਾਗ ਵੱਲੋਂ ਲੰਬੇ ਸਮੇਂ ਬਾਅਦ ਸ਼ਹਿਰ ਦੇ ਵੱਡੇ ਰੈਸਟੋਰੈਂਟਾਂ 'ਚ ਦਬਿਸ਼ ਦੇ ਕੇ ਉੱਥੇ ਬਣ ਰਹੇ ਖਾਣ-ਪੀਣ ਦੇ ਸਮਾਨ ਦੀ ਜਾਂਚ ਕੀਤੀ ਗਈ ਅਤੇ ਉੱਥੋਂ ਵੱਖ-ਵੱਖ ਖਾਦ ਪਦਾਰਥਾਂ ਦੇ ਸੈਂਪਲ ਲੈ ਕੇ ਜਾਂਚ ਲਈ ਭੇਜੇ ਗਏ ਬੁੱਧਵਾਰ ਨੂੰ ਅਸਿਸਟੈਂਟ ਕਮਿਸ਼ਨਰ ਫੂਡ ਸੇਫਟੀ ਅਮ੍ਰਿਤਪਾਲ ਸਿੰਘ ਸੋਢੀ ਦੀ ਅਗਵਾਈ ਹੇਠ ਐਫਐੱਸਓ ਸੁਧੀਰ ਸਿੰਗਲਾ ਅਤੇ ਐਫਐੱਸਓ ਨਵਦੀਪ ਸਿੰਘ ਦੀ ਟੀਮ ਨੇ ਬਠਿੰਡਾ ਦੀ ਸਭ ਤੋਂ ਰੌਣਕਵਾਂ ਮਾਲ ਰੋਡ, ਪੁੱਡਾ ਮਾਰਕੀਟ ਅਤੇ 100 ਫੁੱਟ ਰੋਡ 'ਤੇ ਬਣੇ ਵੱਖ-ਵੱਖ ਰੈਸਟੋਰੈਂਟਾਂ ਦਾ ਨਿਰੀਖਣ ਕੀਤਾ।ਇਸ ਦੌਰਾਨ ਟੀਮ ਨੇ ਰੈਸਟੋਰੈਂਟਾਂ ਦੀ ਰਸੋਈ 'ਚ ਸਫਾਈ, ਉਥੇ ਖਾਣਾ ਬਣਾਉਣ ਲਈ ਰੱਖੇ ਸਮਾਨ ਦੀ ਜਾਂਚ ਕੀਤੀ। ਵਿਭਾਗ ਦੀ ਟੀਮ ਨੇ ਖਾਣਾ ਪਕਾਉਣ ਵਾਲੇ ਤੇਲ, ਕੇਕ, ਆਈਸਕ੍ਰੀਮ, ਫਰੋਜ਼ਨ ਆਲੂ-ਪਨੀਰ ਬਾਲਜ਼ ਅਤੇ ਰੰਗੀਨ ਚੀਨੀ ਪੇਸਟ ਦੇ ਲਗਭਗ 5 ਸੈਂਪਲ ਭਰੇ ਹਨ। ਇਹ ਸੈਂਪਲ ਜਾਂਚ ਲਈ ਅੱਗੇ ਲੈਬ ਵਿੱਚ ਭੇਜੇ ਗਏ ਹਨ। ਉਨ੍ਹਾਂ ਦੱਸਿਆ ਕਿ ਜਾਂਚ ਰਿਪੋਰਟ ਆਉਣ ਤੋਂ ਬਾਅਦ ਅਗਲੀ ਕਾਰਵਾਈ ਨੂੰ ਅਮਲ ਵਿੱਚ ਲਿਆਂਦਾ ਜਾਵੇਗਾ।ਅਸਿਸਟੈਂਟ ਕਮਿਸ਼ਨਰ ਫੂਡ ਸੇਫਟੀ ਅਮ੍ਰਿਤਪਾਲ ਸਿੰਘ ਸੋਢੀ ਨੇ ਦੱਸਿਆ ਕਿ ਵਿਭਾਗ ਦਾ ਟੀਚਾ ਲੋਕਾਂ ਨੂੰ ਸਾਫ ਸੁਥਰਾ ਤੇ ਗੁਣਵੱਤਾ ਭਰਪੂਰ ਖਾਣ-ਪੀਣ ਉਪਲਬਧ ਕਰਵਾਉਣਾ ਉਨ੍ਹਾਂ ਦੀ ਪਹਿਲ ਹੈ। ਇਨ੍ਹਾਂ ਮਕਸਦਾਂ ਨੂੰ ਧਿਆਨ ਵਿੱਚ ਰੱਖਦਿਆਂ ਉਨ੍ਹਾਂ ਨੇ ਸ਼ਹਿਰ ਦੇ ਦਰਜਨਾਂ ਰੈਸਟੋਰੈਂਟਾਂ ਦੀ ਜਾਂਚ ਕੀਤੀ। ਇਸ ਦੌਰਾਨ ਰੈਸਟੋਰੈਂਟਾਂ ਦੀ ਸਫਾਈ, ਗ੍ਰਾਹਕਾਂ ਨੂੰ ਉਪਲਬਧ ਕਰਵਾਏ ਜਾਣ ਵਾਲੇ ਪਾਣੀ, ਰਸੋਈ 'ਚ ਰੱਖੇ ਸਮਾਨ ਦੀ ਜਾਂਚ ਕੀਤੀ ਗਈ ਉਨ੍ਹਾਂ ਦੱਸਿਆ ਕਿ ਖਾਣਾ ਬਣਾਉਣ ਵਿੱਚ ਵਰਤੇ ਜਾਂਦੇ ਰਾ-ਮਟੀਰੀਅਲ ਦੀ ਗੁਣਵੱਤਾ ਨੂੰ ਵੀ ਵੇਖਿਆ ਗਿਆ, ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਗ੍ਰਾਹਕਾਂ ਨੂੰ ਕਿਸੇ ਤਰ੍ਹਾਂ ਦਾ ਖਰਾਬ, ਪੁਰਾਣਾ ਜਾਂ ਗੁਣਵੱਤਾ ਤੋਂ ਘੱਟ ਸਮਾਨ ਤਾਂ ਨਹੀਂ ਦਿੱਤਾ ਜਾ ਰਿਹਾ।ਜ਼ਿਕਰਯੋਗ ਹੈ ਕਿ ਸ਼ਹਿਰ ਵਿੱਚ ਕਈ ਰੈਸਟੋਰੈਂਟ, ਢਾਬੇ ਅਤੇ ਹੋਟਲ ਹਨ। ਵਿਆਹਾਂ ਦੇ ਸੀਜ਼ਨ ਜਾਂ ਹੋਰ ਸਮਾਗਮਾਂ ਦੌਰਾਨ ਇਨ੍ਹਾਂ ਰਾਹੀਂ ਵੱਡੀ ਗਿਣਤੀ ਵਿੱਚ ਗ੍ਰਾਹਕਾਂ ਨੂੰ ਖਾਣ-ਪੀਣ ਉਪਲਬਧ ਕਰਵਾਇਆ ਜਾਂਦਾ ਹੈ। ਪਿਛਲੇ ਕੁਝ ਸਮੇਂ ਤੋਂ ਕਈ ਥਾਵਾਂ 'ਤੇ ਪੁਰਾਣਾ ਅਤੇ ਖਰਾਬ ਖਾਣ-ਪੀਣ ਦਿੱਤੇ ਜਾਣ ਦੀਆਂ ਸ਼ਿਕਾਇਤਾਂ ਦੇ ਮੱਦੇਨਜ਼ਰ ਵੀ ਸਿਹਤ ਵਿਭਾਗ ਦੀ ਟੀਮ ਨੇ ਲੰਬੇ ਸਮੇਂ ਬਾਅਦ ਸ਼ਹਿਰ ਦੇ ਵੱਡੇ ਸੰਸਥਾਵਾਂ ਵਿੱਚ ਜਾਂਚ ਕਰਕੇ ਸੈਂਪਲ ਭਰੇ ਹਨ।

## ਆਕਸਫੋਰਡ ਸਕੂਲ ਦੇ ਵਿਦਿਆਰਥੀਆਂ ਦਾ ਦਸਵੀਂ ਜਮਾਤ ਦਾ ਨਤੀਜਾ ਰਿਹਾ ਰਿਕਾਰਡ ਤੋੜ



ਭਗਤਾ ਭਾਈ ਕਾ, 14 ਮਈ (ਸਵਰਨ ਸਿੰਘ ਭਗਤਾ) : 'ਦ ਆਕਸਫੋਰਡ ਸਕੂਲ ਆਫ਼ ਐਜੂਕੇਸ਼ਨ' ਭਗਤਾ ਭਾਈ ਕਾ ਇਲਾਕੇ ਦੀ ਇੱਕ ਅਜਿਹੀ ਨਾਮਵਰ ਵਿੱਦਿਅਕ ਸੰਸਥਾ ਹੈ, ਜਿਸ ਦੇ ਵਿਦਿਆਰਥੀ ਆਏ ਦਿਨ ਬੁਲੰਦੀਆਂ ਨੂੰ ਛੂਹਣ ਵਾਲੀਆਂ ਪ੍ਰਾਪਤੀਆਂ ਕਰਦੇ ਹਨ। ਇਸ ਸੰਸਥਾ ਦੇ ਵਿਦਿਆਰਥੀਆਂ ਨੇ ਇਸ ਵਾਰ ਵੀ ਦਸਵੀਂ ਜਮਾਤ ਦੇ ਨਤੀਜੇ ਵਿੱਚ ਸ਼ਾਨਦਾਰ ਪ੍ਰਾਪਤੀਆਂ ਕਰਦੇ ਹੋਏ ਪਿਛਲੇ ਸਾਲਾਂ ਦੇ ਰਿਕਾਰਡ ਨੂੰ ਮਾਤ ਪਾ ਦਿੱਤੀ ਹੈ। ਸਕੂਲ ਅਨੁਸਾਰ ਇਸ ਸਾਲ ਦਸਵੀਂ ਜਮਾਤ ਦੇ 153 ਵਿਦਿਆਰਥੀਆਂ ਨੇ 100% ਨਤੀਜਾ ਦਿੱਤਾ ਹੈ। ਇਸ ਪ੍ਰੀਖਿਆ ਵਿੱਚੋਂ ਹੋਣਹਾਰ ਵਿਦਿਆਰਥਣ ਹਰਮਨਦੀਪ ਕੌਰ ਵਾਸੀ ਆਕਲੀਆ ਜਲਾਲ ਕਾ ਨੇ 98.80% ਅੰਕ ਪ੍ਰਾਪਤ ਕਰਕੇ ਪਹਿਲਾ, ਤਨਸੀਰਤ ਕੌਰ ਚਾਨਾ ਵਾਸੀ ਭਗਤਾ ਭਾਈ ਕਾ ਨੇ 98.40% ਅੰਕ ਪ੍ਰਾਪਤ ਕਰਕੇ ਦੂਸਰਾ , ਤਾਜਪ੍ਰੀਤ ਕੌਰ ਵਾਸੀ ਨਿਉਰ ਨੇ 97.80% ਅੰਕ ਪ੍ਰਾਪਤ ਕਰਕੇ ਤੀਸਰਾ ਅਤੇ ਰਾਜਦੀਪ ਕੌਰ ਵਾਸੀ ਬੁਰਜ ਥਰੋੜ ਨੇ 97% ਅੰਕ ਲੈ ਕੇ ਚੌਥਾ ਸਥਾਨ ਪ੍ਰਾਪਤ ਕਰਦੇ ਸੰਸਥਾ ਦਾ ਨਾਮ ਚਮਕਾਇਆ ਹੈ। ਸਕੂਲ ਦੇ ਪ੍ਰਿੰਸੀਪਲ ਰੂਪ ਲਾਲ ਬਾਂਸਲ ਨੇ ਦੱਸਿਆ ਕਿ ਦਸਵੀਂ ਜਮਾਤ ਦੇ 153 ਵਿਦਿਆਰਥੀਆਂ ਵਿੱਚੋਂ 90 ਵਿਦਿਆਰਥੀਆਂ ਨੇ ਪੰਜਾਬੀ, 41 ਵਿਦਿਆਰਥੀਆਂ ਨੇ ਅੰਗਰੇਜ਼ੀ, 29 ਵਿਦਿਆਰਥੀਆਂ ਨੇ ਸੋਸ਼ਲ ਸਾਇੰਸ, 10 ਵਿਦਿਆਰਥੀਆਂ ਨੇ ਗਣਿਤ, 10 ਵਿਦਿਆਰਥੀਆਂ ਨੇ ਸਾਇੰਸ , 18 ਵਿਦਿਆਰਥੀਆਂ ਨੇ ਆਈ. ਟੀ. ਅਤੇ 9 ਵਿਦਿਆਰਥੀਆਂ ਨੇ ਹਿੰਦੀ ਨੇ ਵਿਸ਼ੇ ਵਿੱਚੋਂ 90% ਤੋਂ ਉੱਪਰ ਅੰਕ ਪ੍ਰਾਪਤ ਕਰਕੇ ਆਪਣੇ ਅਧਿਆਪਕਾਂ, ਮਾਪਿਆਂ ਅਤੇ ਸੰਸਥਾ ਦਾ ਨਾਮ ਰੋਸ਼ਨ ਕੀਤਾ ਹੈ ।ਸਕੂਲ ਦੇ ਪ੍ਰਿੰਸੀਪਲ ਸ੍ਰੀ ਰੂਪ ਲਾਲ ਬਾਂਸਲ ਨੇ ਵਿਦਿਆਰਥੀਆਂ ਦੀ ਰਿਕਾਰਡ ਤੋੜ ਸਫ਼ਲਤਾ ਪ੍ਰਾਪਤ ਕਰਨ ਤੇ ਸ਼ਲਾਘਾ ਕੀਤੀ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਵਧਾਈ ਦਿੰਦੇ ਹੋਏ ਬਾਕੀ ਵਿਦਿਆਰਥੀਆਂ ਨੂੰ ਵੀ ਇਸੇ ਤਰਾਂ ਸਖਤ ਮਿਹਨਤ ਕਰਨ ਦੇ ਲਈ ਪ੍ਰੇਰਿਤ ਕੀਤਾ।

ਸ੍ਰੀ ਬਾਂਸਲ ਨੇ ਅਧਿਆਪਕ ਸਾਹਿਬਾਨਾਂ ਨੂੰ ਉਨ੍ਹਾਂ ਦੀ ਅਣਥੱਕ ਮਿਹਨਤ ਦੀ ਵਡਿਆਈ ਕਰਦੇ ਹੋਏ ਇਸ ਸ਼ਾਨਦਾਰ ਨਤੀਜੇ ਦੀ ਵਧਾਈ ਦਿੱਤੀ ।ਇਸ ਸਮੇਂ ਸਕੂਲ ਦੀ ਪ੍ਰਬੰਧਕ ਕਮੇਟੀ ਦੇ ਸਰਪ੍ਰਸਤ ਮੈਂਬਰ ਹਰਦੇਵ ਸਿੰਘ ਬਰਾੜ (ਸਾਬਕਾ ਚੇਅਰਮੈਨ), ਹਰਗੁਰਪ੍ਰੀਤ ਸਿੰਘ ਗਗਨ ਬਰਾੜ (ਚੇਅਰਮੈਨ), ਗੁਰਮੀਤ ਸਿੰਘ ਗਿੱਲ (ਪ੍ਰਧਾਨ), ਪਰਮਪਾਲ ਸਿੰਘ 'ਸ਼ੈਰੀ ਢਿੱਲੋਂ'' (ਵਾਈਸ ਚੇਅਰਮੈਨ) , ਰਾਜਵਿੰਦਰ ਸਿੰਘ ਸੋਢੀ (ਜਨਰਲ ਸਕੱਤਰ), ਗੁਰਮੀਤ ਸਿੰਘ ਗਿੱਲ ਸਰਪੰਚ (ਵਿੱਤ–ਸਕੱਤਰ) ਨੇ ਪ੍ਰਿੰਸੀਪਲ , ਕੋਆਰਡੀਨੇਟਰਜ਼ ਅਤੇ ਸਮੂਹ ਸਟਾਫ਼ ਮੈਂਬਰਾਂ ਨੂੰ ਵਧਾਈ ਦਿੱਤੀ।

## ਚਮਕੌਰ ਸਿੰਘ ਕੌਰਾ ਵੱਲੋਂ ਗੁਰਦੁਆਰਾ ਸਾਹਿਬ ਦੀ ਕਾਰਸੇਵਾ ਲਈ ਗਿਆਰਾਂ ਹਜ਼ਾਰ ਰੁਪਏ ਭੇਟ



ਭਗਤਾ ਭਾਈ ਕਾ, 14 ਮਈ (ਸਵਰਨ ਸਿੰਘ ਭਗਤਾ) : ਗੁਰਦੁਆਰਾ ਸ਼੍ਰੋਮਣੀ ਸ਼ਹੀਦ ਬਾਬਾ ਜੀਵਨ ਸਿੰਘ ਭਾਈ ਜੈਤਾ ਜੀ ਸੁਰਜੀਤ ਨਗਰ ਭਗਤਾ ਭਾਈ ਕਾ ਵਿਖੇ ਚੱਲ ਰਹੀ ਕਾਰ ਸੇਵਾ ਵਿੱਚ ਆਪਣੀ ਦਸਾਂ ਨਹੁੰਆਂ ਦੀ ਕਿਰਤ ਕਮਾਈ ਵਿੱਚੋਂ ਕਨੈਡਾ ਦੀ ਪੀ.ਆਰ ਮਿਲਣ ਦੀ ਖੁਸ਼ੀ ਵਿੱਚ ਵਾਹਿਗੁਰੂ ਦਾ ਸ਼ੁਕਰਾਨਾ ਕਰਦੇ ਹੋਏ ਚਮਕੌਰ ਸਿੰਘ ਕੌਰਾ ਬਰਾੜ ਸਪੁੱਤਰ ਸਵਰਗਵਾਸੀ ਅਰਜਨ ਸਿੰਘ ਬਰਾੜ (ਪੱਤੀ ਖ਼ਾਨਾ)ਵੱਲੋਂ ਗਿਆਰਾਂ ਹਜ਼ਾਰ ਰੁਪਏ ਆਪਣੇ ਵੱਡੇ ਭਰਾ ਅਮਰ ਸਿੰਘ ਬਰਾੜ ਰਾਹੀ ਭੇਂਟ ਕੀਤੇ। ਇਸ ਮੌਕੇ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਮੂਹ ਨਗਰ ਨਿਵਾਸੀਆਂ ਵੱਲੋਂ ਬਰਾੜ ਪਰਿਵਾਰ ਦਾ ਧੰਨਵਾਦ ਕੀਤਾ ਗਿਆ ਅਤੇ ਵਹਿਗੁਰੂ ਅੱਗੇ ਪਰਿਵਾਰ ਦੀ ਚੜ੍ਹਦੀ ਕਲ੍ਹਾ ਲਈ ਅਰਦਾਸ ਬੇਨਤੀ ਕੀਤੀ ਗਈ। ਇਸ ਮੌਕੇ ਜਗਜੀਤ ਸਿੰਘ ਮੈਂਬਰ, ਦਲਜੀਤ ਸਿੰਘ ਸਾਬਕਾ ਸਰਪੰਚ, ਪ੍ਰਿੰਸੀਪਲ ਹੰਸ ਸਿੰਘ ਸੋਹੀ ,ਨੀਲਾ ਸਿੰਘ, ਮੱਖਣ ਸਿੰਘ ਗ੍ਰੰਥੀ ,ਰਮਜ਼ਾਨ ਖ਼ਾਨ, ਭੋਲਾ ਸਿੰਘ ਅਤੇ ਜੀਤਾ ਸਿੰਘ ਆਦਿ ਹਾਜ਼ਰ ਸਨ।

### ਡੀ ਐਮ ਸਕੂਲ ਕਰਾੜਵਾਲਾ ਦੇ ਬਾਰ੍ਹਵੀਂ ਦੇ ਵਿਦਿਆਰਥੀ ਨੇ ਪਹਿਲਾ ਸਥਾਨ ਹਾਸਿਲ ਕੀਤਾ

ਬਠਿੰਡਾ, 14 ਮਈ (ਜਗਸੀਰ ਭੁੱਲਰ) : ਸੀ.ਬੀ.ਐਸ.ਈ. ਬੋਰਡ ਨਵੀਂ ਦਿੱਲੀ ਵੱਲੋਂ ਐਲਾਨੇ ਗਏ ਦਸਵੀਂ ਅਤੇ ਬਾਰ੍ਹਵੀਂ ਕਲਾਸ ਦੇ ਨਤੀਜਿਆਂ ਵਿੱਚ ਡੀ.ਐਮ. ਗਰੁੱਪ ਕਰਾੜ ਵਾਲਾ ਦੇ ਵਿਦਿਆਰਥੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ। ਪ੍ਰਾਪਤ ਜਾਣਕਾਰੀ ਅਨੁਸਾਰ ਬਾਰ੍ਹਵੀਂ ਕਲਾਸ ਦੇ ਨਤੀਜਿਆਂ ਮੁਤਾਬਿਕ ਵਿਦਿਆਰਥੀ ਕੇਸ਼ਵ ਮਿੱਤਲ ਪੁੱਤਰ ਪਰਬੋਧ ਕੁਮਾਰ ਮਿੱਤਲ ਸਾਇੰਸ ਗਰੁੱਪ ਵਿੱਚੋ 98% ਅੰਕ ਹਾਸਿਲ ਕਰ ਕੇ ਬਠਿੰਡੇ ਜਿਲ੍ਹੇ ਦਾ ਟਾਪਰ ਰਿਹਾ, ਜਸਪਾਲ ਸਿੰਘ ਪੁੱਤਰ ਬਲਵਿੰਦਰ ਸਿੰਘ ਅਤੇ ਗੁਰਕੀਰਤ ਸਿੰਘ ਪੁੱਤਰ ਜਸਪ੍ਰੀਤ ਸਿੰਘ ਨੇ ਸਾਇੰਸ ਗਰੁੱਪ ਵਿੱਚੋਂ 95% ਅੰਕ, ਪਰਮਵੀਰ ਸਿੰਘ ਨੇ 92% ਅੰਕ ਪ੍ਰਾਪਤ ਕੀਤੇ ।

## ਫਾਈਨਾਂਸਰ ਦੀ ਲੁੱਟ ਖ਼ਿਲਾਫ਼ ਲਹਿਰਾਗਾਗਾ 'ਚ ਵਿਸ਼ਾਲ ਰੈਲੀ 22 ਨੂੰ



ਲਹਿਰਾਗਾਗਾ 14 ਮਈ (... ਰਾਮੇਸ਼ਵਰ ਸ਼ਰਮਾ/ ਖੁਸ਼ਵਿੰਦਰ ਸ਼ਰਮਾ...) ਹਲਕਾ ਲਹਿਰਾਗਾਗਾ ਅੰਦਰ ਫਾਈਨਾਂਸ ਦਾ ਗੋਰਖਧੰਦਾ ਕਰਨ ਵਾਲੇ ਬਲਦੀਪ ਸਿੰਘ ਖਿਲਾਫ ਐਸ ਡੀ ਐਮ ਦਫਤਰ ਵਿਖੇ ਲਗਿਆ ਧਰਨਾ 23ਵੇਂ ਦਿਨ ਵਿਚ ਸ਼ਾਮਲ ਹੋ ਚੁੱਕਾ ਹੈ। ਪੁਲਸ ਪ੍ਰਸ਼ਾਸਨ ਦੀ ਮਿਲੀਭੁਗਤ ਕਾਰਨ ਫਾਈਨਾਂਸਰ ਅੱਜ ਤੱਕ ਕੋਈ ਕਾਰਵਾਈ ਨਹੀਂ ਹੋਈ ਜਿਸ ਤੋਂ ਸਪੱਸ਼ਟ ਹੈ ਕਿ ਸਿਆਸੀ ਦਬਾਅ ਹੋਣ ਕਾਰਨ ਪੀੜਤ ਪਰਿਵਾਰਾਂ ਦਾ ਘਰ ਮੁੜ ਵਸੇਬਾ ਨਹੀਂ ਹੋ ਸਕਿਆ। ਇਸ ਮਸਲੇ ਨੂੰ ਮਜਦੂਰ ਮੁਕਤੀ ਮੋਰਚਾ ਪੰਜਾਬ ਲਿਬਰੇਸ਼ਨ, ਪ੍ਰਗਤੀਸ਼ੀਲ ਇਸਤਰੀ ਸਭਾ ਪੰਜਾਬ ਨੇ ਸਾਂਝੇ ਤੌਰ ਅੱਜ ਐਸ ਡੀ ਐਮ ਦਫਤਰ ਵਿਖੇ ਭਰਵੀਂ ਮੀਟਿੰਗ ਕੀਤੀ। ਮੀਟਿੰਗ ਨੂੰ ਸੰਬੋਧਨ ਕਰਦਿਆਂ ਮਜਦੂਰ ਮੁਕਤੀ ਮੋਰਚਾ ਪੰਜਾਬ ਦੇ ਸੂਬਾ ਪ੍ਰਧਾਨ ਕਾਮਰੇਡ ਗੋਬਿੰਦ ਸਿੰਘ ਛਾਜਲੀ ਨੇ ਕਿਹਾ ਕਿ ਫਾਈਨਾਂਸਰ ਦੀ ਲੁੱਟ ਦੇ ਖਿਲਾਫ ਅੱਜ ਵਿਚਾਰ ਵਟਾਂਦਰਾ ਹੋਇਆ ਹੈ ਕਿ ਆਉਣ ਵਾਲੀ 22 ਮਈ ਨੂੰ ਵਿਸ਼ਾਲ ਰੈਲੀ ਕਰਕੇ ਪੀੜਤ ਪਰਿਵਾਰਾਂ ਲਈ ਇਨਸਾਫ ਦੀ ਮੰਗ ਕੀਤੀ ਜਾਵੇਗੀ। ਛਾਜਲੀ ਨੇ ਅੱਗੇ ਕਿਹਾ ਕਿ ਪੁਲਸ ਪ੍ਰਸ਼ਾਸਨ ਵਲੋਂ ਅਜੇ ਤੱਕ ਜਾਂਚ ਨਹੀਂ ਕੀਤੀ ਗਈ ਕਿ ਫਾਈਨਾਂਸਰ ਕੋਲ ਫਾਈਨਾਂਸ ਕੰਪਨੀ ਦਾ ਲਾਇਸੈਂਸ ਹੈ ਜਾਂ ਨਹੀਂ, ਨਾ ਹੀ ਉਸਦੀ ਗ੍ਰਿਫਤਾਰੀ ਕੀਤੀ ਜਾ ਰਹੀ ਹੈ। ਗਰੀਬ ਲੋਕਾਂ ਦੀਆਂ ਵੋਟਾਂ ਵਟੋਰਨ ਵਾਲਾ (ਐਮ. ਐਲ. ਏ) ਪੀੜਤ ਪਰਿਵਾਰਾਂ ਦਾ ਸਾਥ ਦੇਣ ਦੀ ਬਜਾਏ ਸਗੋਂ ਫਾਈਨਾਂਸਰ ਨੂੰ ਸਿਆਸੀ ਸ਼ੈਅ ਦੇ ਕੇ ਬਚਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਪਰ ਬੱਕਰੇ ਦੀ ਮਾਂ ਕਦ ਤੱਕ ਖੈਰ ਮਨਾਓ ਜਦੋਂ ਤੱਕ ਪੁਲਸ ਪ੍ਰਸ਼ਾਸਨ ਪੀੜਤ ਪਰਿਵਾਰਾਂ ਨੂੰ ਘਰ ਮੁੜ ਵਸੇਬਾ ਨਹੀਂ ਕਰਵਾਉਂਦਾ ਉਦੋਂ ਤੱਕ ਸੰਘਰਸ਼ ਕੀਤਾ ਜਾਵੇਗਾ। ਕਾਮਰੇਡ ਨੇ ਕਿਹਾ ਕਿ ਪੀੜਤ ਪਰਿਵਾਰ ਦੇ ਘਰਾਂ ਅੰਦਰ ਸਿਆਸੀ ਸ਼ੈਅ ਤੇ ਨਹਿੰਗ ਸਿੰਘ ਬੈਠਾਏ ਹੋਏ ਹਨ ਜੋ ਨਜਾਇਜ ਹਥਿਆਰਾਂ ਨਾਲ ਲੈਸ ਹੋ ਕੇ ਬੈਠੇ ਹਨ। ਜਿਨ੍ਹਾਂ ਤੋਂ ਪੀੜਤ ਪਰਿਵਾਰਾਂ ਨੂੰ ਜਾਨ ਮਾਲ ਦਾ ਖਤਰਾ ਹੈ। ਪੀੜਤ ਪਰਿਵਾਰਾਂ ਅੰਦਰ ਸਹਿਮ ਦਾ ਮਾਹੌਲ ਬਣਿਆ ਹੋਇਆ ਹੈ। ਇਸ ਸਬੰਧੀ ਐਤਵਾਰ ਨੂੰ ਚੌਂਕੀ ਇੰਚਾਰਜ ਨੂੰ ਲਿਖਤੀ ਤੌਰ ਦਿੱਤਾ ਹੋਇਆ ਹੈ ਜੋ ਅਸਲਾ ਗੈਰ ਕਾਨੂੰਨੀ ਹੈ ਉਸ ਤੇ ਕਾਰਵਾਈ ਕੀਤੀ ਜਾਵੇ। 22 ਮਈ ਨੂੰ ਹੋਣ ਵਾਲੀ ਵਿਸ਼ਾਲ ਰੈਲੀ ਅੰਦਰ ਜੇਕਰ ਕੋਈ ਵੀ ਵਧੀਕੀ ਹੁੰਦੀ ਹੈ ਉਸ ਦੀ ਜੁੰਮੇਵਾਰ ਪੰਜਾਬ ਸਰਕਾਰ ਤੇ ਪੁਲਸ ਪ੍ਰਸ਼ਾਸਨ ਹੋਵੇਗਾ। ਇਸ ਮੌਕੇ ਮੀਟਿੰਗ 'ਚ ਜਿਲ੍ਹਾ ਪ੍ਰਧਾਨ ਕਾਮਰੇਡ ਬਿੱਟੂ ਖੋਖਰ, ਕਾਮਰੇਡ ਕੁਲਵੰਤ ਛਾਜਲੀ, ਕਾਮਰੇਡ ਮਨਜੀਤ ਕੌਰ ਆਲੋਅਰਖ, ਘੁਮੰਡ ਸਿੰਘ ਖਾਲਸਾ, ਕਿੱਕਰ ਸਿੰਘ ਖਾਲਸਾ,ਕਾਮਰੇਡ ਬਲਵੀਰ ਸਿੰਘ ਜਲੂਰ, ਕਿਸਾਨ ਆਗੂ ਸਵਰਨ ਸਿੰਘ, ਕਿਰਨਪਾਲ ਕੌਰ ਭੁਟਾਲ, ਗੋਗੀ ਲਹਿਰਾਗਾਗਾ, ਰੀਨਾ ਰਾਣੀ, ਬਲਜੀਤ ਕੌਰ, ਦਵਿੰਦਰ ਕੌਰ, ਮਨਜੀਤ ਕੌਰ ਲਹਿਰਾਗਾਗਾ ਜਸਵੰਤ ਕੌਰ ਭੁਟਾਲ,ਸੁਰਜੀਤ ਕੌਰ ਭੁਟਾਲ ਵੀ ਹਾਜ਼ਰ ਸਨ।

## ਜਾਸੂਸੀ ਦੇ ਸ਼ੱਕ ਵਿੱਚ ਫੜੇ ਮੁਲਜ਼ਮ ਦਾ ਪੁਲਿਸ ਨੂੰ ਮਿਲਿਆ ਤਿੰਨ ਦਿਨ ਦਾ ਰਿਮਾਂਡ

ਬਠਿੰਡਾ, 14 ਮਈ (ਦੀਪਕ ਸ਼ਰਮਾ) : ਸੋਮਵਾਰ ਬਠਿੰਡਾ ਦੀ ਫੌਜੀ ਛਾਉਣੀ ਵਿੱਚੋਂ ਜਸੂਸੀ ਦੇ ਸ਼ੱਕ ਵਿੱਚ ਗ੍ਰਿਫਤਾਰ ਕੀਤੇ ਗਏ ਮੁਲਜ਼ਮ ਨੂੰ ਪੁਲਿਸ ਨੇ ਅਦਾਲਤ ਵਿੱਚ ਪੇਸ਼ ਕੀਤਾ। ਪੁਲਿਸ ਨੇ ਅਦਾਲਤ ਪਾਸੋਂ ਮੁਲਜਮ ਦੀ ਪੁੱਛਗਿਛ ਕਰਨ ਲਈ ਰਿਮਾਂਡ ਦੀ ਮੰਗ ਕੀਤੀ। ਬਠਿੰਡਾ ਦੀ ਅਦਾਲਤ ਨੇ ਜਾਸੂਸੀ ਦੇ ਸ਼ੱਕ ਵਿੱਚ ਫੜੇ ਗਏ ਕਥਿਤ ਮੁਲਜ਼ਮ ਰਾਕੀਬ ਦਾ ਪੁਲਿਸ ਨੂੰ ਤਿੰਨ ਦਿਨ ਦਾ ਰਿਮਾਂਡ ਦਿੱਤਾ ਹੈ। ਭਾਵੇਂ ਪੁਲਿਸ ਇਸ ਮਾਮਲੇ ਵਿੱਚ ਕੁਝ ਵੀ ਦੱਸਣ ਲਈ ਤਿਆਰ ਨਹੀਂ ਹੈ, ਪਰ ਭਰੋਸੇਯੋਗ ਸੂਤਰਾਂ ਅਨੁਸਾਰ ਪੁਲਿਸ ਵੱਲੋਂ ਮੁਲਜ਼ਮ ਦੇ ਬੈਂਕ ਅਕਾਊਂਟ ਖੰਗਾਲੇ ਜਾ ਰਹੇ ਹਨ ਤਾਂ ਜੋ ਪਤਾ ਲੱਗ ਸਕੇ ਕਿ ਉਸ ਨੂੰ ਜਸੂਸੀ ਬਦਲੇ ਕੋਈ ਪੈਸਾ ਤਾਂ ਨਹੀਂ ਆਇਆ। ਇਸ ਤੋਂ ਇਲਾਵਾ ਮੁਲਜ਼ਮ ਦੇ ਮੋਬਾਈਲ ਫੋਨਾਂ ਨੂੰ ਫਰਾਂਸਿਕ ਲੈਬ ਵਿੱਚ ਭੇਜਿਆ ਗਿਆ ਹੈ ਤਾਂ ਜੋ ਫੋਨ ਵਿਚਲਾ ਉਸ ਦਾ ਡਾਟਾ ਰਿਕਵਰ ਕੀਤਾ ਜਾ ਸਕੇ।

## ਡੀ.ਏ.ਵੀ. ਸਕੂਲ ਦੇ ਵਿਦਿਆਰਥੀਆਂ ਨੇ ਸਕੂਲ ਦਾ ਨਾਮ ਰੋਸ਼ਨ ਕੀਤਾ



ਲਹਿਰਾਗਾਗਾ 14 ਮਈ (ਰਾਮੇਸ਼ਵਰ ਸ਼ਰਮਾ /ਖੁਸ਼ਵਿੰਦਰ ਸ਼ਰਮਾ/ ਸਮਸ਼ੇਰ ਸਿੰਘ ਭੁਟਾਲ) – ਸੀ.ਬੀ.ਐੱਸ.ਈ. ਨਵੀਂ ਦਿੱਲੀ ਵੱਲੋਂ ਐਲਾਨੇ ਦਸਵੀਂ ਕਲਾਸ ਦੇ ਨਤੀਜੇ ਵਿੱਚੋਂ ਪੋਸਟ ਗ੍ਰੈਜੂਏਟ ਐਜੂਕੇਸ਼ਨਲ ਸੁਸਾਇਟੀ ਲਹਿਰਾਗਾਗਾ (ਰਜਿ.) ਦੇ ਸੁਚੱਜੇ ਪ੍ਰਬੰਧਾਂ ਹੇਠ ਚਲਾਏ ਜਾ ਰਹੇ ਡਾ. ਦੇਵ ਰਾਜ ਡੀ.ਏ.ਵੀ. ਸੀਨੀ. ਸੈਕੰ. ਪਬਲਿਕ ਸਕੂਲ, ਖਾਈ/ਲਹਿਰਾਗਾਗਾ ਦੇ ਵਿਦਿਆਰਥੀਆਂ ਨੇ ਅਗਲੇਰੀਆਂ ਪੁਜ਼ੀਸ਼ਨਾਂ ਪ੍ਰਾਪਤ ਕਰਕੇ ਸਕੂਲ ਦੇ ਨਾਂਅ ਨੂੰ ਚਾਰ ਚੰਨ ਲਾਏ ਹਨ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਸਕੂਲ ਦੇ ਪ੍ਰਧਾਨ ਸ੍ਰੀ ਐੱਲ.ਕੇ. ਖੋਖਰ, ਮੈਨੇਜਿੰਗ ਡਾਇਰੈਕਟਰ ਪ੍ਰਵੀਨ ਖੋਖਰ, ਕਾਨੂੰਨੀ ਸਲਾਹਕਾਰ ਅਨਿਰੁੱਧ ਕੌਸ਼ਲ, ਮੈਡਮ ਬਿਮਲਾ ਦੇਵੀ ਅਤੇ ਪ੍ਰਿੰਸੀਪਲ ਨਵਦੀਪ ਭਾਰਦਵਾਜ ਨੇ ਦੱਸਿਆ ਕਿ ਸਕੂਲ ਦੇ ਵਿਦਿਆਰਥੀ ਜਸ਼ਨਦੀਪ ਸਿੰਘ ਸਪੁੱਤਰ ਸ੍ਰੀ ਗੁਰਪ੍ਰੀਤ ਸਿੰਘ ਨੇ 95.4 %, ਜਸ਼ਨ ਗਰਗ ਸਪੁੱਤਰ ਸ੍ਰੀ ਰਮੇਸ਼ ਕੁਮਾਰ ਨੇ 88%, ਮੋਕਸ਼ ਸਿੰਗਲਾ ਸਪੁੱਤਰ ਸ੍ਰੀ ਧੀਰਜ ਸਿੰਗਲਾ ਨੇ 85.8 %, ਜੋਤੀ ਮੀਨਾ ਸਪੁੱਤਰੀ ਸ੍ਰੀ ਮੋਹਨ ਲਾਲ ਮੀਨਾ ਨੇ 85.6 %, ਰੁਪਿੰਦਰ ਕੌਰ ਸਪੁੱਤਰੀ ਸ੍ਰੀ ਮਨਜੀਤ ਸਿੰਘ ਨੇ 85.4 %, ਹਿਮਾਂਸ਼ੂ ਗਰਗ ਸਪੁੱਤਰ ਸ੍ਰੀ ਇਸ਼ਵਰ ਕੁਮਾਰ ਨੇ 84.6 %, ਜੈਨਸੀ ਸਪੁੱਤਰੀ ਸ੍ਰੀ ਲਖਵਿੰਦਰ ਸ਼ਰਮਾਂ ਨੇ 84 %, ਨੈਤਿਕ ਗਰਗ ਸਪੁੱਤਰ ਸ੍ਰੀ ਜਗਦੀਸ਼ ਕੁਮਾਰ ਨੇ 83.8 %, ਮੰਨਤ ਗੋਇਲ ਸਪੁੱਤਰੀ ਸ੍ਰੀ ਸੰਜੀਵ ਕੁਮਾਰ ਨੇ 83.4 % ਅਤੇ ਲਵਪ੍ਰੀਤ ਕੌਰ ਸਪੁੱਤਰੀ ਸ੍ਰੀ ਸਿੰਦਰ ਸਿੰਘ ਨੇ 83.2 % ਅੰਕ ਪ੍ਰਾਪਤ ਕਰਕੇ ਪ੍ਰੀਖਿਆ ਪਾਸ ਕੀਤੀ ਹੈ। ਸਕੂਲ ਪ੍ਰਬੰਧਕ ਕਮੇਟੀ ਨੇ ਸਕੂਲ ਦੇ ਇਸ ਸ਼ਾਨਦਾਰ ਨਤੀਜੇ ਦੀ ਵਿਦਿਆਰਥੀਆਂ, ਉਹਨਾਂ ਦੇ ਮਾਪਿਆਂ ਅਤੇ ਸਕੂਲ ਸਟਾਫ ਨੂੰ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਇਹ ਸਾਰਾ ਕੁਝ ਸਕੂਲ ਸਟਾਫ ਵੱਲੋਂ ਪੂਰੀ ਸ਼ਿੱਦਤ ਨਾਲ ਕਰਵਾਈ ਮਿਹਨਤ ਦਾ ਜਿਊਂਦਾ-ਜਾਗਦਾ ਸਬੂਤ ਹੈ

## ਪੀ.ਐਸ.ਐਸ.ਐਫ. ਵਿਗਿਆਨਕ ਨੇ 20 ਮਈ ਦੀ ਹੜਤਾਲ ਸਬੰਧੀ ਨੋਟਿਸ ਭੇਜਿਆ

ਬਠਿੰਡਾ, 14 ਮਈ ( ਦੀਪਕ ਸ਼ਰਮਾ ) ਦੇਸ਼ ਦੀਆਂ ਕੇਂਦਰੀ ਟ$ਰੇਡ ਯੂਨੀਅਨਾਂ ਵੱਲੋਂ 18 ਮਾਰਚ ਨੂੰ ਪਿਆਰੇ ਲਾਲ ਭਵਨ ਦਿੱਲੀ ਵਿਖੇ ਹੋਈ ਕੰਨਵੈਸ਼ਨ ਦੇ ਸੱਦੇ ਤੇ 20 ਮਈ ਨੂੰ ਦੇਸ਼ ਭਰ ਵਿੱਚ ਹੜਤਾਲ ਕੀਤੀ ਜਾ ਰਹੀ ਹੈ ।ਇਸ ਹੜਤਾਲ ਨੂੰ ਸਫ਼ਲ ਬਣਾਉਣ ਲਈ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਪੰਜਾਬ ਦੀਆਂ ਟ$ਰੇਡ ਯੂਨੀਅਨਾਂ ਅਤੇ ਮੁਲਾਜ਼ਮ ਫੈਡਰੇਸ਼ਨਾਂ ਵੱਲੋਂ 4 ਮਈ ਨੂੰ ਸਾਂਝੀ ਕੰਨਵੈਸ਼ਨ ਕੀਤੀ ਗਈ। ਇਸ ਦੇਸ਼ ਵਿਆਪੀ ਹੜਤਾਲ ਸਬੰਧੀ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਵਿਗਿਆਨਕ ਵੱਲੋਂ ਡਿਪਟੀ ਕਮਿਸ਼ਨਰ ਬਠਿੰਡਾ ਰਾਹੀਂ ਸਰਕਾਰ ਨੂੰ ਨੋਟਿਸ ਭੇਜਿਆ ਗਿਆ। ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਵਿਗਿਆਨਕ ਦੇ ਸੂਬਾ ਪ੍ਰਧਾਨ ਗਗਨਦੀਪ ਸਿੰਘ ਭੁੱਲਰ ਨੇ ਦੱਸਿਆ ਕਿ ਇਹ ਹੜਤਾਲ ਕਿਰਤ ਕੋਡਾ ਨੂੰ ਰੱਦ ਕਰਵਾਉਣ,ਪੁਰਾਣੀ ਪੈਨਸ਼ਨ ਬਹਾਲ ਕਰਵਾਉਣ ਲਈ,ਠੇਕਾ ਅਧਾਰਿਤ, ਕੱਚੇ, ਆਊਟਸੋਰਸ ਮੁਲਾਜ਼ਮਾਂ ਨੂੰ ਪੱਕਾ ਕਰਵਾਉਣ,ਕੇਂਦਰ ਵਿਚ 8 ਵੇਂ ਪੇ ਕਮਿਸ਼ਨ ਅਤੇ ਪੰਜਾਬ ਵਿੱਚ ਸੱਤਵੇਂ ਪੇ ਕਮਿਸ਼ਨ ਬਣਾਉਣ, ਜਨਤਕ ਅਦਾਰਿਆਂ ਦਾ ਨਿੱਜੀਕਰਨ ਬੰਦ ਕਰਵਾਉਣ,ਡੀ ਏ ਦਾ ਬਕਾਇਆ ਜਾਰੀ ਕਰਵਾਉਣ ਆਦਿ ਮੰਗਾਂ ਨੂੰ ਲੈ ਕੇ ਕੀਤੀ ਜਾ ਹੈ। ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਵਿਗਿਆਨਕ ਇਸ ਹੜਤਾਲ ਵਿੱਚ ਵੱਧ ਚੜ੍ਹ ਕੇ ਹਿੱਸਾ ਲਵੇਗੀ ।ਇਸ ਮੌਕੇ ਸਾਥੀ ਗੁਰਪ੍ਰੀਤ ਸਿੰਘ ,ਭੁਪਿੰਦਰ ਸਿੰਘ , ਜਗਦੀਪ ਸਿੰਘ , ਵਰਿੰਦਰ ਸਿੰਘ , ਅਮਨਦੀਪ ਕੁਮਾਰ , ਜਤਿੰਦਰ ਸਿੰਘ , ਪਰਮਜੀਤ ਸਿੰਘ , ਗੁਰਮੀਤ ਸਿੰਘ , ਸੁਨੀਲ ਕੁਮਾਰ , ਅਜੇ ਪਾਲ , ਨਵਜੋਤ ਸਿੰਘ ਆਦਿ ਆਗੂ ਹਾਜ਼ਰ ਸਨ।

## ਬੱਸ ਅੱਡੇ ਨੂੰ ਮੌਜੂਦਾ ਥਾਂ 'ਤੇ ਰੱਖਣ ਲਈ ਦੁਕਾਨਦਾਰਾਂ ਨੇ ਕੀਤਾ ਮਸ਼ਾਲ ਮਾਰਚ




ਬਠਿੰਡਾ, 14 ਮਈ (ਦੀਪਕ ਸ਼ਰਮਾ) : ਬੱਸ ਸਟੈਂਡ ਨੂੰ ਮੌਜੂਦਾ ਥਾਂ ਤੇ ਹੀ ਰੱਖਣ ਲਈ 24 ਅਪ੍ਰੈਲ ਤੋਂ ਲੱਗੇ ਪੱਕੇ ਮੋਰਚੇ ਵਿੱਚ ਸੰਘਰਸ਼ ਕਮੇਟੀ ਵੱਲੋਂ ਹਰ ਰੋਜ਼ ਅੰਦੋਲਨ ਨੂੰ ਲੋਕਾਂ ਤੱਕ ਪਹੁੰਚ ਕਰਨ ਲਈ ਨਵੇਂ ਨਵੇਂ ਪ੍ਰੋਗਰਾਮ ਕੀਤੇ ਜਾ ਰਹੇ ਹਨ। ਪ੍ਰਦਰਸ਼ਨਕਾਰੀਆਂ ਦੀ ਪ੍ਰਸ਼ਾਸਨ ਕੋਲ ਸਿਰਫ ਇੱਕ ਹੀ ਮੰਗ ਹੈ ਕਿ ਬੱਸ ਅੱਡੇ ਨੂੰ ਲੋਕ ਸਹੂਲਤਾਂ ਨੂੰ ਦੇਖਦਿਆਂ ਉਸੀ ਥਾਂ ਤੇ ਹੀ ਰੱਖਿਆ ਜਾਵੇ ਤੇ ਬੱਸ ਅੱਡਾ ਬਦਲਣ ਲਈ ਜੋ ਬੇਬੁਨਿਆਦ ਤਰਕ ਦਿੱਤੇ ਜਾ ਰਹੇ ਹਨ, ਉਹਨਾਂ ਦੀ ਥਾਂ ਟੈਕਨੀਕਲ ਲੋਕਾਂ ਦੀ ਮਦਦ ਨਾਲ ਇਥੇ ਹੀ ਨਵੇਂ ਰਸਤੇ ਲੱਭੇ ਜਾਣ। ਅੰਦੋਲਨ ਦੇ ਤਹਿਤ ਦੁਕਾਨਦਾਰਾਂ ਵੱਲੋਂ ਵੱਡੀ ਗਿਣਤੀ ਵਿੱਚ ਆਪਣੇ ਤੌਰ ਤੇ ਇਕੱਠੇ ਹੋ ਕੇ ਬੱਸ ਸਟੈਂਡ ਤੋਂ ਮਸ਼ਾਲ ਮਾਰਚ ਕੱਢਿਆ ਗਿਆ। ਜੋ ਕਿ ਕੋਰਟ ਰੋਡ, ਮਹਿਣਾ ਚੌਕ, ਮਿੱਠੂ ਵਾਲਾ ਮੋੜ, ਆਰਿਆ ਸਮਾਜ ਚੌਕ, ਧੋਬੀ ਬਜ਼ਾਰ, ਸਪੋਰਟਸ ਮਾਰਕਿਟ ਤੋਂ ਹੁੰਦਾ ਹੋਇਆ ਸਦਭਾਵਨਾ ਚੌਕ 'ਤੇ ਸਮਾਪਤ ਹੋਇਆ। ਜਿਸ ਵਿੱਚ ਲੋਕਾਂ ਨੇ ਹੱਥਾਂ ਵਿੱਚ ਮਸ਼ਾਲਾਂ ਫੜ ਕੇ ਜਨਤਾ ਨੂੰ ਬੱਸ ਅੱਡੇ ਲਈ ਜਾਗਰੂਕ ਕੀਤਾ। ਮਸ਼ਾਲ ਮਾਰਚ ਵਿੱਚ ਗੁਰਪ੍ਰੀਤ ਆਰਟਿਸਟ ਅਤੇ ਗੁਰਵਿੰਦਰ ਸ਼ਰਮਾ ਨੇ ਲੋਕਾਂ ਨੂੰ ਬੱਸ ਅੱਡੇ ਸੰਬੰਧੀ ਜਾਣਕਾਰੀ ਦਿੱਤੀ। ਸੰਘਰਸ਼ ਕਮੇਟੀ ਦੇ ਆਗੂ ਬਲਤੇਜ ਸਿੰਘ ਵਾਂਦਰ ਨੇ ਕਿਹਾ ਕਿ ਪ੍ਰਸ਼ਾਸਨ ਵੱਲੋਂ ਜੋ ਕਮੇਟੀ ਬਣਾਈ ਗਈ ਹੈ, ਅਸੀਂ ਕਮੇਟੀ ਅੱਗੇ ਬੱਸ ਸਟੈਂਡ ਲਈ ਮਜ਼ਬੂਤੀ ਨਾਲ ਪੱਖ ਰੱਖਾਂਗੇ। ਉਨ੍ਹਾਂ ਨੇ ਸਿੱਧੇ ਸ਼ਬਦਾਂ ਵਿੱਚ ਚੇਤਾਵਨੀ ਦਿੰਦਿਆਂ ਕਿਹਾ ਕਿ ਕਿਸੇ ਵੀ ਕੀਮਤ 'ਤੇ ਬੱਸ ਅੱਡਾ ਬਦਲਣ ਨਹੀਂ ਦੇਵਾਂਗੇ। ਹਰਵਿੰਦਰ ਸਿੰਘ ਹੈਪੀ ਨੇ ਕਿਹਾ ਕਿ ਬਠਿੰਡਾ ਦੇ ਐਮ ਐਲ ਏ ਨੂੰ ਜ਼ਿੱਦ ਛੱਡ ਕੇ ਲੋਕਾਂ ਦੀ ਭਾਵਨਾ ਨੂੰ ਸਮਝਣਾ ਚਾਹੀਦਾ ਹੈ ਤੇ ਹਰ ਰੋਜ਼ ਬੱਸ ਅੱਡੇ ਬਾਰੇ ਝੂਠ ਬੋਲਣ ਤੋਂ ਪਰਹੇਜ਼ ਕਰਨਾ ਚਾਹੀਦਾ ਹੈ। ਕੌਂਸਲਰ ਸੰਦੀਪ ਬਾਬੀ ਨੇ ਕਿਹਾ ਕਿ ਜਿਆਦਾਤਰ ਕੌਂਸਲਰ ਬੱਸ ਅੱਡਾ ਸੰਘਰਸ਼ ਕਮੇਟੀ ਦੇ ਪੱਖ ਵਿੱਚ ਹਨ, ਕਿਉਂਕਿ ਉਹ ਆਮ ਲੋਕਾਂ ਵੱਲੋਂ ਚੁਣੇ ਹੋਏ ਨੁਮਾਇੰਦੇ ਹਨ। ਇਸ ਮੌਕੇ ਤੇ ਹਰਜਿੰਦਰ ਸਿੱਧੂ, ਦੇਵੀ ਦਿਆਲ, ਰਾਮ ਜਿੰਦਲ, ਰਵਿੰਦਰ ਗੁਪਤਾ, ਅਸ਼ੋਕ ਕੁਮਾਰ, ਰਾਜ ਕੁਮਾਰ, ਪਰਮਜੀਤ ਸਿੰਘ, ਮਨਦੀਪ ਸਿੰਘ, ਤਰਸੇਮ ਕੁਮਾਰ, ਸੈਸ਼ਨ ਕੁਮਾਰ ਅਤੇ ਸਮੂਹ ਦੁਕਾਨਦਾਰਾਂ ਨੇ ਸਹਿਯੋਗ ਕੀਤਾ



# ਪਟਿਆਲਾ-ਆਸ/ਪਾਸ



## ਨਾਭਾ ਹਲਕੇ ਦੇ ਲੋਕਾਂ ਨੂੰ ਤੋਹਫ਼ਾ, ਪੰਜਾਬ ਸਰਕਾਰ ਨੇ 31.9 ਕਰੋੜ ਦੀ ਲਾਗਤ ਨਾਲ 111 ਕਿਲੋਮੀਟਰ ਸੜਕਾਂ ਨੂੰ ਦਿੱਤੀ ਪ੍ਰਵਾਨਗੀ : ਦੇਵ ਮਾਨ

### ☛ ਪਿਛਲੇ ਕਈ ਸਾਲਾਂ ਤੋਂ ਲਮਕਦੀਆਂ ਨਾਭਾ ਤੇ ਭਾਦਸੋਂ ਦੀਆਂ 42 ਸੜਕਾਂ ਮੁੜ ਬਣਨ ਨਾਲ ਲੋਕਾਂ ਨੂੰ ਮਿਲੇਗੀ ਵੱਡੀ ਰਾਹਤ



ਨਾਭਾ, 14 ਮਈ (ਗੁਰਚਰਨ ਸਿੰਘ ਚੌਧਰੀਮਾਜਰਾ) : ਹਲਕਾ ਨਾਭਾ ਦੇ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਨੇ ਹਲਕਾ ਨਾਭਾ ਦੇ ਨਿਵਾਸੀਆਂ ਨਾਲ ਖ਼ੁਸ਼ੀ ਸਾਂਝੀ ਕੀਤੀ ਹੈ ਕਿ ਪੰਜਾਬ ਸਰਕਾਰ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਹਲਕਾ ਨਿਵਾਸੀਆਂ ਨੂੰ 31.9 ਕਰੋੜ ਰੁਪਏ ਦੀ ਲਾਗਤ ਨਾਲ 111 ਕਿਲੋਮੀਟਰ 42 ਪੇਂਡੂ ਲਿੰਕ ਸੜਕਾਂ ਦਾ ਵੱਡਾ ਤੋਹਫ਼ਾ ਦਿੱਤਾ ਹੈ। ਉਨ੍ਹਾਂ ਦੱਸਿਆ ਕਿ ਇਹ ਸੜਕਾਂ ਪਿਛਲੇ ਕਰੀਬ ਕਈ ਸਾਲਾਂ ਤੋਂ ਨਾ ਬਣਨ ਕਰਕੇ ਲਮਕ ਰਹੀਆਂ ਸਨ, ਜਿਸ ਕਰਕੇ ਲੋਕਾਂ ਨੂੰ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ ਪਰੰਤੂ ਪਿਛਲੀਆਂ ਸਰਕਾਰਾਂ ਨੇ ਕਦੇ ਇਸ ਵੱਲ ਧਿਆਨ ਨਹੀਂ ਦਿੱਤਾ। ਗੁਰਦੇਵ ਸਿੰਘ ਦੇਵ ਮਾਨ ਨੇ ਦੱਸਿਆ ਕਿ ਹਲਕੇ ਅੰਦਰ ਨਾਭਾ ਮਾਲੇਰਕੋਟਲਾ ਰੋਡ-ਟੋਡਰਵਾਲ ਨਾਭਾ ਦੀ ਹੱਦ, ਦੰਦਰਾਲਾ ਢੀਂਡਸਾ ਤੋਂ ਰਣਜੀਤਗੜ੍ਹ, ਬਿਰਧਨੋ-ਸ਼ਿਵਗੜ੍ਹ ਰੋਡ, ਭਾਦਸੋਂ ਤਰਖੇੜੀ ਰੋਡ ਤੋਂ ਰੰਨੋ ਕਲਾਂ, ਦਿੱਤੂਪੁਰ ਤੋਂ ਰੋੜੇਵਾਲ, ਭਾਦਸੋਂ ਤਰਖੇੜੀ ਰੋਡ ਤੋਂ ਟੌਹੜਾ ਰਾਮਪੁਰ ਸਾਹੀਵਾਲ, ਟੌਹੜਾ ਹਰੀਜਨ ਬਸਤੀ-ਸ਼ਮਸ਼ਾਨਘਾਟ ਸੂਏ ਤਕ, ਮੋਹਲਗੁਆਰਾ-ਚਹਿਲ ਕਾਲਸਨਾ ਰੋਡ, ਖਨੌੜਾ-ਭੜੀ ਪਨੈਚਾ, ਨਾਭਾ-ਗੋਬਿੰਦਗੜ੍ਹ ਰੋਡ ਤੋਂ ਮੱਲੇਵਾਲ, ਹੱਲੋਤਾਲੀ ਤੇ ਬਸਤੀ ਕੱਲਰ ਮਾਜਰੀ, ਨਾਨੋਕੀ-ਮੱਲੇਵਾਲ, ਅਕਾਲਗੜ੍ਹ-ਫਰੀਦਪੁਰ, ਹੱਲੋਤਾਲੀ-ਮਾਂਗੇਵਾਲ, ਨਾਭਾ-ਗੋਬਿੰਦਗੜ੍ਹ ਰੋਡ ਤੋਂ ਭਾਦਸੋਂ ਬੱਸ ਸਟੈਂਡ ਤੋਂ ਸੁਧੇਵਾਲ (ਸਰਹਿੰਦ ਚੋਏ ਦੇ ਨਾਲ) ਹਰਬੰਸ ਸਿੰਘ ਲੋਟੇ ਮਾਰਗ, ਖਨੌੜਾ ਤੋਂ ਪੂਨੀਵਾਲ ਪਾਣੀ ਵਾਲੀ ਟੈਂਕੀ ਤੱਕ ਨਵੀਆਂ ਤੇ ਮੁਰੰਮਤ ਹੋਣ ਵਾਲੀਆਂ ਸੜਕਾਂ ਸ਼ਾਮਲ ਹਨ। ਦੇਵ ਮਾਨ ਨੇ ਅੱਗੇ ਦੱਸਿਆ ਕਿ ਇਸੇ ਤਰ੍ਹਾਂ ਹੀ ਨਾਭਾ-ਬੀੜ ਦੁਸਾਂਝ ਰੋਡ ਤੋਂ ਬਾਬਰਪੁਰ, ਥੂਹੀ ਤੋਂ ਚੰਨੋ ਰੋਡ ਭੜੋ ਮੰਡੀ, ਅਗੇਤੀ ਤੇ ਅਗੇਤਾ ਗੁਰਦੁਆਰਾ ਸਾਹਿਬ, ਨਾਭਾ-ਛੀਂਟਾਵਾਲਾ ਰੋਡ ਤੋਂ ਮੇਹਸਮਪੁਰ ਤੇ ਨਾਭਾ ਲਿੰਕ ਨਾਲ ਅਲੀਪੁਰ ਦੀ ਬਾਜੀਗਰ ਬਸਤੀ, ਨਾਭਾ ਛੀਂਟਾਂਵਾਲਾ ਰੋਡ ਤੋਂ ਛੱਜੂਭੱਟ, ਨਰਮਾਣਾਂ ਤੋਂ ਸਇਆ ਭਗਤ ਮੰਦਰ ਤੱਕ, ਨਰਮਾਣਾ ਤੋਂ ਛੀਟਾਂਵਾਲਾ ਰੋਡ ਤੋਂ ਚੌਧਰੀ ਮਾਜਰਾ, ਨਾਭਾ ਮਲੇਰਕੋਟਲਾ ਤੋਂ ਢੀਂਗੀ, ਨਾਭਾ ਮਲੇਰਕੋਟਲਾ ਰੋਡ ਤੋਂ ਉਭਾ-ਗੁਰਦਿੱਤਪੁਰਾ, ਬਾਬਰਪੁਰ ਤੋਂ ਨੌਹਰਾ ਨਾਭਾ ਦੀ ਹੱਦ, ਨਾਭਾ ਬੀੜ ਦੁਸਾਂਜ ਰੋਡ ਤੋਂ ਮੱਲੇਵਾਲ, ਰਾਜਗੜ੍ਹ ਤੋਂ ਰੋਹਟੀ ਤੱਕ, ਪਹਾੜਪੁਰ ਤੋਂ ਢੀਂਗੀ ਨਾਭਾ ਹੱਦ, ਦੁਲੱਦੀ ਤੋਂ ਪੀਰ ਸਮਾਧਾਂ ਕਕਰਾਲਾ, ਹਰੀਗੜ੍ਹ ਦੀ ਫਿਰਨੀ, ਨਾਭਾ ਅਲੌਹਰਾਂ ਰੋਡ ਤੋਂ ਪਟਿਆਲਾ-ਨਾਭਾ ਰੋਡ, ਨਾਭਾ-ਮਾਲੇਰਕੋਟਲਾ ਰੋਡ ਤੋਂ ਪਹਾੜਪੁਰ ਤੱਕ, ਪਟਿਆਲਾ ਨਾਭਾ ਰੋਡ ਤੋਂ ਪਟਿਆਲਾ ਭਾਦਸੋਂ ਰੋਡ ਦੀ ਹੱਦ ਤੱਕ ਮੰਡੌਰ ਬਾਜੀਗਰ ਬਸਤੀ, ਹਿਆਣਾ ਕਲਾਂ, ਹਿਆਣਾ ਖੁਰਦ ਤੇ ਸਿੰਬੜੋ ਗੁਰਦੁਆਰਾ ਸਾਹਿਬ ਤੇ ਨਾਭਾ-ਛੀਟਾਂਵਾਲਾ ਰੋਡ ਤੋਂ ਕੋਟ ਕਲਾਂ ਤੱਕ ਸੜਕਾਂ ਬਣਾਈਆਂ ਜਾਣਗੀਆਂ। ਗੁਰਦੇਵ ਸਿੰਘ ਦੇਵ ਮਾਨ ਹਲਕਾ ਨਿਵਾਸੀਆਂ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਹਲਕੇ ਦੀਆਂ ਲਿੰਕ ਸੜਕਾਂ ਦੀ ਮੁੜ ਉਸਾਰੀ ਲਈ ਫੰਡ ਜਾਰੀ ਕਰਨ ਨਾਲ ਇਹ ਸੜਕਾਂ ਬਹੁਤ ਜਲਦ ਬਣ ਜਾਣਗੀਆਂ ਤੇ ਨਾਭਾ ਤੇ ਭਾਦਸੋਂ ਇਲਾਕੇ ਦੇ ਵਸਨੀਕਾਂ ਨੂੰ ਵੱਡੀ ਰਾਹਤ ਮਿਲੇਗੀ। ਐਮ.ਐਲ.ਏ. ਦੇਵ ਮਾਨ ਨੇ ਲੋਕ ਨਿਰਮਾਣ ਵਿਭਾਗ ਦੇ ਮੰਤਰੀ ਹਰਭਜਨ ਸਿੰਘ ਈ.ਟੀ.ਓ, ਦਿਹਾਤੀ ਵਿਕਾਸ ਤੇ ਪੰਚਾਇਤ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਤੇ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਹਰਚੰਦ ਸਿੰਘ ਬਰਸਟ ਦਾ ਵੀ ਵਿਸ਼ੇਸ਼ ਧੰਨਵਾਦ ਕੀਤਾ ਹੈ। ਉਨ੍ਹਾਂ ਨੇ ਦੱਸਿਆ ਕਿ ਇਹ ਵੀ ਪੰਜਾਬ ਵਿੱਚ ਪਹਿਲੀ ਵਾਰ ਹੋਇਆ ਹੈ ਕਿ ਇਨ੍ਹਾਂ ਸੜਕਾਂ ਦੀ ਮੁਰੰਮਤ ਵੀ ਅਗਲੇ ਪੰਜ ਸਾਲਾਂ ਲਈ ਉਸੇ ਠੇਕੇਦਾਰ ਵੱਲੋਂ ਕੀਤੀ ਜਾਵੇਗੀ, ਜਿਸ ਵੱਲੋਂ ਇਹ ਸੜਕਾਂ ਬਣਾਈਆਂ ਜਾਣਗੀਆਂ।

## ਸਮਾਣਾ ਹਲਕੇ 'ਚ 100 ਪੇਂਡੂ ਲਿੰਕ ਸੜਕਾਂ ਬਣਾਉਣ ਲਈ 32.17 ਕਰੋੜ ਆਏ : ਵਿਧਾਇਕ ਜੌੜਾਮਾਜਰਾ

### ਪਿਛਲੀਆਂ ਸਰਕਾਰਾਂ ਨੇ ਕਦੇ ਸਮਾਣਾ ਹਲਕੇ ਵੱਲ ਧਿਆਨ ਹੀ ਨਹੀਂ ਦਿੱਤਾ



ਸਮਾਣਾ, 14 ਮਈ (ਵਿਜੇ ਕੁਮਾਰ/ਜਵੰਦਾ/ਸੁਖਜਿੰਦਰ/ਅਮਿਤ): ਸਮਾਣਾ ਹਲਕੇ ਦੇ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਨੇ ਹਲਕਾ ਨਿਵਾਸੀਆਂ ਨਾਲ ਖੁਸ਼ੀ ਸਾਂਝੀ ਕੀਤੀ ਹੈ ਕਿ ਸਮਾਣਾ ਹਲਕੇ ਦੀਆਂ 100 ਦਿਹਾਤੀ ਲਿੰਕ ਸੜਕਾਂ ਨੂੰ ਮੁੜ ਬਣਾਉਣ ਅਤੇ ਮੁਰੰਮਤ ਲਈ ਪੰਜਾਬ ਸਰਕਾਰ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ 32.17 ਕਰੋੜ ਰੁਪਏ ਮਨਜ਼ੂਰ ਕੀਤੇ ਹਨ। ਉਨ੍ਹਾਂ ਕਿਹਾ ਕਿ ਹਲਕੇ ਦਾ ਚਹੁੰਤਰਫ਼ਾ ਵਿਕਾਸ ਕਰਵਾਉਣਾ ਉਨ੍ਹਾਂ ਦੀ ਮੁੱਢਲੀ ਤਰਜੀਹ ਹੈ। ਵਿਧਾਇਕ ਜੌੜਾਮਾਜਰਾ ਨੇ ਦੱਸਿਆ ਕਿ ਇਨ੍ਹਾਂ ਸੜਕਾਂ ਵਿੱਚ ਸਮਾਣਾ-ਪਟਿਆਲਾ ਰੋਡ ਤੋਂ ਬਿਜਲਪੁਰ, ਧਨੌਰੀ ਰੋਡ-ਵਾਇਆ ਬਹਾਦਰਗੜ੍ਹ-ਲਾਲਗੜ੍ਹ, ਸਮਾਣਾ ਟੋਡਰਪੁਰ ਰੋਡ ਤੋਂ ਗੁਰਦੁਆਰਾ ਸਾਹਿਬ, ਅਸਰਪੁਰ ਰੋਡ ਤੋਂ ਚਤਹਿਰਾ, ਸਮਾਣਾ ਪਟਿਆਲਾ ਰੋਡ-ਅਸਰਪੁਰ, ਪਟਿਆਲਾ ਸਮਾਣਾ ਰੋਡ ਤੋਂ ਅਸਰਪੁਰ ਚੁਪਕੀ ਵਾਇਆ ਫਿਜੀਕਲ ਕਾਲਜ, ਪਟਿਆਲਾ ਸਮਾਣਾ ਰੋਡ ਤੋਂ ਬਿਜਲਪੁਰ ਰੋਡ ਤੋਂ ਸੈਦੀਪੁਰ-ਨੱਸੂਪੁਰ, ਸਮਾਣਾ ਬਾਈਪਾਸ ਵਾਇਆ ਕਮਾਸਪੁਰ-ਬਦਨਪੁਰ, ਰਾਜਲਾ-ਕੋਟਲਾ ਨਸਰੂ, ਸਮਾਣਾ ਬਾਈਪਾਸ ਵਾਇਆ ਲਾਇਬ੍ਰੇਰੀ ਰਾਜਲਾ, ਖੇੜੀ ਭੀਮਾ-ਕੁਲਬੁਰਸ਼ਾਂ, ਸਮਾਣਾ ਧਨੌਰੀ ਰੋਡ-ਸਮਾਣਾ ਟੋਡਰਪੁਰ ਰੋਡ ਵਾਇਸ ਬਸਤੀ ਗੋਬਿੰਦ ਨਗਰ, ਕਾਹਨਗੜ੍ਹ-ਬੰਮ੍ਹਣਾ, ਸਮਾਣਾ ਗੱਜੂਮਾਜਰਾ-ਲਿੰਕ ਕੁਤਬਨਪੁਰ 18 ਫੁਟੀ ਚੌੜੀ ਸੜਕ ਸ਼ਾਮਲ ਹੈ। ਇਸੇ ਤਰ੍ਹਾਂ ਹੀ ਸਮਾਣਾ-ਭਵਾਨੀਗੜ੍ਹ ਰੋਡ ਤੋਂ ਕੁਲਾਰਾਂ ਵਾਇਆ ਤਲਵੰਡੀ ਮਲਿਕ, ਖੱਤਰੀਵਾਲ, ਆਲਮਪੁਰ, ਗੁਰਦਿਆਲਪੁਰ ਤੋਂ ਚੁਪਕੀ, ਸਹਿਜਲਪੁਰ ਖੁਰਦ ਤੋਂ ਸਮਸ਼ਾਨਘਾਟ ਧਰਮਾਸ਼ਾਲਾ, ਕਬਰਸਤਾਨ, ਭੇਡਪੁਰੀ ਤੋਂ ਗੁਰਦੁਆਰਾ, ਸਮਸ਼ਾਨਘਾਟ, ਸਮਾਣਾ ਪਾਤੜਾਂ ਰੋਡ ਤੋਂ ਖੇੜੀ ਨਗ੍ਰਾਈਆਂ, ਸਮਾਣਾ-ਪਾਤੜਾਂ ਰੋਡ ਤੋਂ ਚੁਪਕੀ, ਧਨੇਠਾ-ਰਤਨਖੇੜੀ ਰੋਡ ਤੋਂ ਮਾਈਸਰ ਮੰਦਿਰ, ਸਮਾਣਾ ਪਾਤੜਾਂ ਰੋਡ ਤੋਂ ਬੇਲੂ ਮਾਜਰਾ ਵਾਇਆ ਸ਼ਾਹਪੁਰ, ਫ਼ਤਿਹਗੜ੍ਹ ਛੰਨਾ-ਕੋਪ੍ਰੇਟਿਵ ਸੁਸਾਇਟੀ-ਬਾਬਾ ਨੇਕ ਜੀ ਸਮਾਧਾਂ, ਸਹਿਜਪੁਰ ਕਲਾਂ, ਧਰਮਗੜ੍ਹ-ਬਗਰੌਲ, ਭੇਡਪੁਰ-ਕੁਲਾਰਾਂ ਵਾਇਆ ਕੈਂਚੀਆਂ, ਧਨੇਠਾ-ਅਸਮਾਨਪੁਰ ਤੋਂ ਰਤਨਹੇੜੀ, ਜਗੋਟੀਆ ਘਾਟ ਕੋਟ ਭਾਈ ਲੱਖੀਆ ਤੋਂ ਗੁਰਦੁਆਰਾ ਸਾਹਿਬ, ਭੇਡਪੁਰੀ ਤੋਂ ਦੋਦੜਾ, ਸੌਂਦੇਵਾਲਾ ਤੋਂ ਅਰਾਈ ਮਾਜਰਾ, ਅਸਮਾਨਪੁਰ ਤੋਂ ਹਰਿਆਣਾ ਬਾਰਡਰ, ਸਮਾਣਾ-ਸ਼ੁਤਰਾਣਾ ਰੋਡ ਤੋਂ ਨਿਰਮਲ ਕੋਟ, ਸਹਿਜਲਪੁਰ ਖੁਰਦ ਤੋਂ ਰੇਤਗੜ੍ਹ, ਸਹਿਜਪੁਰ ਕਲਾਂ ਤੋਂ ਦੇਦੜਾ ਤੇ ਰਤਨਹੇੜੀ ਤੋਂ ਮਰੌੜੀ ਦੀਆਂ ਸੜਕਾਂ ਸ਼ਾਮਲ ਹਨ। ਐਮ.ਐਲ.ਏ. ਨੇ ਅੱਗੇ ਦੱਸਿਆ ਕਿ ਇਹ ਸਾਰੀਆਂ ਸੜਕਾਂ ਮਾਰਕੀਟ ਕਮੇਟੀ ਸਮਾਣਾ 'ਚ ਸਨ ਅਤੇ ਮਾਰਕੀਟ ਕਮੇਟੀ ਡਕਾਲਾ ਵਿੱਚ ਵੀ 12 ਸੜਕਾਂ ਹਨ, ਜੋ ਕਿ ਨਵੀਆਂ ਬਣਾਈਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਇਨ੍ਹਾਂ ਵਿੱਚ ਡਕਾਲਾ ਕਰਹਾਲੀ ਰੋਡ-ਨਨਾਨਸੂ ਚੌਂਕ, ਮੈਣ ਤੋਂ ਕੱਲਰਭੈਣੀ, ਬਠੋਈ-ਦਸਮੇਸ਼ ਨਗਰ, ਖੁਸਰੋਪੁਰ, ਤਰੈਂ ਤੋਂ ਪਟਿਆਲਾ ਸਮਾਣਾ ਗੂਹਲਾ ਰੋਡ ਤੋਂ ਵਾਇਆ ਮਦੋਮਾਜਰਾ, ਮਵੀ ਸੱਪਾਂ, ਧਨੌਰੀ, ਪਟਿਆਲਾ ਸਮਾਣਾ ਰੋਡ ਤੋਂ ਕਕਰਾਲਾ, ਰੰਧਾਵਾ ਤੋਂ ਰਾਮ ਨਗਰ ਕਰਹਾਲੀ ਰੋਡ, ਡਰੌਲੀ ਤੋਂ ਖੇੜੀ ਬਰਨਾ, ਬਠੋਈ ਖੁਰਦ ਤੋਂ ਮੱਦੋਮਾਜਰਾ, ਮੈਣ ਤੋਂ ਕੱਲਰ ਭੈਣੀ ਸੜਕ ਵੀ ਸ਼ਾਮਲ ਹੈ। ਵਿਧਾਇਕ ਜੌੜਾਮਾਜਰਾ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਨੇ ਕਦੇ ਸਮਾਣਾ ਹਲਕੇ ਵੱਲ ਧਿਆਨ ਹੀ ਨਹੀਂ ਦਿੱਤਾ, ਜਿਸ ਕਰਕੇ ਪਿੰਡਾਂ ਦੀਆਂ ਸੜਕਾਂ ਦਾ ਬੁਰਾ ਹਾਲ ਹੋ ਗਿਆ ਸੀ। ਇਸ ਮੌਕੇ ਹਰਜਿੰਦਰ ਸਿੰਘ ਮਿੱਟੂ, ਮਾਰਕੀਟ ਕਮੇਟੀ ਦੇ ਚੇਅਰਮੈਨ ਬਲਕਾਰ ਸਿੰਘ ਗੱਜੂਮਾਜਰਾ, ਗੁਰਦੇਵ ਸਿੰਘ ਟਿਵਾਣਾ ਤੇ ਸੁਰਜੀਤ ਸਿੰਘ ਫੌਜੀ ਵੀ ਮੌਜੂਦ ਸਨ।

## ਡਾ. ਬੀ.ਐੱਸ. ਸੰਧੂ ਸਕੂਲ ਦਾ ਦਸਵੀਂ ਤੇ ਬਾਰ੍ਹਵੀਂ ਜਮਾਤ ਦਾ ਨਤੀਜਾ ਸ਼ਾਨਦਾਰ ਰਿਹਾ

### ਬਾਰ੍ਹਵੀਂ ਜਮਾਤ ਦੇ 52 'ਚੋਂ 18 ਬੱਚਿਆਂ ਨੇ ਕੀਤੀ ਮੈਰਿਟ ਹਾਸਲ



ਦੇਵੀਗੜ੍ਹ, 14 ਮਈ (ਗੁਰਜੀਤ ਸਿੰਘ ਢੋਟ) : ਡਾ. ਬੀ ਐੱਸ ਸੰਧੂ ਮੈਮੋਰੀਅਲ ਪਬਲਿਕ ਸਕੂਲ ਘੜਾਮ ਰੋਡ ਜੁਲਾਹਖੇੜੀ ਦੀ ਦਸਵੀਂ ਅਤੇ ਬਾਰ੍ਹਵੀਂ ਜਮਾਤ ਦਾ ਨਤੀਜਾ ਬਹੁਤ ਹੀ ਸ਼ਾਨਦਾਰ ਰਿਹਾ ਹੈ । ਜ਼ਿਕਰਯੋਗ ਹੈ ਕਿ ਮਿਤੀ 13 ਮਈ 2025 ਨੂੰ ਸੀ ਬੀ ਐਸ ਈ ਵੱਲੋਂ ਦਸਵੀਂ ਅਤੇ ਬਾਰ੍ਹਵੀਂ ਜਮਾਤ ਦੇ ਨਤੀਜੇ ਐਲਾਨੇ ਗਏ ਸਨ। ਪੱਤਰਕਾਰਾਂ ਨਾਲ਼ ਗੱਲਬਾਤ ਕਰਦਿਆਂ ਸਕੂਲ ਪ੍ਰਿੰਸੀਪਲ ਮੈਡਮ ਰਜਿੰਦਰ ਕੌਰ ਸੰਧੂ ਨੇ ਦੱਸਿਆ ਕਿ ਬਾਰ੍ਹਵੀਂ ਜਮਾਤ ਦੇ 52 ਵਿਦਿਆਰਥੀਆਂ ਵਿੱਚੋਂ 18 ਵਿਦਿਆਰਥੀਆਂ ਨੇ ਮੈਰਿਟ ਹਾਸਿਲ ਕੀਤੀ ਹੈ ਜਿਨ੍ਹਾਂ ਵਿੱਚੋਂ ਸੁਖਮਨਪ੍ਰੀਤ ਕੌਰ ਨੇ 97 % ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ , ਹਰਮਨ ਕੌਰ ਨੇ 92.2 %ਅੰਕ ਪ੍ਰਾਪਤ ਕਰਕੇ ਦੂਸਰਾ ਸਥਾਨ ਅਤੇ ਜਗਜੀਤ ਸਿੰਘ ਨੇ 92 % ਅੰਕ ਪ੍ਰਾਪਤ ਕਰਕੇ ਤੀਸਰਾ ਸਥਾਨ ਹਾਸਿਲ ਕੀਤਾ ਹੈ। ਇਸੇ ਤਰ੍ਹਾਂ ਜਸ਼ਨਦੀਪ ਦੇਵੀ ਨੇ 91 %, ਸਾਨੀਆ ਰਾਣੀ ਨੇ 91%, ਗੁਰਪ੍ਰੀਤ ਸਿੰਘ ਨੇ 88%, ਮਹਿਕਮੀਤ ਕੌਰ ਨੇ 87.4%, ਰਸ਼ਮੀਤ ਕੌਰ ਨੇ 87.2 %, ਮਨਪ੍ਰੀਤ ਕੌਰ ਨੇ 86%, ਕਮਲਪ੍ਰੀਤ ਕੌਰ ਨੇ 85.4% ਅੰਕ ਹਾਸਿਲ ਕੀਤੇ ਹਨ ਅਤੇ ਇਨ੍ਹਾਂ ਤੋਂ ਇਲਾਵਾ 21 ਹੋਰ ਵਿਦਿਆਰਥੀਆਂ ਨੇ ਪਹਿਲੇ ਦਰਜੇ ਦੇ ਅੰਕ ਪ੍ਰਾਪਤ ਕਰਕੇ ਸ਼ਾਨਦਾਰ ਪ੍ਰਦਰਸ਼ਨ ਕੀਤਾ ਹੈ। ਦੂਸਰੇ ਪਾਸੇ ਦਸਵੀਂ ਜਮਾਤ ਦੇ ਵਿਦਿਆਰਥੀਆਂ ਵਿੱਚੋਂ ਨਵਜੋਤ ਕੌਰ ਨੇ 94 %, ਸੁਖਮਨਜੋਤ ਕੌਰ ਨੇ 84.2 ਅਤੇ ਸੋਨਪ੍ਰੀਤ ਕੌਰ ਨੇ 82.2 ਅੰਕ ਹਾਸਿਲ ਕੀਤੇ ਹਨ ਅਤੇ ਬਾਕੀ ਵਿਦਿਆਰਥੀ ਵੀ ਵਧੀਆ ਅੰਕ ਲੈਕੇ ਪਾਸ ਹੋਏ ਹਨ । ਇਸ ਦੇ ਨਾਲ਼ ਸਕੂਲ ਦਾ ਨਤੀਜਾ ਓਵਰਆਲ 100 ਪ੍ਰਤੀਸ਼ਤ ਰਿਹਾ ਹੈ। ਸਕੂਲ ਚੇਅਰਮੈਨ ਹਰਦੀਪ ਸਿੰਘ ਸੰਧੂ ਨੇ ਵਿਦਿਆਰਥੀਆਂ ਨੂੰ ਚੰਗੇ ਅੰਕ ਲੈਕੇ ਪਾਸ ਹੋਣ ਦੀ ਖੁਸ਼ੀ ਵਿੱਚ ਮੂੰਹ ਮਿੱਠਾ ਕਰਵਾਇਆ।

## ਬੋਰਡ ਪ੍ਰੀਖਿਆਵਾਂ 'ਚ ਮਾਡਰਨ ਸਕੂਲ ਦੇ ਬੱਚੇ ਚਮਕੇ




ਪਟਿਆਲਾ, 14 ਮਈ (ਚ.ਨ.ਸ.) : ਮਾਡਰਨ ਸੀਨੀਅਰ ਸੈਕੰਡਰੀ ਸਕੂਲ, ਪਟਿਆਲਾ ਅਕਾਦਮਿਕ ਸਾਲ 2024-25 ਲਈ ਸੀਬੀਐਸਈ ਬੋਰਡ ਪ੍ਰੀਖਿਆਵਾਂ ਵਿੱਚ ਆਪਣੇ ਵਿਦਿਆਰਥੀਆਂ ਦੇ ਸ਼ਾਨਦਾਰ ਪ੍ਰਦਰਸ਼ਨ ਦਾ ਜਸ਼ਨ ਮਨਾ ਰਿਹਾ ਹੈ। ਸਾਡੇ ਗ੍ਰੇਡ 10 ਦੇ ਵਿਦਿਆਰਥੀਆਂ ਨੇ ਸ਼ਾਨਦਾਰ ਨਤੀਜੇ ਦਿੱਤੇ ਹਨ, 10 ਵਿਦਿਆਰਥੀਆਂ ਨੇ 90% ਤੋਂ ਵੱਧ ਅੰਕ ਪ੍ਰਾਪਤ ਕੀਤੇ ਹਨ, ਅਤੇ ਬੋਰਡ ਭਰ ਵਿੱਚ 100% ਪਾਸ ਦਰ ਹੈ। ਪ੍ਰਾਪਤੀਆਂ ਦੀ ਸੂਚੀ ਵਿੱਚ ਅਵਲੀਨ ਸਭ ਤੋਂ ਅੱਗੇ ਹੈ, ਜਿਸਨੇ 98.6% ਪ੍ਰਭਾਵਸ਼ਾਲੀ ਅੰਕਾਂ ਨਾਲ ਸਕੂਲ ਵਿੱਚ ਸਭ ਤੋਂ ਵੱਧ ਅੰਕ ਪ੍ਰਾਪਤ ਕੀਤੇ ਹਨ। ਇਸ ਤੋਂ ਬਾਅਦ ਵਿਧੀ ਸ਼ਰਮਾ 96.2% ਨਾਲ ਦੂਜਾ ਸਥਾਨ ਪ੍ਰਾਪਤ ਕੀਤਾ ਹੈ ਅਤੇ ਹਰਸਿਮਰਤਪ੍ਰੀਤ ਸਿੰਘ ਨੇ 95.8% ਪ੍ਰਸ਼ੰਸਾਯੋਗ ਅੰਕਾਂ ਨਾਲ ਤੀਜਾ ਸਥਾਨ ਪ੍ਰਾਪਤ ਕੀਤਾ ਹੈ। ਇਹ ਸ਼ਾਨਦਾਰ ਪ੍ਰਾਪਤੀਆਂ ਸਾਡੇ ਵਿਦਿਆਰਥੀਆਂ ਅਤੇ ਫੈਕਲਟੀ ਦੋਵਾਂ ਦੀ ਸਖ਼ਤ ਮਿਹਨਤ, ਅਨੁਸ਼ਾਸਨ ਅਤੇ ਅਕਾਦਮਿਕ ਸਮਰਪਣ ਦਾ ਪ੍ਰਤੀਬਿੰਬ ਹਨ।

## ਖਰਾਬ ਪਾਣੀ ਨਾਲ ਹੋਣ ਵਾਲੀਆਂ ਬਿਮਾਰੀਆਂ ਤੋਂ ਬਚਾਅ ਲਈ ਪਾਣੀ ਦੇ ਕੁਨੈਕਸ਼ਨਾਂ ਦੀ ਕੀਤੀ ਜਾਵੇ ਜਾਂਚ : ਏ.ਡੀ.ਸੀ.

ਪਟਿਆਲਾ, 14 ਮਈ (ਰੁਪਾਣਾ) : ਵਧੀਕ ਡਿਪਟੀ ਕਮਿਸ਼ਨਰ ਨਵਰੀਤ ਕੌਰ ਸੇਖੋਂ ਨੇ ਬਰਸਾਤੀ ਮੌਸਮ 'ਚ ਖਰਾਬ ਪਾਣੀ ਨਾਲ ਹੋਣ ਵਾਲੀਆਂ ਬਿਮਾਰੀਆਂ ਤੋਂ ਲੋਕਾਂ ਦਾ ਬਚਾਅ ਕਰਨ ਲਈ ਜ਼ਿਲ੍ਹਾ ਅਧਿਕਾਰੀਆਂ ਨੂੰ ਹੁਣੇ ਤੋਂ ਹੀ ਇਸ ਸਬੰਧੀ ਕੰਮ ਕਰਨ ਦੀ ਹਦਾਇਤ ਕਰਦਿਆਂ ਕਿਹਾ ਕਿ ਜ਼ਿਲ੍ਹੇ 'ਚ ਚੱਲ ਰਹੇ ਗ਼ੈਰ-ਮਨਜ਼ੂਰ ਸ਼ੁਦਾ ਪਾਣੀ ਦੇ ਕੁਨੈਕਸ਼ਨਾਂ ਦੀ ਜਲਦੀ ਤੋਂ ਜਲਦੀ ਜਾਂਚ ਕੀਤੀ ਜਾਵੇ ਅਤੇ ਕੁਨੈਕਸ਼ਨ ਕੱਟੇ ਜਾਣ ਤਾਂ ਜੋ ਖਰਾਬ ਪਾਣੀ ਨਾਲ ਹੋਣ ਵਾਲੀਆਂ ਬਿਮਾਰੀਆਂ ਨੂੰ ਰੋਕਿਆਂ ਜਾ ਸਕੇ। ਨਵਰੀਤ ਕੌਰ ਸੇਖੋਂ ਨੇ ਜ਼ਿਲ੍ਹਾ ਸਿਹਤ ਸੁਸਾਇਟੀ ਦੀ ਮਹੀਨਾਵਾਰ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਕਿਹਾ ਕਿ ਲੋਕਾਂ ਨੂੰ ਹੀਟ ਵੇਵ ਤੋਂ ਬਚਾਅ ਲਈ ਰੱਖੀਆਂ ਜਾਣ ਵਾਲੀਆਂ ਸਾਵਧਾਨੀਆਂ ਸਬੰਧੀ ਵੀ ਸਿਹਤ ਵਿਭਾਗ ਸਮੇਂ ਸਮੇਂ 'ਤੇ ਐਡਵਾਇਜ਼ਰੀ ਜਾਰੀ ਕਰਕੇ ਜਾਣਕਾਰੀ ਦਿੰਦਾ ਰਹੇ ਤਾਂ ਜੋ ਹੀਟ ਵੇਵ ਦੇ ਮਾੜੇ ਪ੍ਰਭਾਵਾਂ ਤੋਂ ਬਚਿਆ ਜਾ ਸਕੇ। ਇਸ ਮੌਕੇ ਉਨ੍ਹਾਂ ਸਿਹਤ ਵਿਭਾਗ ਨਾਲ ਸਬੰਧਤ ਜੱਚਾ ਬੱਚਾ ਦੀ ਸੰਭਾਲ, ਨਸ਼ੇ ਵਿਰੁੱਧ ਚੱਲ ਰਹੀ ਮੁਹਿੰਮ ਦੀ ਵੀ ਜਾਇਜ਼ਾ ਲਿਆ। ਇਸ ਮੌਕੇ ਉਨ੍ਹਾਂ ਜਨਨੀ ਸ਼ਿਸ਼ੂ ਸੁਰੱਖਿਆ ਕਾਰ੍ਰਿਆਕਰਮ, ਜਨਨੀ ਸੁਰੱਖਿਆ ਯੋਜਨਾ, ਪ੍ਰਧਾਨ ਮੰਤਰੀ ਸੁਰੱਖਿਅਤ ਮਾਤ੍ਰਿਤਵ ਅਭਿਆਨ, ਸੁਮਨ, ਪਰਿਵਾਰ ਨਿਯੋਜਨ, ਆਰ.ਬੀ.ਐਸ.ਕੇ, ਐਨ.ਪੀ.ਸੀ.ਬੀ., ਰਾਸ਼ਟਰੀ ਵੈਕਟਰ ਬੋਰਨ ਡਜ਼ੀਜ਼ ਕੰਟਰੋਲ ਪ੍ਰੋਗਰਾਮ ਤੇ ਟੀ.ਬੀ. ਕੰਟਰੋਲ ਪ੍ਰੋਗਰਾਮ ਦੀ ਸਮੀਖਿਆ ਕਰਦਿਆਂ ਇਨ੍ਹਾਂ ਸਕੀਮਾਂ ਨੂੰ ਹੋਰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਦੀ ਹਦਾਇਤ ਕੀਤੀ। ਮੀਟਿੰਗ ਦੌਰਾਨ ਸਿਵਲ ਸਰਜਨ ਡਾ. ਜਗਪਾਲਇੰਦਰ ਸਿੰਘ ਨੇ ਦੱਸਿਆ ਕਿ ਸਿਹਤ ਮੰਤਰੀ ਡਾ. ਬਲਬੀਰ ਸਿੰਘ ਦੀ ਯੋਗ ਅਗਵਾਈ 'ਚ ਸਿਹਤ ਵਿਭਾਗ ਨਿਰੰਤਰ ਸਿਹਤ ਸੇਵਾਵਾਂ 'ਚ ਸੁਧਾਰ ਕਰ ਰਿਹਾ ਹੈ। ਉਨ੍ਹਾਂ ਵਿਭਾਗ ਦੀ ਪ੍ਰਗਤੀ ਰਿਪੋਰਟ ਦਿੰਦਿਆਂ ਦੱਸਿਆ ਕਿ ਪਟਿਆਲਾ ਜ਼ਿਲ੍ਹੇ 'ਚ ਸਰਕਾਰ ਵੱਲੋਂ ਚਲਾਈਆਂ ਜਾਂਦੀਆਂ ਯੋਜਨਾਵਾਂ ਸਫਲਤਾਪੂਰਵਕ ਚੱਲ ਰਹੀਆਂ ਹਨ। ਉਨ੍ਹਾਂ ਦੱਸਿਆ ਕਿ ਪਟਿਆਲਾ ਜ਼ਿਲ੍ਹੇ 'ਚ 32 ਓਟ ਕਲੀਨਿਕ ਚੱਲ ਰਹੇ ਹਨ, ਜਿਨ੍ਹਾਂ 'ਚ ਰੋਜ਼ਾਨਾ 2998 ਮਰੀਜ਼ ਦਵਾਈ ਲੈ ਰਹੇ ਹਨ। ਇਸ ਮੌਕੇ ਜ਼ਿਲ੍ਹਾ ਟੀਕਾਕਰਨ ਅਫ਼ਸਰ ਡਾ. ਸੁਮਿਤ ਸਿੰਘ, ਡਾ. ਗੁਰਪ੍ਰੀਤ ਕੌਰ, ਡਾ. ਜਸਵਿੰਦਰ ਸਿੰਘ ਸਮੇਤ ਜ਼ਿਲ੍ਹੇ ਦੇ ਸਮੂਹ ਸੀਨੀਅਰ ਮੈਡੀਕਲ ਅਫ਼ਸਰ ਵੀ ਹਾਜ਼ਰ ਸਨ।

## ਛੁਰੇ ਨਾਲ ਵਾਰ ਕਰਨ 'ਤੇ ਮਾਮਲਾ ਦਰਜ

ਪਟਿਆਲਾ, 14 ਮਈ (ਵਿਨੋਦ ਸ਼ਰਮਾ) : ਥਾਣਾ ਕੋਤਵਾਲੀ ਪਟਿਆਲਾ ਪੁਲਿਸ ਕੋਲ ਨਿਸ਼ਾਰ ਅਹਿਮਦ ਪੁੱਤਰ ਇਸ਼ਾਦ ਅਹਿਮਦ ਵਾਸੀ ਤੇਜ਼ ਬਾਗ ਕਲੋਨੀ ਨੇੜੇ ਨੂਰਾਨੀ ਮਸਜਿਦ ਪਟਿਆਲਾ ਨੇ ਕਥਿਤ ਦੋਸ਼ੀ ਮੁਹੰਮਦ ਰੁਬਾਨੀ ਪੁੱਤਰ ਸਬੀਰ ਵਾਸੀ ਪਿੰਡ ਨਸੀਰਪੁਰ ਜ਼ਿਲ੍ਹਾ ਬਿਜਨੌਰ ਯੂ.ਪੀ ਹਾਲ ਤੇਜਬਾਗ ਕਲੋਨੀ ਨੇੜੇ ਨੂਰਾਨੀ ਮਸਜਿਦ ਪਟਿਆਲਾ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ। ਸ਼ਿਕਾਇਤਕਰਤਾ ਨੇ ਪੁਲਿਸ ਨੂੰ ਦੱਸਿਆ ਕਿ ਉਹ ਆਪਣੇ ਭਰਾ ਜੁਲਪੁਕਾਰ ਸਮੇਤ ਮਸਜਿਦ ਪਾਸ ਖੜ੍ਹਾ ਸੀ, ਜੋ ਕਥਿਤ ਦੋਸ਼ੀ ਮੌਕੇ 'ਤੇ ਆਇਆ ਅਤੇ ਉਸ ਨੂੰ ਗਾਲੀ ਗਲੋਚ ਕਰਨ ਲੱਗ ਪਿਆ ਤੇ ਉਸ ਵੱਲੋਂ ਵਿਰੋਧ ਕਰਨ 'ਤੇ ਉਸ ਦੇ ਭਰਾ ਦੀ ਪਿੱਠ 'ਤੇ ਛੁਰੇ ਦਾ ਵਾਰ ਕੀਤਾ ਅਤੇ ਉਸ ਦੇ ਹੱਥ 'ਤੇ ਵੀ ਮਾਰਿਆ। ਪੁਲਿਸ ਨੇ ਧਾਰਾ 115(2), 118(1),351(2,3) ਬੀ.ਐਨ.ਐਸ. ਦੇ ਤਹਿਤ ਮਾਮਲਾ ਦਰਜ ਕਰ ਲਿਆ ਹੈ।

## ਟੈਗੋਰ ਇੰਟਰਨੈਸ਼ਨਲ ਸਕੂਲ ਅਕਬਰਪੁਰ ਦਾ ਦਸਵੀਂ ਤੇ ਬਾਰਵੀਂ ਦਾ ਨਤੀਜਾ ਰਿਹਾ ਸ਼ਾਨਦਾਰ



ਦੇਵੀਗੜ੍ਹ, 14 ਮਈ (ਗੁਰਜੀਤ ਸਿੰਘ ਢੋਟ) : ਟੈਗੋਰ ਇੰਟਰਨੈਸ਼ਨਲ ਸਕੂਲ ਦੇ ਡਾਇਰੈਕਟਰ ਗੌਰਵ ਗੁਲਾਟੀ ਅਤੇ ਪ੍ਰੈਜ਼ੀਡੈਂਟ ਮੈਡਮ ਸਲੋਨੀ ਗੁਲਾਟੀ ਵੱਲੋਂ ਦਸਵੀਂ ਅਤੇ ਬਾਰਵੀਂ ਜਮਾਤ ਦਾ ਨਤੀਜਾ ਵਧੀਆ ਆਉਣ ਦੀ ਖੁਸ਼ੀ ਦੌਰਾਨ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਟੈਗੋਰ ਇੰਟਰਨੈਸ਼ਨਲ ਸਕੂਲ ਦਾ ਦਸਵੀਂ ਅਤੇ ਬਾਰਵੀਂ ਜਮਾਤ ਸੈਸ਼ਨ 2024-25 ਦੇ ਵਿਦਿਆਰਥੀਆਂ ਦਾ ਨਤੀਜਾ ਸ਼ਾਨਦਾਰ ਰਿਹਾ ਜਿਸ ਵਿੱਚ ਬਾਰਵੀਂ ਜਮਾਤ ਦੀ ਵਿਦਿਆਰਥਣ ਪੁਸ਼ਪਦੀਪ ਕੌਰ ਨੇ ਆਰਟਸ ਵਿੱਚੋਂ 97% ਅੰਕ ਪ੍ਰਾਪਤ ਕੀਤੇ ਤੇ ਪੂਰੇ ਦੇਵੀਗੜ੍ਹ ਇਲਾਕੇ ਵਿੱਚੋਂ ਟੋਪਰ ਰਹੀ। ਸਿਮਰਨਪ੍ਰੀਤ ਕੌਰ ਨੇ 95.4% ਅੰਕ ਪ੍ਰਾਪਤ ਕਰਕੇ ਦੂਜਾ ਸਥਾਨ, ਦਮਨਪ੍ਰੀਤ ਕੌਰ ਨੇ 94.6% ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਹਾਸਿਲ ਕੀਤਾ। ਜਸ਼ਨਪ੍ਰੀਤ ਕੌਰ ਨੇ ਕਾਮਰਸ ਵਿੱਚ 95.8% ਅੰਕ ਪ੍ਰਾਪਤ ਕਰਕੇ ਟੋਪ ਕੀਤਾ ਅਤੇ ਰੁਸ਼ਿਕਾ ਨੇ ਮੈਡੀਕਲ ਵਿੱਚੋਂ 93.2%, ਅੰਕ ਪ੍ਰਾਪਤ ਟੋਪ ਕੀਤਾ। 35 ਬੱਚਿਆਂ ਨੇ 90% ਤੋਂ ਉੱਪਰ ਅੰਕ ਪ੍ਰਾਪਤ ਕਰਕੇ ਸਕੂਲ ਅਤੇ ਮਾਤਾ-ਪਿਤਾ ਦਾ ਨਾਂ ਰੌਸ਼ਨ ਕੀਤਾ। ਦੂਜੇ ਪਾਸੇ ਦਸਵੀਂ ਜਮਾਤ ਦੇ ਵਿਦਿਆਰਥੀਆਂ ਨੇ ਵੀ ਬਹੁਤ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਰਾਧਿਕਾ ਨੇ 96.2% ਅੰਕ ,ਗੁਰਲੀਨ ਕੌਰ ਨੇ 95.4% ਅਨੁਰੀਤ ਕੌਰ ਨੇ 93. 8% ਅੰਕ ਪ੍ਰਾਪਤ ਕਰਕੇ ਪਹਿਲਾ, ਦੂਜਾ ਅਤੇ ਤੀਜਾ ਸਥਾਨ ਹਾਸਲ ਕੀਤਾ। ਸਕੂਲ ਡਾਇਰੈਕਟਰ ਸ੍ਰੀ ਗੌਰਵ ਗੁਲਾਟੀ ,ਪ੍ਰੈਜ਼ੀਡੈਂਟ ਸਲੋਨੀ ਗੁਲਾਟੀ ਨੇ ਕਿਹਾ ਕਿ ਸਾਡੇ ਕੋਹਿਨੂਰ ਹੀਰੇ ਇਸੇ ਤਰ੍ਹਾਂ ਅੱਗੇ ਵਧਦੇ ਰਹਿਣਗੇ। ਮੈਨੇਜਰ ਸੁਸ਼ੀਲ ਮਿਸ਼ਰਾ ਅਤੇ ਪ੍ਰਿੰਸੀਪਲ ਮੀਨਾਕਸ਼ੀ ਸੂਦ ਨੇ ਕਿਹਾ ਇਹ ਬੱਚਿਆਂ ਤੇ ਅਧਿਆਪਕਾਂ ਦੀ ਸਖ਼ਤ ਮਿਹਨਤ ਦਾ ਨਤੀਜਾ ਹੈ।

## 25 ਗ੍ਰਾਮ ਨਸ਼ੀਲਾ ਪਾਊਡਰ ਬ੍ਰਾਮਦ

ਪਟਿਆਲਾ, 14 ਮਈ (ਵਿਨੋਦ ਸ਼ਰਮਾ) : ਥਾਣਾ ਕੋਤਵਾਲੀ ਪਟਿਆਲਾ ਪੁਲਿਸ ਨੇ ਕਥਿਤ ਦੋਸ਼ੀ ਸੰਦੀਪ ਸਿੰਘ ਪੁੱਤਰ ਮੋਹਨ ਸਿੰਘ ਵਾਸੀ ਚੀਮਾ ਕਲੋਨੀ ਪਟਿਆਲਾ ਵਿਰੁੱਧ ਧਾਰਾ 21,22, 61, 85 ਦੇ ਤਹਿਤ ਮਾਮਲਾ ਦਰਜ ਕਰ ਲਿਆ ਹੈ। ਐਸ.ਆਈ ਪੂਰਨ ਸਿੰਘ ਸਮੇਤ ਪੁਲਿਸ ਪਾਰਟੀ ਗਸ਼ਤ ਵਾ ਤਲਾਸ਼ ਸ਼ੱਕੀ ਤੇ ਭੈੜੇ ਪੁਰਸ਼ਾਂ ਦੇ ਸਬੰਧ ਵਿੱਚ ਨਿਊ ਮਹਿੰਦਰਾ ਕਲੋਨੀ ਪਟਿਆਲਾ ਕੋਲ ਮੌਜੂਦ ਸੀ, ਜੋ ਕਥਿਤ ਦੋਸ਼ੀ ਨੂੰ ਸ਼ੱਕ ਦੇ ਅਧਾਰ 'ਤੇ ਰੋਕ ਕੇ ਚੈਕ ਕਰਨ ਪਰ 25 ਗ੍ਰਾਮ ਨਸ਼ੀਲਾ ਪਾਊਡਰ ਬ੍ਰਾਮਦ ਹੋਇਆ।

## ਗਲ਼ੀ 'ਚ ਟੈਂਟ ਲਗਾਉਣ ਨੂੰ ਲੈ ਕੇ ਹੋਇਆ ਝਗੜਾ

ਪਟਿਆਲਾ, 14 ਮਈ (ਵਿਨੋਦ ਸ਼ਰਮਾ) : ਥਾਣਾ ਸਦਰ ਪਟਿਆਲਾ ਪੁਲਿਸ ਕੋਲ ਅਮਨਦੀਪ ਕੌਰ ਪਤਨੀ ਹਰਪ੍ਰੀਤ ਸਿੰਘ ਵਾਸੀ ਹੀਰਾ ਕਲੋਨੀ ਬਹਾਦਰਗੜ੍ਹ ਥਾਣਾ ਸਦਰ ਪਟਿਆਲਾ ਨੇ ਕਥਿਤ ਦੋਸ਼ੀਆਂ ਗੁਰਜੰਟ ਸਿੰਘ, ਲਵਪ੍ਰੀਤ ਸਿੰਘ, ਪ੍ਰਭਜੋਤ ਸਿੰਘ ਵਾਸੀ ਪਿੰਡ ਹੀਰਾ ਕਲੋਨੀ ਬਹਾਦਰਗੜ੍ਹ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ। ਸ਼ਿਕਾਇਤਕਰਤਾ ਨੇ ਪੁਲਿਸ ਨੂੰ ਦੱਸਿਆ ਕਿ ਕਥਿਤ ਦੋਸ਼ੀ ਨੇ ਉਸ ਦੇ ਪਤੀ ਅਤੇ ਦਿਉਰ ਦੀ ਕੁੱਟਮਾਰ ਕੀਤੀ ਅਤੇ ਜਦੋਂ ਉਹ ਛੁਡਾਉਣ ਗਈ ਤਾਂ ਕਥਿਤ ਦੋਸ਼ੀਆਂ ਨੇ ਉਸ ਦੀ ਵੀ ਕੁੱਟਮਾਰ ਕੀਤੀ ਅਤੇ ਜਾਨੋਂ ਮਾਰਨ ਦੀਆ ਧਮਕੀਆਂ ਵੀ ਦਿੱਤੀਆਂ, ਵਜਾ ਰੰਜਸ਼ ਇਹ ਹੈ ਕਿ ਗਲੀ ਵਿੱਚ ਟੈਂਟ ਲਗਾਉਣ ਨੂੰ ਲੈ ਕੇ ਇਹ ਝਗੜਾ ਹੋਇਆ। ਪੁਲਿਸ ਨੇ ਧਾਰਾ 115(2), 126(2),351(2),3(5) ਬੀ.ਐਨ.ਐਸ. ਦੇ ਤਹਿਤ ਮਾਮਲਾ ਦਰਜ ਕਰ ਲਿਆ ਹੈ।

## ਡੀ.ਆਈ.ਜੀ. ਡਾ. ਨਾਨਕ ਸਿੰਘ ਦਾ ਜੱਥੇਬੰਦੀ ਵੱਲੋਂ ਸਵਾਗਤ



ਪਟਿਆਲਾ, 14 ਮਈ (ਚ.ਨ.ਸ.) : ਫਰੀਡਮ ਫਾਈਟਰ ਉਤਰਾਅਧਿਕਾਰੀ ਸੰਸਥਾ ਪਟਿਆਲਾ ਪੰਜਾਬ ਦਾ ਜ਼ਿਲ੍ਹਾ ਪ੍ਰਧਾਨ ਜਗਦੀਪ ਸਿੰਘ ਧਨੇਠਾ, ਜ਼ਿਲ੍ਹਾ ਸਕੱਤਰ ਸੁਖਵਿੰਦਰ ਸਿੰਘ ਖੁਰਾਣਾ ਦੀ ਅਗਵਾਈ ਵਿਚ ਨਵ-ਨਿਯੁਕਤ ਡੀ.ਆਈ.ਜੀ ਪਟਿਆਲਾ ਰੇਂਜ ਡਾ. ਨਾਨਕ ਸਿੰਘ ਨੂੰ ਜੱਥੇਬੰਦੀ ਵੱਲੋਂ ਫੁੱਲਾਂ ਦਾ ਗੁਲਦਸਤਾ ਦੇ ਕੇ ਜੀ ਆਇਆਂ ਆਖਿਆ। ਇਸ ਮੌਕੇ ਜਰਨੈਲ ਸਿੰਘ ਪਟਿਆਲਾ, ਅਨਿਲ ਕੁਮਾਰ ਕਪਿਲ ਅਤੇ ਪ੍ਰਿੰਸੀਪਲ (ਰਿਟਾ:) ਭਰਪੂਰ ਸਿੰਘ ਲੌਟ ਹਾਜ਼ਰ ਸਨ।

## ਨੌਜਵਾਨਾਂ ਵੱਲੋਂ ਆਪਣੇ ਵਿਛੜੇ ਸਾਥੀ ਰਣਬੀਰ ਹੈਪੀ ਤੇ ਮੱਖਣ ਰੌਂਗਲਾ ਦੀ ਯਾਦ 'ਚ ਖ਼ੂਨਦਾਨ ਕੈਂਪ ਲਗਾਉਣਾ ਸ਼ਲਾਘਾਯੋਗ ਉਪਰਾਲਾ : ਬੰਨੀ ਚੈਹਿਲ




ਪਟਿਆਲਾ, 14 ਮਈ (ਚ.ਨ.ਸ.) : ਸਵਰਗੀ ਰਣਬੀਰ ਹੈਪੀ ਅਤੇ ਮੱਖਣ ਰੌਂਗਲਾ ਦੀ ਯਾਦ ਵਿੱਚ ਹਰ ਸਾਲ ਦੀ ਤਰ੍ਹਾਂ ਸੇਵੀ ਸੰਸਥਾਵਾਂ ਯੂਥ ਫੈਡਰੇਸ਼ਨ ਆਫ ਇੰਡੀਆ, ਪਾਵਰ ਹਾਊਸ ਯੂਥ ਕਲੱਬ, ਯੁਵਕ ਸੇਵਾਵਾਂ ਕਲੱਬ ਦੀਪ ਨਗਰ ਵੱਲੋਂ ਲਾਈਫ ਲਾਈਨ ਬਲੱਡ ਬੈਂਕ ਵਿਖੇ ਖ਼ੂਨਦਾਨ ਕੈਂਪ ਲਗਾਇਆ ਗਿਆ, ਜਿਸ ਵਿੱਚ ਮੁੱਖ ਮਹਿਮਾਨ ਉੱਘੇ ਸਮਾਜ ਸੇਵੀ ਸੰਜੇਇੰਦਰ ਸਿੰਘ ਬੰਨੀ ਚੈਹਿਲ ਨੇ ਸ਼ਿਰਕਤ ਕੀਤੀ, ਪ੍ਰੋਗਰਾਮ ਦੀ ਪ੍ਰਧਾਨਗੀ ਸੁਖਜਿੰਦਰ ਸਿੰਘ ਇੰਚਾਰਜ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਅਤੇ ਪਰਮਿੰਦਰ ਭਲਵਾਨ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ ਨੇ ਕੀਤੀ। ਖ਼ੂਨਦਾਨ ਕੈਂਪ ਦਾ ਉਦਘਾਟਨ ਸਵਰਗੀ ਰਣਬੀਰ ਹੈਪੀ ਦੇ ਭਰਾਵਾਂ ਜਗਤਾਰ ਨਿੱਕਾ, ਸਤਬੀਰ ਕਾਲਾ, ਬੇਟੇ ਹਰਸਪ੍ਰੀਤ ਸਿੰਘ ਹਨੀ ਕੈਨੇਡਾ ਅਤੇ ਸਵਰਗੀ ਮੱਖਣ ਰੌਗਲਾ ਦੇ ਭਰਾ ਕੁਲਵੰਤ ਸਿੰਘ ਸਾਬਕਾ ਸਰਪੰਚ ਰੌਗਲਾ ਨੇ ਖੁਦ ਖ਼ੂਨਦਾਨ ਕਰਕੇ ਕੀਤਾ, ਵਿਸ਼ੇਸ਼ ਤੌਰ ਤੇ ਐਸ ਆਈ ਜਸਵੰਤ ਕੁਮਾਰ ਇੰਚਾਰਜ ਸਾਂਝ ਕੇਂਦਰ ਸਿਟੀ-2, ਐਸ ਆਈ ਭਗਵਾਨ ਸਿੰਘ ਲਾਡੀ ਪਹੇੜੀ, ਅਮਰਜੀਤ ਸਿੰਘ ਗੀਡਰ ਡੀ ਐਸ ਪੀ ਕ੍ਰਾਈਮ ਵਿਰੁੱਧ ਔਰਤਾਂ ਅਤੇ ਬੱਚੇ, ਨਿਰਮਲ ਸਿੰਘ ਫੱਗਣਮਾਜਰਾ, ਰਮਨਦੀਪ ਸਿੰਘ ਪਾਸਪੋਰਟ ਵੈਰੀਫਿਕੇਸ਼ਨ ਅਫਸਰ ਸਾਂਝ ਕੇਂਦਰ ਤ੍ਰਿਪੜੀ, ਜਗਤਾਰ ਤੂਰ, ਜਸਬੀਰ ਸਿੰਘ ਵੜੈਚ, ਮਨਪ੍ਰੀਤ ਗਰੇਵਾਲ, ਵਰਿੰਦਰ ਮਾਜਰੀ ਅਕਾਲੀਆਂ, ਚਰਨਜੀਤ ਸਿੰਘ ਟਿਵਾਣਾ ਦਿੱਤੂਪੁਰ, ਬਲਜੀਤ ਭਾਖਰ, ਹਰਜਿੰਦਰ ਬਿੱਲਾ, ਵਿਨੇ ਕੁਮਾਰ, ਹਰਭਜਨ ਰੌਗਲਾ, ਮੀਨਾ , ਰੁਦਰਪ੍ਰਤਾਪ ਸਿਘ ਪ੍ਰਧਾਨ ਯੁਵਕ ਸੇਵਾਵਾਂ ਕਲੱਬ ਦੀਪ ਨਗਰ, ਵਿਨੋਦ ਸਿੰਘ, ਰੋਹਿਤ, ਸੁਸ਼ੀਲ ਕੁਮਾਰ, ਸਨੀ ਕੁਮਾਰ, ਸੰਦੀਪ ਕੁਮਾਰ, ਗੁਰਮੀਤ ਸਿੰਘ ਕਾਕਾ, ਗੋਬਿੰਦ, ਹਰਪ੍ਰੀਤ ਗਰੇਵਾਲ, ਸਤਗੁਰੂ ਭਵਾਨੀਗੜ੍ਹ, ਰਾਜੂ ਬੜੂੰਗਰ, ਧਰਮ ਚੰਦ, ਹਰਮਨਜੀਤ ਸਿੰਘ ਰੰਧਾਵਾ, ਲੱਕੀ ਹਰਦਾਸਪੁਰ, ਧੀਰੀ ਟਿਵਾਣਾ, ਦੀਪਾ ਖਰੋੜ ਲੰਗ, ਅਮਰਜੀਤ ਸਿੰਘ ਲੰਗ ਨੇ ਸ਼ਿਰਕਤ ਕੀਤੀ, ਇਸ ਮੌਕੇ ਸੰਬੋਧਨ ਕਰਦਿਆ ਉਘੇ ਸਮਾਜ ਸੇਵੀ ਸੰਜੇਇੰਦਰ ਸਿੰਘ ਬੰਨੀ ਚੈਹਿਲ ਨੇ ਕਿਹਾ ਕਿ ਨੋਜਵਾਨਾ ਵਲੋਂ ਵਿਛੜੇ ਸਾਥੀਆਂ ਰਣਬੀਰ ਹੈਪੀ ਅਤੇ ਮੱਖਣ ਰੋਂਗਲਾ ਦੀ ਯਾਦ ਵਿੱਚ ਖ਼ੂਨਦਾਨ ਕੈਂਪ ਲਗਾ ਕੇ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕਰਨਾ ਸ਼ਲਾਘਾਯੋਗ ਉਪਰਾਲਾ ਹੈ। ਉਹਨਾਂ ਖ਼ੂਨਦਾਨੀਆਂ ਦੀ ਹੌਸਲਾ ਅਫਜ਼ਾਈ ਕਰਦਿਆਂ ਕਿਹਾ ਕਿ ਖ਼ੂਨਦਾਨ ਸਭ ਦਾਨਾਂ ਤੋਂ ਉੱਤਮ ਦਾਨ ਹੈ ਇਸ ਲਈ ਸਾਨੂੰ ਸਾਰਿਆਂ ਨੂੰ ਵੱਧ ਤੋਂ ਵੱਧ ਖ਼ੂਨਦਾਨ ਕਰਨ ਲਈ ਅੱਗੇ ਆਉਣਾ ਚਾਹੀਦਾ ਹੈ। ਇਸ ਮੌਕੇ ਲਾਈਫ ਲਾਇਨ ਬਲੱਡ ਬੈਂਕ ਵੱਲੋਂ ਡਾ. ਅਰਸ਼ਪ੍ਰੀਤ ਕੌਰ ਅਤੇ ਸਾਗਰ ਅਰੋੜਾ ਦੀ ਟੀਮ ਵੱਲੋਂ ਬਲੱਡ ਇੱਕਤਰ ਕੀਤਾ ਗਿਆ।

## ਮਾਤਾ ਗੁਜਰੀ ਸਕੂਲ ਦੇਵੀਗੜ੍ਹ ਦਾ ਦਸਵੀਂ ਕਲਾਸ ਦਾ ਨਤੀਜਾ ਰਿਹਾ ਸ਼ਾਨਦਾਰ



ਦੇਵੀਗੜ, 14 ਮਈ (ਗੁਰਜੀਤ ਸਿੰਘ ਢੋਟ): ਹਰ ਸਾਲ ਦੀ ਤਰ੍ਹਾਂ ਮਾਤਾ ਗੁਜਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਦੇਵੀਗੜ੍ਹ ਦੇ ਵਿਦਿਆਰਥੀਆਂ ਵੱਲੋਂ ਇਸ ਵਾਰ ਵੀ ਦਸਵੀਂ ਕਲਾਸ ਦੇ ਨਤੀਜਿਆਂ ਵਿੱਚ ਮੱਲਾਂ ਮਾਰ ਕੇ ਵਧੀਆ ਪੁਜ਼ੀਸ਼ਨਾਂ ਹਾਸਿਲ ਕੀਤੀਆਂ ਹਨ, ਜਿਸ ਤੇ ਸਾਨੂੰ ਮਾਣ ਮਹਿਸੂਸ ਹੋ ਰਿਹਾ ਹੈ । ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਮਾਤਾ ਗੁਜਰੀ ਸਕੂਲ ਦੇ ਡਾਇਰੈਕਟਰ ਸਰਦਾਰ ਭੁਪਿੰਦਰ ਸਿੰਘ ਵੱਲੋਂ ਬੱਚਿਆਂ ਦੇ ਵਧੀਆ ਨਤੀਜਾ ਆਉਣ ਦੀ ਖੁਸ਼ੀ ਵਿੱਚ ਮਨਾਏ ਗਏ ਜਸ਼ਨ ਦੌਰਾਨ ਕੀਤਾ ਗਿਆ। ਉਹਨਾਂ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਮਿਤੀ 13-5- 2025 ਸੀ. ਬੀ. ਐਸ.ਈ . ਬੋਰਡ ਵੱਲੋਂ ਦਸਵੀਂ ਕਲਾਸ ਦਾ ਨਤੀਜਾ ਐਲਾਨਿਆ ਗਿਆ । ਸਾਲ 2024-25 ਵਿੱਚ ਮਾਤਾ ਗੁਜਰੀ ਸੀਨੀਅਰ ਸੈਕੰਡਰੀ ਸਕੂਲ ਦੇਵੀਗੜ੍ਹ , ਪਟਿਆਲਾ ਦੇ ਕੁੱਲ 107 ਵਿਦਿਆਰਥੀਆਂ ਨੇ ਪ੍ਰੀਖਿਆ ਦਿੱਤੀ। ਪਿਛਲੇ ਸਾਲਾਂ ਦੀ ਤਰ੍ਹਾਂ ਇਸ ਸਾਲ ਵੀ ਮਾਤਾ ਗੁਜਰੀ ਸਕੂਲ ਦਾ ਨਤੀਜਾ 100 ਪ੍ਰਤੀਸ਼ਤ ਰਿਹਾ। ਗੁਰਸਿਮਰਨ ਕੌਰ ਨੇ 93.4% ਅੰਕ ਪ੍ਰਾਪਤ ਕਰਕੇ ਸਕੂਲ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ, ਮਹਿਕ ਨੇ 91.8 % ਅੰਕ ਲੈ ਕੇ ਦੂਜਾ ਸਥਾਨ ਪ੍ਰਾਪਤ ਕੀਤਾ ਅਤੇ ਜੈਸਮੀਨ ਕੌਰ ਅਤੇ ਕੋਮਲਪ੍ਰੀਤ ਕੌਰ ਨੇ 90.6 ਪ੍ਰਤੀਸ਼ਤ ਅੰਕ ਲੈ ਕੇ ਤੀਜਾ ਸਥਾਨ ਹਾਸਲ ਕੀਤਾ । ਜ਼ਿਕਰਯੋਗ ਹੈ ਕਿ 5 ਵਿਦਿਆਰਥੀਆਂ ਨੇ 90% ਤੋਂ ਵੱਧ ਅਤੇ 11 ਵਿਦਿਆਰਥੀਆ ਨੇ 80% ਤੋਂ ਵੱਧ ਅੰਕ ਹਾਸਲ ਕੀਤੇ। ਇਸ ਖੁਸ਼ੀ ਦੇ ਮੌਕੇ ਤੇ ਸਕੂਲ ਪ੍ਰੈਜੀਡੈਂਟ ਮੈਡਮ ਰਵਿੰਦਰ ਕੌਰ, ਡਾਇਰੈਕਟਰ ਸ: ਭੁਪਿੰਦਰ ਸਿੰਘ, ਪ੍ਰਿੰਸੀਪਲ ਮੈਡਮ ਮਮਤਾ ਅਤੇ ਅਕਾਦਮਿਕ ਡਾਇਰੈਕਟਰ ਮੈਡਮ ਤੇਜਿੰਦਰ ਕੌਰ ਨੇ ਵਿਦਿਆਰਥੀਆਂ ਦੇ ਗਲ ਵਿਚ ਹਾਰ ਪਾ ਕੇ ਓਹਨਾ ਦਾ ਮੂੰਹ ਮਿੱਠਾ ਕਰਵਾਇਆ ਅਤੇ ਉਨ੍ਹਾਂ ਦੇ ਮਾਪਿਆ ਨੂੰ ਵਧਾਈ ਦਿੰਦੇ ਉਹਨਾਂ ਦੇ ਚੰਗੇ ਭਵਿੱਖ ਦੀਆਂ ਸ਼ੁੱਭਕਾਮਨਾਵਾਂ ਦਿੱਤੀਆਂ । ਟੀਚਿੰਗ ਅਤੇ ਨਾਨ-ਟੀਚਿੰਗ ਸਟਾਫ਼ ਨੇ ਵੀ ਇਸ ਖੁਸ਼ੀ ਵਿੱਚ ਸ਼ਮੂਲੀਅਤ ਕੀਤੀ।

## ਡੀ.ਏ.ਵੀ. ਸਕੂਲ ਬਾਦਸ਼ਾਹਪੁਰ ਦਾ ਦਸਵੀਂ ਦਾ ਨਤੀਜਾ ਸੌ ਫੀਸਦੀ ਰਿਹਾ



ਬਾਦਸ਼ਾਹਪੁਰ, 14 ਮਈ (ਰਿਸ਼ੀਪਾਲ ਗੁਪਤਾ) : ਸੀ.ਬੀ.ਐਸ.ਈ. ਨਵੀਂ ਦਿੱਲੀ ਵੱਲੋਂ ਐਲਾਨੇ ਗਏ ਦਸਵੀਂ ਦੇ ਨਤੀਜੇ ਵਿੱਚ ਡੀ.ਏ.ਵੀ. ਸਕੂਲ ਦੇ ਬੱਚਿਆਂ ਦਾ ਨਤੀਜਾ ਸੌ ਪ੍ਰਤੀਸ਼ਤ ਰਿਹਾ। ਸਕੂਲ ਦੇ ਵਿਦਿਆਰਥੀ ਰਾਜਦੀਪ ਸਿੰਘ ਨੇ 92.8 ਪ੍ਰਤੀਸ਼ਤ ਲੈ ਕੇ ਸਕੂਲ ਵਿੱਚੋਂ ਪਹਿਲਾ, ਹਰਮੀਤ ਕੌਰ ਨੇ 87.4 ਪ੍ਰਤੀਸ਼ਤ ਨਾਲ ਦੂਜਾ, ਅਵਦੀਪ ਕੌਰ ਨੇ 86.4 ਪ੍ਰਤੀਸ਼ਤ ਨਾਲ ਤੀਜਾ, ਗੁਰਲੀਨ ਕੌਰ ਨੇ 86 ਪ੍ਰਤੀਸ਼ਤ ਨਾਲ ਚੌਥਾ ਅਤੇ ਨਵਰੀਤ ਕੌਰ ਨੇ 85.4 ਪ੍ਰਤੀਸ਼ਤ ਨਾਲ ਪੰਜਵਾਂ ਸਥਾਨ ਹਾਸਿਲ ਕੀਤਾ। ਸਕੂਲ ਮੁਖੀ ਪੰਕਜ ਕੁਮਾਰ ਸਿੰਘ ਨੇ ਬੱਚਿਆਂ ਨੂੰ ਵਧਾਈ ਅਤੇ ਸ਼ੁਭ-ਇੱਛਾਵਾਂ ਦਿੱਤੀਆਂ।

## ਅੱਜ ਬਿਜਲੀ ਬੰਦ ਰਹੇਗੀ

ਬਾਦਸ਼ਾਹਪੁਰ, 14 ਮਈ (ਰਿਸ਼ੀਪਾਲ ਗੁਪਤਾ) : ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਦੇ ਸਬ ਡਵੀਜਨ ਅਫ਼ਸਰ ਵੱਲੋਂ ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ 66 ਕੇ.ਵੀ. ਬਾਦਸ਼ਾਹਪੁਰ ਗਰਿੱਡ ਅਧੀਨ ਪੈਂਦੇ 11 ਕੇ.ਵੀ. ਸ਼ਹਿਰੀ ਫੀਡਰ ਤੇ 11 ਕੇ. ਵੀ. ਖੇਤਾਂ ਵਾਲਾ ਫੀਡਰ ਦੀ ਸਲਾਨਾ ਮੁਰੰਮਤ ਲਈ ਸਬ-ਡਵੀਜ਼ਨ ਬਾਦਸ਼ਾਹਪੁਰ ਅਧੀਨ ਪੈਂਦੇ ਇਲਾਕੇ ਸ਼ਹਿਰੀ ਬਾਦਸ਼ਾਹਪੁਰ, ਸੀ-1 ਬਾਦਸ਼ਾਹਪੁਰ, 11 ਕੇ. ਵੀ. ਖੇਤਾਂ ਵਾਲਾ ਫੀਡਰ ਹਰਚੰਦਪੁਰਾ, ਸਿੱਧੂ ਫਾਰਮ, ਨਨਹੇੜਾ, ਗੁਰਦਿਆਲਪੁਰਾ, ਉਗੋਕੇ, ਬੂਟਾ ਸਿੰਘ ਵਾਲਾ, ਜਲਾਲਪੁਰ, ਸਧਾਰਨਪੁਰ, ਭਾਗੋਮਾਜਰੀ, ਰਾਮਪੁਰ ਪੜਤਾ, ਅਰਨੇਟੂ, ਕਾਠ, ਘੱਗਰ ਫੀਡਰਾਂ ਆਦਿ ਦੀ ਸਪਲਾਈ ਮਿਤੀ 15-5-2025 ਦਿਨ ਵੀਰਵਾਰ ਨੂੰ ਸਵੇਰੇ 10 ਵਜੇ ਤੋਂ ਲੈ ਕੇ ਸ਼ਾਮ 5 ਵਜੇ ਤੱਕ ਬੰਦ ਰਹੇਗੀ ।

## ਪਬਲਿਕ ਕਾਲਜ 'ਚ ਹੁਨਰ ਵਿਕਾਸ ਅਧੀਨ ਵਿਸ਼ੇਸ਼ ਕੈਂਪ




ਸਮਾਣਾ, 14 ਮਈ (ਵਿਜੇ ਕੁਮਾਰ): : ਕਾਲਜ ਪ੍ਰਿੰਸੀਪਲ ਡਾ. ਹਰਕੀਰਤ ਸਿੰਘ ਦੀ ਅਗਵਾਈ ਹੇਠ ਮਿਤੀ 26 ਅਪ੍ਰੈਲ ਨੂੰ ਕਾਲਜ ਸਮਾਣਾ ਵਿੱਚ 15 ਦਿਨਾਂ ਦੇ ਹੁਨਰ ਵਿਕਾਸ ਪ੍ਰੋਗਰਾਮ ਅਧੀਨ 25 ਵਿਦਿਆਰਥੀਆਂ ਲਈ ਇੱਕ ਵਿਸ਼ੇਸ਼ ਕੈਂਪ ਦਾ ਆਯੋਜਨ ਕੀਤਾ ਗਿਆ। ਇਸ ਕੈਂਪ ਦੌਰਾਨ ਲੜਕੀਆਂ ਨੂੰ ਮਹਿੰਦੀ ਲਗਾਉਣ ਦੀ ਕਲਾ ਅਤੇ ਲੜਕਿਆਂ ਵਿਚ ਇੰਗਲਿਸ਼ ਸਪੀਕਿੰਗ ਅਤੇ ਫੋਟੋਗਰਾਫੀ ਦੀ ਕਲਾ ਸਿਖਾਈ ਗਈ। ਐਮ.ਏ. ਭਾਗ ਦੂਜਾ ਕਲਾਸ ਦੀ ਵਿਦਿਆਰਥਣ ਅਮਨਦੀਪ ਕੌਰ ਨੇ ਵਿਦਿਆਰਥਣਾਂ ਨੂੰ ਮਹਿੰਦੀ ਲਗਾਉਣ ਦੀ ਕਲਾ ਸਿਖਾਈ। ਕਾਲਜ ਦੇ ਅੰਗਰੇਜੀ ਵਿਭਾਗ ਤੋ ਪ੍ਰੋ. ਕੁਲਜੀਤ ਕੌਰ ਨੇ ਇੰਗਲਿਸ਼ ਸਪੀਕਿੰਗ ਅਤੇ ਮੁਖੀ ਕੰਪਿਊਟਰ ਵਿਭਾਗ ਪ੍ਰੋ. ਜਸਵਿੰਦਰਬੀਰ ਸਿੰਘ ਨੇ ਫੋਟੋਗਰਾਫੀ ਆਰਟ ਦੀ ਕਲਾ ਸਿਖਾਈ। ਕਾਲਜ ਪ੍ਰਿੰਸੀਪਲ ਡਾ. ਹਰਕੀਰਤ ਸਿੰਘ ਨੇ ਕੈਂਪ ਦੀ ਸਮਾਪਤੀ ਤੇ ਵਿਦਿਆਰਥੀਆਂ ਨੂੰ ਵਧਾਈ ਦਿੰਦੇ ਹੋਏ ਸਰਟੀਫਿਕੇਟ ਵੰਡੇ। ਕਾਲਜ ਵਿਦਿਆਰਥਣ ਅਮਨਦੀਪ ਕੌਰ ਨੂੰ ਆਪਣੀ ਇੰਟਰਨਸ਼ਿਪ ਪੂਰੀ ਕਰਨ ਤੇ ਮਾਣਭੱਤਾ ਅਤੇ ਸਰਟੀਫਿਕੇਟ ਦਿੱਤਾ ਗਿਆ। ਇਸ ਮੌਕੇ ਡਾ. ਹਰਕੀਰਤਨ ਕੌਰ, ਪ੍ਰੋ. ਜਸਵਿੰਦਰਬੀਰ ਸਿੰਘ, ਡਾ. ਸ਼ਮਸ਼ੇਰ ਸਿੰਘ, ਡਾ. ਮੋਨੀਟਾ ਸਲੂਜਾ, ਪ੍ਰੋ. ਹਰਪ੍ਰੀਤ ਕੌਰ, ਪ੍ਰੋ. ਕੁਲਜੀਤ ਕੌਰ, ਪ੍ਰੋ. ਪੂਨਮ ਧੀਮਾਨ, ਪ੍ਰੋ. ਅਸ਼ਵਨੀ ਕੁਮਾਰ, ਡਾ. ਪੀ.ਐਸ. ਸੰਧੂ, ਪ੍ਰੋ. ਮੋਨੀਕਾ ਗੋਇਲ, ਪ੍ਰੋ. ਸਪਨਾ ਸਿੰਗਲਾ ਅਤੇ ਪ੍ਰੋ. ਪਰਮਜੀਤ ਕੌਰ ਹਾਜ਼ਰ ਰਹੇ।



# ਪਟਿਆਲਾ-ਆਸ/ਪਾਸ



### ਟ੍ਰੈਫ਼ਿਕ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਵਿਰੁੱਧ ਜ਼ਿਲ੍ਹਾ ਪ੍ਰਸ਼ਾਸਨ ਸਖ਼ਤ

## ਡੀ.ਸੀ. ਵੱਲੋਂ ਜ਼ਿਲ੍ਹੇ ਦੇ ਸਾਰੇ ਸਕੂਲਾਂ 'ਚ ਰੋਡ ਸੇਫ਼ਟੀ ਨੋਡਲ ਅਫ਼ਸਰ ਲਗਾਉਣ ਦੇ ਨਿਰਦੇਸ਼

### ਦੁਕਾਨਦਾਰ ਸੜਕਾਂ ਕਿਨਾਰੇ ਮਸ਼ਹੂਰੀ ਬੋਰਡ ਨਾ ਰੱਖਣ



ਪਟਿਆਲਾ, 14 ਮਈ (ਰੁਪਾਣਾ) : ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਕਿਹਾ ਕਿ ਪਟਿਆਲਾ ਜ਼ਿਲ੍ਹੇ 'ਚ ਸੜਕੀ ਦੁਰਘਟਨਾਵਾਂ ਦਾ ਅੰਕੜਾ ਜ਼ੀਰੋ 'ਤੇ ਲਿਆਉਣ ਲਈ ਜ਼ਿਲ੍ਹੇ ਦਾ ਟਰੈਫ਼ਿਕ ਪਲਾਨ ਤਿਆਰ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਵਿਭਾਗ ਦੀ ਗਲਤੀ ਜਾਂ ਅਣਗਹਿਲੀ ਕਾਰਨ ਕੋਈ ਸੜਕ ਦੁਰਘਟਨਾ ਹੁੰਦੀ ਹੈ ਤਾਂ ਇਸ ਦੀ ਜ਼ਿੰਮੇਵਾਰੀ ਸਬੰਧਤ ਵਿਭਾਗ ਦੀ ਹੋਵੇਗੀ। ਉਹ ਰਿਜ਼ਨਲ ਟਰਾਂਸਪੋਰਟ ਅਫ਼ਸਰ ਬਬਨਦੀਪ ਸਿੰਘ ਵੱਲੋਂ ਕਰਵਾਈ ਗਈ ਰੋਡ ਸੇਫ਼ਟੀ ਕਮੇਟੀ ਦੀ ਮੀਟਿੰਗ ਦੀ ਪ੍ਰਧਾਨਗੀ ਕਰ ਰਹੇ ਸਨ।ਡਾ. ਪ੍ਰੀਤੀ ਯਾਦਵ ਨੇ ਕਿਹਾ ਕਿ ਲੋਕਾਂ ਵਿੱਚ ਟਰੈਫ਼ਿਕ ਨਿਯਮਾਂ ਸਬੰਧੀ ਜਾਗਰੂਕਤਾ ਪੈਦਾ ਕਰਨ ਲਈ ਅਤੇ ਛੋਟੀਆਂ ਅਣਗਹਿਲੀਆਂ ਕਾਰਨ ਹੋਣ ਵਾਲੀਆਂ ਵੱਡੀ ਦੁਰਘਟਨਾਵਾਂ ਸਬੰਧੀ ਲੋਕਾਂ ਨੂੰ ਸੁਚੇਤ ਕਰਨ ਦੇ ਮਕਸਦ ਨਾਲ ਪਟਿਆਲਾ ਵਿਖੇ 1 ਜੂਨ ਨੂੰ ਰੋਡ ਸੇਫ਼ਟੀ ਵਰਕਸ਼ਾਪ ਲਗਾਈ ਜਾਵੇਗੀ, ਜਿਸ ਵਿੱਚ ਮਾਹਰਾਂ ਵੱਲੋਂ ਟਰੈਫ਼ਿਕ ਨਿਯਮਾਂ ਸਬੰਧੀ ਜਾਣਕਾਰੀ ਦਿੱਤੀ ਜਾਵੇਗੀ ਤੇ ਲੋਕਾਂ ਨੂੰ ਜਾਗਰੂਕ ਕੀਤਾ ਜਾਵੇਗਾ।ਉਨ੍ਹਾਂ ਕਿਹਾ ਕਿ ਭੁਪਿੰਦਰਾ ਰੋਡ, ਸਰਕਾਰੀ ਰਜਿੰਦਰਾ ਹਸਪਤਾਲ, ਥਾਪਰ ਕਾਲਜ, ਮਨੀਪਾਲ ਹਸਪਤਾਲ ਨੇੜੇ ਲੱਗਣ ਵਾਲੀਆਂ ਰੇਹੜੀਆਂ ਨੂੰ ਰੈਗੂਲੇਟ ਕਰਵਾਇਆ ਜਾਵੇ ਤਾਂ ਜੋ ਟਰੈਫ਼ਿਕ ਵਿੱਚ ਕਿਸੇ ਕਿਸਮ ਦੀ ਸਮੱਸਿਆ ਨਾ ਆਵੇ। ਉਨ੍ਹਾਂ ਕਿਹਾ ਕਿ ਸਵੇਰ ਸਮੇਂ ਸਕੂਲਾਂ ਦੇ ਲੱਗਣ ਸਮੇਂ ਅਤੇ ਦੁਪਹਿਰ ਵੇਲੇ ਛੁੱਟੀ ਸਮੇਂ ਟਰੈਫ਼ਿਕ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਵੇ। ਡਾ: ਪ੍ਰੀਤੀ ਯਾਦਵ ਨੇ ਕਿਹਾ ਕਿ ਸੜਕ ਸੁਰੱਖਿਆ ਦੇ ਨਿਯਮਾਂ ਦੀ ਜਾਣਕਾਰੀ ਹਰ ਨਾਗਰਿਕ ਤੱਕ ਪੁੱਜਦੀ ਕਰਨ ਲਈ ਜ਼ਿਲ੍ਹੇ ਦੇ ਸਾਰੇ ਸਕੂਲਾਂ ਵਿੱਚ ਰੋਡ ਸੇਫ਼ਟੀ ਦੇ ਨੋਡਲ ਅਫ਼ਸਰ ਲਗਾਏ ਜਾਣ। ਉਨ੍ਹਾਂ ਜ਼ਿਲ੍ਹਾ ਸਿੱਖਿਆ ਅਫ਼ਸਰ ਨੂੰ ਇਸ ਸਬੰਧੀ ਕਰਵਾਈ ਕਰਨ ਦੇ ਨਿਰਦੇਸ਼ ਦਿੱਤੇ। ਉਹਨਾਂ ਕਿਹਾ ਕਿ ਬਾਜ਼ਾਰਾਂ 'ਚ ਦੁਕਾਨਦਾਰ ਸੜਕਾਂ ਕਿਨਾਰੇ ਸਮਾਨ ਤੇ ਮਸ਼ਹੂਰੀ ਬੋਰਡ ਨਾ ਰੱਖਣ। ਉਹਨਾਂ ਕਿਹਾ ਕਿ ਸ਼ਹਿਰ ਵਿੱਚ ਜਿੱਥੇ ਵੀ ਸੜਕੀ ਹਾਦਸਿਆਂ ਦੇ ਬਲੈਕ ਸਪਾਟ ਹਨ, ਉਹ ਤੁਰੰਤ ਠੀਕ ਕੀਤੇ ਜਾਣ ਤਾਂ ਕਿ ਹਾਦਸਿਆਂ ਕਰਕੇ ਕੀਮਤੀ ਮਨੁੱਖੀ ਜਾਨਾਂ ਅਜਾਈਂ ਨਾ ਜਾਣ। ਉਹਨਾਂ ਕਿਹਾ ਕਿ ਨਗਰ ਨਿਗਮ ਤੇ ਹੋਰ ਵਿਭਾਗ ਸੜਕਾਂ ਦੇ ਕਿਨਾਰੇ ਨਾਜਾਇਜ਼ ਕਬਜ਼ੇ ਵੀ ਛੁਡਵਾਉਣ ਅਤੇ ਸੜਕਾਂ 'ਤੇ ਆਵਾਜਾਈ ਵੀ ਸੁਰੱਖਿਅਤ ਕੀਤੀਆਂ ਜਾਣ। ਇਸ ਤੋਂ ਇਲਾਵਾ ਸੇਫ਼ ਸਕੂਲ ਵਾਹਨ ਪਾਲਿਸੀ ਲਾਗੂ ਕਰਨ 'ਤੇ ਬਿਨ੍ਹਾਂ ਸ਼ਰਾਬ ਪੀ ਕੇ ਡਰਾਈਵਿੰਗ ਕਰਨ ਸਮੇਤ ਨਾਬਾਲਗ ਵੱਲੋਂ ਡਰਾਈਵਿੰਗ ਕਰਨ ਵਿਰੁੱਧ ਵੀ ਸਖ਼ਤੀ ਵਰਤਣ 'ਤੇ ਜ਼ੋਰ ਦਿੱਤਾ ਗਿਆ ਤਾਂ ਕਿ ਹਾਦਸਿਆਂ ਕਰਕੇ ਹੁੰਦੀਆਂ ਮੌਤਾਂ ਦੀ ਦਰ ਘਟਾਈ ਜਾਵੇ।ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਨਵਰੀਤ ਕੌਰ ਸੇਖੋਂ, ਐਸ.ਡੀ.ਐਮ ਨਾਭਾ ਇਸਮਿਤ ਵਿਜੇ ਸਿੰਘ, ਐਸ.ਡੀ. ਐਮ ਰਾਜਪੁਰਾ ਅਵੀਕੇਸ਼ ਗੁਪਤਾ, ਐਸ.ਡੀ.ਐਮ ਸਮਾਣਾ ਰਿਚਾ ਗੋਇਲ, ਮੁੱਖ ਮੰਤਰੀ ਫ਼ੀਲਡ ਅਫ਼ਸਰ ਸਤੀਸ਼ ਚੰਦਰ, ਪਟਿਆਲਾ ਫਾਊਂਡੇਸ਼ਨ ਤੋਂ ਰਵੀ ਆਹਲੂਵਾਲੀਆ, ਜੰਗਲਾਤ, ਨਗਰ ਨਿਗਮ ਅਤੇ ਸਿੱਖਿਆ ਵਿਭਾਗ ਤੋ ਇਲਾਵਾ ਹੋਰ ਵਿਭਾਗਾਂ ਦੇ ਅਧਿਕਾਰੀ ਵੀ ਮੌਜੂਦ ਸਨ।

## ਨਾਜਾਇਜ਼ ਮਾਈਨਿੰਗ ਦੇ ਮਾਮਲੇ 'ਚ ਜੇ.ਸੀ.ਬੀ. ਮਸ਼ੀਨ ਤੇ ਟਰੈਕਟਰ-ਟਰਾਲੀ ਕਾਬੂ

### ਅਣਪਛਾਤੇ ਵਾਹਨ ਚਾਲਕਾਂ ਤੇ ਅਣਪਛਾਤੇ ਜ਼ਮੀਨ ਮਾਲਕ ਖ਼ਿਲਾਫ਼ ਮਾਮਲਾ ਦਰਜ



ਸਮਾਣਾ, 14 ਮਈ (ਵਿਜੇ ਕੁਮਾਰ) : ਮਾਈਨਿੰਗ ਵਿਭਾਗ ਵੱਲੋਂ ਪਿੰਡ ਬਾਦਸ਼ਾਹਪੁਰ ਕਾਲੇਕੀ 'ਚ ਕੀਤੀ ਜਾ ਰਹੀ ਨਾਜਾਇਜ਼ ਮਾਈਨਿੰਗ ਦੇ ਮਾਮਲੇ 'ਚ ਇੱਕ ਜੇ.ਸੀ.ਬੀ ਮਸ਼ੀਨ ਅਤੇ ਬਿਨਾਂ ਨੰਬਰ ਟਰੈਕਟਰ-ਟਰਾਲੀ ਨੂੰ ਕਾਬੂ ਕਰਕੇ ਜੇ.ਸੀ.ਬੀ ਅਤੇ ਅਣਪਛਾਤੇ ਟਰੈਕਟਰ- ਟਰਾਲੀ ਚਾਲਕ ਅਤੇ ਅਣਪਛਾਤੇ ਜ਼ਮੀਨ ਮਾਲਕ ਦੇ ਖਿਲਾਫ ਸਦਰ ਪੁਲਸ ਥਾਣਾ 'ਚ ਮਾਮਲਾ ਦਰਜ ਕੀਤਾ ਹੈ। ਸਦਰ ਪੁਲਸ ਅਧਿਕਾਰੀ ਨੇ ਦੱਸਿਆ ਕਿ ਮਾਈਨਿੰਗ ਵਿਭਾਗ ਸਮਾਣਾ ਦੇ ਇੰਸਪੈਕਟਰ ਹੁਸਨਪ੍ਰੀਤ ਸਿੰਘ ਵੱਲੋਂ ਦਰਜ ਕਰਵਾਈ ਸ਼ਿਕਾਇਤ ਅਨੁਸਾਰ ਪਿੰਡ ਬਾਦਸਾਹਪੁਰ ਕਾਲੇਕੀ 'ਚ ਹੋ ਰਹੀ ਨਜਾਇਜ਼ ਮਾਈਨਿੰਗ ਸਬੰਧੀ ਮਿਲੀ ਸੂਚਨਾ ਤੇ ਉਹਨਾਂ ਨੇ ਆਪਣੇ ਵਿਭਾਗ ਦੀ ਟੀਮ ਅਤੇ ਪੁਲਿਸ ਦੇ ਨਾਲ ਰੇਡ ਕੀਤੀ ਅਤੇ ਜੇ.ਸੀ.ਬੀ ਮਸ਼ੀਨ ਅਤੇ ਬਿਨਾਂ ਨੰਬਰ ਦੇ ਟਰੈਕਟਰ-ਟਰਾਲੀ ਵੱਲੋਂ 2.5 ਕਨਾਲ ਜ਼ਮੀਨ 'ਚ ਚਾਰ ਫੁੱਟ ਡੂੰਘੀ ਨਾਜਾਇਜ਼ ਮਾਈਨਿੰਗ ਅਤੇ ਢੋਆ-ਢੁਆਈ ਕੰਮ ਹੁੰਦੇ ਪਾਇਆ ਗਿਆ। ਪਰ ਪੁਲਸ ਪਾਰਟੀ ਨੂੰ ਦੇਖ ਕੰਮ ਕਰਦੇ ਵਾਹਨਾਂ ਦੇ ਚਾਲਕ ਆਪਣੇ ਵਾਹਨਾਂ ਨੂੰ ਛੱਡ ਕੇ ਉਥੋਂ ਫਰਾਰ ਹੋ ਗਏ, ਜਦੋਂ ਕਿ ਪਟਵਾਰੀ ਤੋਂ ਜ਼ਮੀਨ ਮਾਲਕ ਸਬੰਧੀ ਜਾਣਕਾਰੀ ਲਈ ਜਾ ਰਹੀ ਹੈ। ਅਧਿਕਾਰੀ ਅਨੁਸਾਰ ਸ਼ਿਕਾਇਤ ਦੇ ਆਧਾਰ ਤੇ ਪੁਲਸ ਨੇ ਜੇ.ਸੀ.ਬੀ ਅਤੇ ਟਰੈਕਟਰ- ਟਰਾਲੀ ਦੇ ਅਣਪਛਾਤੇ ਚਾਲਕ ਅਤੇ ਅਣਪਛਾਤੇ ਜਮੀਨ ਮਾਲਕ ਖਿਲਾਫ ਮਾਮਲਾ ਦਰਜ ਕਰਕੇ ਉਸ ਦੀ ਭਾਲ ਸੁਰੂ ਕਰ ਦਿੱਤੀ ਹੈ।

## ਡੀ.ਜੀ.ਪੀ. ਪੰਜਾਬ ਅਰਪਿਤ ਸ਼ੁਕਲਾ ਵੱਲੋਂ 7ਵੇਂ ਪੰਜਾਬ ਤਾਈਕਵਾਂਡੋ ਕੱਪ ਦਾ ਆਗਾਜ਼

### ਤਾਈਕਵਾਂਡੋ ਖੇਡ ਨੂੰ ਪ੍ਰਫੁੱਲਿਤ ਕਰਨ ਲਈ ਕੋਚ ਸਤਵਿੰਦਰ ਸਿੰਘ ਦਾ ਵੱਡਮੁੱਲਾ ਯੋਗਦਾਨ : ਸ਼ੁਕਲਾ



ਪਟਿਆਲਾ, 14 ਮਈ (ਚ.ਨ.ਸ.) :7ਵਾਂ ਪੰਜਾਬ ਤਾਈਕਵਾਂਡੋ ਕੱਪ 2025 ਦਾ ਆਗਾਜ ਪੰਜਾਬ ਤਾਈਕਵਾਂਡੋ ਐਸੋਸੀਏਸ਼ਨ ਦੇ ਪ੍ਰਧਾਨ ਅਰਪਿਤ ਸ਼ੁਕਲਾ ਡੀਜੀਪੀ ਪੰਜਾਬ ਵੱਲੋਂ ਕੀਤਾ ਗਿਆ । ਇਹ ਮੁਕਾਬਲੇ ਪਟਿਆਲਾ ਤਾਈਕਵਾਂਡੋ ਐਸੋਸੀਏਸ਼ਨ ਅਤੇ ਪਟਿਆਲਾ ਤਾਈਕਵਾਂਡੋ ਇੰਸਟੀਟਿਊਟ ਵੱਲੋਂ ਪੰਜਾਬ ਤਾਈਕਵਾਡੋਂ ਐਸੋਸੀਏਸ਼ਨ (ਜਲੰਧਰ) ਅਤੇ ਦਾ ਮਿਲਨੀਅਮ ਸਕੂਲ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ।ਜਾਣਕਾਰੀ ਦਿੰਦੇ ਹੋਏ ਤਾਈਕਵਾਂਡੋ ਕੋਚ ਸਤਵਿੰਦਰ ਸਿੰਘ ਨੇ ਦੱਸਿਆ ਕਿ ਇਹ ਮੁਕਾਬਲੇ 18 ਮਈ ਨੂੰ ਦਾ ਮਿਲਨੀਅਮ ਸਕੂਲ ਸਰਹਿੰਦ ਰੋਡ ਪਟਿਆਲਾ ਵਿਖੇ ਕਰਵਾਇਆ ਜਾ ਰਿਹਾ ਹੈ । ਸਕੂਲ ਦੇ ਪ੍ਰਿੰਸੀਪਲ ਹਰਪ੍ਰੀਤ ਪੰਧੇਰ ਅਤੇ ਮੈਨੇਜਰ ਸੁਮਨਜੋਤ ਸਿੰਘ ਗਰੇਵਾਲ ਵੀ ਸਹਿਯੋਗ ਕਰ ਰਹੇ ਹਨ।ਇਸ ਮੁਕਾਬਲੇ ਵਿੱਚ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਦੇ ਖਿਡਾਰੀ ਹਿੱਸਾ ਲੈਣਗੇ।ਇਸ ਮੁਕਾਬਲੇ ਵਿੱਚ ਪਹਿਲੀਆਂ ਤਿੰਨ ਪੁਜ਼ੀਸ਼ਨਾਂ ਹਾਸਲ ਕਰਨ ਵਾਲੀਆਂ ਟੀਮਾਂ ਨੂੰ ਤਾਈਕਵਾਂਡੋਂ ਖੇਡ ਨਾਲ ਸੰਬੰਧਿਤ ਸਮਾਨ ਇਨਾਮ ਦੇ ਤੌਰ 'ਤੇ ਦਿੱਤੇ ਜਾਣਗੇ , ਜੋ ਕਿ ਇਹ ਪੰਜਾਬ ਵਿੱਚ ਪਹਿਲੀ ਵਾਰ ਹੋਣ ਜਾ ਰਿਹਾ ਹੈ। ਮੁਕਾਬਲੇ ਦਾ ਆਗਾਜ਼ ਕਰਦੇ ਮੌਕੇ ਡੀਜੀਪੀ ਅਰਪਿਤ ਸ਼ੁਕਲਾ, ਕੋਚ ਸਤਵਿੰਦਰ ਸਿੰਘ ਅਤੇ ਨਾਲ ਰਾਜਕੁਮਾਰ ਵਰਮਾ, ਜੋਗਿੰਦਰ ਸਿੰਘ ਟੈਗਰ, ਪੁਨੀਤ ਰਾਣਾ ਅਤੇ ਅਰਮਾਨ ਸਿੰਘ ਮੌਜੂਦ ਰਹੇ ।

## ਫਰੀਡਮ ਫਾਈਟਰ ਦੀ ਪੋਤਰੀ ਸਵਰਨਜੀਤ ਕੌਰ ਦਾ ਸਨਮਾਨ



ਪਟਿਆਲਾ, 14 ਮਈ (ਚ.ਨ.ਸ.) : ਫਰੀਡਮ ਫਾਈਟਰ ਉਤਰਾਅਧਿਕਾਰੀ ਸੰਸਥਾ ਰਜਿ: 196 ਪਟਿਆਲਾ ਪੰਜਾਬ ਦੇ ਜ਼ਿਲ੍ਹਾ ਪ੍ਰਧਾਨ ਜਗਦੀਪ ਸਿੰਘ ਧਨੇਠਾ, ਜ਼ਿਲ੍ਹਾ ਸਕੱਤਰ ਸੁਖਵਿੰਦਰ ਸਿੰਘ ਖੁਰਾਨਾ ਦੀ ਅਗਵਾਈ ਵਿਚ ਸਮੂਹ ਜੱਥੇਬੰਦੀ ਵੱਲੋਂ ਐਸ.ਐਸ.ਪੀ. ਦਫਤਰ ਵਿਖੇ ਫਰੀਡਮ ਫਾਈਟਰ ਜੀ ਦੀ ਪੋਤਰੀ ਸਵਰਨਜੀਤ ਕੌਰ (ਪੀ.ਪੀ.ਐਸ.), ਐਸ.ਪੀ.ਪੀ.ਬੀ.ਆਈ. ਪਟਿਆਲਾ ਨੂੰ ਫੁੱਲਾਂ ਦਾ ਗੁਲਦਸਤਾ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਬਲਾਕ ਖਜ਼ਾਨਚੀ ਜਰਨੈਲ ਸਿੰਘ ਪਟਿਆਲਾ, ਅਨਿਲ ਕੁਮਾਰ ਕਪਿਲ ਅਤੇ ਪ੍ਰਿੰਸੀਪਲ (ਰਿਟਾ:) ਭਰਪੂਰ ਸਿੰਘ ਲੌਂਟ ਹਾਜ਼ਰ ਸਨ।

## 600 ਨਸ਼ੀਲੀਆਂ ਗੋਲ਼ੀਆਂ ਬ੍ਰਾਮਦ

ਪਟਿਆਲਾ, 14 ਮਈ (ਵਿਨੋਦ ਸ਼ਰਮਾ) : ਥਾਣਾ ਅਨਾਜ ਮੰਡੀ ਪਟਿਆਲਾ ਪੁਲਿਸ ਨੇ ਕਥਿਤ ਦੋਸ਼ੀ ਹਰਵਿੰਦਰ ਸਿੰਘ ਵਾਸੀ ਨੇੜੇ ਸਰਕਾਰੀ ਸਕੂਲ ਪਿੰਡ ਰਸੂਲਪੁਰ ਸੈਦਾ ਵਿਰੁੱਧ ਧਾਰਾ 22, 61, 85 ਦੇ ਤਹਿਤ ਮਾਮਲਾ ਦਰਜ ਕੀਤਾ ਹੈ। ਐਸ.ਆਈ ਜਾਨਪਾਲ ਸਿੰਘ ਸਮੇਤ ਪੁਲਿਸ ਪਾਰਟੀ ਗਸ਼ਤ ਵਾ ਤਲਾਸ਼ ਸ਼ੱਕੀ ਤੇ ਭੈੜੇ ਪੁਰਸ਼ਾਂ ਦੇ ਸਬੰਧ ਵਿੱਚ ਰਣਜੀਤ ਵਿਹਾਰ ਤੋਂ ਮਿਰਜਾਪੁਰ ਨੂੰ ਜਾ ਰਹੇ ਸਨ, ਜੋ ਕਥਿਤ ਦੋਸ਼ੀ ਨੂੰ ਸ਼ੱਕ ਦੇ ਅਧਾਰ ਪਰ ਰੋਕ ਕੇ ਚੈਕ ਕਰਨ ਪਰ 600 ਖੁੱਲ੍ਹੀਆਂ ਨਸ਼ੀਲੀਆਂ ਗੋਲੀਆਂ ਬ੍ਰਾਮਦ ਹੋਈਆਂ।

## ਅਵਾਰਾ ਪਸ਼ੂ ਅੱਗੇ ਆ ਜਾਣ ਨਾਲ ਜ਼ਖ਼ਮੀ ਹੋਏ ਬਾਈਕ ਸਵਾਰ ਦੀ ਮੌਤ

ਸਮਾਣਾ, 14 ਮਈ (ਵਿਜੇ ਕੁਮਾਰ) : ਬੀਤੀ ਰਾਤ ਮਵੀ-ਧਰਮਗੜ੍ਹ ਸੜਕ 'ਤੇ ਅਵਾਰਾ ਪਸ਼ੂ ਅੱਗੇ ਆ ਜਾਣ ਨਾਲ ਜ਼ਖ਼ਮੀ ਹੋਏ ਬਾਇਕ ਸਵਾਰ ਕਿਸਾਨ ਦੀ ਮੌਤ ਹੋ ਗਈ, ਜਿਸ ਦੀ ਲਾਸ਼ ਨੂੰ ਪੋਸਟਮਾਰਟਮ ਲਈ ਸਮਾਣਾ ਲਿਆਂਦਾ ਗਿਆ। ਮਵੀਕਲਾਂ ਪੁਲਿਸ ਅਧਿਕਾਰੀ ਨੇ ਦੱਸਿਆ ਕਿ ਮ੍ਰਿਤਕ ਅਜੀਤ ਸਿੰਘ (62) ਪੁੱਤਰ ਗੁਲਵੰਤ ਸਿੰਘ ਨਿਵਾਸੀ ਪਿੰਡ ਮਵੀਸੱਪਾਂ ਦੇ ਪੁੱਤਰ ਜਗਤਾਰ ਸਿੰਘ ਵੱਲੋਂ ਦਰਜ ਕਰਵਾਏ ਬਿਆਨ ਅਨੁਸਾਰ ਮੰਗਲਵਾਰ ਦੁਪਹਿਰ ਉਸ ਦਾ ਪਿਤਾ ਟ੍ਰੈਕਟਰ ਟੂਰਨਾਮੈਂਟ ਵੇਖਣ ਪਿੰਡ ਧਰਮਗੜ੍ਹ ਗਿਆ ਸੀ, ਜਿੱਥੇ ਤੋਂ ਵਾਪਸੀ 'ਤੇ ਰਾਤ ਸਮੇਂ ਉਸ ਦੇ ਬਾਇਕ ਅੱਗੇ ਅਵਾਰਾ ਪਸ਼ੂ ਆ ਜਾਣ ਨਾਲ ਉਹ ਉਸ ਨਾਲ ਟਕੱਰਾ ਕੇ ਸੜਕ 'ਤੇ ਡਿੱਗ ਪਿਆ। ਜ਼ਖ਼ਮੀ ਹੋਣ 'ਤੇ ਉਸ ਨੂੰ ਘਰ ਲਿਆਂਦਾ ਗਿਆ, ਪਰ ਬੁੱਧਵਾਰ ਸਵੇਰੇ ਤਕਲੀਫ ਮਹਿਸੂਸ ਹੋਣ 'ਤੇ ਇਲਾਜ ਲਈ ਸਿਵਲ ਹਸਪਤਾਲ ਸਮਾਣਾ ਲਿਆਂਦਾ ਗਿਆ,ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਅਧਿਕਾਰੀ ਅਨੁਸਾਰ ਦਰਜ਼ ਕਰਵਾਏ ਬਿਆਨ ਦੇ ਅਧਾਰ 'ਤੇ ਧਾਰਾ 194 ਤਹਿਤ ਪੋਸਟਮਾਰਟਮ ਉਪਰੰਤ ਲਾਸ਼ ਵਾਰਸਾਂ ਹਵਾਲੇ ਕਰ ਦਿੱਤੀ।

## ਮਾਨਸਿਕ ਤੌਰ 'ਤੇ ਪ੍ਰੇਸ਼ਾਨ ਵਿਅਕਤੀ ਨੇ ਲਗਾਇਆ ਫੰਦਾ, ਮੌਤ

ਸਮਾਣਾ, 14 ਮਈ (ਵਿਜੇ ਕੁਮਾਰ) : ਮਾਨਸਿਕ ਤੌਰ 'ਤੇ ਪ੍ਰੇਸ਼ਾਨ 36 ਸਾਲਾ ਵਿਅਕਤੀ ਵੱਲੋਂ ਫੰਦਾ ਲਗਾ ਲੈਣ ਦਾ ਮਾਮਲਾ ਸਾਹਮਣੇ ਆਇਆ ਹੈ, ਜਿਸ ਦੀ ਲਾਸ਼ ਨੂੰ ਪੋਸਟਮਾਰਟਮ ਲਈ ਸਿਵਲ ਹਸਪਤਾਲ ਸਮਾਣਾ ਲਿਆਂਦਾ ਗਿਆ। ਮਾਮਲੇ ਦੇ ਜਾਂਚ ਅਧਿਕਾਰੀ ਪਾਤੜਾਂ ਪੁਲਸ ਦੇ ਏ.ਐਸ.ਆਈ. ਗੁਰਦੀਪ ਸਿੰਘ ਨੇ ਦੱਸਿਆ ਕਿ ਮ੍ਰਿਤਕ ਕਵਿੰਦਰ ਸਿੰਘ(36) ਪੁੱਤਰ ਵੇਦ ਪ੍ਰਕਾਸ਼ ਨਿਵਾਸੀ ਲੱਖਵਾਲੀ ਬਸਤੀ ਪਾਤੜਾਂ ਦੀ ਪਤਨੀ ਜੋਤੀ ਵੱਲੋਂ ਪੁਲਸ ਨੂੰ ਦਰਜ ਕਰਵਾਏ ਬਿਆਨ ਅਨੁਸਾਰ ਉਸ ਦਾ ਪਤੀ ਮਾਨਸਿਕ ਤੌਰ 'ਤੇ ਇਕ ਦਮ ਪ੍ਰੇਸ਼ਾਨ ਹੋ ਜਾਂਦਾ ਸੀ। 13 ਮਈ ਦੀ ਰਾਤ ਉਹ ਖਾਣਾ ਕੇ ਆਪਣੀ ਲੜਕੀਆਂ ਨਾਲ ਸੌਂ ਗਈ ਸੀ। ਸਵੇਰੇ ਉਠਣ 'ਤੇ ਉਸ ਨੇ ਆਪਣੇ ਪਤੀ ਨੂੰ ਗਲੇ ਵਿਚ ਦੁਪਟਾ ਬੰਨ੍ਹ ਕੇ ਪੱਖੇ ਨਾਲ ਫੰਦਾ ਲੱਗਿਆ ਪਾਇਆ। ਥੱਲੇ ਉਤਾਰ ਕੇ ਸਿਵਲ ਹਸਪਤਾਲ ਪਾਤੜਾਂ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਅਧਿਕਾਰੀ ਅਨੁਸਾਰ ਪਤਨੀ ਵੱਲੋਂ ਦਰਜ ਕਰਵਾਏ ਬਿਆਨ ਦੇ ਅਧਾਰ 'ਤੇ ਬੀ.ਐਨ.ਐਸ. ਦੀ ਧਾਰਾ 194 ਤਹਿਤ ਪੋਸਟਮਾਰਟਮ ਉਪਰੰਤ ਲਾਸ਼ ਵਾਰਸਾਂ ਹਵਾਲੇ ਕਰ ਦਿੱਤੀ। ਮ੍ਰਿਤਕ ਆਪਣੇ ਪਿਛੇ ਪਤਨੀ ਅਤੇ 8 ਅਤੇ 6 ਸਾਲਾ ਦੋ ਲੜਕੀਆਂ ਛੱਡ ਗਿਆ ਹੈ।

## ਸੋਨੇ ਦੀ ਵਾਲੀ ਖੋਹ ਕੇ ਫਰਾਰ

ਪਟਿਆਲਾ, 14 ਮਈ (ਵਿਨੋਦ ਸ਼ਰਮਾ) : ਥਾਣਾ ਪਸਿਆਣਾ ਪੁਲਿਸ ਕੋਲ ਸੁਖਵਿੰਦਰ ਕੌਰ ਪਤਨੀ ਨਰੰਗ ਸਿੰਘ ਵਾਸੀ ਪਿੰਡ ਕਰਹਾਲੀ ਸਾਹਿਬ ਨੇ ਕਥਿਤ ਦੋਸ਼ੀ ਮਹਿਲਾ ਪਿਆਰ ਕੌਰ ਵਾਸੀ ਖੇੜੀ ਗਿੱਲਾ ਥਾਣਾ ਭਵਾਨੀਗੜ੍ਹ ਜ਼ਿਲ੍ਹਾ ਸੰਗਰੂਰ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ। ਸ਼ਿਕਾਇਕਰਤਾ ਨੇ ਪੁਲਿਸ ਨੂੰ ਦੱਸਿਆ ਕਿ ਉਹ ਪਿੰਡ ਕਰਹਾਲੀ ਸਾਹਿਬ ਦੇ ਗੁਰਦੁਆਰਾ ਸਾਹਿਬ ਵਿਖੇ ਮੱਥਾ ਟੇਕਣ ਗਈ ਸੀ, ਜਦੋਂ ਗੁਰਦੁਆਰਾ ਸਾਹਿਬ ਅੰਦਰ ਦਾਖਲ ਹੋਣ ਲੱਗੀ ਤਾਂ ਜ਼ਿਆਦਾ ਭੀੜ ਹੋਣ ਕਾਰਨ ਕਥਿਤ ਦੋਸ਼ੀ ਮਹਿਲਾ ਉਸ ਦੇ ਸੱਜੇ ਕੰਨ ਵਿੱਚ ਪਾਈ ਸੋਨੇ ਦੀ ਵਾਲੀ ਖੋਹ ਕੇ ਫਰਾਰ ਹੋ ਗਈ। ਪੁਲਿਸ ਨੇ ਧਾਰਾ 304 ਬੀ.ਐਨ.ਐਸ. ਦੇ ਤਹਿਤ ਮਾਮਲਾ ਦਰਜ ਕਰ ਲਿਆ ਹੈ।

## ਭੁੱਕੀ ਸਮੇਤ ਮੋਟਰਸਾਈਕਲ ਸਵਾਰ ਕਾਬੂ



ਸਮਾਣਾ, 14 ਮਈ (ਵਿਜੇ ਕੁਮਾਰ) : ਮਵੀਕਲਾਂ ਪੁਲਸ ਨੇ ਇੱਕ ਮੋਟਰਸਾਈਕਲ ਸਵਾਰ ਵਿਅਕਤੀ ਨੂੰ 12.5 ਕਿੱਲੋ ਭੁੱਕੀ ਚੂਰਾ ਸਣੇ ਕਾਬੂ ਕਰਕੇ ਉਸ ਖਿਲਾਫ਼ ਸਦਰ ਪੁਲਿਸ ਥਾਣਾ 'ਚ ਮਾਮਲਾ ਦਰਜ ਕੀਤਾ ਹੈ। ਮੁਲਜ਼ਮ ਦੀ ਪਹਿਚਾਣ ਜੱਗਾ ਸਿੰਘ ਨਿਵਾਸੀ ਪਿੰਡ ਅਚਰਾਲ ਖੁਰਦ ਵਜੋਂ ਹੋਈ। ਸਦਰ ਪੁਲਸ ਮੁੱਖੀ ਬਿਕਰਮਜੀਤ ਸਿੰਘ ਬਰਾੜ ਨੇ ਦੱਸਿਆ ਕਿ ਏ.ਐਸ.ਆਈ. ਨਰਾਤਾ ਰਾਮ ਨੇ ਪੁਲਿਸ ਪਾਰਟੀ ਸਣੇ ਪਿੰਡ ਦੋਦੜਾ 'ਚ ਗਸ਼ਤ ਦੌਰਾਨ ਆ ਰਹੇ ਇੱਕ ਮੋਟਰਸਾਈਕਲ ਚਾਲਕ ਨੂੰ ਸ਼ੱਕ ਦੇ ਆਧਾਰ ਤੇ ਰੋਕਿਆ ਅਤੇ ਚੈੱਕ ਕਰਨ ਤੇ 12.5 ਕਿੱਲੋਗ੍ਰਾਮ ਭੁੱਕੀ ਚੂਰਾ ਬਰਾਮਦ ਹੋਣ ਤੇ ਉਸ ਨੂੰ ਹਿਰਾਸਤ ਵਿੱਚ ਲੈ ਲਿਆ। ਅਧਿਕਾਰੀ ਅਨੁਸਾਰ ਮੁਲਜ਼ਮ ਤੇ ਨਸ਼ਾ ਵਿਰੋਧੀ ਐਕਟ ਦੀਆਂ ਧਰਾਵਾਂ ਤਹਿਤ ਇੱਕ ਮਾਮਲਾ ਪਹਿਲਾਂ ਵੀ ਦਰਜ ਹੈ। ਮੁਲਜ਼ਮ ਨੂੰ ਮਾਨਯੋਗ ਅਦਾਲਤ ਪੇਸ਼ ਕਰ ਪੁਲਿਸ ਪੁਲਿਸ ਰਿਮਾਂਡ ਹਾਸਲ ਕਰਕੇ ਪੁੱਛਗਿਛ ਕੀਤੀ ਜਾਵੇਗੀ।

## ਜ਼ਿਲ੍ਹੇ ਦੇ ਹਰੇਕ ਵਿਅਕਤੀ ਦਾ ਬਣਾਇਆ ਜਾਵੇਗਾ ਹੈਲਥ ਆਈ.ਡੀ. ਕਾਰਡ : ਨਵਰੀਤ ਕੌਰ ਸੇਖੋਂ



ਪਟਿਆਲਾ, 14 ਮਈ (ਰੁਪਾਣਾ) : ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ) ਨਵਰੀਤ ਕੌਰ ਸੇਖੋਂ ਨੇ ਕਿਹਾ ਕਿ ਆਯੁਸ਼ਮਾਨ ਭਾਰਤ ਸਿਹਤ ਖਾਤਾ (ਸਿਹਤ ਆਈ.ਡੀ. ਕਾਰਡ) ਪਟਿਆਲਾ ਜ਼ਿਲ੍ਹੇ ਦੇ ਹਰੇਕ ਵਿਅਕਤੀ ਦਾ ਬਣਾਇਆ ਜਾਵੇਗਾ। ਇਸ ਨਾਲ ਵਿਅਕਤੀ ਦੀ ਸਿਹਤ ਦਾ ਸਾਰਾ ਰਿਕਾਰਡ ਆਨਲਾਈਨ ਰਹੇਗਾ ਤੇ ਇਲਾਜ ਦੌਰਾਨ ਡਾਕਟਰ ਨੂੰ ਮਰੀਜ਼ ਦੀ ਸਿਹਤ ਸਮੱਸਿਆਵਾਂ ਨੂੰ ਸਮਝਣ ਵਿੱਚ ਮਦਦ ਮਿਲੇਗੀ।ਉਨ੍ਹਾਂ ਜ਼ਿਲ੍ਹਾ ਸਿੱਖਿਆ ਅਧਿਕਾਰੀਆਂ ਨੂੰ ਜ਼ਿਲ੍ਹੇ ਦੇ ਸਾਰੇ ਸਕੂਲਾਂ ਦੇ ਵਿਦਿਆਰਥੀਆਂ ਦੇ ਆਭਾ ਕਾਰਡ (ਆਯੁਸ਼ਮਾਨ ਭਾਰਤ ਸਿਹਤ ਖਾਤਾ) ਬਣਾਉਣ ਦੀ ਹਦਾਇਤ ਕੀਤੀ। ਨਵਰੀਤ ਕੌਰ ਸੇਖੋਂ ਨੇ ਕਿਹਾ ਕਿ ਸਿਹਤ ਮੰਤਰਾਲੇ ਵੱਲੋਂ ਸਿਹਤ ਕਾਰਡ ਬਣਾਉਣ ਦੀ ਜੋ ਪਹਿਲਕਦਮੀ ਕੀਤੀ ਗਈ ਹੈ, ਇਸ ਨਾਲ ਹਰੇਕ ਵਿਅਕਤੀ ਦੀ ਸਿਹਤ ਦਾ ਸਾਰਾ ਰਿਕਾਰਡ ਆਨਲਾਈਨ ਹੋਣ ਨਾਲ ਡਾਕਟਰੀ ਇਲਾਜ ਅਤੇ ਸਿਹਤ ਸੰਭਾਲ 'ਚ ਆਸਾਨੀ ਹੋਵੇਗੀ ਅਤੇ ਡਾਕਟਰਾਂ ਨੂੰ ਵੀ ਬਿਮਾਰੀ ਦਾ ਰਿਕਾਰਡ ਲੈਣ ਲਈ ਮਰੀਜ਼ ਜਾਂ ਫੇਰ ਮਰੀਜ਼ ਦੇ ਰਿਸ਼ਤੇਦਾਰਾਂ 'ਤੇ ਨਿਰਭਰ ਨਹੀਂ ਰਹਿਣਾ ਪਵੇਗਾ। ਇਸ ਮੌਕੇ ਸਿਵਲ ਸਰਜਨ ਡਾ. ਜਗਪਾਲਇੰਦਰ ਸਿੰਘ ਨੇ ਦੱਸਿਆ ਕਿ ਪਟਿਆਲਾ ਜ਼ਿਲ੍ਹੇ 'ਚ 46 ਫ਼ੀਸਦੀ ਵਿਅਕਤੀਆਂ ਦਾ ਆਭਾ ਕਾਰਡ ਬਣਾਇਆ ਜਾ ਚੁੱਕਾ ਹੈ। ਉਨ੍ਹਾਂ ਦੱਸਿਆ ਕਿ ਸਰਕਾਰੀ ਹਸਪਤਾਲ ਵਿੱਚ ਆਉਣ ਵਾਲੇ ਹਰੇਕ ਮਰੀਜ਼ ਦਾ ਰਿਸੈੱਪਸ਼ਨ ਕਾਊਂਟਰ 'ਤੇ ਹੀ ਇਹ ਕਾਰਡ ਬਣਾ ਦਿੱਤਾ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਹੈਲਥ ਆਈ.ਡੀ. ਜਾਂ ਆਭਾ ਨੰਬਰ ਨਾਲ ਜੁੜੇ ਸਿਹਤ ਰਿਕਾਰਡ ਦੀ ਜਾਣਕਾਰੀ ਸਿਰਫ਼ ਵਿਅਕਤੀ ਦੀ ਸਹਿਮਤੀ ਨਾਲ ਹੀ ਦੇਖੀ ਜਾ ਸਕਦੀ ਹੈ। ਇਸ ਕਾਰਡ ਵਿੱਚ ਮਰੀਜ਼ ਦੇ ਪਹਿਲਾਂ ਇਲਾਜ ਦਾ ਰਿਕਾਰਡ, ਬਲੱਡ ਗਰੁੱਪ, ਬਿਮਾਰੀ ਦੀ ਕਿਸਮ ਅਤੇ ਲਈ ਗਈ ਦਵਾਈ ਦੇ ਵੇਰਵੇ ਰਿਕਾਰਡ ਰਹਿਣਗੇ। ਸਿਵਲ ਸਰਜਨ ਨੇ ਦੱਸਿਆ ਕਿ ਆਭਾ ਹੈਲਥ ਕਾਰਡ ਮੁਫ਼ਤ 'ਚ ਬਣਾਇਆ ਜਾਂਦਾ ਹੈ ਤੇ ਇਸ ਨੂੰ ਬਣਾਉਣ ਲਈ ਆਧਾਰ ਕਾਰਡ ਜਾਂ ਡਰਾਈਵਿੰਗ ਲਾਇਸੰਸ ਵਰਗੇ ਦਸਤਾਵੇਜਾਂ ਦੀ ਜ਼ਰੂਰਤ ਹੁੰਦੀ ਹੈ ਤੇ ਇਹ ਹਰ ਵਿਅਕਤੀ ਨੂੰ ਜਾਰੀ ਹੋਣ ਵਾਲਾ 14 ਅੰਕਾਂ ਦਾ ਵਿਲੱਖਣ ਨੰਬਰ ਸਿਹਤ ਰਿਕਾਰਡ ਨੂੰ ਪੇਪਰ ਲੈਸ ਬਣਾਉਂਦਾ ਹੈ। ਮੀਟਿੰਗ 'ਚ ਜ਼ਿਲ੍ਹਾ ਮੈਡੀਕਲ ਕਮਿਸ਼ਨਰ ਡਾ. ਜਸਵਿੰਦਰ ਸਿੰਘ, ਡਾ. ਸੁਮਿਤ ਸਿੰਘ, ਡਾ. ਆਸ਼ੀਸ਼ ਸ਼ਰਮਾ, ਡਾ. ਜੈਦੀਪ ਭਾਟੀਆ, ਡਾ. ਨੀਤੇਸ਼ ਬਾਂਸਲ ਸਮੇਤ ਸਮੂਹ ਐਸ.ਐਮ.ਓਜ਼ ਤੇ ਸਿੱਖਿਆ ਵਿਭਾਗ ਦੇ ਅਧਿਕਾਰੀ ਮੌਜੂਦ ਸਨ।

## ਡੀ.ਏ.ਵੀ. ਸਕੂਲ ਕਕਰਾਲਾ ਦਾ 10ਵੀਂ ਅਤੇ 12ਵੀਂ ਦਾ ਨਤੀਜਾ ਰਿਹਾ ਸ਼ਾਨਦਾਰ



ਸਮਾਣਾ, 14 ਮਈ (ਵਿਜੇ ਕੁਮਾਰ) : ਡੀ.ਏ.ਵੀ ਪਬਲਿਕ ਸਕੂਲ, ਕਕਰਾਲਾ ਦਾ 10ਵੀਂ ਅਤੇ 12ਵੀਂ ਸੀ.ਬੀ.ਐਸ.ਈ. ਬੋਰਡ ਪ੍ਰੀਖਿਆ ਦਾ ਨਤੀਜਾ ਸ਼ਾਨਦਾਰ ਰਿਹਾ । ਸਕੂਲ ਦੀ 10ਵੀਂ ਜਮਾਤ ਦੇ ਕੁੱਲ 83 ਵਿਦਿਆਰਥੀਆਂ ਨੇ ਪੇਪਰ ਦਿੱਤੇ ਅਤੇ ਸਭ ਦਾ ਨਤੀਜਾ ਵਧੀਆ ਰਿਹਾ । 10ਵੀਂ ਜਮਾਤ ਦੇ ਹੋਣਹਾਰ ਵਿਦਿਆਰਥੀਆਂ ਵਿੱਚੋਂ ਸਗਨਪ੍ਰੀਤ ਕੌਰ ਨੇ 97.40 ਫੀਸਦੀ ਅੰਕ ਲੈ ਕੇ ਪਹਿਲਾ ਸਥਾਨ, ਰਿਆ ਗਰਗ ਨੇ 95.40 ਫੀਸਦੀ ਅੰਕ ਲੈ ਕੇ ਦੂਜਾ ਸਥਾਨ ਅਤੇ ਦਿਵਯਮ ਗਰਗ ਨੇ 94.80 ਫੀਸਦੀ ਅੰਕ ਲੈ ਕੇ ਤੀਜਾ ਸਥਾਨ ਹਾਸਲ ਕੀਤਾ । 10ਵੀਂ ਜਮਾਤ ਦੇ 10 ਵਿਦਿਆਰਥੀਆਂ ਨੇ 90 ਫੀਸਦੀ, 20 ਨੇ 80 ਫੀਸਦੀ, 22 ਨੇ 70 ਫੀਸਦੀ ਅਤੇ 17 ਨੇ 60 ਫੀਸਦੀ ਤੋਂ ਵੱਧ ਅੰਕ ਲੈ ਕੇ ਸਕੂਲ ਦਾ ਨਾਮ ਰੋਸ਼ਨ ਕੀਤਾ । ਇਸੇ ਤਰ੍ਹਾਂ 12ਵੀਂ ਜਮਾਤ ਵਿੱਚ ਕਾਮਰਸ ਅਤੇ ਆਰਟਸ ਦੇ ਕੁੱਲ 23 ਵਿਦਿਆਰਥੀਆਂ ਨੇ ਪੇਪਰ ਦਿੱਤੇ।12ਵੀਂ ਦੇ ਹੋਣਹਾਰ ਵਿਦਿਆਰਥੀਆਂ ਵਿੱਚੋਂ ਅਲਿਸ਼ਾ ਮਿੱਤਲ ਨੇ 93.80 ਫੀਸਦੀ ਅੰਕ ਲੈ ਕੇ ਪਹਿਲਾ ਸਥਾਨ, ਏਕਤਾ ਸਰਮਾ ਨੇ 93.20 ਫੀਸਦੀ ਅੰਕ ਲੈ ਕੇ ਦੂਜਾ ਸਥਾਨ ਅਤੇ ਹਰਮਨ ਕੌਰ ਨੇ 92.60 ਫੀਸਦੀ ਅੰਕ ਲੈ ਕੇ ਤੀਜਾ ਸਥਾਨ ਹਾਸਲ ਕੀਤਾ ।ਕੁੱਲ 23 ਵਿਦਿਆਰਥੀਆਂ ਵਿੱਚੋਂ 3 ਨੇ 90 ਫੀਸਦੀ ਤੋਂ ਵੱਧ, 6 ਨੇ 80 ਫੀਸਦੀ ਤੋਂ ਵੱਧ, 6 ਨੇ 70 ਫੀਸਦੀ ਤੋਂ ਵੱਧ ਅਤੇ 7 ਨੇ 60 ਫੀਸਦੀ ਤੋਂ ਵੱਧ ਅੰਕ ਲੈ ਕੇ ਸਕੂਲ ਦਾ ਮਾਣ ਵਧਾਇਆ। ਇਸ ਮੌਕੇ 'ਤੇ ਸਕੂਲ ਦੇ ਪ੍ਰਿੰਸੀਪਲ ਵਰੁਣ ਸਰਮਾ ਨੇ ਸਾਰੇ ਵਿਦਿਆਰਥੀਆਂ, ਅਧਿਆਪਕਾਂ ਅਤੇ ਮਾਪਿਆਂ ਨੂੰ ਵਧਾਈ ਦਿੱਤੀ ਅਤੇ ਉਹਨਾਂ ਦਾ ਮੂੰਹ ਮਿੱਠਾ ਕਰਵਾਇਆ। ਉਨ੍ਹਾਂ ਨੇ ਆਪਣੇ ਬੋਲਾਂ ਰਾਹੀਂ ਵਿਦਿਆਰਥੀਆਂ ਅਤੇ ਅਧਿਆਪਕਾਂ ਦੀ ਮਿਹਨਤ ਅਤੇ ਮਾਪਿਆਂ ਪਾਸੋਂ ਮਿਲੇ ਸਹਿਯੋਗ ਦੀ ਸਲਾਘਾ ਕੀਤੀ । ਉਨ੍ਹਾਂ ਨੇ ਕਿਹਾ ਕਿ ਸਕੂਲੀ ਬੱਚਿਆਂ ਦੀ ਲਗਨ ਅਤੇ ਮਿਹਨਤ ਦੇ ਨਤੀਜੇ ਵਜੋਂ ਇਲਾਕੇ ਵਿੱਚ ਸਕੂਲ ਦੀ ਵੱਖਰੀ ਪਛਾਣ ਬਣੀ ਹੈ ।

## ਸ੍ਰੀ ਹਨੂੰਮਾਨ ਜਾਗਰਣ 31 ਨੂੰ



ਪਟਿਆਲਾ, 14 ਮਈ (ਚ.ਨ.ਸ.) : 15ਵੇਂ ਸ੍ਰੀ ਹਨੂੰਮਾਨ ਜਾਗਰਣ ਲਈ ਯੰਗ ਸਟਾਰ ਵੈਲਫੇਅਰ ਕਲੱਬ ਦੇ ਪ੍ਰਧਾਨ ਗੁਲਾਬ ਰਾਏ ਗਰਗ ਦੀ ਅਗਵਾਈ ਹੇਠ ਮੀਟਿੰਗ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਚੇਅਰਮੈਨ ਪ੍ਰਿੰਸ ਖਰਬੰਦਾ, ਸਕੱਤਰ ਕੁਮਾਰ ਵਿਸ਼ੇਸ਼ ਅਤੇ ਹੋਰ ਮੈਂਬਰਾਂ ਵੱਲੋਂ ਦੱਸਿਆ ਗਿਆ ਕਿ ਪਿਛਲੇ ਦਿਨੀਂ ਭਾਰਤ ਅਤੇ ਪਾਕਿਸਤਾਨ ਦੌਰਾਨ ਹੋਏ ਯੁੱਧ ਦੇ ਮੱਦੇਨਜ਼ਰ, ਪੰਜਾਬ ਸਰਕਾਰ ਅਤੇ ਜ਼ਿਲ੍ਹਾ ਪ੍ਰਸ਼ਾਸਨ ਪਟਿਆਲਾ ਵੱਲੋਂ ਜਾਰੀ ਹਦਾਇਤਾਂ ਦੀ ਪਾਲਣਾ ਕਰਦੇ ਹੋਏ। ਵੀਰ ਹਕੀਕਤ ਰਾਏ ਗਰਾਊਂਡ ਨੇੜੇ ਪੁਰਾਣਾ ਬੱਸ ਸਟੈਂਡ ਵਿਖੇ ਹੋਣ ਵਾਲਾ 15ਵਾਂ ਸ੍ਰੀ ਹਨੂਮਾਨ ਜਾਗਰਣ (ਸਾਲਾਸਰ ਬਾਲਾ ਜੀ) ਹੁਣ 17 ਮਈ ਦੀ ਜਗ੍ਹਾ 31 ਮਈ ਦਿਨ ਸ਼ਨੀਵਾਰ ਸ਼ਾਮ ਨੂੰ 7.30 ਨੂੰ ਸ਼ੁਰੂ ਹੋਵੇਗਾ। ਇਸ ਮੌਕੇ ਉਹਨਾਂ ਨੇ ਸਮੂਹ ਪਟਿਆਲਾ ਨਿਵਾਸੀਆਂ ਨੂੰ ਅਗਾਮੀ 31 ਮਈ ਨੂੰ ਇਸ ਜਾਗਰਣ ਵਿੱਚ ਹੁੰਮ ਹੁਮਾ ਕੇ ਪਹੁੰਚਣ ਦੀ ਅਪੀਲ ਵੀ ਕੀਤੀ। ਇਸ ਮੌਕੇ ਤਰਸੇਮ ਬਾਂਸਲ, ਰਜਨੀਸ਼ ਗੁਪਤਾ, ਤਰੁਣ ਬਾਂਸਲ, ਗੁਲਸ਼ਨ ਕੁਮਾਰ, ਜਗਦੀਸ਼ ਬਾਵਾ,ਪੰਕਜ਼ ਜੈਨ, ਆਦਰਸ਼ ਸੂਦ ਆਦਿ ਮੌਕੇ 'ਤੇ ਹਾਜ਼ਰ ਸਨ।

## ਲਾਹਣ ਸਮੇਤ ਮੁਲਜ਼ਮ ਕਾਬੂ

ਸਮਾਣਾ, 14 ਮਈ (ਵਿਜੇ ਕੁਮਾਰ) : ਸੀ.ਆਈ.ਏ ਸਟਾਫ ਨੇ ਰੇਡ ਦੌਰਾਨ ਇਕ ਵਿਅਕਤੀ ਨੂੰ 150 ਲੀਟਰ ਲਾਹਣ ਸਣੇ ਕਾਬੂ ਕਰਕੇ ਉਸ ਖਿਲਾਫ ਐਕਸਾਈਜ ਐਕਟ ਦੀਆਂ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਹੈ।ਮੁਲਜ਼ਮ ਦੀ ਪਹਿਚਾਣ ਕਾਰਜ ਸਿੰਘ ਨਿਵਾਸੀ ਪਿੰਡ ਚਨਾਲਹੇੜੀ (ਕੁਰੂਕਸ਼ੇਤਰ) ਹਾਲ ਆਬਾਦ ਪਿੰਡ ਰਤਨਹੇੜੀ ਵਜੋਂ ਹੋਈ। ਸੀ.ਆਈ.ਏ ਮੁੱਖੀ ਇੰਸਪੈਕਟਰ ਅੰਕੁਰਦੀਪ ਸਿੰਘ ਨੇ ਦੱਸਿਆ ਕਿ ਏ.ਐਸ.ਆਈ. ਪਰਮਿੰਦਰ ਸਿੰਘ ਨੇ ਪੁਲਿਸ ਪਾਰਟੀ ਸਣੇ ਬਸ ਅੱਡਾ ਧਨੇਠਾ 'ਚ ਗਸ਼ਤ ਦੌਰਾਨ ਮੁਲਜ਼ਮ ਵੱਲੋਂ ਸਰਾਬ ਕਸੀਦ ਕਰਨ ਲਈ ਪਸ਼ੂਆਂ ਦੇ ਬਾੜੇ ਵਿੱਚ ਛੁਪਾ ਕੇ ਰੱਖੀ ਲਾਹਣ ਸਬੰਧੀ ਮਿਲੀ ਸੂਚਨਾ ਤੇ ਰੇਡ ਕੀਤੀ ਗਈ, ਅਤੇ 150 ਲੀਟਰ ਲਾਹਨ ਬਰਾਮਦ ਹੋਣ ਤੇ ਮੁਲਜ਼ਮ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ। ਅਧਿਕਾਰੀ ਅਨੁਸਾਰ ਮੁਲਜ਼ਮ ਨੂੰ ਮਾਨਯੋਗ ਅਦਾਲਤ 'ਚ ਪੇਸ ਕਰ ਰਿਮਾਂਡ ਤੇ ਲੈ ਕੇ ਪੁਲਸ ਵੱਲੋਂ ਪੁੱਛਗਿਛ ਕੀਤੀ ਜਾਵੇਗੀ

## ਗੁਰਦੁਆਰਾ ਸਿੱਧਸਰ ਅਲਹੌਰਾਂ ਸਾਹਿਬ ਵਿਖੇ ਗੁਰੂ ਅਮਰਦਾਸ ਜੀ ਦਾ ਪ੍ਰਕਾਸ਼ ਦਿਹਾੜਾ ਮਨਾਇਆ



ਨਾਭਾ, 14 ਮਈ (ਗੁਰਚਰਨ ਸਿੰਘ ਚੌਧਰੀਮਾਜਰਾ) : ਨਾਭਾ ਦੇ ਨਜ਼ਦੀਕ ਇਤਿਹਾਸਿਕ ਗੁਰਦੁਆਰਾ ਸਿੱਧਸਰ ਅਲਹਰਾ ਸਾਹਿਬ ਵਿਖੇ ਤੀਸਰੇ ਪਾਤਸ਼ਾਹੀ ਧੰਨ ਧੰਨ ਗੁਰੂ ਅਮਰਦਾਸ ਜੀ ਦਾ ਪ੍ਰਕਾਸ਼ ਦਿਹਾੜਾ ਮਨਾਇਆ ਗਿਆ ਹੈ। ਇਸ ਮੌਕੇ 'ਤੇ ਸਿੱਖ ਪ੍ਰਚਾਰਕ ਜਥੇਦਾਰ ਬਾਬਾ ਕਸ਼ਮੀਰਾ ਸਿੰਘ ਜੀ ਨੇ ਦੀਵਾਨ ਸਜਾ ਸੰਗਤਾਂ ਨੂੰ ਨਿਹਾਲ ਕੀਤਾ ਅਤੇ ਅੰਮ੍ਰਿਤ ਸੰਚਾਰ ਵੀ ਕਰਵਾਇਆ ਗਿਆ। ਇਸ ਮੌਕੇ 'ਤੇ ਸਿੱਖ ਪ੍ਰਚਾਰਕ ਜਥੇਦਾਰ ਬਾਬਾ ਕਸ਼ਮੀਰਾ ਸਿੰਘ ਜੀ ਨੇ ਗੱਲਬਾਤ ਕਰਦੇ ਹੋਏ ਕਿਹਾ ਕਿ ਇਸ ਅਸਥਾਨ 'ਤੇ ਤੀਸਰੇ ਪਾਤਸ਼ਾਹੀ ਧੰਨ ਧੰਨ ਗੁਰੂ ਅਮਰਦਾਸ ਜੀ ਦਾ ਪ੍ਰਕਾਸ਼ ਦਿਹਾੜਾ ਮਨਾਇਆ ਗਿਆ ਹੈ।

## ਐਮਰਜੈਂਸੀ ਸੇਵਾਵਾਂ ਲਈ ਲਗਾਇਆ ਖ਼ੂਨਦਾਨ ਕੈਂਪ



ਪਟਿਆਲਾ, 14 ਮਈ (ਰੁਪਾਣਾ): ਰਾਜਿੰਦਰਾ ਹਸਪਤਾਲ ਪਟਿਆਲਾ ਬਲੱਡ ਬੈਂਕ ਵਿਖੇ ਚੱਲ ਰਹੀ ਖ਼ੂਨ ਦੀ ਕਮੀ ਨੂੰ ਦੇਖਦੇ ਹੋਏ ਐਮਰਜੈਂਸੀ ਸੇਵਾਵਾਂ ਲਈ ਜੀ.ਐਸ.ਏ ਇੰਡਸਟਰੀਜ਼ ਦੌਲਤਪੁਰ (ਪਟਿਆਲਾ) ਵਿਖੇ ਵਿਸ਼ਾਲ ਖ਼ੂਨਦਾਨ ਕੈਂਪ ਲਗਾਇਆ ਗਿਆ, ਜਿਸ ਵਿੱਚ 200 ਦੇ ਕਰੀਬ ਸਵੈ ਇੱਛਕ ਖ਼ੂਨਦਾਨੀਆਂ ਨੇ ਖ਼ੂਨਦਾਨ ਕੀਤਾ। ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਵੀ ਜੀ.ਐਸ.ਏ ਇੰਡਸਟਰੀਜ਼ ਦੇ ਐਮ.ਡੀ. ਜਤਿੰਦਰਪਾਲ ਸਿੰਘ ਸੈਨੀ ਤੇ ਸਮੂਹ ਟੀਮ ਅਤੇ ਖ਼ੂਨਦਾਨੀਆਂ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਗਰਮੀ ਦੇ ਦਿਨਾਂ ਵਿੱਚ ਅਕਸਰ ਹਸਪਤਾਲਾਂ ਵਿੱਚ ਬਣੇ ਬਲੱਡ ਬੈਂਕਾਂ ਵਿੱਚ ਖ਼ੂਨ ਦੀ ਕਮੀ ਆ ਜਾਂਦੀ ਹੈ, ਜਿਸ ਨੂੰ ਪੂਰਾ ਕਰਨ ਲਈ ਜੀ.ਐਸ.ਏ. ਇੰਡਸਟਰੀ ਹਮੇਸ਼ਾ ਤਿਆਰ ਰਹਿੰਦੀ ਹੈ। ਜਦੋਂ ਵੀ ਬਲੱਡ ਬੈਂਕ ਰਾਜਿੰਦਰਾ ਹਸਪਤਾਲ ਦੇ ਪ੍ਰਬੰਧਕਾਂ ਵੱਲੋਂ ਇਸ ਸਬੰਧੀ ਜਾਣਕਾਰੀ ਦਿੱਤੀ ਜਾਂਦੀ ਹੈ ਤਾਂ ਤੁਰੰਤ ਇੰਡਸਟਰੀ ਵਿਖੇ ਐਮਰਜੈਂਸੀ ਖ਼ੂਨਦਾਨ ਕੈਂਪ ਲਗਾ ਕੇ ਉਸ ਨੂੰ ਪੂਰਾ ਕਰਨ ਵਿੱਚ ਸਹਿਯੋਗ ਕਰਦੇ ਹਨ, ਜੋ ਸ਼ਲਾਘਾਯੋਗ ਉਦਮ ਹੈ।

## ਜ਼ਿਲ੍ਹਾ ਪੁਲਿਸ ਮੁਖੀ ਵੱਲੋਂ ਮੌਜੂਦਾ ਹਾਲਾਤਾਂ ਦੇ ਮੱਦੇਨਜ਼ਰ ਜ਼ਿਲ੍ਹੇ ਦੇ ਸਾਬਕਾ ਸੈਨਿਕਾਂ ਨਾਲ ਮੀਟਿੰਗ



ਮਲੇਰਕੋਟਲਾ, 14 ਮਈ (ਚ.ਨ.ਸ.) : ਜ਼ਿਲ੍ਹਾ ਪੁਲਿਸ ਮੁਖੀ ਗਗਨ ਅਜੀਤ ਸਿੰਘ ਵੱਲੋਂ ਅੱਜ ਸਾਬਕਾ ਸੈਨਿਕਾਂ ਨਾਲ ਇਕ ਅਹਿਮ ਮੀਟਿੰਗ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਜ਼ਿਲ੍ਹੇ ਦੇ ਵੱਖ-ਵੱਖ ਹਿੱਸਿਆਂ ਤੋਂ ਆਏ ਹੋਏ ਸਾਬਕਾ ਸੈਨਿਕਾਂ ਨੇ ਭਾਗ ਲਿਆ। ਇਸ ਮੌਕੇ ਐਸ.ਐਸ.ਪੀ. ਨੇ ਸਾਰੇ ਰੈਂਕ ਦੇ ਸਾਬਕਾ ਫੌਜੀਆਂ ਦੇ ਤਜਰਬੇ ਅਤੇ ਉਨ੍ਹਾਂ ਦੇ ਯੋਗਦਾਨ ਦੀ ਪ੍ਰਸ਼ੰਸਾ ਕੀਤੀ ਅਤੇ ਪੁਲਿਸ-ਫੌਜ ਸਾਂਝ ਨੂੰ ਹੋਰ ਮਜ਼ਬੂਤ ਬਣਾਉਣ ਦੀ ਲੋੜ 'ਤੇ ਜ਼ੋਰ ਦਿੱਤਾ। ਮੀਟਿੰਗ 'ਚ ਡੀ ਐਸ ਪੀ ਸਪੈਸ਼ਲ ਬ੍ਰਾਚ ਰਣਜੀਤ ਸਿੰਘ ਤੋਂ ਇਲਾਵਾ ਹੋਰ ਪੁਲਿਸ ਪ੍ਰਸ਼ਾਸਿਨਕ ਅਧਿਕਾਰੀ ਵੀ ਮੌਜੂਦ ਸਨ ।ਮੀਟਿੰਗ ਦਾ ਮੁੱਖ ਉਦੇਸ਼ ਮੌਜੂਦਾ ਸਮਾਜਕ, ਆਂਤਕ, ਨਸ਼ਾ ਸਮੱਸਿਆ ਅਤੇ ਕਾਨੂੰਨ-ਵਿਵਸਥਾ ਦੀ ਸਥਿਤੀ ਨੂੰ ਧਿਆਨ ਵਿੱਚ ਰੱਖਦਿਆਂ ਸਾਬਕਾ ਸੈਨਿਕਾਂ ਦੇ ਅਨੁਭਵ ਅਤੇ ਸਹਿਯੋਗ ਨਾਲ ਸ਼ਾਂਤੀ ਅਤੇ ਸੁਰੱਖਿਆ ਨੂੰ ਹੋਰ ਮਜ਼ਬੂਤ ਬਣਾਉਣ ਉੱਤੇ ਵਿਚਾਰ ਕਰਨਾ ਸੀ। ਜ਼ਿਲ੍ਹਾ ਪੁਲਿਸ ਮੁਖੀ ਨੇ ਸਾਬਕਾ ਸੈਨਿਕਾਂ ਦੀ ਭੂਮਿਕਾ ਦੀ ਸਾਰਥਕਤਾ ਉਤੇ ਜ਼ੋਰ ਦਿੰਦਿਆਂ ਕਿਹਾ ਕਿ ਜਿਵੇਂ ਕਿ ਉਨ੍ਹਾਂ ਨੇ ਦੇਸ਼ ਦੀ ਸਰਹੱਦਾਂ ਦੀ ਰੱਖਿਆ ਲਈ ਆਪਣਾ ਯੋਗਦਾਨ ਪਾਇਆ, ਓਸੇ ਤਰ੍ਹਾਂ ਅੱਜ ਦੇ ਸਮਾਜ ਵਿੱਚ ਵੀ ਉਨ੍ਹਾਂ ਦੀ ਭੂਮਿਕਾ ਬੇਹੱਦ ਅਹਿਮ ਹੈ। ਮੀਟਿੰਗ ਦੌਰਾਨ ਗਗਨ ਅਜੀਤ ਸਿੰਘ ਨੇ ਜ਼ਿਲ੍ਹੇ ਵਿੱਚ ਵਧ ਰਹੀਆਂ ਨਸ਼ਾ ਸਮੱਸਿਆਵਾਂ, ਕਾਨੂੰਨ-ਵਿਰੋਧੀ ਤੱਤਾਂ ਦੀ ਗਤੀਵਿਧੀ ਅਤੇ ਸਮਾਜ ਵਿੱਚ ਸ਼ਾਂਤੀ ਭੰਗ ਕਰਨ ਵਾਲੀਆਂ ਘਟਨਾਵਾਂ ਉਤੇ ਵੀ ਚਰਚਾ ਕੀਤੀ। ਉਨ੍ਹਾਂ ਨੇ ਸਾਬਕਾ ਸੈਨਿਕਾਂ ਨੂੰ ਪੁਲਿਸ ਨਾਲ ਸਿੱਧੀ ਰੂਪ ਵਿੱਚ ਸੰਪਰਕ ਵਿੱਚ ਰਹਿਣ ਦੀ ਅਪੀਲ ਕੀਤੀ, ਤਾਂ ਜੋ ਕਿਸੇ ਵੀ ਅਣਸੁਖਾਵੀ ਦੁਰਘਟਨਾ ਆਂ ਆਪਾਤ ਸਥਿਤੀ ਸਮੇਂ ਜਾਨੀ ਮਾਲੀ ਨੁਕਸਾਨ ਤੋਂ ਅਵਾਮ ਨੂੰ ਬਚਾਇਆ ਜਾ ਸਕੇ। ਇਸ ਮੌਕੇ ਸਾਬਕਾ ਸੈਨਿਕਾਂ ਵੱਲੋਂ ਵੀ ਆਪਣੇ ਵਿਚਾਰ ਸਾਂਝੇ ਕੀਤੇ ਗਏ। ਉਨ੍ਹਾਂ ਨੇ ਪੁਲਿਸ ਪ੍ਰਸ਼ਾਸਨ ਵੱਲੋਂ ਕੀਤੇ ਜਾ ਰਹੇ ਉਪਰਾਲਿਆਂ ਦੀ ਸ਼ਲਾਘਾ ਕੀਤੀ। ਇਹ ਮੀਟਿੰਗ ਸਾਬਤ ਕਰਦੀ ਹੈ ਕਿ ਜੇਕਰ ਪੁਲਿਸ ਅਤੇ ਸਾਬਕਾ ਸੈਨਿਕ ਜਿਵੇਂ ਅਨੁਸ਼ਾਸਿਤ ਅਤੇ ਤਜਰਬੇਕਾਰ ਵਰਗ ਇੱਕ ਪਲੇਟਫਾਰਮ ਤੇ ਆ ਕੇ ਕੰਮ ਕਰਨ, ਤਾਂ ਸਮਾਜ ਵਿੱਚ ਨਵੀਂ ਰੋਸ਼ਨੀ ਅਤੇ ਸੁਰੱਖਿਆ ਦੀ ਮਿਸਾਲ ਕਾਇਮ ਕੀਤੀ ਜਾ ਸਕਦੀ ਹੈ।

## ਆਦਰਸ਼ ਕਾਲਜ 'ਚ ਅੰਤਰਰਾਸ਼ਟਰੀ ਨਰਸ ਦਿਵਸ ਮਨਾਇਆ

### ਨਰਸਾਂ ਸਿਹਤ ਸੰਭਾਲ ਪ੍ਰਣਾਲੀ ਦੀ ਰੀੜ੍ਹ ਦੀ ਹੱਡੀ : ਡਾ. ਕੇ. ਕੇ. ਜੌਹਰੀ



ਸਮਾਣਾ, 14 ਮਈ (ਵਿਜੇ ਕੁਮਾਰ) : ਆਦਰਸ਼ ਕਾਲਜ ਆਫ ਨਰਸਿੰਗ, ਪਟਿਆਲਾ ਨੇ ਅੰਤਰਰਾਸ਼ਟਰੀ ਨਰਸ ਦਿਵਸ ਬੜੇ ਉਤਸ਼ਾਹ ਨਾਲ ਮਨਾਇਆ। ਹਰ ਸਾਲ 12 ਮਈ ਨੂੰ ਪੂਰੀ ਦੁਨੀਆਂ ਵਿੱਚ ਨਰਸਿੰਗ ਦੇ ਸੰਸਥਾਪਕ ਫਲੋਰੈਂਸ ਨਾਈਟਿੰਗੇਲ ਦੇ ਜਨਮ ਦਿਨ ਦੀ ਯਾਦ ਵਿੱਚ ਮਨਾਇਆ ਜਾਂਦਾ ਹੈ। ਆਯੋਜਿਤ ਸਮਾਰੋਹ ਦੌਰਾਨ ਫੈਕਲਟੀ ਮੈਂਬਰਾਂ ਨੇ ਸਮਰਪਣ ਅਤੇ ਸ਼ਰਧਾ ਨਾਲ ਮਰੀਜ਼ਾਂ ਦੀ ਸੇਵਾ ਕਰਨ ਦੀ ਸਹੁੰ ਚੁੱਕੀ। ਵਿਦਿਆਰਥੀਆਂ ਨੇ ਮਾਡਲਿੰਗ, ਕਾਮੇਡੀ, ਰੀਲ ਮੁਕਾਬਲਾ, ਸਕਿੱਟ ਅਤੇ ਲੈਂਪ ਲਾਈਟਿੰਗ ਸਮਾਰੋਹ ਵਰਗੀਆਂ ਵੱਖ-ਵੱਖ ਗਤੀਵਿਧੀਆਂ ਰਾਹੀਂ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕੀਤਾ।ਸਮਾਗਮ ਵਿਚ ਮੁੱਖ ਮਹਿਮਾਨ ਵਜੋਂ ਪੰਜਾਬ ਮਹਿਲਾ ਕਾਂਗਰਸ ਦੀ ਪ੍ਰਧਾਨ ਗੁਰਸ਼ਰਨ ਕੌਰ ਰੰਧਾਵਾ, ਸਿਵਲ ਹਸਪਤਾਲ ਸਮਾਣਾ ਦੇ ਐਮ.ਡੀ ਮੈਡੀਸਨ ਡਾ. ਜਤਿਨ ਡਾਹਰਾ, ਉਦਯੋਗਪਤੀ ਸ਼ਾਮ ਲਾਲ ਸਿੰਗਲਾ ਨੇ ਕਿਹਾ ਕਿ ਸਿਹਤ ਸੰਭਾਲ ਵਿੱਚ ਨਰਸਿੰਗ ਪੇਸ਼ੇਵਰਾਂ ਦੀ ਮਹੱਤਤਾ, ਮਰੀਜਾਂ ਦੀ ਦੇਖਭਾਲ ਵਿੱਚ ਨਰਸਾਂ ਦੀ ਭੂਮਿਕਾ, ਵਿਦਿਆਰਥੀਆਂ ਨੂੰ ਆਪਣੇ ਖੇਤਰ ਵਿੱਚ ਉੱਤਮਤਾ ਪ੍ਰਾਪਤ ਕਰਨ ਅਤੇ ਸਕਾਰਾਤਮਕ ਪ੍ਰਭਾਵ ਪਾਉਣ ਲਈ ਪ੍ਰੇਰਿਤ ਕੀਤਾ। ਕਾਲਜ ਦੇ ਚੇਅਰਮੈਨ ਡਾ.ਕੇ.ਕੇ.ਜੌਹਰੀ ਅਤੇ ਪ੍ਰਿੰਸੀਪਲ ਸਿਮਰਨਜੀਤ ਕੌਰ ਨੇ ਸੰਬੋਧਨ ਕਰਦਿਆਂ ਵਿਦਿਆਰਥੀਆਂ ਨੂੰ ਆਪਣੇ ਕਿੱਤੇ ਵਿੱਚ ਨਿਪੁੰਨਤਾ ਹਾਸਲ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਨੀਲਿਮਾ, ਸੰਜੀਵ, ਸਿਮਰਨ, ਜਸਨਦੀਪ, ਕਾਮਨਾ, ਦਿਲਪ੍ਰੀਤ ਕੌਰ, ਮਨਦੀਪ ਕੌਰ, ਸਤਵੀਰ ਕੌਰ, ਰਵਨੀਤ ਸਰਮਾ, ਜੇਸਿਕਾ, ਰਜਿੰਦਰ ਕੌਰ, ਜਸਪਾਲ ਸਿੰਘ, ਪਵਨ, ਲਖਵਿੰਦਰ ਕੌਰ, ਮੋਨਾ, ਗੁਰਮੀਤ ਕੌਰ, ਮਨਪ੍ਰੀਤ ਕੌਰ, ਅਰਸਪ੍ਰੀਤ ਕੌਰ, ਅਰਸ਼ਪ੍ਰੀਤ ਕੌਰ, ਅਰਸ਼ਪ੍ਰੀਤ ਕੌਰ, ਲਵਪ੍ਰੀਤ ਕੌਰ, ਨਵਪ੍ਰੀਤ ਕੌਰ, ਮਨਜਿੰਦਰ, ਗੁਰਪ੍ਰੀਤ ਸਿੰਘ, ਸਤਨਾਮ ਸਿੰਘ ਆਦਿ ਵੀ ਮੌਜੂਦ ਰਹੇ।